


Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

# ਪ੍ਰਸਿੱਧ ਕੁਟੇਸ਼ਨਾਂ

https://archive.org/details/namdhari

ਸਰਦਾਰਾ ਸਿੰਘ ਗਿੱਲ ਕੱਟੂ

ਵਿਸ਼ਵਭਾਰਤੀ ਪ੍ਰਕਾਸ਼ਨ ਬਰਨਾਲਾ

Sri Satguru Jagjit Singh Ji eLibrary NamdhariElibrary@gmail.com

ਪ੍ਰਸਿੱਧ ਕੁਟੇਸ਼ਨਾਂ

ਸਰਦਾਰਾ ਸਿੰਘ ਗਿੱਲ
ਪਿੰਡ ਤੇ ਡਾਕ : ਕੱਟੂ
ਤਹਿ ਤੇ ਜ਼ਿਲ੍ਹਾ : ਬਰਨਾਲਾ (ਪੰਜਾਬ)
ਫੋਨ ਨੰ: 01679-267253, 98765-66601

Famous Quatations

By Sardara Singh Gill
V.P.O. KATTU, Teh.&Distt. Barnala (Pb.)
Contact. 01679-267253, 98765-66601

ਪਹਿਲੀ ਵਾਰ : 2011

© ਪ੍ਰਕਾਸ਼ਕ

ਪ੍ਰਕਾਸ਼ਕ : ਵਿਸ਼ਵਭਾਰਤੀ ਪ੍ਰਕਾਸ਼ਨ
ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ।
ਫੋਨ : 01679-233244 ਫੈਕਸ : 241744
E-mail : anu_bnl@yahoo.com
www.thepunjabi.com

ਛਾਪਕ : ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।

*© 2011 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

Sri Satguru Jagjit Singh Ji eLibrary NamdhariElibrary@gmail.com

# ਸਮਰਪਣ

## ਗੁਰਦੇਵ ਮਾਤਾ ਗੁਰਦੇਵ ਪਿਤਾ



ਸਵ: ਸ੍ਰ. ਇੰਦਰ ਸਿੰਘ ਗਿੱਲ
(1901 - 10 ਫਰਵਰੀ, 1975)



ਸਵ: ਮਾਤਾ ਬਹਾਲ ਕੌਰ ਗਿੱਲ
(1903 - 31 ਦਸੰਬਰ, 1985)



Sri Satguru Jagjit Singh Ji eLibrary NamdhariElibrary@gmail.com

# ਲੇਖਕ ਦਾ ਪਰਿਵਾਰਕ ਪਿਛੋਕੜ
## (ਕੁਰਸੀ ਨਾਮਾ)

ਬਹਿਬਲ

|

ਕੱਟੂ

ਭੋਗਾ    ਬੇਗਾ    ਜੋਗਾ

|

ਦੀਵਾਨ    ਗਹਿਲਾ    ਟੇਕੂ    ਹਿੰਮਤ    ਸਵਾਈ

|

ਤਿੰਨ ਪਤਨੀਆਂ

ਭਾਗੋ    ਭਾਗਣ    ਤਖਤੋ

ਸੁੱਖਾ    ਜੀਤਾ    ਜਲਾਲ

|

ਲਹਿਣਾ

|

ਹਰਨਾਮ ਸਿੰਘ

|

ਮੋਧਾ ਸਿੰਘ

ਇੰਦਰ ਸਿੰਘ    ਮਹਿੰਦਰ ਸਿੰਘ

|

ਕਰਤਾਰ ਸਿੰਘ, ਦੀਦਾਰ ਸਿੰਘ, **ਸਰਦਾਰਾ ਸਿੰਘ**, ਦਲਬਾਰ ਸਿੰਘ, ਗੁਲਜ਼ਾਰ ਸਿੰਘ, ਜੋਰਾ ਸਿੰਘ

|

ਸੁਰਜੀਤ ਸਿੰਘ ਸੁਹਿਰਦ, ਗੁਰਚਰਨ ਸਿੰਘ ਸੰਗਰੂਰ, ਮੇਵਾ ਸਿੰਘ, ਸੇਵਾ ਸਿੰਘ
ਗੁਰਜੀਤ ਸਿੰਘ, ਹਰਜੀਤ ਸਿੰਘ, ਭਾਗ ਸਿੰਘ ਕੈਨੇਡਾ, ਬਲਤੇਜ ਸਿੰਘ, ਸਵਰਨ ਕੌਰ



Sri Satguru Jagjit Singh Ji eLibrary    NamdhariElibrary@gmail.com

# ਵੀਚਾਰ- ਸੰਗ੍ਰਹਿਆਂ ਦਾ ਇਤਿਹਾਸ ਤੇ ਸਰਦਾਰਾ ਸਿੰਘ ਗਿੱਲ ਕੱਟੂ ਦੀ ਪੁਸਤਕ

ਲਿਖਣ ਵਾਲੇ ਤੋਂ ਲਿਖਦਿਆਂ ਲਿਖਦਿਆਂ ਕਈ ਵਾਰ ਅਜਿਹੇ ਵਾਕ ਲਿਖੇ ਜਾਂਦੇ ਹਨ ਕਿ ਉਹ ਸਦਾ ਸਦਾ ਲਈ ਅਮਰ ਤੇ ਸਦੀਵੀ ਬੋਲ ਬਣ ਜਾਂਦੇ ਹਨ। ਆਮ ਤੌਰ 'ਤੇ ਕਵਿਤਾ ਵਿੱਚ ਲਿਖੇ ਅਜਿਹੇ ਵਾਕ ਤਾਂ ਲੋਕ ਸਮੇਂ-ਸਮੇਂ ਤੇ ਆਪਣੀ ਦਲੀਲ ਜਾਂ ਭਾਸ਼ਣ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰਯੋਗ ਕਰਨ ਹਿੱਤ ਜ਼ਬਾਨੀ ਯਾਦ ਕਰ ਲੈਂਦੇ ਹਨ। ਕੋਈ ਬੁਲਾਰਾ ਤਦ ਹੀ ਪ੍ਰਭਾਵਸ਼ਾਲੀ ਤੇ ਉੱਤਮ ਭਾਸ਼ਣ ਕਰਤਾ ਮੰਨਿਆ ਜਾਂਦਾ ਹੈ ਜੇ ਉਸਦੇ ਭਾਸ਼ਣ ਵਿੱਚ ਹਾਸ ਰਸ ਤੇ ਰੌਚਿਕ ਗਲਪੀ ਅੰਸ਼ਾਂ ਦੇ ਨਾਲ-ਨਾਲ ਮਹਾਨ ਚਿੰਤਕਾਂ ਦੇ ਵੀਚਾਰ ਸ਼ਾਮਲ ਹੋਣ। ਮੇਰੀ ਯਾਦਾਂ ਦੀ ਪਟਾਰੀ ਵਿੱਚ ਗਿ. ਜ਼ੈਲ ਸਿੰਘ ਤੇ ਸੰਤ ਸਿੰਘ ਮਸਕੀਨ ਦੋ ਅਜਿਹੇ ਵਕਤਾ ਮੌਜੂਦ ਹਨ ਜਿਨ੍ਹਾਂ ਦੇ ਭਾਸ਼ਣ ਵਿਚ ਅਨੇਕਾਂ ਦੁਨੀਆ ਭਰ ਦੇ ਪ੍ਰਸਿੱਧ ਚਿੰਤਕਾਂ ਦੇ ਸ਼ੇਅਰ ਤੇ ਕਥਨ ਮੌਜੂਦ ਹੁੰਦੇ ਸਨ ਜੋ ਕਿ ਉਨ੍ਹਾਂ ਦੇ ਵੀਚਾਰ ਨੂੰ ਹੱਦੋਂ ਵੱਧ ਪ੍ਰਭਾਵਸ਼ਾਲੀ ਬਣਾ ਦਿੰਦੇ ਸਨ। ਸੋ ਵਧੀਆ ਲੈਕਚਰਾਰ ਤੇ ਅੱਛਾ ਲੇਖਕ ਬਣਨ ਲਈ ਮਹਾਨ ਤੇ ਸਦੀਵੀ ਵੀਚਾਰਾਂ ਦਾ ਭੰਡਾਰ ਹੋਣਾ ਅਤੀ ਜ਼ਰੂਰੀ ਹੈ।

ਅਜਿਹੇ ਮਹਾਨ ਵੀਚਾਰਾਂ ਦਾ ਸੰਗ੍ਰਹਿ ਕਰਨ ਦਾ ਰਿਵਾਜ ਪੰਜਾਬੀ ਵਿੱਚ ਕੋਈ ਸੱਤਰ ਕੁ ਸਾਲ ਪੁਰਾਣਾ ਹੀ ਹੈ। ਭਾਵੇਂ ਕਿ ਵੱਖੋ-ਵੱਖਰੇ ਬਾਣੀਕਾਰਾਂ, ਕਿੱਸਾਕਾਰਾਂ ਦੀਆਂ ਕਲਮਾਂ ਪਹਿਲਾਂ ਵੀ ਆਪਣੇ ਪ੍ਰਸੰਗਾਂ ਦੌਰਾਨ ਅਜਿਹੇ ਬੋਲ ਰਚਦੇ ਆਏ ਹਨ ਜੋ ਲੋਕਾਂ ਦੇ ਮੂੰਹ ਚੜ੍ਹਕੇ ਲੋਕ ਮੁਹਾਵਰੇ ਵਜੋਂ ਲੋਕਾਂ ਵਿੱਚ ਪ੍ਰਵਾਨ ਚੜ੍ਹਦੇ ਰਹੇ ਹਨ। ਹਾਂ, ਅੰਗਰੇਜ਼ੀ ਆਦਿ ਭਾਸ਼ਾਵਾਂ ਵਿੱਚ ਕੁਟੇਸ਼ਨਾਂ ਦੀਆਂ ਵੱਖੋ-ਵੱਖਰੇ ਰੂਪਾਂ ਵਿੱਚ ਅਨੇਕਾਂ ਸੁੰਦਰ ਵੱਡੀਆਂ ਛੋਟੀਆਂ ਪੁਸਤਕਾਂ ਪੜ੍ਹਨ ਨੂੰ ਆਮ ਮਿਲਦੀਆਂ ਹਨ।

ਪੰਜਾਬੀ ਵਿੱਚ ਇਸ ਪੱਖ ਤੋਂ ਅਰੰਭ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਆਪਣੀ ਪੁਸਤਕ 'ਮਨੋਹਰ ਸ਼ਖ਼ਸ਼ੀਅਤ' ਨਾਲ 1943 ਈ: ਵਿੱਚ ਕੀਤਾ। ਉਨ੍ਹਾਂ ਦੀਆਂ ਹੋਰ ਪੁਸਤਕਾਂ ਕਹਾਣੀਆਂ ਤੇ ਵਿਸ਼ੇਸ਼ ਕਰਕੇ ਵਾਰਤਕ ਵਿੱਚ ਅਜਿਹਾ ਰੁਝਾਨ ਆਮ ਮਿਲਦਾ ਹੈ। ਉਨ੍ਹਾਂ ਦੀ ਹੀ ਇਕ ਹੋਰ ਪੁਸਤਕ 'ਗੁਰਬਖ਼ਸ਼ ਸਿੰਘ ਦੇ ਮਹਾਨ ਵਿਚਾਰ' ਵੀ ਬਾਅਦ 1977 ਵਿੱਚ ਛਪੀ ਹੈ। ਇਸੇ ਪ੍ਰਕਾਰ ਜਸਵੰਤ ਸਿੰਘ ਕੰਵਲ ਨੇ ਆਪਣੇ ਵੀਚਾਰਾਂ ਦਾ ਇਕ ਸੰਗ੍ਰਹਿ 'ਜੀਵਨ ਕਣੀਆਂ' 1944 ਵਿੱਚ ਪ੍ਰਕਾਸ਼ਿਤ ਕੀਤਾ।

ਇਸ ਖੇਤਰ ਵਿੱਚ ਅਸਲੀ ਤੇ ਸੂਤਰਬੱਧ ਰੂਪ ਵਿੱਚ ਪਹਿਲਾ ਕਾਰਜ 1973 ਵਿੱਚ ਲਿਖਾਰੀ ਸਭਾ ਰਾਮਪੁਰ ਦੇ ਸਹਿਯੋਗ ਨਾਲ 'ਅਜੀਤ' ਦੇ ਮੈਗਜ਼ੀਨ ਸੰਪਾਦਕ ਨਰਿੰਜਨ ਸਿੰਘ ਸਾਥੀ ਨੇ ਆਪਣੀ ਵੱਡ ਅਕਾਰੀ 620 ਸਫ਼ਿਆਂ ਦੀ ਪੁਸਤਕ 'ਕਥਨਾਵਲੀ' ਨਾਲ ਕੀਤਾ। ਇਸ ਪੁਸਤਕ ਵਿੱਚ ਤਕਰੀਬਨ 700 ਵਿਸ਼ਿਆਂ ਉੱਤੇ ਅੱਠ ਸੌ ਦੇ ਲਗਭੱਗ ਲੇਖਕਾਂ ਦੇ ਕੋਈ ਸਾਢੇ ਤਿੰਨ ਹਜ਼ਾਰ ਕਥਨ ਸ਼ਾਮਿਲ ਹਨ। ਅੱਜ ਕੱਲ੍ਹ ਇਹ ਪੁਸਤਕ ਦੁਕਾਨਾਂ ਤੋਂ ਖ਼ਤਮ ਹੋ ਚੁੱਕੀ ਹੈ ਤੇ ਦੁਰਲੱਭ ਹੈ।

ਸਵਰਗੀ ਪ੍ਰੋ. ਪਿਆਰਾ ਸਿੰਘ ਪਦਮ ਦੀਆਂ ਕਈ ਪੁਸਤਕਾਂ ਇਸ ਖੇਤਰ ਵਿੱਚ ਨਾਮਣਾ ਖੱਟ ਚੁੱਕੀਆਂ ਹਨ ਜਿਨ੍ਹਾਂ ਵਿੱਚ 'ਪੁਸ਼ਪਾਂਜਲੀ' (1949), ਨਾਨਕ



Sri Satguru Jagjit Singh Ji eLibrary NamdhariElibrary@gmail.com

ਸਾਇਰੁ ਏਵ ਕਹਿਤ ਹੈ, ਗੁਰੂ ਗ੍ਰੰਥ ਵੀਚਾਰ ਕੋਸ਼' ਤੇ 'ਬਚਨ ਸਾਈਂ ਲੋਕਾਂ ਦੇ' ਪੁਸਤਕਾਂ ਦੇ ਨਾਮ ਵਰਣਨਯੋਗ ਹਨ। ਇੱਕ ਹਜ਼ਾਰ ਪੂਰਬੀ ਤੇ ਪੱਛਮੀ ਸੰਸਾਰ ਦੇ ਮਹਾਂਪੁਰਸ਼ ਸੰਤਾਂ, ਕਵੀਆਂ ਤੇ ਦਾਰਸ਼ਨਿਕ ਨੀਤੀਵਾਨਾਂ ਦੇ ਸੁੰਦਰ ਬਚਨਾਂ ਦਾ ਗੁਲਦਸਤਾ 'ਪੁਸ਼ਪਾਂਜਲੀ' ਇਸ ਪੱਖੋਂ ਪੰਜਾਬੀ ਵਿੱਚ ਪਹਿਲੀ ਪੁਸਤਕ ਹੈ ਜਿਸਦੀ ਹਰਮਨ ਪਿਆਰੇ ਹੋਣ ਦੀ ਪੁਸ਼ਟੀ ਉਸਦੀਆਂ ਕਈ ਐਡੀਸ਼ਨਾਂ ਛਪਕੇ ਵਿਕ ਜਾਣ ਤੋਂ ਸਹਿਜੇ ਹੀ ਹੋ ਜਾਂਦੀ ਹੈ। ਪਦਮ ਜੀ ਨੇ ਪੰਜਾਬੀ ਸਾਹਿਤ ਵਿੱਚ ਕੋਈ ਸੌ ਤੋਂ ਵੱਧ ਉੱਤਮ ਪੁਸਤਕਾਂ ਰਚਕੇ ਉਂਝ ਵੀ ਇੱਕ ਸੰਸਥਾ ਤੋਂ ਵੱਧ ਕੰਮ ਕੀਤਾ ਹੈ।

ਇਸ ਖੇਤਰ ਵਿੱਚ ਅਗਲਾ ਯੋਗਦਾਨ ਬਰਨਾਲਾ ਸਾਹਿਤ ਸਭਾ ਦੇ ਰੂਹੇ ਰਵਾਂ ਡਾ. ਅਮਰ ਕੋਮਲ ਦਾ ਹੈ ਜਿਨ੍ਹਾਂ ਨੇ 'ਜ਼ਿੰਦਗੀ ਦੇ ਸਿਰਨਾਵੇਂ' (1987), ਕਤਰਾ ਕਤਰਾ ਸਮੁੰਦਰ (1988), ਵਿਚਾਰ ਦਰਸ਼ਨ (2001), ਵਿਚਾਰਮਾਲਾ (2010) ਅਤੇ ਚਾਣਕਨੀਤੀ (2011) ਲਿਖਕੇ ਆਪਣੇ ਵੀਚਾਰਾਂ ਤੋਂ ਮਹਾਨ ਚਿੰਤਕਾਂ ਦੇ ਵੀਚਾਰਾਂ ਤੱਕ ਦਾ ਸਫ਼ਰ ਤੈਅ ਕੀਤਾ ਹੈ।

ਪ੍ਰਿੰ. ਹਰਿਭਜਨ ਸਿੰਘ ਚੰਡੀਗੜ੍ਹ 'ਸੁਖਨਹਾਏ ਦਾਨਸ਼ਮੰਦਾਂ' (1991), ਰੂਪ ਸਨਮ 'ਵਿਚਾਰ ਕੋਸ਼' (1995), ਬਾਬੂ ਰਾਮ ਗੁਪਤਾ 'ਗਿਆਨ ਚੇਤਨਾ' (1997), ਕਮਲ 'ਇਬਾਰਤਾ' (1998), ਅਤੇ 'ਕਨਫਿਊਸ਼ਿਸ਼ ਦੇ ਮਹਾਂ ਵਾਕ' ਨੈਸ਼ਨਲ ਬੁੱਕ ਟਰੱਸਟ ਇਸ ਦੌਰ ਦੀਆਂ ਕੁਝ ਹੋਰ ਪੁਸਤਕਾਂ ਹਨ। ਇਸ ਪ੍ਰਕਾਰ ਵੀਹਵੀਂ ਸਦੀ ਵਿੱਚ ਡੇਢ ਦਰਜਨ ਪੁਸਤਕਾਂ ਇਸ ਵੰਨਗੀ ਦੀਆਂ ਪੰਜਾਬੀ ਸਾਹਿਤ ਵਿੱਚ ਆਈਆਂ।

ਲਗਭਗ ਡੇਢ ਦਰਜਨ ਪੁਸਤਕਾਂ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਸਿਰਜੀਆਂ ਜਾ ਚੁੱਕੀਆਂ ਹਨ ਜਿਨ੍ਹਾਂ ਵਿੱਚ 'ਸੱਤਯ ਸਾਈਂ ਬਾਬਾ ਦੇ ਸਤਿ ਵਚਨ' ਰਾਮ ਮੂਰਤ ਸਿੰਘ ਸਫ਼ਰਨਾਮਾ ਲੇਖਕ ਬਰਨਾਲਾ, ਕਥਨ ਕੋਸ਼ ਕ੍ਰਿਤ ਅੱਛਰੂ ਸਿੰਘ ਤੇ ਪਰਮਿੰਦਰ ਕੌਰ, 'ਗਿਆਨ ਗੰਗਾ' ਅਮਰਜੀਤ ਬਰਾੜ (2003), ਵਿਚਾਰਾਂ ਭਰੀ ਪਟਾਰੀ ਕ੍ਰਿਤ ਪ੍ਰੋ. ਦਿਆਲ ਸਿੰਘ ਸੰਧੂ, 'ਆਓ ਵਿਚਾਰ ਕਰੀਏ' ਪਰਮਜੀਤ ਕੌਰ (2007), ਸੂਫ਼ੀ ਕਥਨਕੋਸ਼ ਸੰ. ਡਾ. ਗੁਰਦੇਵ ਸਿੰਘ (2008), 'ਵਿਚਾਰ ਫੁੱਲਵਾੜੀ' ਕੰਵਲ ਵਾਲੀਆ (2009), ਵਿਸ਼ਵ ਪ੍ਰਸਿੱਧ ਕਥਨ ਸੰ. ਬਲਵਿੰਦਰ ਸਿੰਘ (2010) ਅਤੇ 'ਫੁਲਾਂਜ਼ਾਦੀ' ਬਲਬੀਰ ਸਾਹਨੇਵਾਲ (2011) ਦੇ ਨਾਉਂ ਵਰਣਨਯੋਗ ਹਨ। ਇਨ੍ਹਾਂ ਤੋਂ ਇਲਾਵਾ 'ਚੰਗੇ ਬੋਲ' ਓਮ ਪ੍ਰਕਾਸ਼ ਅੱਗਰਵਾਲ, ਨਾਨਕ ਸਿੰਘ ਦੇ ਮਹਾਨ ਵਿਚਾਰ, ਖਲੀਲ ਜਿਬਰਾਨ ਦੀਆਂ ਜਗਦੀਸ਼ ਕੌਰ ਵਾਡੀਆ ਦੁਆਰਾ ਅਨੁਵਾਦਿਤ ਪੁਸਤਕਾਂ ਅਤੇ ਡਾ. ਹਰਨਾਮ ਸਿੰਘ ਸ਼ਾਨ ਦੁਆਰਾ ਗੁਰੂ ਸਾਹਿਬਾਨ ਦੇ ਬਾਣੀ ਬਚਨਾਂ ਦੇ ਸੰਪਾਦਿਤ ਸੰਗ੍ਰਹਿ ਵੀ ਇਸ ਕੋਟੀ ਵਿੱਚ ਸ਼ਾਮਿਲ ਹੋਣ ਯੋਗ ਹਨ।

ਇਸ ਖੇਤਰ ਵਿੱਚ ਪੰਜਾਬੀ ਦੇ ਇੱਕ ਨਵੇਂ ਉੱਭਰੇ ਚਰਚਿਤ ਲੇਖਕ ਨਰਿੰਦਰ ਸਿੰਘ ਕਪੂਰ ਦਾ ਯੋਗਦਾਨ ਵੀ ਗਿਣਾਤਮਕ ਤੇ ਗੁਣਾਤਮਕ ਪੱਖੋਂ ਆਦਰਯੋਗ ਹੈ। ਉਨ੍ਹਾਂ ਦੇ ਹੋਰ ਸੰਗ੍ਰਹਿਆਂ ਦੇ ਨਾਲ-ਨਾਲ ਡੂੰਘੀਆਂ ਸਿਖਰਾਂ (2006), ਮਾਲਾ ਮਣਕੇ (2008) ਅਤੇ ਦਰਵਾਜ਼ੇ (2010) ਤਾਂ ਪੰਜਾਬੀ ਪਾਠਕਾਂ ਵਿੱਚ ਬਹੁਤ ਹੀ ਸਲਾਹੇ ਗਏ ਹਨ। ਉਨ੍ਹਾਂ ਦੀ ਦੇਣ ਮੌਲਿਕ ਅਤੇ ਅਨੂਪਮ ਹੈ। ਉਨ੍ਹਾਂ ਤੋਂ ਇਸ ਖੇਤਰ ਵਿੱਚ ਹੋਰ ਵੀ ਵਡੇਰੀਆਂ ਉਮੀਦਾਂ ਹਨ।

ਪੰਜਾਬੀ ਸਾਹਿਤ ਦੇ ਮਾਸਿਕ, ਤ੍ਰੈ ਮਾਸਿਕ ਪੱਤਰਾਂ ਅਤੇ ਰੋਜ਼ਾਨਾ ਅਖ਼ਬਾਰਾਂ



Sri Satguru Jagjit Singh Ji eLibrary NamdhariElibrary@gmail.com

ਦੇ ਸਾਹਿਤਕ ਅੰਕਾਂ ਦਾ ਵੀ ਇਸ ਖੇਤਰ ਦੇ ਵਿਕਾਸ ਵਿੱਚ ਕਾਫ਼ੀ ਹਿੱਸਾ ਹੈ। ਉਨ੍ਹਾਂ ਵਿੱਚ ਵੱਖੋ-ਵੱਖ ਵਿਸ਼ਿਆਂ ਤੇ ਵਿਭਿੰਨ ਲੇਖਕਾਂ ਚਿੰਤਕਾਂ ਦੇ ਵੀਚਾਰ, ਅਨਮੋਲ ਵਚਨ ਅਤੇ ਹੋਰ ਕਈ ਸਿਰਲੇਖਾਂ ਹੇਠ ਅਜਿਹਾ ਸਾਹਿਤ ਸੰਗ੍ਰਹਿ ਪ੍ਰਕਾਸ਼ਤ ਹੁੰਦਾ ਆ ਰਿਹਾ ਹੈ। ਇਸ ਕਾਲਮ ਨੇ ਜਿਥੇ ਕਈ ਲੇਖਕਾਂ ਨੂੰ ਪੁਸਤਕ-ਲੇਖਕ ਬਣਾਇਆ ਹੈ, ਬਹੁਤ ਸਾਰੇ ਨਵੇਂ ਪਾਠਕ ਸਾਹਿਤ ਨਾਲ ਜੋੜੇ ਹਨ ਉੱਥੇ ਕਈ ਪੁਸਤਕਾਂ ਨੂੰ ਵੀ ਜਨਮ ਦਿੱਤਾ ਹੈ। ਸਾਡੀ ਹੱਥਲੀ ਪੁਸਤਕ ਅਤੇ ਇਸਦਾ ਲੇਖਕ ਸਰਦਾਰਾ ਸਿੰਘ ਗਿੱਲ ਕੱਟੂ ਜ਼ਿਲ੍ਹਾ ਬਰਨਾਲਾ ਵੀ ਪੰਜਾਬੀ ਅਖ਼ਬਾਰਾਂ ਦੀ ਇਸ ਵੰਨਗੀ ਅਤੇ ਸੁਹਿਰਦ ਲਾਇਬ੍ਰੇਰੀ ਕੱਟੂ ਦੀ ਦਫ਼ਤਰ ਇੰਚਾਰਜ ਵਜੋਂ ਸੇਵਾ-ਘਾਲਣਾ ਦੀ ਪੈਦਾਵਾਰ ਹੀ ਹੈ।

ਇਸ ਸ਼ੁਰੂਆਤੀ ਕਦਮ ਤੋਂ ਉਤਸ਼ਾਹਿਤ ਹੋ ਕੇ 76 ਸਾਲਾ ਇਹ 'ਨੌਜਵਾਨ' ਪੰਜਾਬੀ ਲੇਖਕ ਇੱਕ ਸੰਖੇਪ ਪਾਕਿਸਤਾਨੀ ਸਫ਼ਰਨਾਮਾ ਅਤੇ ਪਸ਼ੂ-ਪੰਛੀਆਂ ਦੇ ਜੀਵਨ ਬਾਰੇ ਇੱਕ ਸਚਿੱਤਰ ਪੁਸਤਕ ਦੇ ਖਰੜੇ ਵੀ ਛਾਪਣ ਲਈ ਤਿਆਰ ਕਰੀ ਬੈਠਾ ਹੈ।

ਅਜੇ ਹੋਰ ਅਨੇਕਾਂ ਸੋਧਾਂ ਅਤੇ ਵਾਧਿਆਂ ਦੀ ਮੰਗ ਕਰਦੀ ਇਹ ਪੁਸਤਕ ਸਰਦਾਰਾ ਸਿੰਘ ਗਿੱਲ ਕੱਟੂ (ਬਰਨਾਲਾ) ਦੀ ਪੰਦਰਾਂ ਸਾਲ ਦੀ ਘਾਲਣਾ ਦਾ ਪਰਿਣਾਮ ਹੈ ਜਿਸਨੂੰ ਪ੍ਰਣਾਮ ਕਰਨ ਨੂੰ ਦਿਲ ਕਰਦਾ ਹੈ ਅਤੇ ਰੀਸ ਕਰਨ ਨੂੰ ਵੀ! ਪੂਰੀ ਉਮੀਦ ਹੈ ਕਿ ਪੰਜਾਬੀ ਪਿਆਰੇ ਸਰਦਾਰਾ ਸਿੰਘ ਗਿੱਲ ਕੱਟੂ ਦੇ ਇਸ ਪਹਿਲ ਪਲੇਠੇ ਕਦਮ ਦਾ ਨਿੱਘਾ ਸੁਆਗਤ ਕਰਦੇ ਹੋਏ ਭਰਪੂਰ ਹੁੰਗਾਰਾ ਤੇ ਹੁਲਾਰਾ ਦੇਣਗੇ ਤੇ ਉਹ ਅਗਲੇਰੇ ਕਦਮ ਪੁੱਟੇਗਾ। ਹਾਂ, ਇੱਕ ਗੱਲ ਹੋਰ! ਇਸ ਪ੍ਰਿਥਮ ਪੁਲਾਂਘ ਸਮੇਂ ਅਨੇਕ ਉਕਾਈਆਂ ਸਹਿਵਨ ਹੋਈਆਂ ਹੋਣਗੀਆਂ, ਸੂਝਵਾਨ ਪਾਠਕ ਉਨ੍ਹਾਂ ਦੀ ਨਿਸ਼ਾਨਦੇਹੀ ਕਰਕੇ ਸਾਨੂੰ ਅਗਲੇਰੇ ਐਡੀਸ਼ਨ ਵਿੱਚ ਸੋਧ ਕਰਨ ਲਈ ਸੁਝਾਉਣਗੇ। ਅਜਿਹੇ ਸੁਝਾਉ ਤੇ ਸੋਧਾਂ ਦਾ ਹਾਰਦਿਕ ਸੁਆਗਤ ਤੇ ਜੀ ਆਇਆਂ ਕਿਹਾ ਜਾਏਗਾ।

ਅੰਤ ਵਿੱਚ ਸ੍ਰ. ਸਰਦਾਰਾ ਸਿੰਘ ਗਿੱਲ ਕੱਟੂ ਦੀ ਸਾਹਿੱਤਕ ਵਿਦਵਤਾ ਭਰੀ ਚੰਗੇਰ ਲਈ ਮੈਂ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਪ੍ਰਸਿੱਧ ਕਹਾਣੀ 'ਮੇਰੀ ਨੰਨ੍ਹੀ ਲਿਲਾਹ' ਦੇ ਅੰਤਿਮ ਬੋਲਾਂ ਨਾਲ ਹੌਸਲਾ ਅਫ਼ਜ਼ਾਈ ਕਰਦਿਆਂ ਉਸਨੂੰ ਇੰਜ ਮੁਬਾਰਕ ਕਹਿੰਦਾ ਹਾਂ, "ਓ ਮੇਰੀ ਪ੍ਰੀਤ! ਤੂੰ ਉਮਰ ਨਈਂ ਦੇਖਦੀ, ਜ਼ਾਤ ਨਹੀਂ ਵੇਖਦੀ, ਮੁਲਕ ਨਈਂ ਵੇਖਦੀ, ਜਿੱਥੇ ਜੀਅ ਆਵੇ, ਜਦੋਂ ਜੀਅ ਆਵੇ, ਜਿਹਦੇ ਨਾਲ ਜੀਅ ਆਵੇ, ਪ੍ਰੇਮ-ਪ੍ਰੀਤ ਦੀਆਂ ਕੜੀਆਂ ਵਿੱਚ ਕੱਸ ਦੇਨੀ ਐਂ।"

ਸਦੀਵੀ ਪ੍ਰੇਰਣਾ ਤੇ ਸਰਬੱਤ ਦੇ ਭਲੇ ਵਾਲੇ ਪੰਜਾਬੀ ਸਾਹਿੱਤ ਦਾ ਸ਼ੈਦਾਈ,

ਪਹਿਲੀ ਮਈ, 2011 (ਮਜ਼ਦੂਰ ਦਿਵਸ)

*ਤੇਜਾ ਸਿੰਘ ਤਿਲਕ*
*ਪ੍ਰਧਾਨ ਸੁਹਿਰਦ ਯਾਦਗਾਰੀ ਲਾਇਬ੍ਰੇਰੀ ਕਮੇਟੀ ਕੱਟੂ*
*ਦਾਨਗੜ੍ਹ-ਬਰਨਾਲਾ*
*ਸੰਪਰਕ : 98766-36159*



Sri Satguru Jagjit Singh Ji eLibrary NamdhariElibrary@gmail.com

ਥਿਰੁ ਨਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰੁ॥
*(ਰਾਮਕਲੀ ਮ. ੧, ਅੰਗ ੯੩੪)*

# ਕੁੱਝ ਆਪਣੇ ਬਾਰੇ

ਮੇਰੇ ਪਿਤਾ ਸ੍ਰ. ਇੰਦਰ ਸਿੰਘ ਗਿੱਲ ਸਨ ਜੋ ਕਿ 'ਮੋਧੂ ਕੇ ਸਿੱਖਾਂ ਦੇ ਲਾਣੇ' ਦੀ ਅੱਲ ਨਾਲ ਜਾਣੇ ਜਾਂਦੇ ਸਨ। ਦਾਦਾ ਮੋਧਾ ਸਿੰਘ ਸਾਡੇ ਪਿੰਡ ਕੱਟੂ ਦੇ ਬਾਨੀ ਕੱਟੂ ਸਿੰਘ ਦੀ ਸੱਤਵੀਂ ਪੀੜ੍ਹੀ ਵਿੱਚੋਂ ਸਨ। ਦਾਦੀ ਪ੍ਰਤਾਪ ਕੌਰ ਦੇ ਪੇਕੇ ਪਿੰਡ ਖੁਰਾਣੀ ਸਨ। ਦਾਦਾ ਜੀ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦੇ ਸ਼ਰਧਾਲੂ ਸਨ ਅਤੇ ਪਿੰਡ ਵਿੱਚੋਂ ਰਸਦ ਇਕੱਠੀ ਕਰਕੇ ਭੇਜਿਆ ਕਰਦੇ ਸਨ। ਖੇਤ ਦੂਰ ਸੀ, ਉਥੇ ਇਕ ਕੱਚਾ ਬੁਰਜ ਬਣਾਇਆ ਹੋਇਆ ਸੀ, ਕੁੱਝ ਫਲਾਂ ਦੇ ਬੂਟੇ ਲਾਏ ਹੋਏ ਸਨ। ਸੰਤ ਗੁਲਾਬ ਸਿੰਘ ਬਾਲੀਆ ਵੀ ਉਥੇ ਦਰਸ਼ਨ ਦਿੰਦੇ ਰਹਿੰਦੇ ਸਨ। ਕੁੱਝ ਬਜ਼ੁਰਗਾਂ ਦੇ ਦੱਸਣ ਅਨੁਸਾਰ ਪਿੰਡ ਦੀ ਧਰਮਸ਼ਾਲਾ ਵਿੱਚ ਇਕ ਸਾਧੂ ਦੇਵਾ ਦਾਸ ਰਹਿੰਦਾ ਸੀ। ਸਾਡੇ ਦਾਦਾ ਜੀ ਨੇ ਉਸ ਪਾਸੋਂ ਗੁਰਬਾਣੀ ਪਾਠ ਸੰਥਿਆ ਨਾਲ ਪੜ੍ਹਿਆ। ਜਦੋਂ ਵੀ ਦਾਦਾ ਜੀ ਨੇ ਛੁੱਟੀ ਮੰਗਣੀ ਤਾਂ ਸਾਧੂ ਨੇ ਕਹਿਣਾ, "ਪੜ੍ਹੀ ਚੱਲ ਰੰਗ ਲੱਗਣਗੇ।" ਇਉਂ ਉਹ ਪੱਕੇ ਗੁਰੂ ਘਰ ਨਾਲ ਜੁੜ ਗਏ। ਇਕ ਦਿਨ ਦਾਦੀ ਜੀ ਗੁਆਂਢਣਾਂ ਨਾਲ ਰਲ਼ਕੇ ਪਿੰਡ ਦੀ ਯਾਦਗਾਰ ਬਾਬੇ ਬਕੂਹੇ ਦੀ ਸਮਾਧ ਤੇ ਮਿੱਟੀ ਕੱਢਣ ਚਲੀ ਗਈ। ਪਤਾ ਲੱਗਣ ਤੇ ਬਹੁਤ ਨਰਾਜ਼ ਹੋਏ ਤੇ ਅੱਗੇ ਲਈ ਅਜਿਹਾ ਕਰਨ ਤੋਂ ਰੋਕ ਦਿੱਤਾ। ਉਹ ਪੈਂਤੀ ਕੁ ਸਾਲ ਦੀ ਛੋਟੀ ਉਮਰ ਵਿੱਚ ਹੀ ਕੱਤੇ ਦੀ ਬਿਮਾਰੀ ਨਾਲ ਚਲਾਣਾ ਕਰ ਗਏ ਉਦੋਂ ਮੇਰੇ ਪਿਤਾ ਪੰਜ ਕੁ ਸਾਲ ਤੇ ਚਾਚਾ ਮਹਿੰਦਰ ਸਿੰਘ ਢਾਈ ਸਾਲ ਦੇ ਸਨ। ਪਿਤਾ ਜੀ ਪਿੰਡ ਦੇ ਅੰਦਰਲੇ ਗੁਰਦੁਆਰਾ ਸਾਹਿਬ ਪੜ੍ਹਨ ਲੱਗੇ। ਇੱਕ ਦਿਨ 'ਚ ਪੈਂਤੀ ਸਿੱਖ ਗਏ ਤੇ ਇੱਕ ਸਾਲ ਵਿੱਚ ਪਾਠ ਦੀ ਸੰਥਿਆ ਕਰ ਲਈ ਸੀ। ਉਹ ਰੋਜ਼ਾਨਾ ਸੁਖਮਨੀ ਸਾਹਿਬ ਦਾ ਪਾਠ ਕਰਦੇ ਸਨ। 'ਜ਼ਿੰਦਗੀ ਬਿਲਾਸ, ਨਸੀਹਤ ਬਿਲਾਸ' ਗ੍ਰੰਥ ਉਹ ਉੱਚੀ-ਉੱਚੀ ਪੜ੍ਹਦੇ ਸਨ। ਚਣਾਕਾ ਰਾਜਨੀਤੀ, ਸਾਰਕੁਤਾਬਲੀ ਤੇ ਭਾਵ ਸਿੰਮ੍ਰਿਤ ਗ੍ਰੰਥ ਉਨ੍ਹਾਂ ਦੇ ਕਾਫ਼ੀ ਜ਼ਬਾਨੀ ਯਾਦ ਸਨ। ਘਰ ਦੇ ਕੰਮ ਤੇ ਦੋ ਹਲ ਦੀ ਖੇਤੀ ਵੀ ਕੀਤੀ, ਮਾਮਾ ਗੁੱਜਰ ਸਿੰਘ ਨਾਲ ਭੱਠਾ ਵੀ ਲਗਾਇਆ। ਭਾਵੇਂ ਆਪ ਕਦੇ ਕਿਸੇ ਨਾਲ ਲੜੇ ਬੋਲੇ ਨਹੀਂ ਸਨ ਪਰ ਤੀਹ ਸਾਲ ਇਕ ਜ਼ਮੀਨੀ ਝਗੜਾ ਚੱਲਿਆ ਤੇ ਆਪ ਉਸ ਵਿੱਚ ਜੇਤੂ ਰਹੇ। ਉਹ ਬਹੁਤ ਦੂਰ ਅੰਦੇਸ਼ ਇਨਸਾਨ ਸਨ। ਲਾਹੌਰ ਤੇ ਦਿੱਲੀ ਵੀ ਗਏ। ਦਿੱਲੀ ਸਾਡੇ ਪਿੰਡ ਦੇ ਜਨਰਲ ਗੁਰਦੇਵ ਸਿੰਘ ਉਸ ਵੇਲੇ ਦੇ ਰਾਸ਼ਟਰਪਤੀ ਜ਼ਾਕਿਰ ਹੁਸੈਨ ਦੇ ਸੁਰੱਖਿਆ ਸਲਾਹਕਾਰ ਦੇ ਅਹੁਦੇ 'ਤੇ ਸਨ। ਪਿਤਾ ਜੀ ਦਾ ਗੁਰੂ ਤੇ ਪੱਕਾ ਭਰੋਸਾ ਸੀ। ਉਨ੍ਹਾਂ ਨੇ ਬਰਨਾਲੇ, ਸੰਗਰੂਰ ਜਾਂ ਚੰਡੀਗੜ੍ਹ ਕਿਤੇ ਵੀ ਛੋਟੇ ਵੱਡੇ ਕੰਮ ਮੈਨੂੰ ਨਾਲ ਲੈ ਕੇ ਜਾਣਾ। ਗਿਰਦਾਵਰਾਂ, ਪਟਵਾਰੀਆਂ ਕੋਲੋਂ ਮੁਰੱਬਾਬੰਦੀ ਵਿੱਚ ਇਕੱਠਾ ਟੱਕ ਕਰਵਾਉਣਾ ਉਨ੍ਹਾਂ ਦੀ ਲੰਮੀ ਬੌਧਿਕ ਸੂਝ ਸੀ। ਦੋਵਾਂ ਖੇਤਾਂ 'ਚ ਪੈਂਦੇ ਪਾਣੀ ਵਾਲੇ ਨਹਿਰੀ ਮੋਘਿਆਂ ਬਾਰੇ ਉਹ ਕਿਹਾ ਕਰਦੇ ਸਨ ਕਿ ਆਪਣਾ ਕੋਈ



Sri Satguru Jagjit Singh Ji eLibrary NamdhariElibrary@gmail.com

ਵੱਡ ਵਡੇਰਾ ਗੁਰੂ ਗੋਬਿੰਦ ਸਿੰਘ ਦੀ ਫੌਜ ਵਿੱਚ ਹੁੰਦਾ ਹੋਣੈ, ਸਰਸਾ ਤੇ ਰੋੜ੍ਹੇ ਧਨ ਨੂੰ ਅਸੀਂ ਉਸ ਵਡੇਰੇ ਦੇ ਇਵਜ਼ ਵਿੱਚੋਂ ਪਾਣੀ ਰੂਪ ਵਿੱਚ ਪ੍ਰਾਪਤ ਕਰ ਰਹੇ ਹਾਂ। ਉਹ ਗਰੀਬਾਂ ਬਾਰੇ ਬੜਾ ਸੋਚਦੇ ਸਨ। ਇੱਕ ਵਾਰ ਕਪਾਹ ਵਾਸਤੇ ਆਈਆਂ ਬਾਲੀਆਂ ਪਿੰਡ ਦੀਆਂ ਚੋਣੀਆਂ ਵਿੱਚ ਕੁੱਝ ਬਹੁਤ ਛੋਟੀਆਂ ਸਨ। ਮੈਂ ਕਿਹਾ, "ਬਾਪੂ! ਇਹ ਕੀ ਚੁਗਣਗੀਆਂ?" ਉਹ ਕਹਿੰਦਾ, "ਜਦੋਂ ਵੱਡੀਆਂ ਹੋ ਗਈਆਂ ਉਦੋਂ ਵੱਧ ਚੁਗਕੇ ਪੂਰਾ ਕਰ ਜਾਣਗੀਆਂ, ਇਨ੍ਹਾਂ ਨੂੰ ਵੀ ਰੋਟੀ ਕੱਪੜੇ ਦੀ ਲੋੜ ਹੈ।" ਇਕ ਵਾਰ 1966 ਵਿੱਚ ਜਦੋਂ ਬਹੁਤ ਬਾਰਸ਼ ਹੋਈ ਤੇ ਸਾਉਣੀ ਦੀ ਫਸਲ ਹੋ ਨਾ ਸਕੀ ਤਾਂ ਮੈਂ ਕਿਹਾ, "ਹੁਣ ਕੀ ਬਣੂ?" ਉਹ ਕਹਿਣ ਲੱਗੇ, "ਆਪਣੇ ਤਾਂ ਕਿੱਕਰਾਂ, ਟਾਹਲੀਆਂ ਹੋਰ ਮੋਟੀਆਂ ਹੋ ਜਾਣਗੀਆਂ, ਗਰੀਬ ਵਿਚਾਰੇ ਕੀ ਕਰਨਗੇ?" ਜੇ ਕਿਸੇ ਗਰੀਬ ਦੀ ਲੜਕੀ ਵਿਆਹੁਣ ਵਾਲੀ ਹੋਈ ਤਾਂ ਉਸਨੂੰ ਪੈਸਿਆਂ ਦੀ ਪੇਸ਼ਕਸ਼ ਕਰਦਾ। ਉਸਨੂੰ ਵਿੱਦਿਆ ਪੜ੍ਹਾਉਣ ਦਾ ਬਹੁਤ ਸ਼ੌਕ ਸੀ। ਮੇਰੇ ਭਤੀਜੇ ਮਾ. ਸੁਰਜੀਤ ਸਿੰਘ ਸੁਹਿਰਦ ਨੂੰ ਹਮੇਸ਼ਾ ਪੜ੍ਹਨ ਲਈ ਆਪਣੇ ਕੋਲੋਂ ਖ਼ਰਚ ਦੇਣ ਬਾਰੇ ਕਹਿੰਦਾ। ਉਹ ਉਸਨੂੰ ਆਪਣੇ ਸਾਰੇ ਭਰਾਵਾਂ ਨੂੰ ਪੜ੍ਹਾਉਣ ਅਤੇ ਲਾਇਕ ਬਣਾਉਣ ਲਈ ਵੀ ਤਾਕੀਦ ਕਰਦਾ। ਆਪ ਸਕੂਲ ਦਾਖ਼ਲ ਕਰਵਾਉਣ ਜਾਂਦਾ। ਮੇਰੇ ਵੱਡੇ ਭਰਾ ਕਰਤਾਰ ਸਿੰਘ ਨੂੰ ਕਹਿੰਦਾ ਹੁੰਦਾ ਕਿ ਇਹ ਪਿਛਾਂਹ ਖਿੱਚੂ ਹੈ। ਉਸਨੂੰ ਪੈਂਤੀ ਸਾਲ ਦੀ ਉਮਰ ਵਿੱਚ ਭਰਤੀ ਕਰਵਾਇਆ ਤੇ 1966 ਵਿੱਚ ਡੀ. ਟੀ. 14 ਟ੍ਰੈਕਟਰ ਲਿਆ। ਉਸੇ ਸਾਲ ਮਾਰਚ ਵਿੱਚ ਭਾਗ ਸਿੰਘ (ਮਾਸਟਰ, ਹੁਣ ਕੈਨੇਡਾ) ਦਾ ਜਨਮ ਹੋਇਆ। ਉਸਨੇ ਆਪ ਇਸਦਾ ਨਾਮ ਧਰਿਆ ਕਿ ਮੇਰਾ ਇਹ ਪੋਤਾ ਭਾਗਾਂ ਵਾਲਾ ਹੈ। ਪੋਤੀ ਸਵਰਨ ਕੌਰ ਦੇ ਜਨਮ 'ਤੇ ਵੀ ਉਹ ਬਹੁਤ ਖੁਸ਼ ਹੋਇਆ। ਮੇਰੀ ਵੱਡੀ ਭੈਣ ਕਰਤਾਰ ਕੌਰ ਦਾ ਘਰਵਾਲਾ ਖਾਣ ਪੀਣ ਵਾਲਾ ਸੀ, ਉਹ ਕਹਿੰਦੀ ਰਹਿੰਦੀ, ਬਾਪੂ ਆਖਦਾ, "ਕੋਈ ਗਲ ਨਹੀਂ, ਫ਼ਿਕਰ ਨਾ ਕਰ, ਤੇਰੇ ਸ਼ੇਰ ਉੱਠ ਖੜ੍ਹਨਗੇ, ਸਭ ਠੀਕ ਹੋ ਜਾਏਗਾ।" ਅੱਜ ਜਗਤਾਰ ਸਿੰਘ ਦਾ ਸਾਰਾ ਪਰਿਵਾਰ ਕੈਲਗਰੀ (ਕੈਨੇਡਾ) ਵਿੱਚ ਰਹਿ ਰਹੇ ਹਨ। ਇੱਕ ਤਾਰਾ ਸਿੰਘ ਆਪਣੇ ਟਰੱਕ ਚਲਾ ਰਿਹਾ ਹੈ ਬਰਨਾਲੇ। ਆਪ ਨੇ ਜਿੱਧਰ ਵੀ ਕ੍ਰਿਪਾ ਦ੍ਰਿਸ਼ਟੀ ਕੀਤੀ ਉਸਨੂੰ ਨਿਹਾਲ ਕਰ ਦਿੱਤਾ। ਸੰਨ 1975 ਈ: ਦੀ 10 ਫਰਵਰੀ ਨੂੰ ਸਾਡੇ ਗੁਆਂਢ 'ਚੋਂ ਇੱਕ ਮਾਈ ਜੋ ਹਜ਼ੂਰ ਸਾਹਿਬ ਜਾਕੇ ਆਈ ਸੀ, ਛੋਟੇ-ਛੋਟੇ ਦੋ ਟ੍ਰੈਕਟ ਉਥੋਂ ਦੇ ਇਤਿਹਾਸ ਬਾਰੇ ਦੇ ਗਈ। ਉਹ ਆਪ ਪੜ੍ਹਕੇ ਮੈਨੂੰ ਪੜ੍ਹਨ ਲਈ ਦੇ ਦਿੱਤੇ। ਸ਼ਾਮ ਨੂੰ ਰੋਟੀ ਨਾ ਖਾਧੀ, ਦੁੱਧ ਪੀ ਕੇ ਪੈਣ ਲੱਗਾ ਸੀ। ਵੈਦ ਮਨੀ ਸਿੰਘ ਤੇ ਪਟਵਾਰੀ ਨਰੰਜਣ ਪ੍ਰਸ਼ਾਦ ਪ੍ਰਸ਼ਾਦਾ ਛਕਕੇ ਗਏ। ਐਨੇ ਨੂੰ ਖੇਤ ਵਾਲਾ ਮੁੰਡਾ ਗੁਰਚਰਨ ਸਿੰਘ ਰੋਟੀ ਲੈਣ ਆ ਗਿਆ। ਉਸਨੂੰ ਵੇਖਕੇ ਪਟਵਾਰੀ ਨੂੰ ਕਹਿਣ ਲੱਗਾ ਕਿ ਇਹ ਵਿਚਾਰਾ ਪੜ੍ਹ ਨਹੀਂ ਸਕਿਆ ਮੇਰੇ ਨਾਮ ਵਾਲੀ 20-25 ਕਨਾਲ ਜ਼ਮੀਨ ਅਤੇ ਰਾਈਫ਼ਲ ਮੈਂ ਆਪਣੇ ਇਸ ਪੋਤੇ ਦੇ ਨਾਉਂ ਕਰਵਾਊਂਗਾ। ਮੁੰਡਾ ਰੋਟੀ ਲੈ ਕੇ ਚਲਾ ਗਿਆ। ਰਾਤ ਨੂੰ ਪੈ ਗਏ। ਕੁੱਝ ਸਮੇਂ ਬਾਅਦ ਹੀ ਬਾਪੂ ਨੇ ਆਵਾਜ਼ ਦਿੱਤੀ। ਸਾਰੇ ਇਕੱਠੇ ਹੋ ਗਏ। ਕ੍ਰਿਪਾਲ ਸਿੰਘ ਦਰਜ਼ੀ ਗੁਆਂਢੀ ਸੀ ਉਹ ਵੀ ਆ ਗਿਆ। ਗੁਲਜ਼ਾਰ ਸਿੰਘ ਵੈਦ ਮਨੀ ਸਿੰਘ ਨੂੰ ਬੁਲਾ ਲਿਆਇਆ। ਬਸ ਪਲਾਂ ਵਿੱਚ ਹੀ ਭੌਰ ਉਡਾਰੀ ਮਾਰ ਗਿਆ। ਮੇਰੇ ਵਿਚਾਰ ਵਿੱਚ ਜੋ ਗੱਲ ਸਮਝ ਵਿੱਚ ਆਈ ਹੈ - ਇਹ ਜੋ ਕੁੱਝ ਵੀ ਹੈ ਇਹ ਗੁਰਬਾਣੀ ਦੀ ਮਿਹਰ ਤੇ ਨੀਤੀ ਗੁੰਥਾਂ ਸਦਕੇ ਇਹ ਸਾਰੀ ਖੇਲ ਦਾ ਉਹ ਆਪ ਹੀ ਪ੍ਰਬੰਧ ਕਰ ਗਏ



Sri Satguru Jagjit Singh Ji eLibrary NamdhariElibrary@gmail.com

ਸਨ, ਸੁਹਿਰਦ ਯਾਦਗਾਰੀ ਲਾਇਬ੍ਰੇਰੀ ਲਈ 3 ਮਰਲੇ ਤੋਂ ਕੁੱਝ ਵੱਧ ਲੈ ਕੇ ਦੇ ਗਏ। ਪਰਉਪਕਾਰੀ ਤੇ ਵਿਦਿਆ ਪ੍ਰਸਾਰ ਦੇ 'ਜੀਨ' ਉਨ੍ਹਾਂ ਦੇ ਖ਼ਾਨਦਾਨ ਵਿੱਚ ਅੱਗੋਂ ਚਲ ਰਹੇ ਹਨ। ਲਾਇਬ੍ਰੇਰੀ ਉਸੇ ਦੀ ਪੈਦਾਇਸ਼ ਹੈ, ਪੋਤ ਜਵਾਈ ਗੁਰਜੰਟ ਸਿੰਘ ਬਡਰੁੱਖਾਂ ਬੀਬੀ ਭਾਨੀ ਕਾਲਜ ਲੌਂਗੋਵਾਲ ਚਲਾ ਰਿਹਾ ਹੈ, ਹਰਦੇਵ ਸਿੰਘ ਨੀਲਾ ਦੋਹਤਾ ਪੱਤੀ ਰੋਡ, ਬਰਨਾਲਾ ਵਿਖੇ ਇੰਜਨੀਅਰਿੰਗ ਕਾਲਜ ਬਣਾ ਕੇ ਚਲਾ ਰਿਹਾ ਹੈ। ਉਸ ਬਜ਼ੁਰਗ ਦਾ ਹੀ ਆਹ ਪੁਸਤਕ ਰੂਪੀ ਫਲ ਤੁਹਾਨੂੰ ਭੇਂਟ ਕਰ ਰਿਹਾ ਹਾਂ।

ਮੇਰੇ ਮਾਤਾ ਜੀ ਬਹਾਲ ਕੌਰ ਦੇ ਪੇਕੇ ਪਿੰਡ ਬਹਾਦਰਪੁਰ ਜ਼ਿਲ੍ਹਾ ਸੰਗਰੂਰ ਦੇ ਸਨ। ਉਨ੍ਹਾਂ ਦੇ ਪਿਤਾ ਸ੍ਰ. ਦੇਵਾ ਸਿੰਘ ਖਰ੍ਹਾ ਤੇ ਮਾਤਾ ਜੈ ਕੌਰ ਸਨ। ਚਾਰ ਭੈਣਾਂ ਤੇ ਤਿੰਨ ਭਰਾਵਾਂ ਵਿਚੋਂ ਮੇਰੇ ਮਾਤਾ ਜੀ ਤੀਸਰੇ ਨੰਬਰ 'ਤੇ ਸਨ। ਸਾਡੇ ਮਾਤਾ-ਪਿਤਾ ਦੀ ਸ਼ਾਦੀ 1925 ਈ: ਦੇ ਕਰੀਬ ਹੋਈ। ਸਾਡੀ ਵੱਡੀ ਭੈਣ ਕਰਤਾਰ ਕੌਰ ਦਾ ਜਨਮ ਨਵੰਬਰ 1926 ਨੂੰ ਹੋਇਆ ਸੀ। ਅਸੀਂ ਛੇ ਭਰਾ ਤੇ ਤਿੰਨ ਭੈਣਾਂ (ਕਰਤਾਰ ਕੌਰ, ਕਰਤਾਰ ਸਿੰਘ, ਤੇਜ ਕੌਰ, ਦੀਦਾਰ ਸਿੰਘ, ਸਰਦਾਰਾ ਸਿੰਘ, ਦਲਬਾਰਾ ਸਿੰਘ, ਗੁਰਦੇਵ ਕੌਰ, ਗੁਲਜ਼ਾਰ ਸਿੰਘ ਤੇ ਜ਼ੋਰਾ ਸਿੰਘ) ਨੇ ਜਨਮ ਲਿਆ। ਸਾਡੀ ਪਾਲਣਾ ਪੋਸ਼ਣਾ ਤੇ ਪਰਿਵਾਰਕ ਫਰਜ਼ਾਂ ਤੋਂ ਵੱਧ ਵੀ ਮਾਤਾ ਜੀ ਨੇ ਜ਼ਿਕਰਯੋਗ ਪਰਉਪਕਾਰ ਕੀਤੇ ਜਿਨ੍ਹਾਂ ਵਿੱਚੋਂ ਕੁੱਝ ਕੁ ਦਾ ਜ਼ਿਕਰ ਕਰੇ ਬਿਨਾ ਮੈਂ ਰਹਿ ਨਹੀਂ ਸਕਦਾ। ਸਾਡੇ ਗੁਆਂਢ ਵਿੱਚ ਇੱਕ ਬਿਰਧ ਮਾਤਾ ਇੰਦੋ ਦੇਵੀ ਬਾਣੀਆ ਪਰਿਵਾਰ ਦੀ ਇਕੱਲੀ ਰਹਿੰਦੀ ਸੀ, ਉਸਦੀਆਂ ਲੱਤਾਂ ਨਕਾਰਾ ਸਨ। ਮੇਰੇ ਮਾਤਾ ਜੀ ਉਸਦਾ ਪਾਣੀ ਭਰਨ ਪ੍ਰਸ਼ਾਦਾ ਪਾਣੀ ਦੇਣ ਤੇ ਇਸ਼ਨਾਨ ਆਦਿ ਤੱਕ ਦੀ ਸੇਵਾ ਕਰਿਆ ਕਰਦੇ। ਅਖੀਰ ਵੇਲੇ ਉਸਨੇ ਮੇਰੀ ਮਾਤਾ ਨੂੰ ਆਪਣਾ ਘਰ ਘਾਟ (ਥਾਂ) ਆਪਣੇ ਨਾਉਂ ਲਿਖਵਾ ਲੈਣ ਲਈ ਕਿਹਾ। ਪਰੰਤੂ ਮੇਰੇ ਮਾਤਾ ਜੀ ਨੇ ਸਾਫ਼ ਜਵਾਬ ਦੇ ਕੇ ਉਹ ਥਾਂ ਪੰਡਿਤ ਤ੍ਰਿਲੋਕ ਸਿੰਘ ਤੇ ਬੇਬੇ ਸੋਧਾਂ ਨੂੰ ਦਵਾ ਦਿੱਤੀ। ਇਸੇ ਤਰ੍ਹਾਂ ਇਕ ਹੋਰ ਮਿਸਤਰੀਆਂ ਦੀ ਬੁੱਢੀ ਕਿਸਨ ਕੌਰ ਮੰਜੇ 'ਤੇ ਜੁੜੀ ਬੈਠੀ ਸੀ ਉਸਦੀ ਵੀ ਇਸ਼ਨਾਨ ਪਾਣੀ ਕਰਨ ਦੀ ਸੇਵਾ ਮਾਤਾ ਜੀ ਨੇ ਲਗਾਤਾਰ ਕੀਤੀ। ਸਰਦੀਆਂ ਵਿੱਚ ਸਰੋਂ ਦਾ ਸਾਗ ਤੇ ਮੱਖਣ ਨਾਲ ਮੱਕੀ ਦੀ ਰੋਟੀ ਮਾਤਾ ਜੀ ਗੁਰੂ ਕੇ ਲੰਗਰ ਵਾਂਗ ਤਿਆਰ ਕਰਦੇ। ਬਹੁਤ ਸਾਰੇ ਗ਼ਰੀਬ ਗੁਰਬੇ ਛਕਕੇ ਜਾਂਦੇ। ਇਨ੍ਹਾਂ ਵਿਚੋਂ ਇੱਕ ਸੰਤਾ ਸਿੰਘ ਰਮਦਾਸੀਏ ਨੇ ਇੱਕ ਦਿਨ ਖਾਣਾ ਖਾਣ ਤੋਂ ਬਾਅਦ ਉੱਚੀ ਉੱਚੀ ਬੋਲਦਿਆਂ ਕਿਹਾ, "ਬਹਾਲ ਕੌਰੇ! ਤੇਰੀ ਔਲਾਦ ਦੇ ਖੇੜੇ ਵੱਸਣ।" ਅੱਜ ਇਹ ਅਸ਼ੀਸ਼ ਮੈਂ ਸੱਚ ਵੇਖ ਰਿਹਾ ਹਾਂ ਵੱਸਦੇ ਖੇੜੇ-ਪਿੰਡ (ਬਾਲੀਆ ਰੋਡ 'ਤੇ) ਕੱਟੂ ਵਿਖੇ, ਖੇਤ ਬੀਜ ਫਾਰਮ ਤੇ, ਸੰਗਰੂਰ, ਪਟਿਆਲੇ ਤੇ ਕੈਨੇਡਾ ਵਿੱਚ। ਇਹ ਸੀ 'ਅਕਲੀ ਕੀਚੈ ਦਾਨ' ਦੀ ਬਰਕਤ। ਮਾਤਾ ਜੀ ਦਾ ਚਲਾਣਾ 31 ਦਸੰਬਰ 1985 ਨੂੰ ਹੋਇਆ।

ਮੈਂ ਅਪ੍ਰੈਲ 1935 ਵਿੱਚ ਦੋ ਭੈਣਾਂ ਅਤੇ ਦੋ ਭਰਾਵਾਂ ਪਿੱਛੇ ਪੰਜਵੇਂ ਸਥਾਨ 'ਤੇ ਜਨਮ ਲਿਆ। ਇੱਕ ਭੈਣ ਇਕ ਭਰਾ ਦੀ ਚਲੀ ਆ ਰਹੀ ਲੜੀ ਤੋੜਕੇ ਮੈਂ ਭਰਾ ਦੀਦਾਰ ਸਿੰਘ ਤੋਂ ਪਿੱਛੋਂ ਪੈਦਾ ਹੋਇਆ। ਮੈਨੂੰ ਗੁਰਦੁਆਰਾ ਟਿੱਬੀ ਸਰ ਪੜ੍ਹਨ ਲਾ ਦਿੱਤਾ। ਮੈਂ ਇੱਕ ਦਿਨ ਜਾਕੇ ਦੂਜੇ ਦਿਨ ਨਾ ਜਾਣ ਲਈ ਅੜ ਗਿਆ ਤਾਂ ਮੇਰੇ ਪਿਤਾ ਜੀ ਤੋਂ ਇਕ ਐਸਾ ਥੱਪੜ ਪਿਆ ਜਿਸ ਨੂੰ ਯਾਦ ਕਰਕੇ ਮੈਂ ਅੱਜ ਤੱਕ ਤ੍ਰਭੱਕ ਜਾਂਦਾ ਹਾਂ। ਗੁਰਦੁਆਰੇ ਚੰਨ ਚਾਨਣੇ ਮੈਂ ਪੜ੍ਹਦਾ ਵੀ ਤੇ ਸੰਤ ਮਹਾਂ ਸਿੰਘ ਜੀ ਮੱਕੀ ਆਪ



Sri Satguru Jagjit Singh Ji eLibrary NamdhariElibrary@gmail.com

ਗੁਡਦੇ। ਇਸ ਤੋਂ ਉਪਰੰਤ ਮੈਂ ਪਸ਼ੂ ਚਾਰਨ ਵੀ ਜਾਂਦਾ। ਸਾਡੇ ਪਿੰਡ ਦੇ ਇੱਕ ਡਾ. ਬਲਦੇਵ ਸਿੰਘ ਲਾਹੌਰ ਵਿਖੇ ਫ਼ੌਜ ਵਿੱਚ ਸਰਜਨ ਡਾਕਟਰ ਸਨ। ਮੇਰੇ ਪਿਤਾ ਰਾਈਫਲ ਉਥੋਂ ਲੈ ਕੇ ਆਏ ਸਨ। ਖੇਤੀਬਾੜੀ ਵਿੱਚ ਵੀ ਹੱਥ ਵਟਾਉਂਦਾ ਰਿਹਾ। ਜ਼ਮੀਨ ਦੇ ਇੱਕ ਚੱਲੇ ਲੰਬੇ ਮੁਕੱਦਮੇ ਵਿੱਚ ਪਿਤਾ ਜੀ ਨਾਲ ਪਟਿਆਲਾ, ਚੰਡੀਗੜ੍ਹ ਤੱਕ ਦੂਰ-ਦੂਰ ਜਾਂਦਾ ਰਿਹਾ। ਇਉਂ ਪਟਵਾਰੀ ਤੋਂ ਵਕੀਲਾਂ ਤੇ ਹੋਰ ਅਫ਼ਸਰਾਂ ਤੱਕ ਵਾਹ ਪੈਂਦਾ ਰਿਹਾ ਤੇ ਜਿੱਥੇ ਦੁਨੀਆਦਾਰੀ ਦਾ ਵਿਸ਼ਾਲ ਗਿਆਨ ਹੋਇਆ ਉਥੇ ਬਾਹਰ ਜਾਣ ਤੇ ਗੱਲਬਾਤ ਕਰਨ ਦਾ ਸਲੀਕਾ ਵੀ ਪ੍ਰਾਪਤ ਹੋਇਆ। ਹੁਣ ਤੱਕ ਜ਼ਿੰਦਗੀ ਦੇ ਕਈ ਬਦਲਦੇ ਪੜਾਅ ਵੇਖ ਲਏ ਹਨ। ਮੈਂ ਵਿਆਹ ਨਹੀਂ ਕਰਵਾਇਆ ਪਰੰਤੂ ਆਪਣੇ ਭਰਾ ਦੀਦਾਰ ਸਿੰਘ ਦੇ ਪਰਿਵਾਰ ਨੂੰ ਆਪਣਾ ਸਮਝ ਕੇ ਪਾਲਿਆ ਪੋਸਿਆ ਤੇ ਉਨ੍ਹਾਂ ਦੇ ਹੁਣ ਤੱਕ ਨਾਲ ਹੀ ਹਾਂ। ਇਸੇ ਪ੍ਰਸੰਗ ਵਿੱਚ ਇੱਥੇ ਇਹ ਗੱਲ ਸ਼ਾਮਿਲ ਹੁੰਦੀ ਹੈ ਕਿ ਮੇਰੇ ਭਰਾ ਦੀਦਾਰ ਸਿੰਘ ਦੇ ਪਰਿਵਾਰ ਵਿੱਚ ਇਕ ਹੋਣਹਾਰ ਪੁੱਤਰ ਸੁਰਜੀਤ ਸਿੰਘ ਸੀ ਜੋ ਐਮ. ਏ. ਅੰਗਰੇਜ਼ੀ, ਬੀ. ਐਸ. ਸੀ. ਤੇ ਬੀ. ਐਡ. ਕਰਕੇ ਬਾਲੀਆਂ ਦੇ ਸਰਕਾਰੀ ਸਕੂਲ ਵਿੱਚ ਸਾਇੰਸ ਮਾਸਟਰ ਲੱਗ ਗਿਆ। ਉਸਨੇ 1978 ਈ: ਵਿੱਚ ਆਪਣੇ ਸਾਥੀ ਅਧਿਆਪਕ ਮਿੱਤਰ ਤੇਜਾ ਸਿੰਘ ਤਿਲਕ ਪਿੰਡ ਦਾਨਗੜ੍ਹ, ਮਹਿੰਦਰਪਾਲ ਅਖ਼ਬਾਰ ਏਜੰਟ ਬਰਨਾਲਾ ਦੇ ਸਹਿਯੋਗ ਨਾਲ ਤ੍ਰਿਪਤ ਸਿੰਘ ਜਲੰਧਰ ਤੋਂ ਇੱਕ ਮੌਲਿਕ ਨਾਵਲ 'ਬਾਪੂ ਦਾ ਵਿਆਹ' ਛਪਵਾਇਆ। ਇਹ ਨਾਵਲ ਦਾਜ ਦਹੇਜ ਵਿਰੁੱਧ ਬਹੁਤ ਚਰਚਿਤ ਹੋਇਆ। ਫੇਰ ਉਸਨੇ ਕੁੱਝ ਗੀਤ, ਕਵਿਤਾਵਾਂ ਵੀ ਲਿਖੇ ਤੇ ਪੰਜਾਬੀ ਦੀ ਐਮ. ਏ. ਵੀ ਪੜ੍ਹਨੀ ਸ਼ੁਰੂ ਕਰ ਦਿੱਤੀ। ਅਚਾਨਕ 1982 ਈ: ਵਿੱਚ ਉਹ ਬੀਮਾਰ ਹੋ ਗਿਆ ਤੇ ਚਲਾਣਾ ਕਰ ਗਿਆ। ਉਸਦੇ ਭੋਗ ਦੀ ਰਸਮ ਵਾਲੇ ਦਿਨ ਮੇਰੇ ਮਨ ਵਿੱਚ ਉਸਦੀ ਯਾਦ ਵਿੱਚ ਇਕ ਲਾਇਬ੍ਰੇਰੀ ਬਣਾਉਣ ਦਾ ਖਿਆਲ ਆਇਆ ਜੋ ਮੈਂ ਵੈਦ ਸ਼ੇਰ ਸਿੰਘ ਨਾਲ ਸਾਂਝਾ ਕਰ ਲਿਆ। ਉਸਨੇ ਭੋਗ ਤੇ ਸਟੇਜ ਤੋਂ ਐਲਾਨ ਕਰ ਦਿੱਤਾ ਅਤੇ ਸੁਹਿਰਦ ਯਾਦਗਾਰੀ ਲਾਇਬ੍ਰੇਰੀ ਦਾ 1985 ਵਿੱਚ ਉਸ ਵੇਲੇ ਦੇ ਪਾਰਲੀਮੈਂਟਰੀ ਸਕੱਤਰ ਸ੍ਰ. ਗੋਬਿੰਦ ਸਿੰਘ ਕਾਂਝਲਾ ਦੁਆਰਾ ਉਦਘਾਟਨ ਕਰ ਦਿੱਤਾ ਗਿਆ। ਇਸ ਸਮਾਰੋਹ ਵਿੱਚ ਭਾਰੀ ਗਿਣਤੀ ਵਿੱਚ ਇਲਾਕਾ ਨਿਵਾਸੀ, ਓਮ ਪ੍ਰਕਾਸ਼ ਗਾਸੋ, ਪ੍ਰੀਤਮ ਸਿੰਘ ਰਾਹੀ, ਸਾਧੂ ਸਿੰਘ ਬੇਦਿਲ, ਜਗੀਰ ਸਿੰਘ ਜਗਤਾਰ, ਬਸੰਤ ਕੁਮਾਰ ਰਤਨ, ਨਛੱਤਰ ਸਿੰਘ ਸ਼ਾਦ ਡੀ. ਪੀ. ਆਰ. ਓ., ਭਰਪੂਰ ਸਿੰਘ ਧਨੌਲਾ ਤੇ ਗੋਬਿੰਦ ਸਿੰਘ ਲੌਂਗੋਵਾਲ ਦੋਵੇਂ ਚੇਅਰਮੈਨ, ਡਾ. ਬਿਕਰਮ ਸਿੰਘ ਰਾਜੀਆ ਅਤੇ ਹੋਰ ਪ੍ਰਮੁੱਖ ਵਿਅਕਤੀ ਸ਼ਾਮਿਲ ਸਨ। ਇਉਂ ਇਲਾਕੇ ਵਿੱਚ ਇਕ ਪਹਿਲੀ ਆਪਣੀ ਇਮਾਰਤ ਵਾਲੀ ਅਸਲੀ ਅਰਥਾਂ ਵਿੱਚ ਲਾਇਬ੍ਰੇਰੀ ਅਰੰਭ ਹੋਈ ਜੋ ਅੱਜ ਕੋਈ ਪੰਝੀ ਸਾਲ ਦੇ ਅਰਸੇ ਵਿੱਚ ਹੋਰ ਵੀ ਨਿੱਖਰੀ ਹੈ। ਇਸਦੇ ਸੰਚਾਲਨ ਲਈ ਇੱਕ ਕਮੇਟੀ ਹੈ ਪਰੰਤੂ ਦਫ਼ਤਰ ਇੰਚਾਰਜ ਵਜੋਂ ਕੁਲਵਕਤੀ ਤੌਰ 'ਤੇ ਆਨਰੇਰੀ ਰੂਪ ਵਿੱਚ ਸਾਰਾ ਕਾਰਜ ਭਾਰ ਮੇਰੇ ਜ਼ਿੰਮੇ ਹੀ ਹੈ।

ਲਾਇਬ੍ਰੇਰੀ ਵਿੱਚ ਬਹੁਤਾ ਸਮਾਂ ਗੁਜ਼ਾਰਨ ਕਰਕੇ ਅਖ਼ਬਾਰਾਂ ਪੜ੍ਹਨ ਤੇ ਪੁਸਤਕਾਂ ਵਾਚਣ ਸਮੇਤ ਨਵੇਂ-ਨਵੇਂ ਬੁੱਧੀਜੀਵੀਆਂ ਨੂੰ ਮਿਲਣ ਦੇ ਮੌਕੇ ਮਿਲਦੇ ਆ ਰਹੇ ਹਨ। ਜਸਵੰਤ ਸਿੰਘ ਕੰਵਲ, ਸ਼ਿਵਚਰਨ ਗਿੱਲ ਕੈਨੇਡਾ, ਰੰਗ ਕਰਮੀ ਭਾਗ ਸਿੰਘ ਚੰਡੀਗੜ੍ਹ, ਰਾਮ ਸਰੂਪ ਅਣਖੀ, ਡਾ. ਅਮਰ ਕੋਮਲ, ਡਾ. ਤੇਜਵੰਤ ਮਾਨ, ਸੁਰਜੀਤ ਸਿੰਘ ਬਰਨਾਲਾ, ਗੁਰਚਰਨ ਸਿੰਘ ਟੌਹੜਾ, ਸਿਮਰਨਜੀਤ ਸਿੰਘ ਮਾਨ ਤੇ ਭੱਠਲ



Sri Satguru Jagjit Singh Ji eLibrary NamdhariElibrary@gmail.com

ਪਰਿਵਾਰ ਸਮੇਤ ਸਭ ਨਾਮਵਰ ਸਾਹਿਤਕ ਤੇ ਸਿਆਸੀ ਸ਼ਖ਼ਸ਼ੀਅਤਾਂ ਨੇ ਇਸ ਲਾਇਬ੍ਰੇਰੀ ਵਿੱਚ ਸਮੇਂ ਸਮੇਂ ਹਾਜ਼ਰੀ ਲਗਵਾਈ ਹੈ।

ਮੇਰਾ ਇਹ ਪੁਸਤਕ ਲਿਖਣ ਤੋਂ ਛਪਵਾਉਣ ਤੱਕ ਦਾ ਵਿਚਾਰ ਕਿਵੇਂ ਬਣਿਆ? ਇਸ ਪਿੱਛੇ ਵੀ ਇੱਕ ਰੌਚਿਕ ਘਟਨਾ ਹੈ। 25 ਜੂਨ 1996 ਦੀ ਗੱਲ ਹੈ। ਲਾਇਬ੍ਰੇਰੀ ਦੇ ਸਾਹਮਣੇ ਬੱਸ ਅੱਡੇ, ਸਕੂਲ ਤੇ ਗੁਰਦੁਆਰਾ ਟਿੱਬੀਸਰ ਵਾਲੀ ਸੜਕ ਨੀਵੀਂ ਹੋਣ ਕਰਕੇ ਤੇ ਪਾਣੀ ਨਿਕਾਸੀ ਪ੍ਰਬੰਧ ਦੀ ਅਣਹੋਂਦ ਸਦਕਾ ਸੜਕ ਟੁੱਟਕੇ ਡੂੰਘੇ ਟੋਏ ਪਾਣੀ ਨਾਲ ਭਰ ਗਏ। ਪੈਦਲ ਲੰਘਣਾ ਵੀ ਦੁੱਭਰ ਹੋ ਗਿਆ। ਅਸੀਂ ਕੁਝ ਵੀਚਾਰ ਕੇ ਮੈਂ ਤੇ ਮੇਰਾ ਭਰਾ (ਹੁਣ ਸਵਰਗੀ) ਸੂਬੇਦਾਰ ਦਲਬਾਰਾ ਸਿੰਘ ਡੀ. ਸੀ. ਸੰਗਰੂਰ ਨੂੰ ਸੜਕ ਬਾਰੇ ਮਿਲਣ ਚਲੇ ਗਏ। ਕੁਦਰਤ ਨਾਲ ਸ੍ਰੀ ਤਿਲਕ ਰਾਜ ਸਾਰੰਗਲ ਡਿਪਟੀ ਕਮਿਸ਼ਨਰ ਸਨ। ਉਨ੍ਹਾਂ ਨੇ ਦੋ-ਤਿੰਨ ਪੁਸਤਕਾਂ ਲਿਖੀਆਂ ਹੋਈਆਂ ਸਨ। ਜਦੋਂ ਅਸੀਂ ਉਨ੍ਹਾਂ ਨੂੰ ਸੜਕ ਦੀ ਗੱਲ ਕੀਤੀ ਤਾਂ ਉਨ੍ਹਾਂ ਸੁਣਕੇ ਕੋਈ ਖਾਸ ਹੁੰਗਾਰਾ ਨਾ ਭਰਿਆ। ਮੇਰੇ ਮਨ 'ਚ ਇਕਦਮ ਆਇਆ ਤੇ ਮੈਂ ਕਿਹਾ ਕਿ ਡੀ. ਸੀ. ਸਾਹਿਬ ਜੀ! ਉਸ ਸੜਕ ਤੇ ਹੀ ਇੱਕ ਲਾਇਬ੍ਰੇਰੀ ਸਥਿਤ ਹੈ ਜਿਸਦਾ ਮੈਂ ਦਫ਼ਤਰ ਇੰਚਾਰਜ ਹਾਂ। ਡੀ. ਸੀ. ਦੇ ਅੰਦਰਲਾ ਲੇਖਕ ਜਾਗ ਉਠਿਆ। ਉਸੇ ਵੇਲੇ ਘੰਟੀ ਮਾਰਕੇ ਚਾਹ ਪਾਣੀ ਨੂੰ ਕਿਹਾ, ਸੜਕ ਲਈ ਫੋਨ ਕੀਤਾ ਤੇ ਲਾਇਬ੍ਰੇਰੀ ਲਈ ਕੁੱਝ ਪੁਸਤਕਾਂ ਤੇ ਮੇਰੇ ਲਿਖਣ ਲਈ ਇੱਕ ਯਾਦਗਾਰੀ ਸੁੰਦਰ ਡਾਇਰੀ ਦਿੱਤੀ। ਏਹ ਡਾਇਰੀ ਮੇਰੇ ਲਈ ਕੁੱਝ ਲਿਖਣ ਲਈ ਪ੍ਰੇਰਕ ਬਣੀ। ਮੈਂ ਇਸ ਵਿੱਚ ਮੈਨੂੰ ਸਮੇਂ ਸਮੇਂ ਚੰਗੇ ਲੱਗਦੇ ਮਹਾਂ ਪੁਰਸ਼ਾਂ ਦੇ ਬਚਨ, ਨੀਤੀ ਵਾਕ ਤੇ ਪ੍ਰੇਰਕ ਤੇ ਨਿਚੋੜ ਕੱਢੇ ਉੱਤਮ ਬੋਲ ਲਿਖਣੇ ਸ਼ੁਰੂ ਕਰ ਦਿੱਤੇ। ਇੱਕ ਦਿਨ ਤੇਜਾ ਸਿੰਘ ਤਿਲਕ ਪ੍ਰਧਾਨ ਲਾਇਬ੍ਰੇਰੀ ਨੂੰ ਦਿਖਾ ਦਿੱਤੇ ਤੇ ਉਨ੍ਹਾਂ ਨੇ ਇਹ ਸੋਧ ਕੇ ਪੁਸਤਕ ਰੂਪ ਦੇ ਦਿੱਤਾ ਜੋ ਆਪ ਸਭ ਦੀ ਭੇਂਟ ਗੋਚਰੇ ਹੈ। ਇਸ ਵਿੱਚ

ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ॥
ਤੇਰਾ ਤੁਝ ਕਉ ਸਉਪ ਤੇ ਕਿਆ ਲਾਗੈ ਮੇਰਾ॥

(ਸਲੋਕ ਕਬੀਰ, ਅੰਗ ੧੩੭੫)

*- ਸਰਦਾਰਾ ਸਿੰਘ ਗਿੱਲ*
*ਪਿੰਡ ਤੇ ਡਾ. ਕੱਟੂ*
*ਤਹਿਸ਼ੀਲ ਤੇ ਜ਼ਿਲ੍ਹਾ : ਬਰਨਾਲਾ*



Sri Satguru Jagjit Singh Ji eLibrary NamdhariElibrary@gmail.com

# ਖੁਸ਼ੀ, ਆਸ਼ਾ ਤੇ ਪ੍ਰੇਰਨਾ

ਸਾਡੇ ਆਪਣੇ, ਸੁਹਿਰਦ ਯਾਦਗਾਰੀ ਲਾਇਬਰੇਰੀ ਦੇ ਇੰਚਾਰਜ ਸਰਦਾਰਾ ਸਿੰਘ ਗਿੱਲ ਕੱਟੂ ਦੀ ਮਿਹਨਤ ਤੇ ਨਿਰੰਤਰ ਲਿਖਣ ਦੀ ਘਾਲਣਾ ਆਖ਼ਰ ਰੰਗ ਲਿਆਈ ਹੈ। ਸਾਨੂੰ ਬੜੀ ਖੁਸ਼ੀ ਹੋਈ ਹੈ 'ਪ੍ਰਸਿੱਧ ਕੁਟੇਸ਼ਨਾਂ' ਦੇ ਛਪਣ ਤੇ।

ਆਸ਼ਾ ਕਰਦੇ ਹਾਂ ਕਿ ਇਹ ਪੁਸਤਕ ਘਰ ਘਰ ਦਾ ਸ਼ਿੰਗਾਰ ਬਣੇਗੀ ਤੇ ਭਟਕਿਆਂ ਭੁੱਲਿਆਂ ਲਈ ਰੌਸ਼ਨ-ਮੀਨਾਰ ਬਣੇਗੀ।

ਪ੍ਰੇਰਨਾ ਦਿੰਦੇ ਹਾਂ ਕਿ ਉਹ ਇਸ ਤੋਂ ਬਾਅਦ ਹੋਰ ਲਿਖਿਆ ਵੀ ਛਪਵਾਉਣ ਤੇ ਕਲਮ ਨੂੰ ਅਗਲੇਰੇ ਪੰਧ ਤੇ ਪਾਈ ਰੱਖਣ!

*-ਵੈਦ ਸ਼ੇਰ ਸਿੰਘ ਸਰਾਂ*

*-ਰਣਧੀਰ ਸਿੰਘ ਬਾਠ, ਰਿਟਾ. ਹੈਡਮਾਸਟਰ ਪਿੰਡ ਕੱਟੂ*

# ਕਿਤਾਬਾਂ ਨੂੰ ਸਮਰਪਿਤ ਸ਼ਖ਼ਸੀਅਤ - ਸਰਦਾਰਾ ਸਿੰਘ

ਜਿਵੇਂ ਸਾਹਿਤ ਰਚਨਾ ਇੱਕ ਨਿੱਗਰ ਕੰਮ ਹੈ ਉਸੇ ਤਰਾਂ ਕਿਤਾਬਾਂ ਨੂੰ ਸਾਂਭਣਾਂ ਅਤੇ ਪੜ੍ਹਨ ਲਈ ਪਾਠਕਾਂ ਨੂੰ ਪ੍ਰੇਰਿਤ ਕਰਨਾ ਵੀ ਆਪਣੀ ਮਹੱਤਤਾ ਰੱਖਦਾ ਹੈ। ਇਹ ਦੋਵੇਂ ਗੁਣ ਸਰਦਾਰਾ ਸਿੰਘ ਦੀ ਜ਼ਿੰਦਗੀ ਦੀ ਆਧਾਰ ਬਣ ਚੁੱਕੇ ਹਨ। ਸੱਤ ਦਹਾਕੇ ਪਾਰ ਕਰ ਚੁੱਕਿਆ ਇਹ ਸ਼ਖ਼ਸ ਦੱਸਦਾ ਹੈ ਕਿ ਸਾਡੇ ਵੇਲੇ ਸਕੂਲ ਨਹੀਂ ਸੀ ਹੁੰਦਾ ਇਸ ਲਈ ਬਚਪਨ ਦੀ ਉਮਰ ਉਸ ਨੂੰ ਪਿੰਡ ਦੇ ਗੁਰਦੁਆਰੇ ਟਿੱਬੀਸਰ ਪੜ੍ਹਨ ਭੇਜਿਆ ਗਿਆ। ਪਹਿਲੀ ਉਮਰ ਉਹ ਸਿਰਫ਼ ਧਾਰਮਿਕ ਵਿੱਦਿਆ ਨਾਲ ਹੀ ਸੰਬੰਧਿਤ ਰਿਹਾ ਇਸੇ ਕਰਕੇ ਉਸ ਦੇ ਗੁਰਬਾਣੀ ਦੇ ਸ਼ਬਦ ਇੰਨੇ ਕੰਠ ਹਨ ਕਿ ਕੰਪਿਊਟਰ ਨਾਲੋਂ ਵੀ ਤੇਜ਼ ਯਾਦਦਾਸ਼ਤ ਵਾਲਾ ਇਹ ਬਜ਼ੁਰਗ ਸ਼ਬਦ ਦਾ ਰਚਨਾਕਾਰ, ਰਾਗ ਅਤੇ ਪੰਨਾ ਆਦਿ ਤੱਕ ਦੱਸ ਕੇ ਹਰ ਇੱਕ ਨੂੰ ਪ੍ਰਭਾਵਿਤ ਕਰ ਲੈਂਦਾ ਹੈ। ਪਿਛਲੀ ਉਮਰ 'ਚ ਜਦ ਇਨਾਂ ਦੇ ਭਤੀਜੇ ਮਾਸਟਰ ਸੁਰਜੀਤ ਸਿੰਘ ਸੁਹਿਰਦ ਦੀ ਯਾਦ ਵਿੱਚ ਇਨ੍ਹਾਂ ਦੇ ਪਰਿਵਾਰ, ਦੋਸਤਾਂ ਤੇ ਮਿੱਤਰਾਂ ਦੇ ਸਹਿਯੋਗ ਨਾਲ ਲਾਇਬਰੇਰੀ ਬਣਾਈ ਤਾਂ ਇਸ ਦਾ ਵਾਹ ਪੰਜਾਬੀ ਸਾਹਿਤ ਅਤੇ ਅਖ਼ਬਾਰਾਂ-ਰਸਾਲਿਆਂ, ਸਾਹਿਤਕਾਰਾਂ ਆਦਿ ਨਾਲ ਪਿਆ ਤਾਂ ਇਸ ਦੀ ਜ਼ਿੰਦਗੀ 'ਚ ਵਰਨਣਯੋਗ ਤਬਦੀਲੀ ਆਈ। ਬਰਨਾਲਾ ਸ਼ਹਿਰ ਜਿਹੜਾ ਪੰਜਾਬੀ ਸਾਹਿਤ ਦੇ ਮੱਕੇ ਵਜੋਂ ਵੀ ਜਾਣਿਆ ਜਾਂਦਾ ਹੈ। ਇੱਥੇ ਹੁੰਦੀਆਂ ਬਹੁਤੀਆਂ ਸਾਹਿਤਕ ਸਰਗਰਮੀਆਂ ਵਿੱਚ ਸਰਦਾਰਾ ਸਿੰਘ ਆਪਣੀ ਹਾਜ਼ਰੀ ਭਰਨੋਂ ਨਹੀਂ ਖੁੰਝਦਾ। ਦੁਨੀਆਂ ਭਰ ਦੇ ਵਿਦਵਾਨਾਂ ਬਾਰੇ ਉਹ ਦਸਦਾ ਹੈ ਕਿ ਮੈਨੂੰ ਭੋਰਾ ਪਤਾ ਨਹੀਂ ਸੀ ਲਗਣਾ ਜੇ ਪੰਜਾਬੀ ਸਾਹਿਤ ਨਾਲ ਨਾ ਜੁੜਦਾ। ਮਹਾਨ ਫਿਲਾਸਫਰਾਂ ਦੇ ਵਿਚਾਰਾਂ ਨੂੰ ਉਹ ਕਈ ਸਾਲ ਤੋਂ ਸੰਗ੍ਰਹਿ ਕਰਦਾ ਆ ਰਿਹਾ ਹੈ ਜਿਹੜੇ ਇੱਕ ਕਿਤਾਬ ਦੇ ਰੂਪ 'ਚ ਪਾਠਕਾਂ ਅੱਗੇ ਪੇਸ਼ ਕਰਨਾ ਉਸ ਦਾ ਪਹਿਲਾਂ ਯਤਨ ਹੈ। ਸ਼ਾਇਦ ਵਿਆਹ ਨਾ ਕਰਾਉਣ ਕਰਕੇ ਉਸ ਦਾ ਬੱਚਿਆਂ ਪ੍ਰਤੀ ਖਾਸ ਲਗਾਉ ਹੈ ਉਹ ਕਹਿੰਦਾ ਹੈ ਕਿ ਇਨ੍ਹਾਂ ਨੂੰ ਚੰਗੇ ਇਨਸਾਨ ਬਨਾਉਣ ਲਈ ਛੋਟੀ ਉਮਰ ਤੋਂ ਹੀ ਮਹਾਨ ਵਿਅਕਤੀਆਂ ਅਤੇ ਉਨ੍ਹਾਂ ਦੇ ਕੌਮ ਪ੍ਰਤੀ ਜਾਣਕਾਰੀ ਦੇਣ ਨਾਲ ਉਨ੍ਹਾਂ ਦੀ ਜ਼ਿੰਦਗੀ ਵਧੀਆ ਬਣਾਈ ਜਾ ਸਕਦੀ ਹੈ। ਲੜਕੀਆਂ ਨੂੰ ਚੰਗੀ ਵਿੱਦਿਆ ਦੇਣੀ ਹੋਰ ਵੀ ਸਮਾਜ ਲਈ ਲਾਹੇਵੰਦ ਹੋ ਸਕਦੀ ਹੈ। 'ਪ੍ਰਸਿੱਧ ਕੁਟੇਸ਼ਨਾਂ' ਲਈ ਉਸ ਦੇ ਉੱਦਮ ਦੀ ਸ਼ਲਾਘਾ!

*-ਜਗਤਾਰ ਸਿੰਘ ਕੱਟੂ*



Sri Satguru Jagjit Singh Ji eLibrary NamdhariElibrary@gmail.com

# ਤਤਕਰਾ

1. ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ / 15
2. ਲਾਇਬਰੇਰੀ, ਕਿਤਾਬਾਂ, ਪੁਸਤਕਾਂ / 17
3. ਪੜ੍ਹਾਈ, ਵਿੱਦਿਆ, ਸਿੱਖਿਆ, ਗਿਆਨ, ਅਗਿਆਨਤਾ / 24
4. ਗੁਰੂ, ਅਧਿਆਪਕ, ਉਸਤਾਦ / 34
5. ਬੁਢਾਪਾ, ਮਾਂ, ਮਾਪੇ, ਇਸਤਰੀ / 35
6. ਕਵਿਤਾ, ਸਾਹਿਤ / 43
7. ਸ਼ਾਂਤੀ, ਅਸ਼ਾਂਤੀ, ਖੁਸ਼ੀ / 44
8. ਕ੍ਰੋਧ, ਗੁੱਸਾ, ਹੰਕਾਰ, ਈਰਖਾ, ਨਫ਼ਰਤ/ 46
9. ਪਰ ਉਪਕਾਰ, ਭਲਾਈ, ਸੇਵਾ / 49
10. ਉਤਸ਼ਾਹ, ਉੱਦਮ ਸਾਹਸ, ਹਿਮਤ, ਦਲੇਰੀ, ਹੌਸਲਾ, ਧੀਰਜ / 52
11. ਸਬਰ, ਸੰਤੋਖ, ਸੰਜਮ / 56
12. ਕਿਰਤ, ਮਿਹਨਤ, ਖੇਤੀ / 58
13. ਦਇਆ, ਨਿਮਰਤਾ, ਮਿਠਾਸ, ਸ਼ਬਦ, ਬੋਲਬਾਣੀ / 62
14. ਔਗੁਣ, ਦੋਸ਼, ਗ਼ਲਤੀ, ਤਰੁੱਟੀ, ਆਲੋਚਨਾ, ਨੁਕਸ / 67
15. ਮਿੱਤਰ, ਦੋਸਤ, ਦੁਸ਼ਮਣ / 71
16. ਮੁਹੱਬਤ, ਪਿਆਰ, ਪ੍ਰੇਮ / 74
17. ਮਾਇਆ, ਧਨ, ਪੈਸਾ, ਦੌਲਤ / 76
18. ਭਰੋਸਾ, ਵਿਸ਼ਵਾਸ਼ / 79
19. ਆਦਮੀ, ਮਨੁੱਖ, ਵਿਅਕਤੀ, ਲੋਕ / 81
20. ਨਸ਼ੇ ਤੇ ਸ਼ਰਾਬ / 91
21. ਉਧਾਰ, ਕਰਜ਼ਾ, ਭੀਖ, ਮੰਗਣਾ / 94
22. ਪਾਣੀ, ਹਵਾ, ਧਰਤੀ, ਪ੍ਰਦੂਸ਼ਣ / 95
23. ਅਰਾਮ, ਆਲਸ, ਸਤਿਕਾਰ, ਆਦਰ / 97
24. ਅਤੀਤ, ਵਰਤਮਾਨ, ਭਵਿੱਖ / 98
25. ਜ਼ਿੰਦਗੀ, ਜੀਵਨ / 102
26. ਬਦਲਾ, ਬੀਜਣਾ, ਬੀਜ / 110
27. ਵੈਦ, ਦਵਾਈ, ਬੀਮਾਰੀ, ਰੋਗ, ਤੰਦਰੁਸਤੀ / 111
28. ਕਲਮ, ਤਲਵਾਰ, ਤਾਕਤ, ਸ਼ਕਤੀ, ਹਥਿਆਰ / 115
29. ਝੁਕਣਾ, ਹਾਰਨਾ, ਡਰ, ਤੋਹਫ਼ਾ / 118
30. ਸਮਾਂ / 119
31. ਉਮੀਦ, ਆਸ਼ਾ, ਨਿਰਾਸ਼ਾ / 122
32. ਮੂਰਖ, ਵਿਦਵਾਨ, ਸੂਝਵਾਨ, ਸੋਝੀ, ਸੂਝ, ਸਮਝ ਸੋਚ / 124
33. ਰੁਤਬਾ, ਗ਼ਰੀਬੀ, ਅਮੀਰੀ / 129
34. ਸਫਲਤਾ, ਅਸਫ਼ਲਤਾ, ਹਾਰ ਜਿੱਤ, ਮੰਜ਼ਿਲ, ਟੀਚਾ / 130
35. ਕੋਸ਼ਿਸ਼, ਜਤਨ / 136
36. ਅਸੂਲ, ਨਿਯਮ / 138
37. ਲੋਕਤੰਤਰ, ਦੇਸ਼, ਨੇਤਾ, ਸਰਕਾਰ, ਸਾਸ਼ਨ, ਅਨੁਸਾਸ਼ਨ, ਲੋਕਰਾਜ / 139
38. ਮਨ, ਦਿਲ / 151
39. ਰੱਬ, ਪਰਮਾਤਮਾ, ਦੁਆ / 153
40. ਧਰਮ, ਫਲਸਫਾ / 155
41. ਗੁਲਾਮ, ਅਜ਼ਾਦੀ / 158
42. ਇੱਛਾ, ਲਾਲਸਾ / 161
43. ਜ਼ਮੀਰ, ਚਰਿੱਤਰ, ਆਚਰਣ / 164
44. ਚੰਗਾ, ਮਾੜਾ, ਬੁਰਾ, ਸੱਚਾ, ਝੂਠ, ਪੁੰਨ, ਪਾਪ, ਚੋਰ / 166
45. ਫੁੱਲ, ਬੱਚੇ ਪ੍ਰਕ੍ਰਿਤੀ, ਕੁਦਰਤ / 171
46. ਆਤਮ-ਚਿੰਤਨ, ਚਿੰਤਨ / 175
47. ਪ੍ਰਸੰਸਾ, ਖੁਸ਼ਾਮਦ / 179
48. ਹੱਲ, ਮੁਸ਼ਕਲਾਂ, ਸਮੱਸਿਆਵਾਂ / 181
49. ਕਰਮ, ਕੰਮ, ਅਮਲ / 183
50. ਵਿਕਾਸ ਤੇ ਨਿਘਾਰ / 189
51. ਕਾਨੂੰਨ / 190
52. ਗਿਣਤੀ / 195
53. ਏਕਤਾ, ਫਿਰਕੂਪੁਣਾ, ਸੋਚਣਾ, ਸੰਗਤ, ਝਗੜਾ / 198



Sri Satguru Jagjit Singh Ji eLibrary NamdhariElibrary@gmail.com

# ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ

ਜੇ ਕਦੇ ਦੁਨੀਆਂ ਭਰ ਦੇ ਦੇਸ਼ ਰਲਕੇ ਸਾਂਝੀ ਸਰਕਾਰ ਬਣਾਉਣ ਤਾਂ ਉਸ ਦੇ ਸੰਵਿਧਾਨ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਬਣਨਗੇ।

*- ਯੂ. ਐਨ. ਓ.*

ਮੈਂ ਦੂਜੇ ਵੱਡੇ ਧਰਮਾਂ ਦੇ ਗ੍ਰੰਥ ਪੜ੍ਹੇ ਹੋਏ ਹਨ। ਪਰ ਹੋਰ ਕਿਸੇ ਥਾਂ ਵੀ ਮੈਂ ਦਿਲ ਦਿਮਾਗ ਨੂੰ ਛੂਹ ਜਾਣ ਵਾਲੀ ਉਹ ਸ਼ਕਤੀ ਮਹਿਸੂਸ ਨਹੀਂ ਕੀਤੀ ਜੋ ਮੈਂ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨ ਵੇਲੇ ਮਹਿਸੂਸ ਕੀਤੀ।

*- ਮੈਡਮ ਪਰਲ ਐਸ ਬੱਕ*

ਮੈਂ ਸਿੱਖ ਕੌਮ ਅਤੇ ਇਸ ਦੇ ਸਭਿਆਚਾਰ ਬਾਰੇ ਬਹੁਤ ਘੱਟ ਜਾਣਦਾ ਸੀ। ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਵੱਲ ਇੱਕ ਝਾਤ ਮਾਰਿਆਂ ਹੀ ਮੈਂ ਮਹਿਸੂਸ ਕੀਤਾ ਕਿ ਮੈਂ ਕਿੰਨਾ ਕੁਝ ਤੋਂ ਹੁਣ ਤੱਕ ਮਹਿਰੂਮ ਰਿਹਾ ਹਾਂ।

*- ਅੰਗਰੇਜ਼ੀ ਨਾਵਲਿਸਟ ਈ ਐਮ ਫਾਸਟਰ*

ਮੈਂ ਬਾਕੀ ਮਹਾਨ ਧਰਮਾਂ ਦੀਆਂ ਪੁਸਤਕਾਂ ਪੜ੍ਹੀਆਂ ਹਨ ਪਰ ਮੇਰੇ ਦਿਲ ਅਤੇ ਦਿਮਾਗ ਤੇ ਜੋ ਸ਼ਕਤੀਸ਼ਾਲੀ ਪ੍ਰਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਪਾਇਆ ਹੈ ਉਹ ਮੈਨੂੰ ਹੋਰ ਕਿਤੋਂ ਨਹੀਂ ਲੱਭਿਆ।

*- ਪਰਲ ਐਸ ਬੱਕ*

ਆਉਣ ਵਾਲੇ ਦਿਨਾਂ ਵਿਚ ਜਦੋਂ ਧਰਮਾਂ ਦੇ ਝਗੜੇ ਵਧਣਗੇ ਤਾਂ ਗੁਰੂ ਗ੍ਰੰਥ ਸਾਹਿਬ ਕੋਲ ਦੁਨੀਆਂ ਨੂੰ ਦੱਸਣ ਲਈ ਕੋਈ ਵਿਸ਼ੇਸ਼ ਗੱਲ ਹੋਵੇਗੀ।

*- ਆਰਨਲਡ ਟਾਇਨਬੀ*

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗਾਥਾ ਅਤੇ ਫਿਲਾਸਫੀ ਸਭ ਨਾਲੋਂ ਅੱਛੀ, ਨਿਰਾਲੀ ਤੇ ਬਾ ਕਮਾਲ ਦੀ ਸੀ ਪਰਮਾਤਮਾ ਨੂੰ ਪਾਉਣਾ ਤੇ ਕੋਈ ਬਾਬੇ ਨਾਨਕ ਪਾਸੋਂ ਹੀ ਸਿੱਖੇ ਬੱਸ ਆਪ ਜੀ ਨੇ ਸੁਰ ਵਿਚ ਗਾਇਆ ਤੇ ਪਾਇਆ ਆਪ ਜਿਸ ਵੀ ਪਾਸੇ ਵੱਲ ਜਾਂਦੇ ਪੜਾ ਕਰਨ ਸਮੇਂ ਆਪਣੇ ਹਰਮਨ ਪਿਆਰੇ ਸੰਗੀਸਾਥੀ ਦੋਸਤ ਹਮਰਾਜ ਅਤੇ ਸੱਚੇ ਸੇਵਕ ਤਾਈਂ ਇਸ਼ਾਰਾ ਕਰਦਿਆਂ ਪੁਕਾਰਦੇ-ਮਰਦਾਨਿਆਂ ਰਬਾਬ ਵਜਾਇ, ਬਾਣੀ ਆਈ, ਕਾਈ ਸਿਫਤ ਖੁਦਾਇ ਕੀ ਕਹੀਐ।

*- ਅਚਾਰੀਆ ਓਸ਼ੋ ਰਜਨੀਸ਼*

ਇਕ ਉੱਠੀ ਆਖਿਰ ਸੱਦ ਤੌਹੀਦ ਕੀ ਪੰਜਾਬ ਸੇ ਹਿੰਦ ਕੋ ਇਹ ਮਰਦ ਏ ਕਾਮਿਲ ਨੇ ਜਗਾਇਆ ਖਾਬ ਸੇ।

ਨਾਨਕ ਨੇ ਜਿਸ ਚਮਨ ਮੇ ਵਹਿਦਤ ਕਾ ਗੀਤ ਗਾਇਆ ਮੇਰਾ ਵਤਨ ਵੁਹੀ ਹੈ ਮੇਰਾ ਵਤਨ ਵੁਹੀ ਹੈ।

*- ਡਾ. ਅਲਾਮਾ ਇਕਬਾਲ*

ਜੋ ਪਰਮ ਹਕੀਕਤ ਬ੍ਰਹਿਮੰਡ ਦੇ ਪਸਾਰੇ ਵਿਚ ਕਣ ਕਣ ਅੰਦਰ ਸਮਾਈ ਹੋਈ ਹੈ ਪਰ ਉਸ ਤੋਂ ਅਲੱਗ ਵੀ ਹੈ ਰਾਜਨੀਤੀ ਨੇ ਵੀ ਕੁਝ ਇਸੇ ਤਰ੍ਹਾਂ ਵਿਚਰਨਾ ਹੈ ਰਾਜਨੀਤੀ ਪਰਮ ਹਕੀਕਤ ਨਾਲ ਜੁੜ ਕੇ ਹੀ ਪਰਮ ਹਕੀਕਤ ਦੇ ਪਸਾਰੇ ਨੂੰ ਰੌਸ਼ਨ ਕਰੇਗੀ ਇਸ ਸਬੰਧ ਵਿਚ ਉੱਘਾ ਦਾਰਸ਼ਨਿਕ ਹੀਗਲ ਗੁਰੂ ਨਾਨਕ ਸਾਹਿਬ ਦੇ ਬਹੁਤ



Sri Satguru Jagjit Singh Ji eLibrary NamdhariElibrary@gmail.com

ਕਰੀਬ ਹੈ ਜਦੋਂ ਉਹ ਇਹ ਕਹਿੰਦਾ ਹੈ ਕਿ ਰਾਜਨੀਤੀ ਇਕ ਤਰ੍ਹਾਂ ਨਾਲ ਇਸ ਧਰਤੀ ਤੇ ਪ੍ਰਮਾਤਮਾ ਦੇ ਕਦਮਾਂ ਦੇ ਨਿਸ਼ਾਨ ਹਨ ਵਰਤਮਾਨ ਰਾਜਨੀਤੀ ਇਸ ਕਰਕੇ ਅਧੂਰੀ ਹੈ ਕਿਉਂਕਿ ਇਸ ਵਿਚ ਧਰਮ ਹਕੀਕਤ ਦਾ ਸੰਕਲਪ ਜਾਂ ਤਾਂ ਗਾਇਬ ਤੇ ਜਾਂ ਫਿਰ ਇਹ ਵਪਾਰ ਦਾ ਹਿੱਸਾ ਬਣ ਗਈ ਹੈ ਜਿਸ ਦੇ ਵੱਖਰੇ ਵੱਖਰੇ ਰੂਪ ਅਕਸਰ ਹੀ ਵਰਤਮਾਨ ਜ਼ਿੰਦਗੀ ਦੇ ਵੱਖ ਵੱਖ ਖੇਤਰਾਂ ਵਿਚ ਪ੍ਰਗਟ ਹੁੰਦੇ ਵੇਖੇ ਜਾ ਸਕਦੇ ਹਨ।

*- ਕਰਮਜੀਤ ਸਿੰਘ*

ਗੁਰੂ ਗੋਬਿੰਦ ਸਿੰਘ ਦਾ ਨਾਂ ਢਿੱਲੇ ਮੂੰਹ ਨਾਲ ਲਿਆ ਹੀ ਨਹੀਂ ਜਾ ਸਕਦਾ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੇ ਨਾਂ ਵੇਖੋ ਤੁਹਾਨੂੰ ਉਨ੍ਹਾਂ ਦੇ ਉੱਚੇ ਹੌਸਲੇ ਕੁਰਬਾਨੀ ਦੇ ਜਜ਼ਬੇ ਅਤੇ ਦੇਸ਼ ਲਈ ਮਰ ਮਿਟਣ ਦੇ ਉਤਸ਼ਾਹ ਦੇ ਦਰਸ਼ਨ ਹੋ ਜਾਣਗੇ ਗੁਰੂ ਗੋਬਿੰਦ ਸਿੰਘ ਨੇ ਸਿੱਖ ਪੰਥ ਨੂੰ ਹੀ ਨਹੀਂ ਸਾਜਿਆ ਸਿੱਖਾਂ ਨੂੰ ਨਾਮ ਪ੍ਰਣਾਲੀ ਦਿੱਤੀ ਸੀ ਇਹ ਜਿਹੜੀਆਂ ਕੌਮਾਂ ਬਹਾਦਰ ਹਨ ਉਨ੍ਹਾਂ ਦੇ ਨਾਵਾਂ ਵਿਚ ਵੀ ਚਮਕ ਹੈ।

*- ਨਰਿੰਦਰ ਸਿੰਘ ਕਪੂਰ*

ਕਮਲ ਜਯੋ ਮਾਯਾ ਜਾਲ ਵਿਚ ਹੈ ਅਲੇਪ ਸਦਾ ਸਭ ਤੋਂ ਨਿਰਾਲੀ ਹੈ। ਕਰਕੇ ਕਮਾਈ ਖਾਵੇ ਮੰਗਣਾ ਹਰਾਮ ਜਾਣੇ ਭਾਣੇ ਵਿਚ ਵਿਪਦਾ ਨੂੰ ਮੰਨੇ ਖੁਸ਼ਹਾਲੀ ਹੈ। ਸਵਾਰਥ ਤੋਂ ਬਿਨਾਂ ਗੁਰਦਵਾਰਿਆਂ ਦਾ ਚੌਕੀਦਾਰ ਧਰਮ ਦੇ ਜੰਗ ਲਈ ਚੜ੍ਹੇ ਮੁੱਖ ਲਾਲੀ ਹੈ। ਪੂਜੇ ਨਾ ਅਕਾਲ ਬਿਨਾ ਹੋਰ ਕੋਈ ਦੇਵੀ ਦੇਵ ਸਿੱਖ ਦਸਮੇਸ ਦਾ ਸੋ ਆਖੀਏ ਅਕਾਲੀ ਹੈ।

*- ਭਾਈ ਸਾਹਿਬ ਕਾਨ੍ਹ ਸਿੰਘ*



Sri Satguru Jagjit Singh Ji eLibrary NamdhariElibrary@gmail.com

# ਲਾਇਬਰੇਰੀ, ਕਿਤਾਬਾਂ, ਪੁਸਤਕਾਂ

ਪੁਸਤਕਾਂ ਮੇਰੇ ਲਈ ਸੋਚਦੀਆਂ ਹਨ।

*- ਚਾਰਲਸ ਲੈਂਬ*

ਵਿਚਾਰਾਂ ਦੇ ਯੁੱਧ ਵਿਚ ਪੁਸਤਕਾਂ ਹੀ ਉੱਪਰ ਹਨ।

*- ਬਰਨਾਰਡ ਸ਼ਾਅ*

ਜੇ ਕੋਈ ਪੁਸਤਕ ਪੜ੍ਹਨਯੋਗ ਹੈ ਤਾਂ ਉਹ ਖਰੀਦੇ ਜਾਣ ਯੋਗ ਵੀ ਹੈ।

*- ਰਸਕਿਨ*

ਪੁਸਤਕਾਂ ਰਹਿਤ ਕਮਰਾ ਆਤਮਾ ਰਹਿਤ ਸਰੀਰ ਦੇ ਸਮਾਨ ਹੈ।

*- ਸਿਸਰੋ*

ਪੁਸਤਕ ਪ੍ਰੇਮੀ ਸਭ ਤੋਂ ਵੱਧ ਅਮੀਰ ਤੇ ਸੁਖੀ ਹਨ।

*- ਥਰੀਓ*

ਇਕ ਪੁਸਤਕ ਦੇ ਆਦਮੀ ਤੋਂ ਸਾਵਧਾਨ ਰਹੋ।

*- ਡਿਜਰਾਇਲੀ*

ਪੁਸਤਕ ਜੀਵਨ ਦੇ ਅਨੁਭਵ ਦਾ ਨਚੋੜ ਹੁੰਦੀ ਹੈ।

*- ਰਸਕਿਨ*

ਪੁਸਤਕਾਂ ਵਿਚਾਰਾਂ ਦੇ ਯੁੱਧ ਵਿੱਚ ਅਸਤਰਾਂ ਦਾ ਕੰਮ ਕਰਦੀਆਂ ਹਨ।

*- ਬਰਟਰਨਡ ਰਸਲ*

ਪੁਸਤਕ ਪ੍ਰੇਮੀ ਸਭ ਤੋਂ ਵੱਧ ਧਨੀ ਤੇ ਸੁਖੀ ਹੁੰਦੇ ਹਨ।

*- ਬਨਾਰਸੀ ਦਾਸ ਚਤਰ ਵੇਦੀ*

ਕੇਵਲ ਪੁਸਤਕ ਹੀ ਅਮਰਤਾ ਹੈ।

*- ਰੁਫਸ ਸੀ*

ਮੈਂ ਪੁਸਤਕਾਂ ਬਾਝੋਂ ਰਹਿ ਨਹੀਂ ਸਕਦਾ।

*- ਥੋਮਸ ਜੈਫ*

ਮੈਂ ਨਰਕ ਵਿੱਚ ਵੀ ਉੱਤਮ ਪੁਸਤਕਾਂ ਦਾ ਸਵਾਗਤ ਕਰਾਂਗਾ ਕਿਉਂਕਿ ਇਨ੍ਹਾਂ ਵਿਚ ਉਹ ਸ਼ਕਤੀ ਹੈ ਕਿ ਜਿਥੇ ਇਹ ਹੋਣਗੀਆਂ ਉਥੇ ਆਪ ਹੀ ਸਵਰਗ ਬਣ ਜਾਵੇਗਾ।

*- ਲੋਕ ਮਾਨਯ ਤਿਲਕ*

ਜਿਹੜੀਆਂ ਵੱਧ ਤੋਂ ਵੱਧ ਸੋਚਣ ਦੀ ਪ੍ਰੇਰਨਾ ਦੇਣ ਉਹ ਹੀ ਸਭ ਤੋਂ ਵੱਧ ਚੰਗੀਆਂ ਪੁਸਤਕਾਂ ਹਨ।

*- ਥਿਓ ਡੋਰ ਪਾਰਕ*

ਅੱਛੀ ਪੁਸਤਕ ਇਕ ਮਹਾਨ ਆਤਮਾ ਦਾ ਅਸਲ ਜੀਵਨ ਤੱਤ ਹੈ।

*- ਮਿਲਟਨ*

ਸਿਕੰਦਰ ਦੇ ਸਮੇਂ ਵਿਚ ਬਣਾਈ ਲਾਇਬ੍ਰੇਰੀ ਦੀ ਰਹਿਦ-ਖੂੰਹਦ ਹੈ ਜਿੱਥੇ ਲੋਕ ਸਮਾਂ ਕੱਢ ਕੇ ਪੜ੍ਹਨ ਆਉਂਦੇ ਸਨ। ਸਾਇੰਸ ਦੇ ਵਿਸ਼ੇ ਤੇ ਗੱਲਾਂ ਕਰਨਾ ਅਤੇ ਉਸ



Sri Satguru Jagjit Singh Ji eLibrary NamdhariElibrary@gmail.com

ਵੇਲੇ ਤੱਕ ਦੀਆਂ ਪ੍ਰਾਪਤ ਕਿਤਾਬਾਂ ਨੂੰ ਪੜ੍ਹਨਾ। ਮੇਰਾ ਧਿਆਨ ਫਿਰ ਆਪਣੇ ਮੁਲਕ ਵੱਲ ਚਲਾ ਗਿਆ ਸਾਡੇ ਸ਼ਹਿਰਾਂ ਵਿਚ ਤਾਂ ਕਿਤੇ ਕਿਤੇ ਲਾਇਬਰੇਰੀ ਹੋਵੇਗੀ ਪਰ ਪਿੰਡਾਂ ਵਿਚ ਤਾਂ ਨਾਮ ਨਿਸ਼ਾਨ ਹੀ ਨਹੀਂ ਦਿਸਦਾ। ਸਾਡੇ ਡਰਾਇੰਗ ਰੂਮਾਂ ਵਿਚ ਤਾਂ ਅੰਤਰ ਰਾਸ਼ਟਰੀ ਪੱਧਰ ਦੀਆਂ ਮਸ਼ਹੂਰ ਸ਼ਰਾਬ ਦੀਆਂ ਬੋਤਲਾਂ ਰੱਖੀਆਂ ਹੁੰਦੀਆਂ ਹਨ ਤਾਂ ਕਿ ਦੂਜਿਆਂ ਨੂੰ ਪਤਾ ਲੱਗ ਸਕੇ ਅਸੀਂ ਕਿੰਨੇ ਵੱਡੇ ਹਾਂ। ਪਰ ਕੋਈ ਉੱਚ ਪਾਏ ਦੀ ਕਿਤਾਬ ਘਰੋਂ ਸ਼ਾਇਦ ਹੀ ਮਿਲੇ।

*- ਅਲਬਰਟ ਆਇਨ ਸਟਾਇਨ*

ਕਿਤਾਬਾਂ ਦੇ ਜਰੀਏ ਦਿਮਾਗ ਵਿਚ ਚੁਸਤੀ ਤੇ ਫੁਰਤੀ ਆਉਂਦੀ ਹੈ। ਕਿਤਾਬਾਂ ਸਾਨੂੰ ਤਰਕ ਸਿਖਾਉਂਦੀਆਂ ਹਨ। ਕਿਤਾਬਾਂ ਦੇ ਜ਼ਰੀਏ ਅਸੀਂ ਦਿਮਾਗ ਦੀ ਤਹਿ ਵਿਚ ਹੋਰ ਡੂੰਘੇ ਉੱਤਰ ਸਕਦੇ ਹਾਂ।

*- ਭੋਲਾ ਸਿੰਘ ਸਮੀਰੀਆ*

ਸਿੱਖਿਆ ਜੋ ਗਿਆਨ ਦਿੰਦੀ ਹੈ ਉਹ ਕਿਤਾਬਾਂ ਰਾਹੀ ਤੁਰਕੇ ਸਾਡੇ ਤੱਕ ਪੁੱਜਦਾ ਹੈ। ਕਿਤਾਬਾਂ ਦੇ ਸਮੁੰਦਰ ਵਿਚ ਲਾਏ ਗੋਤੇ ਸਾਡੀ ਜ਼ਿੰਦਗੀ ਦੇ ਸਿਰਨਾਮੇ ਵਿਚ ਸੁੱਚੇ ਸ਼ਬਦਾਂ ਦੇ ਮੋਤੀ ਜੜ ਦਿੰਦੇ ਹਨ ਜਿਹੜੇ ਕਿਤਾਬਾਂ ਨਾਲ ਮੁਹੱਬਤ ਕਰਦੇ ਹਨ ਉਨ੍ਹਾਂ ਦੇ ਸੁਪਨਿਆਂ ਵਿੱਚ ਵੀ ਫੁੱਲਾਂ ਦੀ ਖੁਸ਼ਬੋ ਦਾ ਵਾਧਾ ਹੁੰਦਾ ਹੈ।

ਕਈ ਇਸ ਖੁਸ਼ਬੋ ਨੂੰ ਸਿਰਫ਼ ਆਪਣੇ ਲਈ ਨਹੀਂ ਲੋਚਦੇ ਸਗੋਂ ਉਹ ਹੋਰਨਾਂ ਨੂੰ ਵੀ ਇਸਦੀ ਮਹਿਕ ਨਾਲ ਮਾਲਾਮਾਲ ਕਰਦੇ ਹਨ ਤਾਂ ਜੋ ਜ਼ਿੰਦਗੀ ਵਗਦੀਆਂ ਪੌਣਾਂ ਦਾ ਕੋਈ ਸੱਜਰਾ ਗੀਤ ਬਣੀ ਰਹੇ।

*- ਮਨਜੀਤ ਸਿੰਘ ਰਾਜਪੁਰਾ*

ਜੇ ਚਾਹੁੰਦੇ ਹੋ ਕਿ ਜ਼ਿੰਦਗੀ ਨੂੰ ਵੱਧ ਤੋਂ ਵੱਧ ਮਾਣਿਆ ਅਤੇ ਜਾਣਿਆ ਜਾ ਸਕੇ ਤਾਂ ਅਜਿਹਾ ਕਰਨ ਵਿਚ ਸਿਰਫ਼ ਇਕੋ ਇਕ ਸਾਧਨ ਕਿਤਾਬਾਂ ਹਨ ਜੋ ਸਾਡੀਆਂ ਸਹਾਈ ਹੋ ਸਕਦੀਆਂ ਹਨ। ਜਿਨ੍ਹਾਂ ਨੂੰ ਲੇਖਕਾਂ, ਫਿਲਾਸਫਰਾਂ ਅਤੇ ਸੂਝਵਾਨ ਲੋਕਾਂ ਨੇ ਮਨੁੱਖ ਦੀਆਂ ਸਭ ਤੋਂ ਵਧੀਆ ਮਿੱਤਰ ਕਹਿਕੇ ਵਡਿਆਇਆ। ਇਹ ਜ਼ਿੰਦਗੀ ਨੂੰ ਜਾਣਨ, ਮਾਣਨ ਅਤੇ ਇਹਦੇ ਗੁੱਝੇ ਭੇਤਾਂ ਦੀ ਖੋਜ ਬੀਨ ਵਿਚ ਸਹਾਈ ਹੋ ਸਕਦੀਆਂ ਹਨ। ਕਿਤਾਬਾਂ ਹੀ ਹਨ ਜਿਨ੍ਹਾਂ ਦੀ ਬਦੌਲਤ ਇਸ ਦੁਨੀਆਂ ਵਿਚ ਵੱਡੇ ਇਨਕਲਾਬ ਆਏ। ਆਉ ਗਿਆਨ ਦੇ ਸਰੋਵਰ ਵਿਚ ਤਾਰੀਆਂ ਲਾਉਣ ਲਈ ਅਤੇ ਆਪਣੇ ਮਨ ਅੰਦਰਲੇ ਹਨੇਰਿਆਂ ਨੂੰ ਦੂਰ ਭਜਾਉਣ ਲਈ ਗਿਆਨ ਦੇ ਚਿਰਾਗਾਂ ਨਾਲ ਆਪਣਾ ਆਲਾ ਦੁਆਲਾ ਰੁਸ਼ਨਾਈਏ।

*- ਗੁਰਚਰਨ ਨੂਰਪੁਰ*

ਕਿਤਾਬਾਂ ਬੰਦੇ ਨੂੰ ਆਤਮ ਵਿਸ਼ਵਾਸ ਨਿਮਰਤਾ ਸੰਜਮ ਦਿਆਲਤਾ, ਭਾਵੁਕਤਾ, ਸਿਆਣਪ, ਦਲੇਰੀ ਸਦਗੁਣ ਪ੍ਰਦਾਨ ਕਰਦੀਆਂ ਹਨ ਕਿਸੇ ਇਕ ਕਿਤਾਬ ਨੂੰ ਪੜ੍ਹਨ ਦਾ ਮਤਲਬ ਹੈ ਕਿਸੇ ਵਿਦਵਾਨ ਦੀ ਘੰਟਿਆਂਬੱਧੀ ਸੰਗਤ ਮਾਣਨਾ। ਕਿਤਾਬਾਂ ਕੋਲ ਤਾਂ ਅਜਿਹੀ ਸ਼ਕਤੀ ਹੈ ਕਿ ਉਹ ਕਿਸੇ ਨੂੰ ਵੀ ਮਰ ਚੁੱਕੇ ਕਿਸੇ ਸਿਧਾਂਤਕਾਰ ਜਾਂ ਬੁੱਧੀਮਾਨ ਨਾਲ ਵੀ ਮਿਲਵਾ ਸਕਦੀਆਂ ਹਨ। ਕੋਈ ਵੀ ਸਿਧਾਂਤਕ ਸ਼ਕਤੀ ਜਾਂ ਵਿਚਾਰਾਤਮਕ ਪਕਿਆਈ ਅਧਿਐਨ ਤੋਂ ਬਿਨਾਂ ਨਹੀਂ ਆ ਸਕਦੀ।

*- ਬਖਸੀਸ ਸਿੰਘ ਆਜ਼ਾਦ*



Sri Satguru Jagjit Singh Ji eLibrary NamdhariElibrary@gmail.com

ਮੈਂ ਕਿਤਾਬਾਂ ਨਾਲੋਂ ਜ਼ਿਆਦਾ ਕੀਮਤੀ ਚੀਜ਼ ਕਿਸੇ ਹੋਰ ਨੂੰ ਨਹੀਂ ਸਮਝਦਾ।

*- ਬਾਲ ਗੰਗਾਧਰ ਤਿਲਕ*

ਮਨੁੱਖ ਦੇ ਗਿਆਨ ਵਿਚ ਵਾਧਾ ਕਿਤਾਬਾਂ ਕਰ ਸਕਦੀਆਂ ਹਨ। ਕਿਤਾਬਾਂ ਨੂੰ ਸਮੂਹਿਕ ਤੌਰ ਤੇ ਲੋਕਾਂ ਤੱਕ ਪਹੁੰਚਾਉਣ ਦਾ ਇਕੋ ਇਕ ਤਰੀਕਾ ਲਾਇਬਰੇਰੀਆਂ ਹਨ। ਪੰਜਾਬ ਵਿਚ ਲਾਇਬਰੇਰੀਆਂ ਦੀ ਸੁਵਿਧਾ ਨਾ ਦੇ ਬਰਾਬਰ ਹੈ।

*- ਸਤਿਬੀਰ ਸਿੰਘ*

ਡਾਰਵਿਨ ਦੀ ਮਹਾਨ ਖੋਜ ਅਨੁਸਾਰ ਬੰਦੇ ਦਾ ਦਿਮਾਗ ਬੇਸ਼ੁਮਾਰ ਸ਼ਕਤੀਆਂ ਦਾ ਖਜ਼ਾਨਾ ਹੈ ਪਰ ਇਨ੍ਹਾਂ ਸ਼ਕਤੀਆਂ ਨੂੰ ਕਿਵੇਂ ਉਜਾਗਰ ਕਰਨਾ ਹੈ। ਇਸ ਮਾਮਲੇ ਵਿਚ ਕਿਤਾਬਾਂ ਸਾਡੇ ਲਈ ਸਭ ਤੋਂ ਵੱਧ ਮਦਦਗਾਰ ਸਾਬਤ ਹੁੰਦੀਆਂ ਹਨ। ਕਿਤਾਬਾਂ ਤੋਂ ਅਸੀਂ ਮਹਾਨ ਲੋਕਾਂ ਦੀਆਂ ਸਵੈ ਜੀਵਨੀਆਂ ਪੜ੍ਹ ਕੇ ਆਪਣੇ ਅੰਦਰਲੇ ਹੁਨਰ ਦੀ ਪਛਾਣ ਕਰ ਸਕਦੇ ਹਾਂ। ਦੁਨੀਆਂ ਦੀ ਬਹੁਗਿਣਤੀ ਭਾਵੇਂ ਸਕੂਲੀ ਵਿੱਦਿਆ ਹਾਸਲ ਕਰ ਲੈਂਦੀ ਹੈ ਪਰ ਵਿਵਹਾਰਕ ਗਿਆਨ ਤੋਂ ਬਗੈਰ ਉਹ ਅਗਿਆਨਤਾ ਹੀ ਢੋਂਦੀ ਰਹਿੰਦੀ ਹੈ।

ਹਵਾ ਦੇ ਰੁੱਖ ਤੋਂ ਉਲਟ ਤੁਰਨਾ ਆਦਤ ਜਿਨ੍ਹਾਂ ਦੀ ਦੋਸਤੋ,
ਇਤਿਹਾਸ ਦੇ ਸਫ਼ੇ ਉਨ੍ਹਾਂ ਲਿਖੇ ਸਿਰੜ ਨਾਲ।

*- ਗੁਰਚਰਨ ਨੂਰਪੁਰੀ*

ਲਾਇਬਰੇਰੀ ਵਿਚ ਹਜ਼ਾਰਾਂ ਕਿਤਾਬਾਂ ਹੁੰਦੀਆਂ ਹਨ ਪਰ ਜਿਹੜੀ ਅਸੀਂ ਕਢਵਾਉਣੀ ਚਾਹੁੰਦੇ ਹਾਂ ਉਹ ਨਹੀਂ ਹੁੰਦੀ।

*- ਨਰਿੰਦਰ ਸਿੰਘ ਕਪੂਰ*

ਪੁਸਤਕਾਂ ਤੇ ਗ੍ਰੰਥ ਅਜਿਹੇ ਅਧਿਆਪਕ ਹਨ ਜੋ ਬਿਨਾ ਡੰਡਾ ਮਾਰੇ ਬਿਨਾ ਕੌੜੇ ਸ਼ਬਦ ਬੋਲੇ ਸਾਨੂੰ ਗਿਆਨ ਦਿੰਦੇ ਹਨ।

*- ਰਿਚਰਡ ਡੀਬਰੀ*

ਮੁਗਲ ਸਮਰਾਟ ਔਰੰਗਜੇਬ ਨੂੰ ਜ਼ਫਰਨਾਮਾ ਲਿਖ ਕੇ ਝੰਜੋੜ ਦਿੱਤਾ ਸੀ ਤੇ ਉਹ ਆਪਣੇ ਪਛਤਾਵੇ ਵਿਚ ਹੀ ਦਮ ਤੋੜ ਗਿਆ ਸੀ ਇਸ ਤੋਂ ਸਿੱਧ ਹੁੰਦਾ ਹੈ ਕਿ ਕਲਮ ਵਿਚ ਤਲਵਾਰ ਨਾਲੋਂ ਵਧ ਤਾਕਤ ਹੁੰਦੀ ਹੈ।

*- ਗੁਰੂ ਗੋਬਿੰਦ ਸਿੰਘ*

ਕੁਝ ਕਿਤਾਬਾਂ ਪੜ੍ਹਨ ਵਾਲੀਆਂ ਹੁੰਦੀਆਂ ਹਨ ਕੁਝ ਸਾਂਭਣ ਵਾਲੀਆਂ ਹੁੰਦੀਆਂ ਹਨ ਤੇ ਕੁਝ ਕੁ ਕਿਤਾਬਾਂ ਘੋਟ ਘੋਟ ਕੇ ਪੀਣ ਵਾਲੀਆਂ ਹੁੰਦੀਆਂ ਹਨ।

*- ਸਰ ਟਾਮਸ ਬੇਕਨ*

ਕਿਸੇ ਮੁਲਕ ਵਿਚ ਜਿੰਨੀ ਵੱਧ ਗਿਣਤੀ ਵਿਚ ਲਾਇਬਰੇਰੀਆਂ ਹੋਣਗੀਆਂ ਤੇ ਉਨ੍ਹਾਂ ਵਿਚ ਪੜ੍ਹਨ ਵਾਲਿਆਂ ਦੀ ਭਰਮਾਰ ਹੋਵੇਗੀ ਉਨੀ ਵੱਧ ਗਿਣਤੀ ਵਿਚ ਉਥੋਂ ਦੇ ਲੋਕ ਉੱਚ ਤੇ ਵਿਸ਼ਾਲ ਦ੍ਰਿਸ਼ਟੀ ਵਾਲੇ, ਦਿਮਾਗੀ ਪੱਖੋ ਰੌਸ਼ਨ ਤੇ ਜ਼ਿੰਦਗੀ ਦੇ ਸਹੀ ਤੇ ਸਾਰਥਿਕ ਮਨੋਰਥ ਨਾਲ ਜੁੜੇ ਹੋਣਗੇ ਲਾਇਬਰੇਰੀਆਂ ਤੇ ਉਨ੍ਹਾਂ ਵਿਚ ਪਾਠਕਾਂ ਦੀ ਭਰਮਾਰ ਉਸ ਮੁਲਕ ਦੇ ਲੋਕਾਂ ਦੇ ਜੀਵਨ ਵਿਕਾਸ ਤੇ ਆਤਮਿਕ ਅਮੀਰੀ ਦਾ ਪ੍ਰਤੀਕ ਹੁੰਦਾ ਹੈ। ਨੇਤਰਹੀਣ ਦੀ ਡੰਗੋਰੀ ਵਾਂਗ ਪੁਸਤਕਾਂ ਜ਼ਿੰਦਗੀ ਤੇ ਅੰਧਰਾਤੇ ਵਿਚ ਭਟਕਦੇ ਮਨੁੱਖ ਦਾ ਮਾਰਗ ਦਰਸ਼ਨ ਕਰਦੀਆਂ ਹਨ। ਚੰਗੀਆਂ ਪੁਸਤਕਾਂ ਸੂਝ



Sri Satguru Jagjit Singh Ji eLibrary NamdhariElibrary@gmail.com

ਧੁਰ ਤੇ ਗਿਆਨ ਦੀ ਅਜਿਹੀ ਪੌੜੀ ਹਨ ਜੋ ਮਨੁੱਖ ਦੇ ਤੀਜੇ ਨੇਤਰ ਨੂੰ ਖੋਲ੍ਹ ਕੇ ਦ੍ਰਿਸ਼ਟੀ ਨੂੰ ਗਹਿਰਾ ਤੇ ਵਿਸ਼ਾਲ ਕਰਦੀਆਂ ਹਨ। ਪੁਸਤਕਾਂ ਵਿਚ ਬੀਤੇ ਸਮੇਂ ਦਾ ਸਮਾਇਆ ਜ਼ਿੰਦਗੀ ਦਾ ਵਿਹਾਰਕ ਤਜਰਬਾ ਸਾਂਭਿਆ ਹੁੰਦਾ ਹੈ। ਆਪਣੇ ਆਪ ਨੂੰ ਸਮਝ ਲੈਣ ਵਾਲਾ ਕੋਈ ਵੀ ਜਾਗਰੂਕ ਇਸਨੂੰ ਜਾਂਚ ਵਰਤ ਕੇ ਆਪਣੇ ਵਰਤਮਾਨ ਤੇ ਭਵਿੱਖ ਨੂੰ ਸੁਖਾਵਾਂ ਉੱਜਲ ਤੇ ਅਮੀਰ ਬਣਾ ਸਕਦਾ ਹੈ।

ਸਿਆਣੀ, ਮਨਭਾਉਂਦੀ ਅਤੇ ਕੋਮਲਤਾ ਵਾਂਗ ਕਿਸਮਤ ਵੀ ਹਰ ਕਿਸੇ ਦਾ ਨਹੀਂ ਹੁੰਦਾ ਜਿਸ ਵਿਅਕਤੀ ਨੂੰ ਪੁਸਤਕਾਂ ਚੰਗੀਆਂ ਨਹੀਂ ਲੱਗਦੀਆਂ ਉਹ ਚੰਗੇ ਲੋਕਾਂ ਦੀ ਸੰਗਤ ਨਹੀਂ ਮਾਣ ਸਕਦਾ।

- *ਨਰਿੰਦਰ ਸਿੰਘ ਕਪੂਰ*

ਪੁਸਤਕਾਂ ਅਤੇ ਲਾਇਬ੍ਰੇਰੀਆਂ ਗਿਆਨ ਦੇ ਚਸ਼ਮੇ ਹੁੰਦੀਆਂ ਹਨ ਜਿਥੇ ਕੁਝ ਵਿਅਕਤੀ ਰੱਜ ਰੱਜ ਕੇ ਗਿਆਨ ਰਸ ਪੀਂਦੇ ਹਨ ਕਈ ਕੇਵਲ ਸੁਆਦ ਚਖਦੇ ਹਨ। ਜਦੋਂਕਿ ਬਹੁਤੇ ਗਰਾਰੇ ਕਰਕੇ ਹੀ ਸੰਤੁਸ਼ਟ ਹੋ ਜਾਂਦੇ ਹਨ।

- *ਨਰਿੰਦਰ ਸਿੰਘ ਕਪੂਰ*

ਜੇਕਰ ਲਾਇਬ੍ਰੇਰੀਆਂ ਦਾ ਆਕਾਰ ਅਤੇ ਮਹੱਤਵ ਘਟਦਾ ਗਿਆ ਤਾਂ ਉਸ ਅਨੁਪਾਤ ਵਿਚ ਹਸਪਤਾਲਾਂ, ਪਾਗਲਖਾਨਿਆਂ ਅਤੇ ਜੇਲ੍ਹਾਂ ਦਾ ਖੇਤਰਫਲ ਫੈਲਦਾ ਜਾਵੇਗਾ।

- *ਨਰਿੰਦਰ ਸਿੰਘ ਕਪੂਰ*

ਜਿਹੜੇ ਲੋਕ ਜਾਂ ਜਿਹੜੀਆਂ ਕੌਮਾਂ ਕਿਤਾਬਾਂ ਨੂੰ ਮੁਹੱਬਤ ਨਹੀਂ ਕਰਦੀਆਂ ਬਹੁਤੀ ਦੇਰ ਤੱਕ ਜਿੰਦਾ ਨਹੀਂ ਰਹਿੰਦੀਆਂ ਕਿਤਾਬਾਂ ਕੌਮਾਂ ਦਾ ਰਾਹ ਰੁਸ਼ਨਾਉਂਦੀਆਂ ਹਨ। ਕਿਤਾਬਾਂ ਕਿਸੇ ਵੀ ਘਰ ਦੀ ਸ਼ਾਨ ਹੁੰਦੀਆਂ ਹਨ ਘਰ ਨੂੰ ਰੋਸ਼ਨੀ ਨਾਲ ਭਰ ਦਿੰਦੀਆਂ ਹਨ। ਕਹਿੰਦੇ ਨੇ ਕਿਤਾਬ ਆਪਣੇ ਘਰ ਲੈ ਆਓ ਸੂਰਜ ਆਪਣੇ ਆਪ ਤੁਹਾਡੇ ਘਰ ਆ ਜਾਵੇਗਾ ਕਹਿਣ ਦਾ ਭਾਵ ਇਹ ਕਿਤਾਬਾਂ ਸਾਡੇ ਦਿਮਾਗ਼ ਨੂੰ ਰੁਸ਼ਨਾਉਂਦੀਆਂ ਹਨ ਕਿਤਾਬ ਸੂਰਜ ਵਾਂਗ ਹੈ ਸੂਰਜ ਕਦੇ ਮਰਦਾ ਨਹੀਂ ਇਸੇ ਤਰ੍ਹਾਂ ਕਿਤਾਬ ਦੀ ਕਦੇ ਮੌਤ ਨਹੀਂ ਹੋ ਸਕਦੀ ਕਿਸੇ ਵੀ ਯੁਗ ਵਿਚ ਕਿਤਾਬ ਮਨੁੱਖ ਦੀ ਜ਼ਿੰਦਗੀ ਵਿਚੋਂ ਗੈਰ ਹਾਜ਼ਰ ਨਹੀਂ ਹੋ ਸਕਦੀ ਕਿਤਾਬ ਉਦੋਂ ਵੀ ਮੌਜੂਦ ਸੀ ਜਦੋਂ ਚੁਫ਼ੇਰੇ ਘੁੱਪ ਹਨੇਰਾ ਸੀ ਕਿਤਾਬ ਸ਼ਬਦ ਦੀ ਖੇਡ ਹੈ। ਸ਼ਬਦ ਬ੍ਰਹਿਮੰਡ ਦੇ ਜ਼ਰੇ ਜ਼ਰੇ ਵਿਚ ਸਮਾਇਆ ਹੋਇਆ ਹੈ ਸ਼ਬਦ ਧਰਤੀ ਹੈ ਸ਼ਬਦ ਹੀ ਆਕਾਸ਼ ਹੈ ਦੁਨੀਆਂ ਵਿਚ ਜੋ ਪ੍ਰਕਾਸ਼ ਹੈ ਸ਼ਬਦ ਦਾ ਹੀ ਹੈ ਸ਼ਬਦ ਧਰਤੀ ਤੇ ਮੌਜੂਦ ਹੈ ਸ਼ਬਦ ਆਦਿ ਅੰਤ ਤੇ ਆਉਣ ਵਾਲੇ ਹਰ ਯੁੱਗ ਕਾਇਮ ਰਹੇਗਾ ਇੰਜ ਹਰ ਯੁਗ ਵਿਚ ਮੌਜੂਦ ਰਹੇਗੀ ਕਿਤਾਬ ਇਹ ਪਿਆਰ ਕਰਦਿਆਂ ਜਨਮ ਲੈਂਦੀ ਹੈ ਅਤੇ ਕਈ ਵਾਰ ਕਿਤਾਬ ਪੜ੍ਹਦਿਆਂ ਸਾਡੇ ਅੰਦਰ ਪਿਆਰ ਉਪਜਦਾ ਹੈ। ਪਿਆਰ ਭਿੱਜੀਆਂ ਰੂਹਾਂ ਨੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਨੇ ਕਿਤਾਬਾਂ ਪਿਆਰ ਮੰਗਦੀਆਂ ਹਨ ਕਿਤਾਬ ਵੀ ਚਾਹੁੰਦੀ ਹੈ ਕਿ ਉਸਨੂੰ ਕੋਈ ਪਿਆਰ ਕਰਨ ਵਾਲਾ ਹੋਵੇ ਉਸਨੂੰ ਪਿਆਰ ਕਰੇ ਹੱਥਾਂ ਨਾਲ ਛੋਹੇ ਗਲਵੱਕੜੀ ਵਿਚ ਘੁੱਟੇ ਬੁੱਲਾਂ ਨਾਲ ਲਾਵੇ ਚੁੰਮੇ ਕਿਤਾਬ ਮਹਿਬੂਬ ਵਾਂਗ ਹੁੰਦੀ ਹੈ ਖ਼ੂਬਸੂਰਤ ਤੇ ਨਾਜ਼ੁਕ ਜਿਵੇਂ ਮਹਿਬੂਬ ਨੂੰ ਕੱਚੀ ਕੱਚੀ ਸਾਂਭ ਸਾਂਭ ਰੱਖਣਾ ਪੈਂਦਾ ਤਿਵੇਂ ਕਿਤਾਬ ਵੀ ਸੰਭਾਲ ਮੰਗਦੀ ਹੈ ਕਦੇ ਕਦੇ ਕਿਤਾਬ ਵੀ ਰੋਸ ਕਰਦੀ ਹੈ ਮਹਿਬੂਬ ਵਾਂਗ।

- *ਗੁਰਮੀਤ ਸਿੰਘ ਕੜਿਆਲਵੀ*



Sri Satguru Jagjit Singh Ji eLibrary NamdhariElibrary@gmail.com

ਜਿਹੜਾ ਪੁਸਤਕਾਂ ਦਾ ਅਪਮਾਨ ਕਰਦਾ ਹੈ ਉਹ ਆਪਣੀ ਕਿਸਮਤ ਦਾ ਅਪਮਾਨ ਕਰਦਾ ਹੈ ਪੁਸਤਕਾਂ ਨਾਲ ਹੀ ਮਨੁੱਖ ਆਪਣਾ ਜੀਵਨ ਅਤੇ ਕਿਸਮਤ ਬਣਾ ਸਕਦਾ ਹੈ।

*- ਮੌਲਾਨਾ ਅਬਦੁਲ ਕਲਾਮ*

ਸੰਸਾਰ ਇੱਕ ਬਹੁਤ ਵੱਡੀ ਕਿਤਾਬ ਹੈ ਜਿਹੜੇ ਲੋਕ ਘਰ ਤੋਂ ਬਾਹਰ ਨਹੀਂ ਜਾਂਦੇ ਉਹ ਕੇਵਲ ਇਸਦਾ ਇਕ ਹੀ ਸਫ਼ਾ ਪੜ੍ਹ ਸਕਦੇ ਹਨ।

*- ਆਗਿ ਸਟਾਲਿਨ*

ਆਪਣੇ ਮਨ ਦਾ ਭੇਤ ਕਿਸੇ ਨੂੰ ਨਾ ਦਿਓ ਮਨ ਦਾ ਭੇਤ ਦੂਜਿਆਂ ਨੂੰ ਦੇਣ ਵਾਲੇ ਲੋਕ ਸਦਾ ਧੋਖਾ ਖਾ ਬੈਠਦੇ ਹਨ।

*- ਚਾਣਕਿਆ*

ਜੇਕਰ ਕੋਈ ਕਿਤਾਬ ਤੁਹਾਨੂੰ ਪੜ੍ਹਨ ਯੋਗ ਜਾਪਦੀ ਹੈ ਤਾਂ ਉਸਨੂੰ ਖਰੀਦਣ ਤੋਂ ਨਹੀਂ ਝਿਜਕਣਾ ਚਾਹੀਦਾ।

*- ਜੌਹਨ ਰਸਕਿਨ*

ਪੁਸਤਕਾਂ ਨੇ ਧਰਮ ਦੇ ਰਹਿਬਰਾਂ ਦੇ ਮਾਨਵ ਹਿਤੈਸ਼ੀ ਰੱਬੀ ਕਲਾਮ, ਦਾਰਸ਼ਨਿਕਾਂ ਦੇ ਬੌਧਿਕ ਤੱਤ ਵਿਚਾਰ, ਵਿਗਿਆਨੀਆਂ ਦੇ ਪਰਖੇ ਹੋਏ ਸੱਚ, ਕਵੀਆਂ ਦੇ ਪਿਆਰ ਭਿੰਨੇ ਸਰੋਦੀ ਗੀਤ, ਸੰਭਾਲ ਕੇ ਅਮੁੱਲ ਮਨੁੱਖੀ ਵਿਰਸੇ ਦੀਆਂ ਇਨ੍ਹਾਂ ਦੁਰਲੱਭ ਅਮਾਨਤਾਂ ਨੂੰ, ਸਦੀਵ ਸੁਰੱਖਿਅਤ ਰੱਖਿਆ ਹੈ, ਜਦ ਤੱਕ ਧਰਤੀ ਅਤੇ ਮਨੁੱਖ ਦੀ ਹੋਂਦ ਹੈ, ਅੱਖਰ ਅਤੇ ਪੁਸਤਕ ਅਮਰ ਰਹਿਣਗੇ, ਉੱਤਮ ਪੁਸਤਕਾਂ ਨੂੰ ਪਿਆਰਨਾ ਜੀਵਨ ਦੀਆਂ ਉੱਚੀਆਂ ਸੁੱਚੀਆਂ ਕਦਰਾਂ ਕੀਮਤਾਂ ਨੂੰ ਪਿਆਰਨਾ ਹੈ।

*- ਕਿਰਪਾਲ ਸਿੰਘ*

ਸਿਰਫ਼ ਪੁਸਤਕਾਂ ਪੜ੍ਹਦੇ ਕੁਝ ਨਹੀਂ ਸਿੱਖਿਆ ਜਾ ਸਕਦਾ, ਪੁਸਤਕਾਂ ਪੜ੍ਹਨ ਨਾਲ ਫ਼ਾਇਦਾ ਉਦੋਂ ਹੁੰਦਾ ਹੈ ਜਦੋਂ ਉਨ੍ਹਾਂ ਵਿਚਲੇ ਸ਼ਬਦਾਂ ਤੇ ਸਿੱਖਿਆਵਾਂ ਨੂੰ ਜੀਵਨ ਸ਼ੈਲੀ ਦਾ ਅੰਗ ਬਣਾਇਆ ਜਾਵੇ।

*- ਮਹਾਤਮਾ ਗਾਂਧੀ*

ਕਿਸੇ ਨੇ ਸੰਸਾਰ ਪ੍ਰਸਿੱਧ ਲਿਖਾਰੀ ਲਿਓ ਟਾਲ ਸਟਾਇ ਨੂੰ ਪੁੱਛਿਆ ਜੇ ਤੁਹਾਡੇ ਸਾਹਮਣੇ ਅਚਾਨਕ ਕੋਈ ਦੇਵਤਾ ਆ ਪ੍ਰਗਟ ਹੋਵੇ ਤੇ ਤੁਹਾਡੀ ਸਾਹਿਤ ਰਚਨਾ ਤੋਂ ਖੁਸ਼ ਹੋ ਕੇ ਤੁਹਾਨੂੰ ਤਿੰਨ ਵਰ ਮੰਗਣ ਲਈ ਕਹੇ ਤਾਂ ਤੁਸੀਂ ਕੀ ਕੀ ਮੰਗੋਗੇ ਮੈਂ ਤਿੰਨੇ ਵਾਰ ਕਿਤਾਬਾਂ ਦੀ ਮੰਗ ਕਰਾਂਗਾ-ਇਸ ਦਾਨਸ਼ਵਰ ਦਾ ਉੱਤਰ ਸੀ। ਸੱਚਮੁੱਚ ਹੀ ਦੁਨਿਆਵੀ ਧਨ ਦੌਲਤ ਦੇ ਜ਼ਖੀਰੇ ਪੁਸਤਕਾਂ ਪੜ੍ਹ ਲਿਖ ਕੇ ਹੀ ਹਾਸਲ ਹੁੰਦੇ ਹਨ ਪੁਸਤਕ ਮਨੁੱਖ ਦੀ ਸੱਚੀ ਸੁੱਚੀ ਦੋਸਤ ਹੈ ਇੱਕ ਅਜਿਹੀ ਦੋਸਤ ਜਿਸਨੇ ਮਨੁੱਖ ਨੂੰ ਹਮੇਸ਼ਾ ਕੁਝ ਦਿੱਤਾ ਹੀ ਹੈ ਉਸ ਪਾਸੋਂ ਵਸੂਲ ਕੁਝ ਨਹੀਂ ਕੀਤਾ। ਪੁਸਤਕਾਂ ਦੇ ਭੰਡਾਰਿਆਂ ਨੂੰ ਦੂਰ ਦੁਰਾਡੇ ਬੈਠੇ ਪਾਠਕਾਂ ਤੱਕ ਲੈ ਕੇ ਜਾਣ ਵਿਚ ਪੁਸਤਕ ਪ੍ਰਦਰਸ਼ਨੀਆਂ ਦੀ ਵਰਨਣਯੋਗ ਭੂਮਿਕਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।

*- ਦਰਸ਼ਨ ਸਿੰਘ ਆਸ਼ਟ*



Sri Satguru Jagjit Singh Ji eLibrary NamdhariElibrary@gmail.com

ਸਾਨੂੰ ਭੈੜੀਆਂ ਪੁਸਤਕਾਂ ਨਹੀਂ ਪੜ੍ਹਨੀਆਂ ਚਾਹੀਦੀਆਂ।

*- ਟਾਲ ਸਟਾਇ*

ਜਿਵੇਂ ਕਸਰਤ ਸਿਹਤ ਤੇ ਜਿਸਮ ਲਈ ਹੈ ਉਸੇ ਤਰ੍ਹਾਂ ਪੁਸਤਕ ਪੜ੍ਹਨਾ ਮਨ ਲਈ ਹੈ।

*- ਰੌਬਟ ਐਲ ਸਟੀਵਨ*

ਸੰਸਾਰ ਇਕ ਸੁੰਦਰ ਪੁਸਤਕ ਹੈ ਜਿਹੜਾ ਇਸਨੂੰ ਪੜ੍ਹ ਨਹੀਂ ਸਕਦਾ ਉਸ ਲਈ ਵਿਅਰਥ ਹੈ।

*- ਗੌਲ ਡੌਨੀ*

ਪੁਸਤਕਾਂ ਦਾ ਸੰਕਲਪ ਹੀ ਅੱਜ ਦੇ ਯੁੱਗ ਵਿਚ ਵਾਸਤਵਿਕ ਵਿਦਿਆਲਾ ਹੈ।

*- ਆਗਸਟਾਈਨਾ*

ਪੁਸਤਕਾਂ ਮਨੁੱਖ ਦੀਆਂ ਸੱਚੀਆਂ ਅਤੇ ਨਿਰਸਵਾਰਥ ਦੋਸਤ ਹਨ, ਪੁਸਤਕਾਂ ਉਹ ਪ੍ਰਕਾਸ਼ ਹਨ ਜਿਹੜਾ ਸਮੇਂ ਦੇ ਅਪਾਰ ਸਾਗਰ ਵਿਚ ਕੀਤਾ ਗਿਆ ਹੈ।

*- ਵਿਪਲ*

ਮਹਾਨ ਲੇਖਕਾਂ ਦੀਆਂ ਪੁਸਤਕਾਂ ਮਾਨਵ ਜਾਤੀ ਨੂੰ ਦਿੱਤੀਆਂ ਹੋਈਆਂ ਅਸੀਸਾਂ ਹੁੰਦੀਆਂ ਹਨ ਕਿਉਂਕਿ ਆਪਣੇ ਵਿਚਾਰਾਂ ਅਤੇ ਸ਼ਬਦਾਂ ਰਾਹੀਂ ਮਹਾਨ ਲੇਖਕ ਅਤੇ ਕਵੀ ਆਪਣੀ ਤਾਕਤ ਵੰਡ ਜਾਂਦੇ ਹਨ।

*- ਨਰਿੰਦਰ ਸਿੰਘ ਕਪੂਰ*

ਕਿਤਾਬਾਂ ਦਾ ਮੁੱਲ ਹੀਰਿਆਂ ਤੋਂ ਵੀ ਜ਼ਿਆਦਾ ਹੈ। ਹੀਰੇ ਬਾਹਰਲੀ ਚਮਕ ਰੱਖਦੇ ਹਨ। ਜਦਕਿ ਕਿਤਾਬਾਂ ਅੰਦਰੂਨੀ ਹਿਰਦੇ ਨੂੰ ਚਮਕਾਉਂਦੀਆਂ ਹਨ।

*- ਗਾਂਧੀ*

ਕਿਤਾਬਾਂ ਪੜ੍ਹਨੀਆਂ ਸੌਖੀਆਂ ਹਨ, ਪਰ ਮਨੁੱਖਾਂ ਨੂੰ ਪੜ੍ਹਨਾ ਬਹੁਤ ਔਖਾ ਹੈ।

*- ਮੈਕਾਲਿਫ*

ਸਭ ਤੋਂ ਸੋਹਣੀ ਸਜਾਵਟ ਕਿਤਾਬਾਂ ਹੁੰਦੀਆਂ ਹਨ। ਜਿਵੇਂ ਬੱਦਲ ਅਸਮਾਨ ਦੀ ਕਲਪਨਾ ਹਨ ਉਸੇ ਤਰ੍ਹਾਂ ਹੀ ਕਿਤਾਬਾਂ ਮਾਨਵ ਜਾਤੀ ਦੇ ਸਾਕਾਰ ਹੋਏ ਸੁਪਨੇ ਹਨ।

*- ਨਰਿੰਦਰ ਸਿੰਘ ਕਪੂਰ*

ਪੁਸਤਕਾਂ ਸਬੰਧਿਤ ਕੌਮ ਦੀਆਂ ਅਮਰ ਯਾਦਾਂ ਹੁੰਦੀਆਂ ਹਨ।

*- ਅਲੈਗਜ਼ਾਂਦਰ ਐਸ*

ਮਹਾਨ ਕੌਮਾਂ ਆਪਣੀਆਂ ਸਵੈ-ਜੀਵਨੀਆਂ ਤਿੰਨ ਖਰੜਿਆਂ ਵਿੱਚ ਲਿਖਦੀਆਂ ਹਨ। ਉਨ੍ਹਾਂ ਦੇ ਕੰਮਾਂ ਦੀ ਕਿਤਾਬ, ਉਨ੍ਹਾਂ ਦੇ ਸ਼ਬਦਾਂ ਦੀ ਕਿਤਾਬ, ਉਨ੍ਹਾਂ ਦੀ ਕਲਾ ਦੀ ਕਿਤਾਬ।

*- ਜਾਨ ਰਸਕਿਨ*

ਚੰਗੀਆਂ ਕਿਤਾਬਾਂ ਪੜ੍ਹਨੀਆਂ ਕਿਸੇ ਮਹਾਨ ਵਿਅਕਤੀ ਨਾਲ ਗੱਲਾਂ ਕਰਨ



Sri Satguru Jagjit Singh Ji eLibrary NamdhariElibrary@gmail.com

ਦੇ ਬਰਾਬਰ ਹੈ।

*- ਆਰ ਡੇਸਕਰਟੇਂਜ*

ਕਿਤਾਬਾਂ ਵਰਗਾ ਕੋਈ ਜਹਾਜ਼ ਨਹੀਂ ਜੋ ਸਾਨੂੰ ਦੇਸ਼ ਦੇਸ਼ਾਂ ਤੋਂ ਪਾਰ ਲੈ ਜਾਂਦਾ ਹੈ।

*- ਐਮਿਲੀ ਡਿਕਨਸਨ*

ਮੈਂ ਇੱਕ ਗਰੀਬ ਆਦਮੀ ਵਾਂਗ ਕਿਸੇ ਛੋਟੀ ਕੋਠੜੀ ਵਿਚ ਰਹਿ ਲਵਾਂਗਾ, ਜਿਥੇ ਕਿਤਾਬਾਂ ਹੋਣ ਬਜਾਏ ਅਜਿਹਾ ਬਾਦਸ਼ਾਹ ਬਣਨ ਦੇ ਜਿਸ ਨੂੰ ਕਿਤਾਬਾਂ ਪ੍ਰਾਪਤ ਨਾ ਹੋਣ।

*- ਲਾਰਡ ਮੈਕਾਲੇ*

ਜੇਕਰ ਤੁਸੀਂ ਕਿਤਾਬ ਪੜ੍ਹ ਨਹੀਂ ਸਕਦੇ ਤਾਂ ਖਰੀਦੋ ਜ਼ਰੂਰ ਇਹ ਆਦਤ ਜ਼ਿੰਦਗੀ ਦੇ ਕਿਸੇ ਨਾ ਕਿਸੇ ਪੜਾਅ ਤੇ ਪੜ੍ਹਨਾ ਸਿਖਾ ਦੇਵੇਗੀ।

*- ਐਥਕੀ ਬਰਗੈਸਤ*

ਪੜ੍ਹਨ ਨਾਲ ਤਾਕਤ ਆਉਂਦੀ ਹੈ। ਚੰਗੇ ਕਰਮਾਂ ਨਾਲ ਹੁੰਦਾ ਹੈ ਪੁਸਤਕਾਂ ਦਾ ਮੇਲ।

*- ਅਨਾਮੀ*

ਚੰਗੀਆਂ ਪੁਸਤਕਾਂ ਕੋਲ ਰਹਿਣ ਨਾਲ ਸਾਨੂੰ ਆਪਣੇ ਮਿੱਤਰਾਂ ਦੀ ਘਾਟ ਕਦੀ ਮਹਿਸੂਸ ਨਹੀਂ ਹੁੰਦੀ।

*- ਮਹਾਤਮਾ ਗਾਂਧੀ*

ਮਹਾਨ ਪੁਸਤਕ ਪਹਿਲਾਂ ਪੜ੍ਹੋ ਫੇਰ ਪਤਾ ਨਹੀਂ ਮੌਕਾ ਮਿਲੇ ਜਾਂ ਨਾ ਮਿਲੇ।

*- ਥੋਰੀਓ*

ਕਾਨੂੰਨ ਥਾਣੇ ਅਦਾਲਤਾਂ ਜੇਲ੍ਹਾਂ ਆਦਿ ਮਨੁੱਖ ਦੀ ਜਹਾਲਤ ਅਤੇ ਮੂਰਖਤਾ ਵਿਚੋਂ ਉਪਜੀਆਂ ਸੰਸਥਾਵਾਂ ਹਨ। ਸਹੀ ਅਰਥਾਂ ਵਿੱਚ ਸਮਾਜ ਉਦੋਂ ਉੱਨਤੀ ਕਰੇਗਾ ਜਦੋਂ ਸਾਡੀਆਂ ਅਦਾਲਤਾਂ, ਥਾਣਿਆਂ ਅਤੇ ਜੇਲ੍ਹਾਂ ਨਾਲੋਂ ਸਾਡੀਆਂ ਲਾਇਬਰੇਰੀਆਂ ਵੱਡੀਆਂ ਅਤੇ ਵਧੇਰੇ ਹੋਣਗੀਆਂ ਜਿੱਥੇ ਹਿਮਾਲਾ ਦੀਆਂ ਸਿਖਰਾਂ ਜਿਹੇ ਮੱਥੇ ਹਵਾਵਾਂ ਜਿਹੇ ਸੂਖਮ ਵਿਚਾਰ ਲੰਮੀ ਬੌਧਿਕ ਉਡਾਣ ਸਮੁੰਦਰਾਂ ਜਿਹੇ ਵਿਸ਼ਾਲ ਹਿਰਦੇ ਅਤੇ ਸੂਰਜ ਜਿਹੀ ਉਦਾਰ ਤੱਕਣੀ ਵਾਲੇ ਮਨੁੱਖ ਉਸਰਨਗੇ।

*- ਨਰਿੰਦਰ ਸਿੰਘ ਕਪੂਰ*



Sri Satguru Jagjit Singh Ji eLibrary NamdhariElibrary@gmail.com

# ਪੜ੍ਹਾਈ, ਵਿੱਦਿਆ, ਸਿੱਖਿਆ, ਗਿਆਨ, ਅਗਿਆਨਤਾ

ਹਰ ਗੱਭਰੂ ਨੂੰ ਇਹ ਸਿੱਖਣਾ ਚਾਹੀਦਾ ਹੈ ਕਿ ਉਹ ਵੀ ਮਹਾਨ ਬਣ ਸਕਦਾ ਹੈ ਜਿਸ ਤਰ੍ਹਾਂ ਹੋਰ ਲੋਕ ਬਣਦੇ ਹਨ। ਇਸ ਤਰ੍ਹਾਂ ਉਤਸ਼ਾਹਪੂਰਣ ਸਿੱਖਿਆ ਨਾਲ ਓਹਦਾ ਆਤਮ ਵਿਸ਼ਵਾਸ ਵਧੇਗਾ ਉਹ ਦੀਆਂ ਸਰੀਰਕ ਤੇ ਮਾਨਸਿਕ ਸ਼ਕਤੀਆਂ ਦਾ ਵਿਕਾਸ ਹੋਵੇਗਾ ਤੇ ਉਹਨੂੰ ਜੀਵਨ ਵਿੱਚ ਸ਼ਾਂਤੀ ਤੇ ਸਫਲਤਾ ਪ੍ਰਾਪਤ ਹੋਵੇਗੀ।

*- ਸਵੇਟ ਮਾਰਟਨ*

ਗੁਰਮੁਖਿ ਹੋਵੈ ਸੁ ਗਿਆਨੁ ਤਤੁ ਬੀਚਾਰੈ ਹਉਮੈ ਸਬਦਿ ਜਲਾਏ॥

*- ਸ੍ਰੀ ਗੁਰੂ ਨਾਨਕ ਦੇਵ ਜੀ*

ਗਿਆਨ ਧਿਆਨੁ ਲੇ ਸਮਸਰਿ ਰਹੈ॥
ਗੁਰਮੁਖਿ ਏਕੁ ਵਿਰਲਾ ਕੋ ਲਹੈ॥

*- ਸ੍ਰੀ ਗੁਰੂ ਨਾਨਕ ਦੇਵ ਜੀ*

ਅਗਿਆਨੀ ਮਤਿਹੀਣੁ ਹੈ ਗੁਰ ਬਿਨੁ ਗਿਆਨੁ ਨਾ ਹੋਇ॥
ਥਿਰੁ ਨਾਰਾਇਣੁ ਥਿਰੁ ਗੁਰੂ ਥਿਰੁ ਸਾਚਾ ਬੀਚਾਰੁ॥

*- ਸ੍ਰੀ ਗੁਰੂ ਨਾਨਕ ਜੀ*

ਕਪਲ ਰਿਖੀ ਸੁਰਿ ਸਾਖ ਮਥਿ ਅਥਰਬਣਿ ਵੇਦ ਕੀ ਰਿਚਾ ਸੁਣਾਈ।
ਗਿਆਨ ਮਹਾਂ ਰਸ ਪੀਅ ਕੈ ਸਿਮਰੇ ਨਿਤ ਅਨਿਤ ਨਿਆਈ।
ਗਿਆਨ ਬਿਨਾ ਨਹਿ ਪਾਈਐ ਜੇ ਕੋਈ ਕੋਟ ਜਤਨ ਕਰਿ ਧਾਈ
ਕਰਮ ਜੋਗ ਦੇਹੀ ਕਰੇ ਸੋ ਅਨਿਤ ਖਿਨ ਟਿਕੈ ਨਾ ਰਾਈ।
ਗਿਆਨ ਮਤੇ ਸੁੱਖ ਊਪਜੈ ਜਨਮ ਮਰਨ ਦਾ ਭਰਮ ਚੁਕਾਈ।
ਗੁਰਮੁਖਿ ਗਿਆਨੀ ਸਹਿਜ ਸਮਾਈ।

*- ਵਾਰ ਭਾਈ ਗੁਰਦਾਸ ਜੀ ਦੀ*

ਜਬ ਲਗੁ ਦੁਨੀਆਂ ਰਹੀਐ ਨਾਨਕ ਕਿਛ ਸੁਣੀਐ ਕਿਛ ਕਹੀਐ॥
ਭਾਲ ਰਹੇ ਹਮ ਰਹਿਣ ਨਾ ਪਾਇਆ ਜੀਵ ਤਿਆ ਮਰ ਰਹੀਐ॥

*- ਸ੍ਰੀ ਗੁਰੂ ਨਾਨਕ ਦੇਵ ਜੀ*

ਗੁਰ ਪਰਸਾਦੀ ਵਿਦਿਆ ਵੀਚਾਰੈ ਪੜਿ ਪੜਿ ਪਾਵੈ ਮਾਨੁ॥
ਆਪਾ ਮਧੇ ਆਪੁ ਪਰਗਾਸਿਆ ਪਾਇਆ ਅੰਮ੍ਰਿਤੁ ਨਾਮੁ॥

*- ਸ੍ਰੀ ਗੁਰੂ ਨਾਨਕ ਦੇਵ ਜੀ*

ਵਿੱਦਿਆ ਪੜ੍ਹੇ ਹੋਏ ਆਦਮੀ ਮਾਪਿਆਂ ਦੀ ਸਦਾ ਹੀ ਇੱਜਤ ਕਰਦੇ ਹਨ ਤੇ ਅਨਪੜ੍ਹਾਂ ਦੀ ਤਰ੍ਹਾਂ ਕਦੀ ਨਿਰਾਦਰ ਨਹੀਂ ਕਰਦੇ।

*- ਅਗਿਆਤ*

ਜਗਤ ਵਿਚ ਹਰ ਪ੍ਰਕਾਰ ਦੀਆਂ ਚੀਜਾਂ ਦੇ ਬਣਾਉਣ ਦਾ ਅਤੇ ਹਰ ਇਕ ਕੰਮ ਦੇ ਕਰ ਲੈਣ ਦਾ ਨਾਮ ਵਿੱਦਿਆ ਹੈ। ਵਿਦ ਧਾਤੂ ਤੋਂ ਵਿੱਦਿਆ ਸ਼ਬਦ ਬਣਿਆ



Sri Satguru Jagjit Singh Ji eLibrary NamdhariElibrary@gmail.com

ਹੈ, ਸੋ ਵਿਦ ਨਾਮ ਜਾਣਨ ਦਾ ਹੈ ਕਿਸੇ ਚੀਜ ਨੂੰ ਜਾਣ ਲੈਣ ਦਾ ਨਾਮ ਵਿੱਦਿਆ ਹੈ।

*- ਅਗਿਆਤ*

ਜੇਕਰ ਕੋਈ ਸਿੱਖਣਾ ਚਾਹੇ ਤਾਂ ਉਸਦੀ ਹਰ ਇੱਕ ਭੁੱਲ ਕੁਝ ਨਾ ਕੁਝ ਸਿੱਖਿਆ ਦਿੰਦੀ ਹੈ।

*- ਡਿਕਨਿੰਜ*

ਪੱਕੇ ਗਿਆਨ ਦੀ ਇਕੋ ਪਛਾਣ ਹੈ ਸਿਖਾਉਣ ਦੀ ਸ਼ਕਤੀ।

*- ਅਰਸਤੂ*

ਮੌਤ ਆਪਣੇ ਆਪ ਵਿਚ ਕੁਝ ਵੀ ਨਹੀਂ ਪਰ ਅਸੀਂ ਅਗਿਆਨਤਾ ਵੱਸ ਕਿਸੇ ਅਣਜਾਣੇ ਸਥਾਨ ਉੱਪਰ ਜਾਣ ਤੋਂ ਡਰਦੇ ਹਾਂ।

*- ਡਰਾਈ ਡੇਨ*

ਜਿਸ ਮੁਲਕ ਵਿਚ ਅਜ਼ਾਦ ਸੋਚ ਨੂੰ ਸ਼ੱਕ ਦੇ ਘੇਰੇ ਵਿਚ ਰੱਖਿਆ ਜਾਵੇ ਉਥੇ ਪੜ੍ਹਣਾ ਲਿਖਣਾ ਕਰੀਬ ਕਰੀਬ ਨਾ ਮੁਮਕਿਨ ਹੈ।

*- ਜੇਮਸ ਬਾਲਡਨ ਵਿਨ*

ਭਿਖਸ਼ੂਓ! ਗਿਆਨ ਦੇ ਬੂਟੇ ਨਾਲ ਅਗਿਆਨਤਾ ਦੇ ਬੇਅਰਥ ਤੇ ਨਿਕੰਮੇ ਬੂਟੇ ਆਪ ਹੀ ਉੱਗ ਪੈਂਦੇ ਹਨ, ਸੱਚੇ ਗਿਆਨ ਦੇ ਬੂਟੇ ਦੀ ਸੰਭਾਲ ਲਈ ਇਨ੍ਹਾਂ ਦੀ ਸਫ਼ਾਈ ਕਰਦੇ ਰਹਿਣਾ।

*- ਮਹਾਤਮਾ ਬੁੱਧ*

ਜਿਹੜਾ ਮਨੁੱਖ ਇੱਕ ਸਕੂਲ ਖੋਲਦਾ ਹੈ ਉਹ ਦੁਨੀਆਂ ਦਾ ਇੱਕ ਜੇਲ੍ਹ ਘਰ ਬੰਦ ਕਰ ਦਿੰਦਾ ਹੈ।

*- ਵਿਕਟਰ ਹਿਊਗੋ*

ਹਾਕਮ ਧਿਰ ਦੇ ਪ੍ਰਭਾਵ ਹੇਠ ਆਪਣੀ ਬੋਲੀ ਬਦਲਣਾ ਇਖਲਾਕ ਤੋਂ ਡਿੱਗਣਾ ਹੈ।

*- ਸ੍ਰੀ ਗੁਰੂ ਨਾਨਕ ਦੇਵ ਜੀ*

ਜ਼ਿੰਦਗੀ ਦੇ ਹਰ ਪੜਾਅ ਤੇ ਆਪਣੇ ਆਪਣੇ ਆਪ ਨੂੰ ਵਿਦਿਆਰਥੀ ਸਮਝਦੇ ਹੋਏ ਕਿਸੇ ਵੀ ਸੂਝਵਾਨ ਤੋਂ ਕੁਝ ਗ੍ਰਹਿਣ ਕਰਦੇ ਰਹੋ ਤਾਂ ਇਹ ਵਿਰੋਧੀ ਵਿਚਾਰਧਾਰਾ ਆਪਣੇ ਆਪ ਖਤਮ ਹੋ ਜਾਂਦੀ ਹੈ ਅਤੇ ਤੁਹਾਡੇ ਅੰਦਰ ਵਿਗਿਆਨ ਦਾ ਸੋਮਾ ਫੁੱਟਣਾ ਸ਼ੁਰੂ ਹੋ ਜਾਂਦਾ ਹੈ ਅਤੇ ਜਿਥੇ ਵੀ ਕੋਈ ਸਹੀ ਗੱਲ ਹਾਸਲ ਹੋ ਰਹੀ ਹੋਵੇ ਉਹ ਹਰ ਕੀਮਤ ਤੇ ਲੈਣੀ ਚਾਹੀਦੀ ਹੈ।

*- ਪ੍ਰੋਫੈਸਰ ਪ੍ਰੀਤਮ ਸਿੰਘ*

ਹਰ ਪੜ੍ਹੇ ਲਿਖੇ ਵਿਅਕਤੀ ਦੀ ਲਿਖਾਈ ਵੱਖਰੀ ਹੁੰਦੀ ਹੈ ਇਸ ਤੱਥ ਕਾਰਨ ਹੀ ਦਸਤਾਵੇਜ਼ਾਂ ਤੇ ਦਸਤਖਤ ਕਰਵਾਏ ਜਾਂਦੇ ਹਨ।

ਲਿਖਣ ਅਤੇ ਲਿਖਾਈ ਦੀ ਕਲਾ ਨਾਲ ਹੀ ਗ੍ਰੰਥ ਅਤੇ ਪੁਸਤਕਾਂ ਹੋਂਦ ਵਿਚ ਆਉਂਦੀਆਂ ਹਨ ਜਿਨ੍ਹਾਂ ਦੇ ਅਧਿਐਨ ਨਾਲ ਗਿਆਨ ਵਧਦਾ ਹੈ ਅਤੇ ਵਿਕਾਸ ਵਾਪਰ ਦਾ ਹੈ।

*- ਨਰਿੰਦਰ ਸਿੰਘ ਕਪੂਰ*



Sri Satguru Jagjit Singh Ji eLibrary NamdhariElibrary@gmail.com

ਸਿੱਖਿਆ ਉਹ ਹਥਿਆਰ ਹੈ ਜਿਸ ਦਾ ਅਸਰ ਇਸ ਗੱਲ ਉਪਰ ਨਿਰਭਰ ਕਰਦਾ ਹੈ ਕਿ ਉਸ ਨੂੰ ਕੌਣ ਦੇ ਰਿਹਾ ਹੈ ਅਤੇ ਕਿਸ ਨੂੰ ਦੇ ਰਿਹਾ ਹੈ।

*- ਜੌਸੇਫ ਸਟਾਲਨ*

ਵਿੱਦਿਆ ਮਨੁੱਖ ਦੇ ਪਰਛਾਵੇਂ ਦੀ ਤਰ੍ਹਾਂ ਹੈ। ਦੁਨੀਆਂ ਦੀ ਹਰ ਚੀਜ਼ ਮਨੁੱਖ ਦਾ ਸਾਥ ਛੱਡ ਸਕਦੀ ਹੈ ਪਰ ਗਿਆਨ ਅਤੇ ਵਿੱਦਿਆ ਹਮੇਸ਼ਾ ਮਨੁੱਖ ਨਾਲ ਰਹਿੰਦੇ ਹਨ।

*- ਬੈਂਜਾਮਿਨ ਫਰੈਂਕਲਿਨ*

ਯੂਨੀਵਰਸਿਟੀ ਉਹ ਥਾਂ ਹੈ ਜਿਥੋਂ ਗਿਆਨ ਅਤੇ ਸੁਤੰਤਰਤਾ ਦੀ ਰੋਸ਼ਨੀ ਮਿਲਦੀ ਹੈ।

*- ਬੈਂਜਾਮਿਨ ਡਿਜਰੈਲੀ*

ਸਿੱਖਿਆ ਸਮਾਜ ਦੀ ਆਤਮਾ ਹੈ ਜੋ ਇੱਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਕੋਲ ਜਾਂਦੀ ਹੈ।

*- ਗਿਲਬਰਟ ਚੈਸਟਰ ਟਨ*

ਸਿੱਖਿਆ ਜੀਵਨ ਲਈ ਤਿਆਰੀ ਨਹੀਂ ਹੁੰਦੀ ਸਗੋਂ ਇਹ ਜੀਵਨ ਹੀ ਹੁੰਦੀ ਹੈ।

*- ਜੋਹਨ ਡਿਊਈ*

ਜ਼ਿੰਮੇਵਾਰ ਬਣਿਆਂ ਹੀ ਸਿੱਖਿਆ ਮਿਲ ਸਕਦੀ ਹੈ।

*- ਵੇਨੇਡਲ ਫਿਲਪਸ*

ਸਿੱਖਿਆ ਦਾ ਮਨੋਰਥ ਖਾਲੀ ਦਿਮਾਗ ਵਿਚ ਤਬਦੀਲੀ ਕਰਨਾ ਹੈ।

*- ਮੈਲਕਮ ਫੋਰ ਬਸ*

ਦੇਸ਼ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਉਸਦੀ ਆਉਣ ਵਾਲੀ ਪੀੜ੍ਹੀ ਦੀ ਸਿੱਖਿਆ ਦਾ ਪ੍ਰਬੰਧ ਕਰਨਾ ਜ਼ਰੂਰੀ ਹੁੰਦਾ ਹੈ।

*- ਰਾਜਾ ਰਾਮ ਮੋਹਨ ਰਾਏ*

ਸਕੂਲਾਂ ਕਾਲਜਾਂ ਵਿੱਚ ਹੋਣ ਵਾਲੀ ਪੜ੍ਹਾਈ ਸਿੱਖਿਆ ਨਹੀਂ, ਸਿੱਖਿਆ ਤੱਕ ਪਹੁੰਚਾਉਣ ਦਾ ਸਾਧਨ ਮਾਤਰ ਹੈ।

*- ਐਮਰਸਨ*

ਦੂਜਿਆਂ ਨੂੰ ਸਿਖਾਉਂਦਿਆਂ ਹੋਇਆਂ ਵੀ ਇਨਸਾਨ ਸਿੱਖਦਾ ਹੈ।

*- ਸੈਨੈਟੇ*

ਸਿੱਖਿਆ ਦਾ ਕੋਈ ਟੀਚਾ ਹੋਣਾ ਜ਼ਰੂਰੀ ਹੈ, ਇਹ ਆਪਣੇ ਆਪ ਕੋਈ ਟੀਚਾ ਨਹੀਂ ਹੈ।

*- ਸਾਈਬਿਲ ਮਾਰਸਲ*

ਗਿਆਨ ਤਿੰਨ ਤਰ੍ਹਾਂ ਨਾਲ ਮਿਲ ਸਕਦਾ ਹੈ ਚਿੰਤਨ ਤੋਂ ਜਿਹੜਾ ਸਭ ਤੋਂ ਮਹਾਨ ਹੁੰਦਾ ਹੈ। ਨਕਲ ਤੋਂ ਜਿਹੜੀ ਸਭ ਤੋਂ ਸੌਖੀ ਹੁੰਦੀ ਹੈ ਅਤੇ ਤਜਰਬੇ ਤੋਂ ਜਿਹੜਾ ਸਭ ਤੋਂ ਕੌੜਾ ਹੁੰਦਾ ਹੈ।

*- ਅਗਿਆਤ*



Sri Satguru Jagjit Singh Ji eLibrary NamdhariElibrary@gmail.com

ਸਿੱਖਿਆ ਜੀਵਨ ਦੇ ਲਈ ਹੁੰਦੀ ਹੈ, ਨਾ ਕਿ ਕੇਵਲ ਰੁਜ਼ਗਾਰ ਦੇ ਲਈ।

*- ਅਗਿਆਤ*

ਜਦੋਂ ਵਿਗਿਆਨ ਦੀ ਗੱਲ ਪੰਜਾਬੀ ਵਿਚ ਕੀਤੀ ਜਾਂਦੀ ਹੈ ਤਾਂ ਇਹ ਜ਼ਿਆਦਾ ਸਮਝ ਆਉਂਦਾ ਹੈ। ਇਹ ਲੋਕ ਬੋਲੀ ਨਾਲ ਸਾਂਝ ਦਾ ਨਤੀਜਾ ਹੈ।

*- ਰੁਚੀ ਰਾਮ ਸਾਹਨੀ*

ਸਿੱਖਿਆ ਦਾ ਉਦੇਸ਼ ਸਿਰਫ਼ ਗਿਆਨ ਪ੍ਰਾਪਤ ਕਰਨਾ ਹੀ ਨਹੀਂ ਹੈ ਸਗੋਂ ਉਸ ਦੇ ਅਨੁਸਾਰ ਵਿਵਹਾਰ ਕਰਨਾ ਵੀ ਹੈ।

*- ਹਰਬਰਟ ਸਪੈਂਸਰ*

ਮੈਂ ਕਿਸਾਨਾਂ ਦੇ ਸਾਥ ਨੂੰ ਪਹਿਲ ਦਿੰਦਾ ਹਾਂ ਕਿਉਂਕਿ ਉਹ ਵਿੱਦਿਆ ਦੇ ਜ਼ੋਰ ਨਾਲ ਬੇਤੁਕੀਆਂ ਦਲੀਲਾਂ ਨਹੀਂ ਦਿੰਦੇ।

*- ਮਾਈਕਲ ਡੀ ਮੌਨ ਟੇਰਾਨੋ*

ਮੈਨੂੰ ਹਰ ਉਹ ਵਿਅਕਤੀ ਗਦਾਰ ਲੱਗਦਾ ਹੈ ਜੋ ਗਰੀਬਾਂ ਤੇ ਅਗਿਆਨੀਆਂ ਦੇ ਖਰਚੇ ਤੇ ਪੜ੍ਹ ਲਿਖਕੇ ਮਗਰੋਂ ਉਨ੍ਹਾਂ ਵੱਲ ਜ਼ਰਾ ਧਿਆਨ ਵੀ ਨਹੀਂ ਦਿੰਦਾ।

*- ਸਵਾਮੀ ਵਿਵੇਕਾਨੰਦ*

ਗਿਆਨ ਇਕ ਅਜਿਹਾ ਭੰਡਾਰ ਹੈ ਜੋ ਵੰਡਣ ਨਾਲ ਵਧਦਾ ਜਾਂਦਾ ਹੈ।

*- ਸੰਤ ਬਾਣੀ*

ਮੇਰੇ ਕੋਲ 6 ਇਮਾਨਦਾਰ ਸੇਵਕ ਹਨ। ਜੋ ਕੁਝ ਜਾਣਦਾ ਹਾਂ, ਉਹ ਸਭ ਉਨ੍ਹਾਂ ਤੋਂ ਸਿੱਖਿਆ ਹੈ। ਉਨ੍ਹਾਂ ਦੇ ਨਾਂ ਹਨ- ਕੀ, ਕਿਉਂ, ਕਦੋਂ, ਕਿਵੇਂ, ਕਿਥੇ ਅਤੇ ਕੌਣ।

*- ਰੁਡਯਾਰਡ ਕਿਪਲਿੰਗ*

ਬੁਰਾਈਆਂ ਦਾ ਮੁੱਖ ਇਲਾਜ ਇਨਸਾਨ ਦਾ ਚੰਗਾ ਗਿਆਨ ਹੈ।

*- ਮੁਨਸ਼ੀ ਪ੍ਰੇਮ ਚੰਦ*

ਵਿੱਦਿਆ ਦੇ ਪਸਾਰ ਨਾਲ ਹੀ ਅਸੀਂ ਸਹੀ ਸਮਾਜ ਦਾ ਨਿਰਮਾਣ ਕਰ ਸਕਦੇ ਹਾਂ।

*- ਮਹਾਤਮਾ ਗਾਂਧੀ*

ਸਿਰਫ਼ ਵਿੱਦਿਆ ਨਾਲ ਪ੍ਰਾਪਤ ਕੀਤੇ ਗਿਆਨ ਰਾਹੀਂ ਹੀ ਕੋਈ ਆਪਣਾ ਵੱਡਾ ਨਾਂ ਤੇ ਇੱਜ਼ਤ ਬਣਾ ਸਕਦਾ ਹੈ।

*- ਚਾਣਕਿਆ ਰਾਜਨੀਤੀ*

ਤੁਸੀਂ ਸਿਰਫ਼ ਸਿੱਖਿਆ ਲਈ ਵਾਤਾਵਰਣ ਬਣਾਓ। ਬਾਕੀ ਕੰਮ ਵਾਤਾਵਰਣ ਖੁਦ ਹੀ ਕਰ ਦੇਵੇਗਾ।

*- ਅਚਾਰੀਆ ਵਿਨੋਬਾ ਭਾਵੇ*

ਜੇ ਤੁਹਾਡੀ ਵਿਉਂਤ ਇਕ ਸਾਲ ਦੀ ਹੈ ਤਾਂ ਚੌਲ ਬੀਜੋ, ਜੇ ਦਸ ਸਾਲਾਂ ਦੀ ਹੈ ਤਾਂ ਰੁੱਖ ਲਾਓ ਅਤੇ ਜੇ ਯੋਜਨਾ ਸੌ ਸਾਲਾਂ ਦੀ ਹੈ ਤਾਂ ਲੋਕਾਂ ਨੂੰ ਵਿੱਦਿਆ ਦਿਓ।

*- ਚੀਨੀ ਕਹਾਵਤ*



Sri Satguru Jagjit Singh Ji eLibrary NamdhariElibrary@gmail.com

ਸਿਆਣਪ ਦੇ ਤਿੰਨ ਅਸੂਲ ਹਨ ਵਿਵੇਕਸ਼ੀਲ ਹੋਣਾ, ਘੱਟ ਬੋਲਣਾ, ਉਹੀ ਕਰਨਾ ਜੋ ਆਪ ਨੂੰ ਠੀਕ ਜਾਪੇ। ਹੰਕਾਰ ਮਨ ਨੂੰ ਖਾ ਜਾਂਦਾ ਹੈ, ਉਧਾਰ ਵਿਉਹਾਰ ਨੂੰ ਖਾ ਜਾਂਦਾ ਹੈ, ਲਾਲਚ ਵਪਾਰ ਨੂੰ ਖਾ ਜਾਂਦਾ ਹੈ, ਭੁੱਖ ਨਾ ਹੋਵੇ ਤਾਂ ਭੋਜਨ ਵਿਅਰਥ ਹੈ, ਪਰਉਪਕਾਰ ਨਾ ਕਰਨ ਵਾਲੇ ਦਾ ਤਾਂ ਜੀਵਨ ਹੀ ਵਿਅਰਥ ਹੈ ਸਾਹਸ ਨਾ ਹੋਵੇ ਤਾਂ ਹਥਿਆਰ ਵਿਅਰਥ ਨਿਮਰਤਾ ਨਾ ਹੋਵੇ ਤਾਂ ਵਿੱਦਿਆ ਵਿਅਰਥ ਹੈ। ਚਿੰਤਾ ਉਮਰ ਨੂੰ ਖਾ ਜਾਂਦੀ ਹੈ।

*- ਅਨਮੋਲ ਬਚਨ*

ਸਾਨੂੰ ਦੂਜਿਆਂ ਦੇ ਗਿਆਨਵਾਨ ਹੋਣ ਤੇ ਈਰਖਾ ਨਹੀਂ ਕਰਨੀ ਚਾਹੀਦੀ ਸਗੋਂ ਉਨ੍ਹਾਂ ਦੇ ਗਿਆਨ ਤੋਂ ਕੁਝ ਸਿੱਖਣਾ ਚਾਹੀਦਾ ਹੈ।

*- ਉਪਨਿਸ਼ਦ*

ਗਿਆਨ ਉਹ ਠੀਕ ਹੈ ਜਿਸ ਵਿਚ ਮਨੁੱਖ ਦਾ ਹਿੱਤ ਹੋਵੇ ਅਜਿਹਾ ਗਿਆਨ ਨਿਰਾਰਥਕ ਹੈ ਜਿਸ ਨਾਲ ਮਨੁੱਖ ਦਾ ਕਲਿਆਣ ਨਾ ਹੋ ਕੇ ਤਕਲੀਫ਼ ਵਧਦੀ ਹੈ।

*- ਮਹਾਤਮਾ ਗਾਂਧੀ*

ਚੰਗਾ ਫੈਸਲਾ ਹਮੇਸ਼ਾ ਗਿਆਨ ਤੇ ਅਧਾਰਤ ਹੁੰਦਾ ਹੈ, ਨਾ ਕਿ ਗਿਣਤੀ ਤੇ।

*- ਪਲੈਟੋ*

ਮਾਤ ਭਾਸ਼ਾ ਦੇ ਬਿਨਾਂ ਨਾ ਆਨੰਦ ਮਿਲਦਾ ਹੈ, ਨਾ ਵਿਸਤਾਰ ਹੁੰਦਾ ਹੈ ਅਤੇ ਨਾ ਹੀ ਸਾਡੀਆਂ ਯੋਜਨਾਵਾਂ ਪ੍ਰਫੁੱਲਤ ਹੁੰਦੀਆਂ ਹਨ।

*- ਰਬਿੰਦਰ ਨਾਥ ਟੈਗੋਰ*

ਮਨੁੱਖ ਵਿਚ ਜਿਹੜੀ ਸੰਪੂਰਨਤਾ ਕੁਦਰਤੀ ਤੌਰ ਤੇ ਬਿਰਾਜਮਾਨ ਹੈ ਉਸ ਨੂੰ ਪ੍ਰਤੱਖ ਕਰਨਾ ਹੀ ਸਿੱਖਿਆ ਦਾ ਕੰਮ ਹੈ।

*- ਸਵਾਮੀ ਵਿਵੇਕਾਨੰਦ*

ਲਾਪਰਵਾਹੀ ਅਕਸਰ ਅਗਿਆਨਤਾ ਤੋਂ ਜ਼ਿਆਦਾ ਨੁਕਸਾਨ ਪਹੁੰਚਾਉਂਦੀ ਹੈ।

*- ਫਰੈਂਕਲਿਨ*

ਵਿੱਦਿਆ ਹੀ ਅਜਿਹੀ ਚੀਜ ਹੈ ਜੋ ਦੁਨੀਆਂ ਵਿਚ ਹਰ ਥਾਂ ਖਿਲਰੀ ਪਈ ਹੈ ਇਹ ਉਹ ਚੀਜ਼ ਹੈ ਜਿਸਨੂੰ ਜਿੰਨਾ ਮਰਜ਼ੀ ਪ੍ਰਾਪਤ ਕੀਤਾ ਜਾ ਸਕਦਾ ਹੈ।

*- ਜਾਰਜ ਹਾਰੇਸ*

ਬਿਨਾਂ ਗਿਆਨ ਦੇ ਸੁਤੰਤਰਤਾ ਹਮੇਸ਼ਾ ਦੁਖਦਾਈ ਹੁੰਦੀ ਹੈ ਅਤੇ ਬਿਨਾਂ ਸੁਤੰਤਰਤਾ ਦੇ ਗਿਆਨ ਹਮੇਸ਼ਾ ਬੇਕਾਰ।

*- ਜਾਨਐਫ ਕੈਨੇਡੀ*

ਵਿੱਦਿਆ ਦਾ ਮਤਲਬ ਉਪਯੋਗਤਾ ਹੈ। ਜਿਸ ਰਾਹੀ ਬੰਦਾ ਗੁੱਸਾ ਕੀਤੇ ਬਿਨਾਂ ਜਾਂ ਸਵੈ ਵਿਸ਼ਵਾਸ ਗੁਆਏ ਬਿਨਾਂ ਹਰ ਚੀਜ਼ ਨੂੰ ਸੁਣ ਸਕਦਾ ਹੈ।

*- ਰਾਬਰਟ ਫਰੌਸਟ*



Sri Satguru Jagjit Singh Ji eLibrary NamdhariElibrary@gmail.com

ਜੇ ਥੋੜਾ ਗਿਆਨ ਖ਼ਤਰਨਾਕ ਹੁੰਦਾ ਹੈ ਤਾਂ ਮੈਨੂੰ ਉਹ ਬੰਦਾ ਦਿਖਾਓ ਜਿਸ ਕੋਲ ਬਹੁਤ ਸਾਰਾ ਗਿਆਨ ਹੈ ਤੇ ਉਹ ਗਿਆਨ ਖ਼ਤਰਨਾਕ ਨਹੀਂ।

*- ਹਕਸਲੇ*

ਜਿਨ੍ਹਾਂ ਵਿਚ ਨਾ ਵਿੱਦਿਆ ਹੈ, ਨਾ ਅਨੁਸ਼ਾਸਨ, ਨਾ ਗੁਣ ਅਤੇ ਨਾ ਹੀ ਧਰਮ ਹੈ, ਉਹ ਨਰ, ਪਸ਼ੂ ਧਰਤੀ ਲਈ ਭਾਰ ਹਨ।

*- ਭਰਥਰੀ ਹਰੀ*

ਸਾਰੀਆਂ ਬੁਰੀਆਂ ਗੱਲਾਂ ਦਾ ਬੀਜ ਅਗਿਆਨਤਾ ਵਿਚ ਹੈ।

*- ਮਾਂਟੇਨੈ*

ਬੱਦਲਾਂ ਵਿਚੋਂ ਚਾਹੇ ਅੰਮ੍ਰਿਤ ਦੀ ਵਰਖਾ ਹੋਵੇ ਪਰ ਬੈਂਤ ਦੇ ਬੂਟੇ ਨੂੰ ਫਲ ਫੁੱਲ ਨਹੀਂ ਲੱਗਦੇ। ਇਸੇ ਤਰ੍ਹਾਂ ਚਾਹੇ ਬ੍ਰਹਮਾ ਦੇ ਸਮਾਨ ਵੀ ਗੁਰੂ ਮਿਲੇ, ਮਨੁੱਖ ਦੇ ਹਿਰਦੇ ਵਿਚ ਗਿਆਨ ਨਹੀਂ ਹੁੰਦਾ।

*- ਗੋ ਸੁਆਮੀ ਤੁਲਸੀ ਦਾਸ*

ਜੋ ਕੋਈ ਵਿਅਕਤੀ ਆਪਣਾ ਧਨ ਗਿਆਨ ਹਾਸਲ ਕਰਨ ਲਈ ਖਰਚ ਕਰਦਾ ਹੈ ਤਾਂ ਕੋਈ ਵੀ ਗਿਆਨ ਰੂਪੀ ਇਸ ਧਨ ਨੂੰ ਉਸ ਤੋਂ ਖੋਹ ਨਹੀਂ ਸਕਦਾ। ਗਿਆਨ ਹਾਸਲ ਕਰਨ ਲਈ ਖਰਚ ਕੀਤਾ ਗਿਆ ਧਨ ਹਮੇਸ਼ਾ ਹੀ ਚੰਗਾ ਫਲ ਦਿੰਦਾ ਹੈ। ਕਿਉਂਕਿ ਕੋਈ ਵੀ ਵਿਅਕਤੀ ਸਿੱਖਿਆ ਹਾਸਲ ਕਰਨ ਉਪਰੰਤ ਹੀ ਸਮਾਜ ਨੂੰ ਆਪਣੀ ਯੋਗ ਅਗਵਾਈ ਦੇਣ ਯੋਗ ਬਣਦਾ ਹੈ। ਸਹੀ ਢੰਗ ਨਾਲ ਸਿੱਖਿਆ ਪ੍ਰਾਪਤ ਵਿਅਕਤੀ ਨੂੰ ਕੋਈ ਆਪਣਾ ਗੁਲਾਮ ਨਹੀਂ ਬਣਾ ਸਕਦਾ। ਜਾਂ ਉਸ ਨੂੰ ਆਪਣੇ ਮੁਤਾਬਕ ਨਹੀਂ ਚਲਾ ਸਕਦਾ ਅਤੇ ਅਜਿਹਾ ਵਿਅਕਤੀ ਹਮੇਸ਼ਾ ਇਕ ਕੁਸ਼ਲ ਪ੍ਰਸ਼ਾਸਕ ਹੋ ਨਿਬੜਦਾ ਹੈ।

*- ਮਿਸਜ. ਬੀ ਮਠਾੜੂ*

ਵਿੱਦਿਆ ਹੀ ਅਜਿਹੀ ਚੀਜ਼ ਹੈ ਜੋ ਦੁਨੀਆਂ ਵਿਚ ਹਰ ਥਾਂ ਖਿਲਰੀ ਪਈ ਹੈ ਇਹ ਉਹ ਚੀਜ਼ ਹੈ ਜਿਸ ਨੂੰ ਜਿੰਨਾ ਮਰਜ਼ੀ ਪ੍ਰਾਪਤ ਕੀਤਾ ਜਾ ਸਕਦਾ ਹੈ।

*- ਜਾਰਜ ਹਾਰੇਸ*

ਮਨਭਾਉਂਦੇ ਰੁਝੇਵੇਂ ਤੋਂ ਵਧੀਆ ਹੋਰ ਕੋਈ ਸਾਧਨ ਮਨੁੱਖ ਕੋਲ ਖੁਸ਼ ਰਹਿਣ ਦਾ ਹੈ ਹੀ ਨਹੀਂ।

*- ਬਰਟ ਰੰਡ ਰਸਲ*

ਕਦੇ ਕਦੇ ਉਨ੍ਹਾਂ ਤੋਂ ਵੀ ਸਾਨੂੰ ਸਿੱਖਿਆ ਮਿਲਦੀ ਹੈ ਜਿਨ੍ਹਾਂ ਨੂੰ ਅਸੀਂ ਅਗਿਆਨੀ ਕਹਿੰਦੇ ਹਾਂ।

*- ਅਗਿਆਤ*

ਸਹੀ ਸਿੱਖਿਆ ਦਾ ਮਨੋਰਥ ਆਪਣੇ ਯੁਗ ਨੂੰ ਨਿੱਤ ਨਵਾਂ ਰੱਖਣਾ ਹੈ।

*- ਗੁਰਬਖਸ਼ ਸਿੰਘ*

ਵਿੱਦਿਆ ਇਕ ਅਜਿਹਾ ਖਜਾਨਾ ਹੈ ਜਿਸ ਨੂੰ ਜਿੰਨਾ ਮਰਜ਼ੀ ਖਰਚ ਕਰੋ ਇਹ ਕਦੀ ਖਤਮ ਨਹੀਂ ਹੁੰਦਾ।

*- ਡਾ. ਰਾਧਾ ਕ੍ਰਿਸ਼ਨ*

ਵਿਦਵਾਨ ਲੋਕ ਹੀ ਸੰਸਾਰ ਵਿਚ ਸਭਦੇ ਸਿਰ ਤੇ ਬਿਰਾਜਦੇ ਹਨ। ਪਰ



Sri Satguru Jagjit Singh Ji eLibrary NamdhariElibrary@gmail.com

ਵਿੱਦਿਆ ਤੋਂ ਖਾਲੀ ਪੈਰਾਂ ਹੇਠ ਲਤਾੜੇ ਜਾਂਦੇ ਹਨ। ਵਿੱਦਿਆ ਸਮਾਨ ਕੋਈ ਬਲ ਅਤੇ ਸ਼ਕਤੀ ਨਹੀਂ ਇਸ ਅੱਗੇ ਸਭ ਨੂੰ ਸਿਰ ਝੁਕਾਉਣਾ ਪੈਂਦਾ ਹੈ। ਭਾਰਤ ਦੇਸ ਜਦੋਂ ਤੱਕ ਵਿੱਦਿਆ ਦਾ ਕੇਂਦਰ ਰਿਹਾ ਤਾਂ ਵਿਦੇਸ਼ੀ ਲੋਕ ਇਸਨੂੰ ਗੁਰੂ ਮੰਨ ਕੇ ਵਿੱਦਿਆ ਪਾਉਣ ਲਈ ਵਿਦਿਆਰਥੀ ਹੋ ਕੇ ਇਥੇ ਆਉਂਦੇ ਰਹੇ। ਪਰ ਜਦ ਵਿੱਦਿਆ ਤੋਂ ਬੇਮੁਖ ਹੋ ਗਿਆ ਤਾਂ ਸਾਰੀ ਮਹਿਮਾ ਖੋ ਬੈਠਾ ਅਤੇ ਹੋਰਨਾਂ ਦਾ ਮੁਹਥਾਜ ਹੋ ਗਿਆ। ਜੋ ਇਹ ਆਖਦਾ ਹੈ ਮੈਂ ਸਭ ਕੁਝ ਜਾਣਦਾ ਹਾਂ ਉਹ ਮੂਰਖ ਹੈ ਕਿਉਂਕਿ ਵਿੱਦਿਆ ਦਾ ਕਿਤੇ ਅੰਤ ਨਹੀਂ ਖੋਜਣ ਤੇ ਨਿੱਤ ਨਵੇਂ ਚਮਤਕਾਰ ਮਾਲੂਮ ਹੁੰਦੇ ਹਨ।

*-1931 ਈਸਵੀ ਨੂੰ ਪ੍ਰਧਾਨਗੀ ਭਾਸ਼ਣ ਵਿਚ ਭਾਈ ਕਾਨ੍ਹ ਸਿੰਘ*

ਵਿੱਦਿਆ ਤੋਂ ਬਿਨਾਂ ਵੱਡੇ ਵੱਡੇ ਖਾਨਦਾਨ ਵੀ ਛੇਤੀ ਬਰਬਾਦ ਹੋ ਜਾਂਦੇ ਹਨ ਅਤੇ ਵਿੱਦਿਆ ਪਾ ਕੇ ਛੋਟੇ ਵੀ ਦੇਵਤੇ ਬਣ ਜਾਂਦੇ ਹਨ।

*- ਚਾਣਕਿਆ*

ਅਗਿਆਨਤਾ ਨੂੰ ਦੂਰ ਕਰਨ ਲਈ ਅਨਪੜ੍ਹਤਾ ਨੂੰ ਦੂਰ ਕਰਨਾ ਬੜਾ ਜ਼ਰੂਰੀ ਹੈ।

*- ਅਗਿਆਤ*

ਵਿੱਦਿਆ ਉਹੀ ਹੈ ਜਿਸ ਨਾਲ਼ ਮਨੁੱਖ ਆਪਣੇ ਆਪ ਨੂੰ ਪਛਾਣੇ।

*- ਮਹਾਤਮਾ ਗਾਂਧੀ*

ਕਦੇ ਕਦੇ ਉਨ੍ਹਾਂ ਲੋਕਾਂ ਤੋਂ ਸਿੱਖਿਆ ਮਿਲਦੀ ਹੈ ਜਿਨ੍ਹਾਂ ਨੂੰ ਅਸੀਂ ਘੁਮੰਡਪੁਣੇ ਵਿਚ ਗਿਆਨ ਤੋਂ ਸੱਖਣੇ ਸਮਝਦੇ ਹਾਂ।

*- ਮੁਨਸੀ ਪ੍ਰੇਮਚੰਦ*

ਜਦੋਂ ਤੁਹਾਡੇ ਕੋਲ ਖਿਮਾ ਨਹੀਂ ਹੈ ਪਰ ਸਾਰੀ ਦੁਨੀਆਂ ਦੀ ਵਿੱਦਿਆ ਹੈ ਤਾਂ ਵੀ ਵਿੱਦਿਆ ਤੁਹਾਡਾ ਕਲਿਆਣ ਨਹੀਂ ਕਰ ਸਕਦੀ।

*- ਵਿਵੇਕਾਨੰਦ*

ਇਹ ਅਹਿਸਾਸ ਹੋਣਾ ਕਿ ਤੁਸੀਂ ਅਗਿਆਨੀ ਹੋ - ਹੀ ਗਿਆਨ ਵੱਲ ਵਧਦਾ ਇਕ ਮਹਾਨ ਕਦਮ ਹੈ।

*- ਡਿਜ਼ਰਾਇਲੀ*

ਵਿੱਦਿਆ ਅਜਿਹੀ ਚੀਜ਼ ਹੈ ਜਿਹੜੀ ਦੂਜਿਆਂ ਨੂੰ ਵੰਡਣ ਵਾਲੇ ਦਾ ਆਪਣਾ ਕੋਈ ਨੁਕਸਾਨ ਨਹੀਂ ਹੁੰਦਾ।

*- ਗਾਰਡਨ ਆਫ਼ ਲਿਵਿੰਗ*

ਕਿਸੇ ਵੀ ਇਨਸਾਨ ਦਾ ਗਿਆਨ ਉਸ ਦੇ ਤਜਰਬੇ ਦੀ ਸੀਮਾ ਤੋਂ ਅਗਾਂਹ ਨਹੀਂ ਹੋ ਸਕਦਾ।

*- ਜੌਹਨ ਲੌਕੇ*

ਵਿੱਦਿਆ ਖੁਸ਼ਹਾਲੀ ਸਮੇਂ ਇਕ ਗਹਿਣਾ ਹੈ ਅਤੇ ਮੰਦਹਾਲੀ ਸਮੇਂ ਇਕ ਸ਼ਰਨਗਾਹ ਹੈ।

*- ਅਰਸਤੂ*



Sri Satguru Jagjit Singh Ji eLibrary NamdhariElibrary@gmail.com

ਮਨੁੱਖ ਦਾ ਸੱਚਾ ਜੀਵਨ ਸਾਥੀ ਵਿੱਦਿਆ ਹੀ ਹੈ ਜਿਸ ਕਰਕੇ ਉਹ ਵਿਦਵਾਨ ਅਖਵਾਉਂਦਾ ਹੈ।

*- ਸਵਾਮੀ ਦਇਆਨੰਦ*

ਸਿੱਖਿਆ ਤੋਂ ਮੇਰਾ ਭਾਵ ਉਸ ਟਰੇਨਿੰਗ ਤੋਂ ਹੈ ਜਿਹੜੀ ਚੰਗੀਆਂ ਆਦਤਾਂ ਰਾਹੀਂ ਬੱਚਿਆਂ ਵਿਚ ਚੰਗੀ ਨੈਤਿਕਤਾ ਦਾ ਵਿਕਾਸ ਕਰਦੀ ਹੈ।

*- ਪਲੈਟੋ*

ਅਗਿਆਨ ਤੋਂ ਮੁਕਤ ਹੋ ਕੇ ਅਸੀਂ ਪਾਪਾਂ ਤੋਂ ਵੀ ਮੁਕਤ ਹੋ ਸਕਦੇ ਹਾਂ।

*- ਸਵਾਮੀ ਵਿਵੇਕਾਨੰਦ*

ਗਿਆਨ ਉਹ ਪੰਖ ਹੈ ਜਿਸ ਦੀ ਮਦਦ ਨਾਲ ਅਸੀਂ ਸੂਝ ਦੀ ਉਡਾਣ ਭਰਦੇ ਹਾਂ।

*- ਵਿਲੀਅਮ ਸੈਕਸਪੀਅਰ*

ਚਰਿਤਰ ਨਿਰਮਾਣ ਹੀ ਵਿੱਦਿਆ ਦਾ ਇਕੋ ਇਕ ਲਕਸ਼ ਹੈ।

*- ਪ੍ਰੇਮ ਚੰਦ*

ਪੜ੍ਹਨ ਤੋਂ ਸਸਤਾ ਹੋਰ ਕੋਈ ਮਨੋਰੰਜਨ ਨਹੀਂ ਜਿੰਨੀ ਖੁਸ਼ੀ ਪੜ੍ਹਨ ਤੋਂ ਮਿਲਦੀ ਹੈ ਓਨੀ ਕਿਸੇ ਵੀ ਹੋਰ ਸਾਧਨ ਤੋਂ ਨਹੀਂ।

*- ਐਡੀਸਨ*

ਜਿੰਨੀਆਂ ਜ਼ਿਆਦਾ ਵਿਦਿਅਕ ਸੰਸਥਾਵਾਂ ਖੁੱਲ੍ਹਣਗੀਆਂ ਸੰਸਾਰ ਵਿਚ ਓਨੇ ਹੀ ਕੈਦ ਖਾਨੇ ਘਟਦੇ ਜਾਣਗੇ।

*- ਵਿਕਟਰ ਹਿਊਗੋ*

ਜੋ ਸਿੱਖਿਆ ਤੁਹਾਡੇ ਸਰੀਰ ਅਤੇ ਤੁਹਾਡੀ ਚੇਤਨਾ ਇਨ੍ਹਾਂ ਦੋ ਵਿਸ਼ਿਆਂ ਨੂੰ ਛੂੰਹਦੀ ਨਹੀਂ ਉਹ ਨਾ ਸਿਰਫ਼ ਅਧੂਰੀ ਹੈ ਸਗੋਂ ਅਤਿਅੰਤ ਨੁਕਸਾਨਦੇਹ ਹੈ।

*- ਅਚਾਰੀਆ ਰਜਨੀਸ਼*

ਸਿੱਖਿਆ ਤੋਂ ਭਾਵ ਮਨ ਨੂੰ ਉਸ ਧਰਮ ਸੱਚ ਦੀ ਖੋਜ ਕਰਨ ਦੇ ਯੋਗ ਬਣਾਉਣਾ ਹੈ ਜੋ ਸਾਨੂੰ ਅਗਿਆਨਤਾ ਦੇ ਹਨੇਰੇ ਤੋਂ ਮੁਕਤੀ ਦੁਆਉਂਦੀ ਹੈ।

*- ਰਬਿੰਦਰ ਨਾਥ ਟੈਗੋਰ*

ਜਿਸ ਵਿਚ ਚਰਿਤਰ ਨਿਰਮਾਣ ਨਾ ਹੋਵੇ ਉਹ ਸਿੱਖਿਆ ਨਹੀਂ ਹੈ ਚਰਿੱਤਰ ਨਿਰਮਾਣ ਹੀ ਇਨਸਾਨ ਨੂੰ ਇਨਸਾਨ ਬਣਾਉਂਦਾ ਹੈ।

*- ਮਹਾਤਮਾ ਗਾਂਧੀ*

ਮਨੁੱਖੀ ਰੂਹ ਲਈ ਵਿੱਦਿਆ ਉਹੀ ਕੁੱਝ ਹੈ ਜੋ ਇਕ ਬੁੱਤ ਤਰਾਸ਼ ਇਕ ਸੰਗਮਰਮਰ ਦੇ ਟੁਕੜੇ ਲਈ ਹੁੰਦਾ ਹੈ।

*- ਥਾਮਸ ਐਡੀਸਨ*

ਮਰਦ ਦੀ ਸਿੱਖਿਆ ਕੇਵਲ ਇਕ ਵਿਅਕਤੀ ਦੀ ਸਿੱਖਿਆ ਹੈ ਪਰ ਇਕ ਔਰਤ ਦੀ ਸਿੱਖਿਆ ਪੂਰੇ ਪਰਿਵਾਰ ਦੀ ਸਿੱਖਿਆ ਹੈ।

*- ਜਵਾਹਰ ਲਾਲ ਨਹਿਰੂ*

ਵਿੱਦਿਆ ਸਰੀਰ ਦੀ ਕਸਰਤ ਅਤੇ ਮਨ ਦਾ ਸੰਗੀਤ ਹੈ। *- ਪਲੈਟੋ*



Sri Satguru Jagjit Singh Ji eLibrary NamdhariElibrary@gmail.com

ਜੇ ਤੁਸੀਂ ਬੱਚਿਆਂ ਲਈ ਸਕੂਲ ਉਸਾਰੋਗੇ ਤਾਂ ਤੁਹਾਨੂੰ ਵੱਡਿਆਂ ਲਈ ਜੇਲ੍ਹਾਂ ਨਹੀਂ ਉਸਾਰਨੀਆਂ ਪੈਣਗੀਆਂ।

- *ਐਲਜ ਕੁੱਕ*

ਸਿੱਖਿਆ ਸਭ ਤੋਂ ਪਹਿਲਾਂ ਇਸ ਸਬੰਧੀ ਸਿੱਖਿਆ ਹੈ ਕਿ ਇਕ ਚੰਗਾ ਇਨਸਾਨ ਕਿਵੇਂ ਬਣਿਆ ਜਾਵੇ।

- *ਵਾਸਲੀ ਸੁਖੋ ਮਲਿਸਕੀ*

ਸਿੱਖਿਆ ਇਕ ਸੁਚੇਤ ਅਤੇ ਸੋਚੀ ਸਮਝੀ ਪ੍ਰਕਿਰਿਆ ਹੈ। ਜਿਸ ਵਿਚ ਇਕ ਵਿਅਕਤੀ ਗਿਆਨ ਫੈਲਾਉਣ ਦੇ ਰਾਹੀ ਦੂਸਰੇ ਵਿਅਕਤੀ ਦੇ ਵਿਕਾਸ ਨੂੰ ਸੋਧਦਾ ਹੈ।

- *ਐਡਮਜ*

ਸਿਰਫ਼ ਸਾਖਰਤਾ ਸਿੱਖਿਆ ਨਹੀਂ ਨਾ ਹੀ ਗਿਆਨ ਸਿੱਖਿਆ ਹੈ ਬਲਕਿ ਵਿਗਿਆਨ ਸੋਚ ਅਤੇ ਸਿਆਣਪ ਦਾ ਵਿਕਾਸ ਹੀ ਸਿੱਖਿਆ ਹੈ।

- *ਡਾ. ਰਾਧਾ ਕ੍ਰਿਸ਼ਨਨ*

ਅਗਿਆਨ ਸਿਰਫ਼ ਮਨ ਦੇ ਅੰਦਰ ਹੁੰਦਾ ਹੈ ਮਨ ਤੋਂ ਬਾਹਰ ਅਗਿਆਨ ਦੀ ਕੋਈ ਹੋਂਦ ਨਹੀਂ।

- *ਸ਼ੰਕਰਾਚਾਰੀਆ*

ਦਿਨ ਦੇ ਚਾਨਣ ਵਾਂਗ ਮੈਨੂੰ ਸਪੱਸ਼ਟ ਹੈ ਕਿ ਦੁੱਖਾਂ ਦਾ ਇਕੋ ਕਾਰਨ ਅਗਿਆਨਤਾ ਹੈ।

- *ਨੈਪੋਲੀਅਨ*

ਬਿਨਾਂ ਅਭਿਆਸ ਵਿੱਦਿਆ ਨਹੀਂ ਵਿਦਿਆ ਬਿਨ ਧਨੁ ਨਾਹਿ
ਬਿਨਾਂ ਦਰਬ ਨਹਿ ਮਿੱਤਰ ਹੈ ਮਿਤਰ ਬਿਨਾ ਬਲ ਨਾਹਿ

- *ਪੰਡਤ ਹਰਦਿਆਲ*

ਸਿਰਫ਼ ਮਹਿੰਗੀ ਨਸਲ ਹੀ ਲੱਖਾਂ ਕਰੋੜਾਂ ਦੀ ਗਿਣਤੀ ਵਿਚ ਪਾਠਕ ਪੈਦਾ ਕਰ ਸਕਦੀ ਹੈ।

- *ਚੈਖੋਵ*

ਪੜ੍ਹਨਾ ਸਭ ਤੋਂ ਚੰਗੀ ਆਦਤ ਹੈ। - *ਕਲਾਮੀ*
ਪੜ੍ਹਨਾ ਦਿਮਾਗ ਦੀ ਕਸਰਤ ਹੈ। - *ਐਡੀਸਨ*
ਰੋਜ਼ ਪੰਜ ਘੰਟੇ ਚਾਹੇ ਕੁਝ ਵੀ ਪੜ੍ਹੋ ਤੁਸੀਂ ਵਿਦਵਾਨ ਬਣ ਜਾਵੋਗੇ।

- *ਜੌਨਸਨ*

ਵਿੱਦਿਆ ਅਜਿਹਾ ਪੌਦਾ ਹੈ ਜਿਸ ਦੀਆਂ ਜੜ੍ਹਾਂ ਕੌੜੀਆਂ ਤੇ ਫਲ ਮਿੱਠਾ ਹੁੰਦਾ ਹੈ।

- *ਅਰਸਤੂ*

ਹਰ ਸਿਆਣੇ ਪੁਰਸ਼ ਤੋਂ ਕੁਝ ਸਿੱਖੋ, ਚਾਹੇ ਉਹ ਛੋਟੀ ਉਮਰ ਦਾ ਹੀ ਹੋਵੇ।

- *ਪੰਚਤੰਤਰ*

ਬਾਲ ਸਿਖਧ ਸਭ ਸੀਖ ਪੜਾਵਾ।



Sri Satguru Jagjit Singh Ji eLibrary NamdhariElibrary@gmail.com

ਕੋਊ ਅਨਪੜ੍ਹ ਰਹਿਣ ਨਾ ਪਾਵਾ॥

*- ਸ੍ਰੀ ਗੁਰੂ ਗੋਬਿੰਦ ਸਿੰਘ ਜੀ*

ਕੁਝ ਚੀਜ਼ਾਂ ਬਾਰੇ ਸਭ ਕੁੱਝ ਅਤੇ ਸਾਰੀਆਂ ਬਾਰੇ ਕੁਝ ਨਾ ਕੁਝ ਜਾਨਣਾ ਹੀ ਅਸਲ ਵਿੱਦਿਆ ਹੈ।

*- ਬਰਨਾਰਡ ਸ਼ਾਹ*

ਵਿਦਿਆ ਵੀਚਾਰੀ ਤਾ ਪਰਉਪਕਾਰੀ॥

*- ਸ੍ਰੀ ਗੁਰੂ ਨਾਨਕ ਦੇਵ ਜੀ*

ਮਾਤਾ ਪਿਤਾ ਸੋ ਸ਼ੱਤਰ ਹੈ ਪੁੱਤਰ ਪੁੱਤਰੀ ਪੜ੍ਹਾਵਤ ਨਾਹਿ।

*- ਰਾਜਨੀਤੀ ਚਾਣਕੀਆ*

ਪੜ੍ਹਨਾ ਗਰੀਬ ਦੀ ਦੌਲਤ, ਅਮੀਰ ਦੀ ਸ਼ਾਨ, ਗੱਭਰੂ ਦੀ ਧਿਰ, ਬਿਰਧ ਲਈ ਸਾਥੀ ਹੈ।

*- ਜਾਰਜ ਵਿਲੀਅਮ*

ਵਿੱਦਿਆ ਦਾ ਮੂਲ ਮਨੋਰਥ ਮਨੁੱਖ ਨੂੰ ਰੁਜ਼ਗਾਰ ਦਿਵਾਉਣ ਦਾ ਦਾਅਵਾ ਨਹੀਂ। ਇੱਕ ਚੰਗੇ ਸਭਿਅਕ ਤੇ ਗਿਆਨਵਾਨ ਬਣਾਏ ਜਾਣ ਦਾ ਵਾਅਦਾ ਹੈ। ਜੇ ਕੋਈ ਵਿੱਦਿਆ ਪ੍ਰਾਪਤ ਕਰਕੇ ਸਫਲ ਸੁਚੱਜੀ ਤੇ ਚੰਗੇਰੀ ਜੀਵਨ ਜਾਂਚ ਵਾਲਾ ਇਨਸਾਨ ਨਹੀਂ ਬਣ ਸਕਿਆ ਤਾਂ ਸਪੱਸ਼ਟ ਹੈ ਕਿ ਉਹ ਵਿੱਦਿਆ ਦੇ ਅਸਲ ਮਨੋਰਥ ਨੂੰ ਸਮਝਣ ਤੇ ਅਪਣਾਉਣ ਵਿਚ ਅਸਫਲ ਤੇ ਅਵੇਸਲਾ ਰਹਿ ਗਿਆ ਹੈ।

*- ਗੁਰਦਾਸ ਸਿੰਘ ਨਿਰਮਾਣ ਦੀ ਪੁਸਤਕ ਸਫਲ ਜੀਵਨ ਦਾ ਰਾਜ਼ ਵਿਚੋਂ*

ਵਿੱਦਿਆ ਉਹੀ ਮੰਨੀ ਜਾ ਸਕਦੀ ਹੈ ਜਿਹੜੀ ਆਦਮੀ ਦੀ ਅੰਦਰਲੀ ਸੁੰਦਰਤਾ ਦੇ ਬੂਹੇ ਖੋਲ੍ਹੇ। ਪੈਸੇ ਕਮਾਉਣ ਵਾਲੀ ਵਿੱਦਿਆ ਦਾ ਅੱਜ ਕੱਲ ਜ਼ਿਆਦਾ ਬੋਲਬਾਲਾ ਹੈ ਜ਼ਿੰਦਗੀ ਜੀਣ ਲਈ ਇਨਸਾਨ ਕੋਲ ਸੋਚ ਸੋਝੀ ਅਤੇ ਕਲਾ ਹੋਣੇ ਚਾਹੀਦੇ ਹਨ। ਇਕੱਲਾ ਪੈਸਾ ਹੀ ਨਹੀਂ, ਬੰਦੇ ਦਾ ਸਦਾਚਾਰ ਆਚਾਰ ਅਤੇ ਵਿਹਾਰ ਪੈਸੇ ਤੋਂ ਕਈ ਗੁਣਾਂ ਉਪਰ ਹਨ। ਮਾਨਵੀ ਗੁਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ।

*- ਗੁਰਚਰਨ ਸਿੰਘ ਨੂਰਪੁਰ*

ਅੱਖਰਾਂ ਹਰਫ਼ਾਂ ਦੀ ਮਹਾਨਤਾ ਹੀ ਉਨ੍ਹਾਂ ਦੀ ਚੋਣ ਤੇ ਨਿਰਭਰ ਕਰਦੀ ਹੈ। ਅਕਾਲ ਪੁਰਖ ਦੀ ਉਸਤਿਤ ਲਈ ਭੇਟਾ ਕੀਤੇ ਅੱਖਰ ਸੁਨਹਿਰੀ ਭਾ ਮਾਰਦੇ ਹਨः ਅਖਰੀ ਨਾਮ ਅਖਰੀ ਸਲਾਹ॥ ਅਖਰੀ ਗਿਆਨ ਗੀਤ ਗੁਣ ਗਾਹ। ਜਿਵੇਂ ਗੁਰਬਾਣੀ ਵਿੱਚ ਆਤਮਾ ਤੇ ਪ੍ਰਮਾਤਮਾ ਦੀ ਇਕਮਿਕਤਾ ਦਾ ਵਰਨਣ ਦਰਜ ਹੈ ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ ਤਿਵੇ ਪੈਤੀ ਅੱਖਰੀ ਅਤੇ ਗਿਆਨ ਦੇ ਅਥਾਹ ਭੰਡਾਰ ਦਾ ਰਿਸ਼ਤਾ ਹੈ। ਭਾਵੇ ਵਰਣਮਾਲਾ ਨਾਲ ਕੁਦਰਤ ਦੇ ਪਸਾਰੇ ਨੂੰ ਪੂਰੀ ਤਰ੍ਹਾਂ ਲਿਖਣਾ ਅਸੰਭਵ ਹੈ। ਲੇਖਾ ਹੋਏ ਤਾਂ ਲਿਖੀਐ ਫਿਰ ਵੀ ਪੈਤੀ ਅੱਖਰੀ ਦਾ ਅਮੁੱਕ ਭੰਡਾਰ ਕੁਦਰਤ ਦੇ ਅਣਗਿਣਤ ਗੁੱਝੇ ਭੇਦਾਂ ਨੂੰ ਵਰਨਣ ਕਰਨ ਵਿਚ ਸਹਾਈ ਹੁੰਦਾ ਹੈ।

*- ਵਰਿੰਦਰ ਵਾਲੀਆ*



Sri Satguru Jagjit Singh Ji eLibrary NamdhariElibrary@gmail.com

# ਗੁਰੂ, ਅਧਿਆਪਕ, ਉਸਤਾਦ

ਅਧਿਆਪਕ ਉਸ ਰੌਸ਼ਨੀ ਵਾਂਗ ਹੈ ਜੋ ਆਪ ਜਗਦੀ ਹੈ ਅਤੇ ਦੂਜਿਆਂ ਨੂੰ ਰੋਸ਼ਨੀ ਦਿੰਦੀ ਹੈ।

*- ਟੈਗੋਰ*

ਅਧਿਆਪਕ ਕੋਈ ਪ੍ਰੋਫੈਸਰ ਜਾਂ ਕੰਮ ਲੈਣ ਵਾਲਾ ਨਹੀਂ। ਉਹ ਸਹਾਇਕ ਅਤੇ ਮਾਰਗ ਦਰਸ਼ਕ ਹੁੰਦਾ ਹੈ। ਉਸ ਦਾ ਕੰਮ ਸੁਝਾਅ ਦੇਣਾ ਹੈ, ਥੋਪਣਾ ਨਹੀਂ।

*- ਮਹਾਂਰਿਸ਼ੀ ਅਰਵਿੰਦ*

ਉਸਤਾਦ ਅਤੇ ਮਾਂ ਜ਼ੁਬਾਨ ਦੇ ਕੌੜੇ ਤਾਂ ਹੋ ਸਕਦੇ ਹਨ ਪਰ ਉਹ ਮਨ ਦੇ ਮੈਲੇ ਨਹੀਂ ਹੁੰਦੇ।

*- ਗੀਤਾ ਉਪਦੇਸ਼*

ਅਧਿਆਪਕ ਹੋਣ ਦਾ ਅਰਥ ਨੇਕ ਇਨਸਾਨ ਬਣਨਾ ਹੈ।

*- ਅਗਿਆਤ*

ਜਿਸ ਤਰ੍ਹਾਂ ਜਹਾਜ਼ ਬਿਨਾਂ ਸਮੁੰਦਰ ਪਾਰ ਨਹੀਂ ਹੋ ਸਕਦਾ ਉਸੇ ਤਰ੍ਹਾਂ ਹੀ ਗੁਰੂ ਦੇ ਮਾਰਗ ਦਰਸ਼ਨ ਬਗੈਰ ਸੰਸਾਰ ਸਾਗਰ ਨੂੰ ਪਾਰ ਕਰਨਾ ਅਤਿਅੰਤ ਕਠਿਨ ਹੈ।

*- ਸੰਤ ਵਿਨੋਬਾ ਭਾਵੇ*

ਬੱਚਿਆਂ ਨੂੰ ਸਿੱਖਿਆ ਦੇਣ ਵਾਲੇ ਅਧਿਆਪਕ ਮਾਪਿਆਂ ਨਾਲੋਂ ਵੱਧ ਸਨਮਾਨ ਦੇ ਹੱਕਦਾਰ ਹਨ ਮਾਪੇ ਕੇਵਲ ਜਨਮ ਅਤੇ ਜੀਵਨ ਦਿੰਦੇ ਹਨ ਜਦਕਿ ਅਧਿਆਪਕ ਇਕ ਚੰਗੇ ਜੀਵਨ ਨੂੰ ਯਕੀਨੀ ਬਣਾਉਂਦੇ ਹਨ।

*- ਅਰਸਤੂ*

ਇੱਕ ਟੀਚਰ ਉਦੋਂ ਤੱਕ ਚੰਗੀ ਤਰ੍ਹਾਂ ਸਿੱਖਿਆ ਪ੍ਰਦਾਨ ਨਹੀਂ ਕਰ ਸਕਦਾ ਜਦੋਂ ਤੱਕ ਉਹ ਆਪ ਸਿੱਖਿਆ ਪ੍ਰਾਪਤ ਨਾ ਕਰ ਰਿਹਾ ਹੋਵੇ। ਇਕ ਦੀਵਾ ਉਦੋਂ ਤੱਕ ਦੂਜਾ ਦੀਵਾ ਨਹੀਂ ਜਗਾ ਸਕਦਾ ਜਦੋਂ ਤੱਕ ਉਹ ਆਪ ਨਾ ਜਲ ਰਿਹਾ ਹੋਵੇ।

*- ਰਵਿੰਦਰ ਨਾਥ ਟੈਗੋਰ*

ਖੁਦਾ ਦੀ ਕਸਮ ਜਿਸਨੇ ਮੁਝੇ ਏਕ ਲਫਜ ਵੀ ਸਿਖਾ ਦੀਆ, ਵੋਹ ਸਖਸ ਸਾਰੀ ਉਮਰ ਮੇਰਾ ਉਸਤਾਦ ਰਹੇਗਾ।

*- ਸੇਖ ਸਾਅਦੀ*

ਗੁਰੂ ਦੀ ਝਿੜਕ ਪਿਤਾ ਦੇ ਪਿਆਰ ਤੋਂ ਚੰਗੀ ਹੈ।

*- ਸੇਖ ਸਾਅਦੀ*

ਚੰਗੇ ਅਤੇ ਮਾੜੇ ਅਧਿਆਪਕ ਦੀ ਕੇਵਲ ਤਨਖਾਹ ਬਰਾਬਰ ਹੁੰਦੀ ਹੈ ਹਰ ਇਕ ਮਾਂ ਨੂੰ ਇਕ ਧੀ ਚਾਹੀਦੀ ਹੁੰਦੀ ਹੈ ਉਹ ਗੱਲਾਂ ਕਰਨ ਲਈ ਜਿਹੜੀਆਂ ਕੇਵਲ ਧੀ ਨਾਲ ਹੀ ਕੀਤੀਆਂ ਜਾ ਸਕਦੀਆਂ ਹਨ।

*- ਨਰਿੰਦਰ ਸਿਘ ਕਪੂਰ*



Sri Satguru Jagjit Singh Ji eLibrary NamdhariElibrary@gmail.com

# ਬੁਢਾਪਾ, ਮਾਂ, ਮਾਪੇ, ਇਸਤਰੀ

ਔਰਤਾਂ ਦਾ ਸੋਸ਼ਣ ਬਹੁਤ ਨੇੜਤਾ ਨਾਲ ਕੀਤਾ ਗਿਆ ਹੈ।

*- ਹਾਰਬਡ ਜਿਨ੍ਹੂ*

ਔਰਤ ਦੀ ਸੋਝੀ ਆਦਮੀ ਨਾਲੋਂ ਤਿੱਖੀ ਹੁੰਦੀ ਹੈ ਸਚੇਤ ਦਲੀਲਾਂ ਦੇ ਬਿਨਾ ਉਹ ਕਈ ਵਾਰ ਫੌਰੀ ਫੈਸਲੇ ਕਰਦੀ ਹੈ ਜਿਹੜੇ ਆਦਮੀ ਦੇ ਸੋਚੇ ਔਖੇ ਵਿਚਾਰਾਂ ਨਾਲੋਂ ਕਿਤੇ ਵਧੀਆ ਹੁੰਦੇ ਹਨ।

*- ਡਬਲਿਊ ਆਈਕ ਮੈਨ*

ਜਿਸ ਦਿਨ ਸਮਾਜ ਇਸਤਰੀ ਦਾ ਨਹੀਂ, ਸਰੀਰ ਦੇ ਅੰਗਾਂ ਦਾ ਨਹੀਂ ਸਗੋਂ ਇਸਤਰੀ ਦੀ ਬੁੱਧੀ ਤੇ ਮਿਹਨਤ ਦਾ ਮੁੱਲ ਦੇਣਾ ਸਿੱਖ ਜਾਵੇਗਾ ਉਸ ਦਿਨ ਤੋਂ ਇਸਤਰੀ ਮਨੁੱਖ ਰੂਪ ਵਿਚ ਸਵੀਕਾਰ ਹੋਵੇਗੀ।

*- ਤਸਲੀਮਾ ਨਸਰੀਨ*

ਔਰਤਾਂ ਦੀ ਦਿਮਾਗੀ ਉਪਜ ਦੁਆਲੇ ਕੌਮੇ ਲਗਾਕੇ ਉਨ੍ਹਾਂ ਦੇ ਨਾਂ ਲਿਖਣੇ ਭੁੱਲ ਜਾਣਾ ਮਰਦਾਂ ਦੀ ਪੁਰਾਣੀ ਮਰਜ਼ ਹੈ।

*- ਅੰਨਾ ਗਾਰਲਿਨ ਸਪੈਂਸਰ*

ਮਾਤਾ ਪਿਤਾ ਅਤੇ ਅਧਿਆਪਕ ਦੀ ਸੇਵਾ ਸਭ ਤੋਂ ਉਤਮ ਹੈ।

*- ਭੀਸ਼ਮ ਪਿਤਾਮਾ*

ਮਾਂ ਪਿਓ ਪਰਹਰਿ ਸੁਣੈ ਵੇਦ ਭੇਦ ਨਾ ਜਾਣੇ ਕਥਾ ਕਹਾਣੀ।
ਮਾਂ ਪਿਓ ਪਰਹਰਿ ਕਰੈ ਤਪ ਵਣਖੰਡਿ ਭੁਲਾ ਫਿਰੈ ਬਿਬਾਣੀ॥
ਮਾਂ ਪਿਓ ਪਰਹਰਿ ਕਰੈ ਪੂਜ ਦੇਵੀ ਦੇਵ ਨਾ ਸੇਵ ਕਮਾਣੀ।
ਮਾਂ ਪਿਓ ਪਰਹਰਿ ਨ੍ਹਾਵਣਾ ਅੱਠ ਸੱਠ ਤੀਰਥ ਘੁਮਣ ਵਾਣੀ॥
ਮਾਂ ਪਿਓ ਪਰਹਰਿ ਕਰੈਦਾਨ ਬੇਈਮਾਨ ਅਗਿਆਨ ਪਰਾਣੀ।
ਮਾਂ ਪਿਓ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮ ਭਲਾਣੀ॥

*- ਵਾਰਾਂ ਭਾਈ ਗੁਰਦਾਸ ਜੀ*

ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਜਿੰਨੇ ਮਰਜੀ ਪਾਠ ਸੁਣੇ ਤੇ ਭਾਵੇਂ ਕਰੇ ਜੇ ਗੁਰੂ ਦਾ ਹੁਕਮ ਮੰਨ ਕੇ ਬਜ਼ੁਰਗਾਂ ਦੀ ਸੇਵਾ ਨਹੀਂ ਕਰਦਾ ਤਾਂ ਉਹ ਸਮਾਜ ਵਿਚ ਆਦਰ ਨਹੀਂ ਪਾ ਸਕਦਾ।

ਬਜ਼ੁਰਗ ਹੋਣ ਤੇ ਵੀ ਮਾਂ ਬਾਪ ਵਡਮੁੱਲੀ ਸੰਪਤੀ ਹੁੰਦੇ ਹਨ ਜਿਸ ਦੀ ਔਖੇ ਹੋ ਕੇ ਵੀ ਸੰਭਾਲ ਕਰਨੀ ਚਾਹੀਦੀ ਹੈ। ਪਰਮਾਤਮਾ ਅਦਿੱਖ ਹੈ ਫਿਰ ਵੀ ਜੇ ਕਿਸੇ ਨੇ ਸਾਖਸ਼ਾਤ ਦੇਖਣਾ ਹੋਵੇ ਤਾਂ ਉਹ ਆਪਣੇ ਮਾਂ ਬਾਪ ਨੂੰ ਸਤਿਕਾਰ ਦੀ ਨਜ਼ਰ ਨਾਲ ਵੇਖੇ। ਮਾਂ ਬਾਪ ਪਰਮਾਤਮਾ ਦਾ ਹੀ ਨੁਮਾਇੰਦਾ ਰੂਪ ਹੁੰਦੇ ਹਨ। ਮਾਂ ਬਾਪ ਦੇ ਅੰਤਲੇ ਸਾਹਾਂ ਤੱਕ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਰਿਸ਼ਤਾ ਜੋੜੀ ਰੱਖਣ ਲਈ ਏਨੀ ਕੁ ਗੱਲ ਸਮਝਣੀ ਔਖੀ ਨਹੀਂ ਹੋਣੀ ਚਾਹੀਦੀ।

*- ਸਵਾਮੀ ਵਿਵੇਕਾਨੰਦ*



Sri Satguru Jagjit Singh Ji eLibrary NamdhariElibrary@gmail.com

ਕਾਹੇ ਪੂਤ ਝਗਰਤ ਹਉ ਸੰਗ ਬਾਪ॥ ਜਿਨਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥

*- ਸ੍ਰੀ ਗੁਰੂ ਰਾਮ ਦਾਸ ਜੀ*

ਅਸੀਂ ਔਰਤਾਂ ਸਾਰਿਆਂ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲਣਾ ਚਾਹੁੰਦੀਆਂ ਹਾਂ ਪਰ ਪੁਰਸ਼ਾਂ ਨੂੰ ਨਾਲ ਚੱਲਣ 'ਚ ਝਿਜਕ ਹੋਵੇ ਤਾਂ ਕੀ ਔਰਤਾਂ ਨੂੰ ਆਪਣੇ ਵਲੋਂ ਪਹਿਲ ਨਹੀਂ ਕਰਨੀ ਚਾਹੀਦੀ।

*- ਇੰਦਰਾ ਗਾਂਧੀ*

ਔਰਤ ਇਨਸਾਨ ਹੈ, ਮਨੁੱਖ ਜਾਤ ਹੈ, ਅਜ਼ਾਦ ਹੋਈ ਹਰ ਚੀਜ਼ ਦਾ ਮਾਪ ਹੈ।

*- ਪ੍ਰੋ. ਕਿਸ਼ਨ ਸਿੰਘ*

ਬੁਢਾਪਾ ਆਦਮੀ ਨੂੰ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਖੁਸ਼ੀਆਂ ਤੋਂ ਵਾਂਝਾ ਕਰ ਦਿੰਦਾ ਹੈ। ਉਹ ਇਨਸਾਨ ਦੀ ਤਾਕਤ, ਅੱਖਾਂ ਦੀ ਤੇਜ਼ ਰੌਸ਼ਨੀ ਤੇ ਚੰਗੀ ਤਰ੍ਹਾਂ ਸੁਣਨ ਦੀ ਸਮਰੱਥਾ ਖੋਹ ਲੈਂਦਾ ਹੈ।

*- ਰਸੂਲ ਹਮਜਾ ਤੋਵ*

ਸੁਹਿਰਦ ਮਤਭੇਦ ਹੀ ਜ਼ਿਆਦਾਤਰ ਤਰੱਕੀ ਦਾ ਸੁਖਾਲਾ ਰਾਹ ਚੁਣਦੇ ਹਨ। ਜੋ ਕੁੱਝ ਆਦਮੀ ਆਪਣੇ ਪ੍ਰਵਚਨ ਵਿਚ ਕਹਿ ਸਕਦਾ ਹੈ ਔਰਤ ਉਸ ਤੋਂ ਵੱਧ ਆਪਣੇ ਹਾਉਂਕਿਆਂ ਵਿਚ ਕਹਿ ਸਕਦੀ ਹੈ।

*- ਅਗਿਆਤ*

ਮਾਂ ਦੀ ਕੁਰਬਾਨੀ ਦਾ ਮੁੱਲ ਕੋਈ ਵੀ ਨਹੀਂ ਦੇ ਸਕਦਾ। ਚਾਹੇ ਉਹ ਸਾਰੀ ਧਰਤੀ ਦਾ ਮਾਲਕ ਕਿਉਂ ਨਾ ਹੋਵੇ।

*- ਮੁਨਸ਼ੀ ਪ੍ਰੇਮ ਚੰਦ*

ਔਰਤ ਜਾਤੀ ਪੁਰਸ਼ ਜਾਤੀ ਤੋਂ ਜ਼ਿਆਦਾ ਉਦਾਰ ਅਤੇ ਜ਼ਿਆਦਾ ਉੱਚੀ ਹੈ ਕਿਉਂਕਿ ਅੱਜ ਵੀ ਤਿਆਗ ਦੀ ਮੂਰਤ ਹੈ।

*- ਮਹਾਤਮਾ ਗਾਂਧੀ*

ਮੇਰੀ ਮਾਂ ਨੇ ਦੱਸਿਆ ਸੀ ਕਿ ਜੇਕਰ ਹਰੇਕ ਵਿਅਕਤੀ ਆਪਣੇ ਕਰਤੱਵ ਪੂਰੇ ਕਰੇ ਤਾਂ ਸਾਰਿਆਂ ਨੂੰ ਉਨ੍ਹਾਂ ਦੇ ਅਧਿਕਾਰ ਮਿਲ ਜਾਣਗੇ।

*- ਮਹਾਤਮਾ ਗਾਂਧੀ*

ਔਰਤ ਦੀ ਫਿਤਰਤ ਵਿਚ ਇਹ ਸਿਫ਼ਤ ਹੈ ਕਿ ਉਹ ਜਜਬਾਤੀ ਰੌਂਅ ਵਿਚ ਪੰਘਰਦੀ ਅਤੇ ਮੁਸ਼ਕਲਾਂ ਵਿਚ ਫਸੀ ਵੀ ਕੁਝ ਚੰਗਾ ਸੋਚ ਸਕਦੀ ਹੈ। ਪਿਆਰ ਦੀ ਪ੍ਰੀਖਿਆ ਇੱਕ ਪਾਗਲ ਅਤੇ ਅੱਖੜ ਸੁਭਾ ਨੂੰ ਵੀ ਸੰਗ ਝਿਜਕ ਵਿਚ ਸੋਚਣ ਲਈ ਤਿਆਰ ਕਰ ਦਿੰਦੀ ਹੈ। ਚੁਗਲਖੋਰ ਆਪਣੀ ਜਮੀਰ ਨਾਲ ਜਬਰਦਸਤੀ ਕਰਕੇ ਕੁਝ ਸਮੇਂ ਲਈ ਭਾਵੇ ਖੁਸ਼ ਹੋ ਜਾਵੇ ਪਰ ਅਸਲੀਅਤ ਦਾ ਨੰਗਾ ਅਸਰ ਉਸ ਦੀ ਥੋਥੀ ਖੁਸ਼ੀ ਨੂੰ ਸਦੀਵੀ ਪਛਤਾਵੇ ਵਿਚ ਬਦਲ ਦਿੰਦਾ ਹੈ।

*- ਜਸਵੰਤ ਸਿੰਘ ਕੰਵਲ*

ਕੁਝ ਘਟਨਾਵਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਤੋਂ ਔਰਤ ਕਦੇ ਵੀ



Sri Satguru Jagjit Singh Ji eLibrary NamdhariElibrary@gmail.com

ਛੁਟਕਾਰਾ ਨਹੀਂ ਪਾ ਸਕਦੀ ਉਹ ਉਸ ਦੇ ਮੱਥੇ ਦੀ ਤਕਦੀਰ ਬਣ ਜਾਂਦੀਆਂ ਹਨ।

*- ਨੈਥੇਨੀਅਲ ਹਾਥਾਰਨ*

ਆਦਮੀ ਮਕਾਨ ਬਣਾਉਂਦੇ ਹਨ ਪਰ ਔਰਤਾਂ ਉਨ੍ਹਾਂ ਨੂੰ ਘਰ ਬਣਾਕੇ ਦਿੰਦੀਆਂ ਹਨ।

*- ਐਨਨ*

ਜਦੋਂ ਤੱਕ ਔਰਤਾਂ ਦੀ ਸਥਿਤੀ ਵਿਚ ਸੁਧਾਰ ਨਹੀਂ ਹੁੰਦਾ, ਉਦੋਂ ਤੱਕ ਸੰਸਾਰ ਦਾ ਭਲਾ ਨਹੀਂ ਹੋ ਸਕਦਾ।

*- ਸਵਾਮੀ ਵਿਵੇਕਾਨੰਦ*

ਔਰਤਾਂ ਦਾ ਆਦਰ ਕਰੋ ਉਹ ਸਾਡੇ ਦੁਨਿਆਵੀ ਜੀਵਨ ਵਿਚ ਸਵਰਗੀ ਫੁੱਲ ਗੁੰਦ ਦਿੰਦੀਆਂ ਹਨ।

*- ਸਿਲਰ*

ਔਰਤ ਨੂੰ ਬੁਰੇ ਸ਼ਬਦ ਨਹੀਂ ਬੋਲਣੇ ਚਾਹੀਦੇ ਕਿਉਂਕਿ ਇਸ ਦੀ ਗੋਦ ਵਿਚ ਸਾਰਿਆਂ ਨੇ ਜਨਮ ਲਿਆ ਹੈ।

*- ਸ੍ਰੀ ਗੁਰੂ ਨਾਨਕ ਦੇਵ ਜੀ*

ਔਰਤਾਂ ਮਰਦਾਂ ਨਾਲੋਂ ਜ਼ਿਆਦਾ ਸਿਆਣੀਆਂ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਦੀ ਜਾਣਕਾਰੀ ਭਾਵੇ ਘੱਟ ਹੁੰਦੀ ਹੈ ਪਰ ਉਨ੍ਹਾਂ ਵਿਚ ਸਮਝਦਾਰੀ ਜ਼ਿਆਦਾ ਹੁੰਦੀ ਹੈ।

*- ਜੇਮਜ ਸਟੈਫਨ ਜੀ*

ਔਰਤਾਂ ਦਾ ਗੁੱਸਾ ਹੀਰੇ ਦੀ ਚਮਕ ਵਾਂਗ ਹੁੰਦਾ ਹੈ ਜੋ ਕੇਵਲ ਚਮਕਦਾ ਹੈ, ਚਲਦਾ ਨਹੀਂ।

*- ਟੈਗੋਰ*

ਔਰਤ ਦੇ ਚਾਰ ਰੂਪ ਹਨ ਮਾਂ, ਭੈਣ, ਬੇਟੀ, ਪਤਨੀ। ਇਹ ਸਾਰੇ ਰੂਪ ਆਪਣੇ ਆਪ ਵਿਚ ਅਨੋਖੇ ਹਨ।

*- ਪੰਡਤ ਨਹਿਰੂ*

ਔਰਤ ਨਾਲ ਦਿਲ ਬਹਿਸ ਕਰਦਾ ਹੈ, ਦਿਮਾਗ ਨਹੀਂ।

*- ਮੈਥਿਊਆਰਨੋਲਡ*

ਸਭ ਤੋਂ ਖੁਸ਼ਹਾਲ ਔਰਤ ਦਾ ਵੀ ਖੁਸ਼ਹਾਲ ਕੌਮ ਵਾਂਗ ਇਤਿਹਾਸ ਨਹੀਂ ਹੁੰਦਾ।

*- ਮਾਰਜ ਇਲੀਅਟ*

ਮਰਦ ਦੀਆਂ ਸਾਰੀਆਂ ਦਲੀਲਾਂ ਔਰਤ ਦੇ ਇੱਕ ਜਜ਼ਬੇ ਦਾ ਮੁਕਾਬਲਾ ਨਹੀਂ ਕਰ ਸਕਦੀਆਂ।

*- ਵਾਲਟੇਅਰ*

ਪ੍ਰੇਮ ਕਿਵੇਂ ਕਰਨਾ ਹੈ ਇਹ ਕੇਵਲ ਔਰਤ ਹੀ ਜਾਣਦੀ ਹੈ।

*- ਮੋਂਪਾਸਾਂ*

ਸੰਗੀਤ ਆਦਮੀ ਦੇ ਦਿਲ ਵਿਚ ਅੱਗ ਲਾ ਦਿੰਦਾ ਹੈ ਅਤੇ ਔਰਤ ਦੀਆਂ ਅੱਖਾਂ ਵਿਚੋਂ ਪਾਣੀ ਵਹਾ ਦਿੰਦਾ ਹੈ। *- ਬੀਥੋਵਿਨ*



Sri Satguru Jagjit Singh Ji eLibrary NamdhariElibrary@gmail.com

ਔਰਤਾਂ ਪਵਿੱਤਰ ਹਨ ਅਤੇ ਘਰ ਦੀ ਸ਼ੋਭਾ ਹਨ ਉਨ੍ਹਾਂ ਦੀ ਸੁਰੱਖਿਆ ਕਰੋ।

*- ਮਹਾਂਭਾਰਤ*

ਸੋਹਣੀ ਔਰਤ ਇਕ ਸ਼ਾਇਰ ਹੀ ਤਾਂ ਹੁੰਦੀ ਹੈ।

*- ਐਮਰਸਨ*

ਜਿੱਥੇ ਔਰਤ ਦਾ ਸਨਮਾਨ ਨਹੀਂ ਹੁੰਦਾ ਉਥੇ ਸਾਰੀਆਂ ਧਾਰਮਿਕ ਅਤੇ ਹੋਰ ਹਰ ਕਿਸਮ ਦੀਆਂ ਕੋਸ਼ਿਸ਼ਾਂ ਅਸਫਲ ਸਿੱਧ ਹੁੰਦੀਆਂ ਹਨ।

*- ਮਨੂ ਸਿਮਰਤੀ*

ਔਰਤ ਜਾਤੀ ਪੁਰਸ਼ ਜਾਤੀ ਤੋਂ ਜ਼ਿਆਦਾ ਉਦਾਰ ਅਤੇ ਜ਼ਿਆਦਾ ਉੱਚੀ ਹੈ ਕਿਉਂਕਿ ਉਹ ਅੱਜ ਵੀ ਤਿਆਗ ਦੀ, ਚੁੱਪਚਾਪ ਦੁੱਖ ਸਹਿਣ ਦੀ, ਨਿਮਰਤਾ ਦੀ, ਸ਼ਰਧਾ ਅਤੇ ਗਿਆਨ ਦੀ ਜੀਵਤ ਮੂਰਤੀ ਹੈ।

*- ਮਹਾਤਮਾ ਗਾਂਧੀ*

ਭਾਰਤ ਦਾ ਧਰਮ ਭਾਰਤ ਦੇ ਪੁੱਤਰਾਂ ਨਾਲ ਨਹੀਂ ਪੁੱਤਰੀਆਂ ਦੀ ਕ੍ਰਿਪਾ ਨਾਲ ਸਥਿਰ ਹੈ। ਜੇ ਭਾਰਤ ਦੀਆਂ ਨਾਰੀਆਂ ਆਪਣਾ ਆਪਣਾ ਧਰਮ ਛੱਡ ਦਿੰਦੀਆਂ ਤਾਂ ਹੁਣ ਤੱਕ ਭਾਰਤ ਤਬਾਹ ਹੋ ਗਿਆ ਹੁੰਦਾ।

*- ਸਵਾਮੀ ਦਇਆਨੰਦ*

ਔਰਤ ਹੀ ਜੱਗ ਦੀ ਜਨਣੀ ਹੈ ਉਸ ਦਾ ਖਿਆਲ ਰੱਖੋ।

*- ਅਗਿਆਤ*

ਸੰਸਾਰ ਦਾ ਭਵਿੱਖ ਇਸਤਰੀ ਦੇ ਹੱਥ ਵਿਚ ਹੈ ਜੈਸਾ ਉਹ ਬਣਾਏਗੀ ਤੈਸਾ ਬਣ ਜਾਵੇਗਾ।

*- ਰਬਿੰਦਰ ਨਾਥ ਟੈਗੋਰ*

ਨਾਰੀ ਸ੍ਰਿਸਟੀ ਦੀ ਸਭ ਤੋਂ ਉੱਤਮ ਰਚਨਾ ਹੈ ਜਿਹੜੀ ਕੌਮ ਨਾਰੀ ਦਾ ਸਤਿਕਾਰ ਨਹੀਂ ਕਰਦੀ। ਉਹ ਬਹੁਤ ਛੇਤੀ ਬਰਬਾਦ ਹੋ ਜਾਂਦੀ ਹੈ।

*- ਨੈਪੋਲੀਅਨ ਬੋਨਾ ਪਾਰਟ*

**ਧੀ ਦੇ ਕਾਤਲਾਂ ਨੂੰ ਹਲੂਣਾ**

ਧੀ ਕੁੱਖ ਵਿਚ ਕਤਲ ਕਰਾਉਣ ਵਾਲਿਓ ਇਨ੍ਹਾਂ ਨੂੰ ਵੀ ਪਿਆਰ ਕਰੋ।
ਪੁੱਤ ਕੀਹਦੇ ਨਾਲ ਵਿਆਹੋਗੇ ਜਰਾ ਇਹ ਤਾਂ ਸੋਚ ਵਿਚਾਰ ਕਰੋ।

ਪੁੱਤ ਜੰਮਣ ਤਾਂ ਜਸ਼ਨ ਮਨਾਵੋ, ਕਿਉਂ ਧੀ ਨੂੰ ਪੱਥਰ ਕਹਿੰਦੇ।
ਰਾਜੇ ਰਾਣੇ ਪੀਰ ਪੈਗੰਬਰ ਸਭ ਜਨਮ ਇਸੇ ਤੋਂ ਲੈਂਦੇ।
ਇਹ ਜੱਗ ਦੀ ਜਨਨੀ ਪਾਲਣਹਾਰੀ ਇਨ੍ਹਾਂ ਦਾ ਸਤਿਕਾਰ ਕਰੋ।
ਧੀ ਕੁੱਖ ਵਿਚ ਕਤਲ ਕਰਾਉਣ ਵਾਲਿਓ, ਇਨ੍ਹਾਂ ਨੂੰ ਵੀ ਪਿਆਰ ਕਰੋ।

ਕਦੇ ਚਾਵਲਾ ਕਦੇ ਟਰੇਸਾ ਕਦੇ ਝਾਂਸੀ ਬਣਕੇ ਆਈ।
ਇਸ ਦੀ ਜਾਨ ਮੁਕਾਵਣ ਖਾਤਰ ਰਾਖੇ, ਡਾਕਟਰ ਬਣੇ ਕਸਾਈ।
ਲੋਕੋ ਇਸ ਦੇ ਰਾਖੇ ਬਣਕੇ ਇਨ੍ਹਾਂ ਤੇ ਉਪਕਾਰ ਕਰੋ।



Sri Satguru Jagjit Singh Ji eLibrary NamdhariElibrary@gmail.com

ਧੀ ਕੁੱਖ ਵਿਚ ਕਤਲ ਕਰਾਉਣ ਵਾਲਿਓ, ਇਨ੍ਹਾਂ ਨੂੰ ਵੀ ਪਿਆਰ ਕਰੋ।

ਜਿਸ ਘਰ ਧੀ ਨਾ ਜੰਮੇ ਉਹ ਘਰ ਸੱਖਣਾ ਜਾਪੇ।
ਸੋਚੋ ਜੇਕਰ ਧੀ ਨਾ ਹੋਵੇ ਪੁੱਤ ਕਿਥੋਂ ਲੱਭਣਗੇ ਮਾਪੇ।
ਧੀਆਂ ਨੂੰ ਨਾ ਮਾਰੋ ਲੋਕੋ, ਹੁਣ ਬੰਦ ਇਹ ਅਤਿਆਚਾਰ ਕਰੋ।
ਧੀ ਕੁੱਖ ਵਿਚ ਕਤਲ ਕਰਾਉਣ ਵਾਲਿਓ, ਇਨ੍ਹਾਂ ਨੂੰ ਵੀ ਪਿਆਰ ਕਰੋ।

ਵਿੱਦਿਆ ਦੇ ਖੇਤਰ ਵਿਚ ਧੀਆਂ ਰਹਿਣ ਪੁੱਤਾਂ ਤੋਂ ਅੱਗੇ।
ਫਿਰ ਵੀ ਤੁਹਾਨੂੰ ਧੀਆਂ ਨਾਲੋਂ ਕਿਉਂ ਪੁੱਤ ਪਿਆਰੇ ਲੱਗੇ।
ਧੀਆਂ ਨੂੰ ਨਾ ਮਾਰਨ ਵਾਲਾ ਕਾਇਮ ਇਹ ਸਭਿਆਚਾਰ ਕਰੋ।
ਧੀ ਕੁੱਖ ਵਿਚ ਕਤਲ ਕਰਾਉਣ ਵਾਲਿਓ, ਇਨ੍ਹਾਂ ਨੂੰ ਵੀ ਪਿਆਰ ਕਰੋ।

ਧੀਆਂ ਪੁੱਤਰਾਂ ਨੂੰ ਖੂਬ ਪੜ੍ਹਾਓ ਕਰੋ ਵਿੱਦਿਆ ਦਾ ਦਾਨ।
ਵਿੱਦਿਆ ਗਹਿਣਾ ਦੇ ਕੇ ਦੇਸ਼ ਤੋਂ ਬਣੀਏ ਪੁਰਖ ਮਹਾਨ।
ਢਿਲੋਂ ਰਾਮਾ ਕਰੇ ਬੇਨਤੀ ਜੱਗ ਤੇ ਇਉਂ ਉਪਕਾਰ ਕਰੋ।

*- ਝੱਬੋਨੈਟ*

ਧੀ ਕੁੱਖ ਵਿਚ ਕਤਲ ਕਰਾਉਣ ਵਾਲਿਓ, ਇਨ੍ਹਾਂ ਨੂੰ ਵੀ ਪਿਆਰ ਕਰੋ।

*- ਰਾਮਾ ਢਿੱਲੋਂ*

ਇਸਤਰੀ ਇਸ ਬ੍ਰਹਿਮੰਡ 'ਚ ਕੁਦਰਤ ਦੀ ਕਲਾ ਦਾ ਸੁੰਦਰ ਤੇ ਸੁਧਰਿਆ ਰੂਪ ਹੈ। ਜ਼ਿੰਦਗੀ ਦੀਆਂ ਸਾਰੀਆਂ ਕਲਾ ਕ੍ਰਿਤਾਂ ਦਾ ਸੋਮਾ ਇਸਤਰੀ ਹੀ ਹੈ। ਸਭ ਕੋਮਲ ਕਲਾਵਾਂ ਇਸ ਅਜਬ ਸੋਮੇ ਦੀ ਸਿੱਧੀ ਤੇ ਅਸਿੱਧੀ ਦੇਣ ਹਨ। ਔਰਤ ਦਾ ਮਾਂ ਵਜੋਂ ਰੁਤਬਾ ਮਹਾਨ ਹੈ ਤੇ ਹਮੇਸ਼ਾ ਬਣਿਆ ਹੀ ਰਹੇਗਾ।

*- ਗੁਰਦਾਸ ਸਿੰਘ ਨਿਰਮਾਣ*

ਮੈਂ ਵੱਡਿਆਂ ਦੇ ਕੰਧੇੜੇ ਚੜ੍ਹਕੇ ਹੀ ਇਸ ਤੋਂ ਅਗਾਂਹ ਵੇਖ ਸਕਦਾ ਹਾਂ।

*- ਨਿਊਟਨ*

ਔਰਤ ਦੀ ਤਰੱਕੀ ਅਤੇ ਭਲਾਈ ਉੱਪਰ ਹੀ ਰਾਸ਼ਟਰ ਦੀ ਉਨਤੀ ਅਤੇ ਭਲਾਈ ਨਿਰਭਰ ਕਰਦੀ ਹੈ।

*- ਅਰਸਤੂ*

ਅਣਜੰਮੀਆਂ ਧੀਆਂ ਦੀ ਹੱਤਿਆ ਦਾ ਕਿਝ ਮੈਂ ਦਰਦ ਸੁਣਾਵਾਂ। ਡਾਕਟਰ ਬਾਬਲ ਬਣੇ ਕਸਾਈ ਗੁੰਗੀਆਂ ਬਣੀਆਂ ਮਾਵਾਂ। ਅਣਜੰਮੀ ਧੀ ਮਾਰਨ ਤੋਂ ਵੱਧ ਪਾਪ ਨਾ ਜੱਗ ਤੇ ਕੋਈ। ਧੀਆਂ ਦੇ ਹਤਿਆਰੇ ਭੋਗਣ ਰੂਹ ਦੀਆਂ ਰੋਜ ਸਜਾਵਾਂ। ਦਾਦੀ ਨਾਨੀ ਵੀ ਤਾਂ ਧੀਸੀ। ਧੀ ਬਿਨ ਏਥੇ ਹੋਣੇ ਕੀਸੀ। ਕੁੱਖ ਵਿਚ ਜਦ ਕੋਈ ਧੀ ਨੂੰ ਮਾਰੇ ਧਰਤੀ ਭਰਦੀ ਹਾਵਾਂ। ਜੋ ਪੁੱਤਰਾਂ ਲਈ ਧੀਆਂ ਮਾਰਨ। ਮਾਨਵਤਾ ਦੇ ਲੇਖ ਉਹ ਸਾੜਨ। ਧੀਆਂ ਤਾਂ ਹਨ ਰਹਿਮਤ ਰੱਬਦੀ, ਲੂ ਵਿਚ ਠੰਢੀਆਂ ਛਾਵਾਂ। ਧੀਆਂ ਨੂੰ ਨਾ ਕੁੱਖ ਵਿਚ ਮਾਰੋ, ਨਾ ਕੁਦਰਤ ਦਾ ਨੇਮ ਵਿਗਾੜੋ। ਜੀਵਨ ਦੀ ਹਰਿਆਲੀ ਧੀਆਂ



Sri Satguru Jagjit Singh Ji eLibrary NamdhariElibrary@gmail.com




Sri Satguru Jagjit Singh Ji eLibrary NamdhariElibrary@gmail.com

ਔਰਤਾਂ ਪਵਿੱਤਰ ਹਨ ਅਤੇ ਘਰ ਦੀ ਸ਼ੋਭਾ ਹਨ ਉਨ੍ਹਾਂ ਦੀ ਸੁਰੱਖਿਆ ਕਰੋ।

*- ਮਹਾਂਭਾਰਤ*

ਸੋਹਣੀ ਔਰਤ ਇਕ ਸ਼ਾਇਰ ਹੀ ਤਾਂ ਹੁੰਦੀ ਹੈ।

*- ਐਮਰਸਨ*

ਜਿੱਥੇ ਔਰਤ ਦਾ ਸਨਮਾਨ ਨਹੀਂ ਹੁੰਦਾ ਉਥੇ ਸਾਰੀਆਂ ਧਾਰਮਿਕ ਅਤੇ ਹੋਰ ਹਰ ਕਿਸਮ ਦੀਆਂ ਕੋਸ਼ਿਸ਼ਾਂ ਅਸਫਲ ਸਿੱਧ ਹੁੰਦੀਆਂ ਹਨ।

*- ਮਨੂ ਸਿਮਰਤੀ*

ਔਰਤ ਜਾਤੀ ਪੁਰਸ਼ ਜਾਤੀ ਤੋਂ ਜ਼ਿਆਦਾ ਉਦਾਰ ਅਤੇ ਜ਼ਿਆਦਾ ਉੱਚੀ ਹੈ ਕਿਉਂਕਿ ਉਹ ਅੱਜ ਵੀ ਤਿਆਗ ਦੀ, ਚੁੱਪਚਾਪ ਦੁੱਖ ਸਹਿਣ ਦੀ, ਨਿਮਰਤਾ ਦੀ, ਸ਼ਰਧਾ ਅਤੇ ਗਿਆਨ ਦੀ ਜੀਵਤ ਮੂਰਤੀ ਹੈ।

*- ਮਹਾਤਮਾ ਗਾਂਧੀ*

ਭਾਰਤ ਦਾ ਧਰਮ ਭਾਰਤ ਦੇ ਪੁੱਤਰਾਂ ਨਾਲ ਨਹੀਂ ਪੁੱਤਰੀਆਂ ਦੀ ਕ੍ਰਿਪਾ ਨਾਲ ਸਥਿਰ ਹੈ। ਜੇ ਭਾਰਤ ਦੀਆਂ ਨਾਰੀਆਂ ਆਪਣਾ ਆਪਣਾ ਧਰਮ ਛੱਡ ਦਿੰਦੀਆਂ ਤਾਂ ਹੁਣ ਤੱਕ ਭਾਰਤ ਤਬਾਹ ਹੋ ਗਿਆ ਹੁੰਦਾ।

*- ਸਵਾਮੀ ਦਇਆਨੰਦ*

ਔਰਤ ਹੀ ਜੱਗ ਦੀ ਜਨਣੀ ਹੈ ਉਸ ਦਾ ਖਿਆਲ ਰੱਖੋ।

*- ਅਗਿਆਤ*

ਸੰਸਾਰ ਦਾ ਭਵਿੱਖ ਇਸਤਰੀ ਦੇ ਹੱਥ ਵਿਚ ਹੈ ਜੈਸਾ ਉਹ ਬਣਾਏਗੀ ਤੈਸਾ ਬਣ ਜਾਵੇਗਾ।

*- ਰਬਿੰਦਰ ਨਾਥ ਟੈਗੋਰ*

ਨਾਰੀ ਸ੍ਰਿਸਟੀ ਦੀ ਸਭ ਤੋਂ ਉੱਤਮ ਰਚਨਾ ਹੈ ਜਿਹੜੀ ਕੌਮ ਨਾਰੀ ਦਾ ਸਤਿਕਾਰ ਨਹੀਂ ਕਰਦੀ। ਉਹ ਬਹੁਤ ਛੇਤੀ ਬਰਬਾਦ ਹੋ ਜਾਂਦੀ ਹੈ।

*- ਨੈਪੋਲੀਅਨ ਬੋਨਾ ਪਾਰਟ*

**ਧੀ ਦੇ ਕਾਤਲਾਂ ਨੂੰ ਹਲੂਣਾ**

ਧੀ ਕੁੱਖ ਵਿਚ ਕਤਲ ਕਰਾਉਣ ਵਾਲਿਓ ਇਨ੍ਹਾਂ ਨੂੰ ਵੀ ਪਿਆਰ ਕਰੋ।
ਪੁੱਤ ਕੀਹਦੇ ਨਾਲ ਵਿਆਹੋਗੇ ਜਰਾ ਇਹ ਤਾਂ ਸੋਚ ਵਿਚਾਰ ਕਰੋ।

ਪੁੱਤ ਜੰਮਣ ਤਾਂ ਜਸ਼ਨ ਮਨਾਵੋ, ਕਿਉਂ ਧੀ ਨੂੰ ਪੱਥਰ ਕਹਿੰਦੇ।
ਰਾਜੇ ਰਾਣੇ ਪੀਰ ਪੈਗੰਬਰ ਸਭ ਜਨਮ ਇਸੇ ਤੋਂ ਲੈਂਦੇ।
ਇਹ ਜੱਗ ਦੀ ਜਨਨੀ ਪਾਲਣਹਾਰੀ ਇਨ੍ਹਾਂ ਦਾ ਸਤਿਕਾਰ ਕਰੋ।
ਧੀ ਕੁੱਖ ਵਿਚ ਕਤਲ ਕਰਾਉਣ ਵਾਲਿਓ, ਇਨ੍ਹਾਂ ਨੂੰ ਵੀ ਪਿਆਰ ਕਰੋ।

ਕਦੇ ਚਾਵਲਾ ਕਦੇ ਟਰੇਸਾ ਕਦੇ ਝਾਂਸੀ ਬਣਕੇ ਆਈ।
ਇਸ ਦੀ ਜਾਨ ਮੁਕਾਵਣ ਖਾਤਰ ਰਾਖੇ, ਡਾਕਟਰ ਬਣੇ ਕਸਾਈ।
ਲੋਕੋ ਇਸ ਦੇ ਰਾਖੇ ਬਣਕੇ ਇਨ੍ਹਾਂ ਤੇ ਉਪਕਾਰ ਕਰੋ।



Sri Satguru Jagjit Singh Ji eLibrary NamdhariElibrary@gmail.com

ਧੀ ਕੁੱਖ ਵਿਚ ਕਤਲ ਕਰਾਉਣ ਵਾਲਿਓ, ਇਨ੍ਹਾਂ ਨੂੰ ਵੀ ਪਿਆਰ ਕਰੋ।

ਜਿਸ ਘਰ ਧੀ ਨਾ ਜੰਮੇ ਉਹ ਘਰ ਸੱਖਣਾ ਜਾਪੇ।
ਸੋਚੋ ਜੇਕਰ ਧੀ ਨਾ ਹੋਵੇ ਪੁੱਤ ਕਿਥੋਂ ਲੱਭਣਗੇ ਮਾਪੇ।
ਧੀਆਂ ਨੂੰ ਨਾ ਮਾਰੋ ਲੋਕੋ, ਹੁਣ ਬੰਦ ਇਹ ਅਤਿਆਚਾਰ ਕਰੋ।
ਧੀ ਕੁੱਖ ਵਿਚ ਕਤਲ ਕਰਾਉਣ ਵਾਲਿਓ, ਇਨ੍ਹਾਂ ਨੂੰ ਵੀ ਪਿਆਰ ਕਰੋ।

ਵਿੱਦਿਆ ਦੇ ਖੇਤਰ ਵਿਚ ਧੀਆਂ ਰਹਿਣ ਪੁੱਤਾਂ ਤੋਂ ਅੱਗੇ।
ਫਿਰ ਵੀ ਤੁਹਾਨੂੰ ਧੀਆਂ ਨਾਲੋਂ ਕਿਉਂ ਪੁੱਤ ਪਿਆਰੇ ਲੱਗੇ।
ਧੀਆਂ ਨੂੰ ਨਾ ਮਾਰਨ ਵਾਲਾ ਕਾਇਮ ਇਹ ਸਭਿਆਚਾਰ ਕਰੋ।
ਧੀ ਕੁੱਖ ਵਿਚ ਕਤਲ ਕਰਾਉਣ ਵਾਲਿਓ, ਇਨ੍ਹਾਂ ਨੂੰ ਵੀ ਪਿਆਰ ਕਰੋ।

ਧੀਆਂ ਪੁੱਤਰਾਂ ਨੂੰ ਖੂਬ ਪੜ੍ਹਾਓ ਕਰੋ ਵਿੱਦਿਆ ਦਾ ਦਾਨ।
ਵਿੱਦਿਆ ਗਹਿਣਾ ਦੇ ਕੇ ਦੇਸ਼ ਤੋਂ ਬਣੀਏ ਪੁਰਖ ਮਹਾਨ।
ਢਿਲੋਂ ਰਾਮਾ ਕਰੇ ਬੇਨਤੀ ਜੱਗ ਤੇ ਇਉਂ ਉਪਕਾਰ ਕਰੋ।

*- ਬੇਬੇਨੈਟ*

ਧੀ ਕੁੱਖ ਵਿਚ ਕਤਲ ਕਰਾਉਣ ਵਾਲਿਓ, ਇਨ੍ਹਾਂ ਨੂੰ ਵੀ ਪਿਆਰ ਕਰੋ।

*- ਰਾਮਾ ਢਿੱਲੋਂ*

ਇਸਤਰੀ ਇਸ ਬ੍ਰਹਿਮੰਡ 'ਚ ਕੁਦਰਤ ਦੀ ਕਲਾ ਦਾ ਸੁੰਦਰ ਤੇ ਸੁਧਰਿਆ ਰੂਪ ਹੈ। ਜ਼ਿੰਦਗੀ ਦੀਆਂ ਸਾਰੀਆਂ ਕਲਾ ਕ੍ਰਿਤਾਂ ਦਾ ਸੋਮਾ ਇਸਤਰੀ ਹੀ ਹੈ। ਸਭ ਕੋਮਲ ਕਲਾਵਾਂ ਇਸ ਅਜਬ ਸੋਮੇ ਦੀ ਸਿੱਧੀ ਤੇ ਅਸਿੱਧੀ ਦੇਣ ਹਨ। ਔਰਤ ਦਾ ਮਾਂ ਵਜੋਂ ਰੁਤਬਾ ਮਹਾਨ ਹੈ ਤੇ ਹਮੇਸ਼ਾ ਬਣਿਆ ਹੀ ਰਹੇਗਾ।

*- ਗੁਰਦਾਸ ਸਿੰਘ ਨਿਰਮਾਣ*

ਮੈਂ ਵੱਡਿਆਂ ਦੇ ਕੰਧੇੜੇ ਚੜ੍ਹਕੇ ਹੀ ਇਸ ਤੋਂ ਅਗਾਂਹ ਵੇਖ ਸਕਦਾ ਹਾਂ।

*- ਨਿਊਟਨ*

ਔਰਤ ਦੀ ਤਰੱਕੀ ਅਤੇ ਭਲਾਈ ਉੱਪਰ ਹੀ ਰਾਸ਼ਟਰ ਦੀ ਉਨਤੀ ਅਤੇ ਭਲਾਈ ਨਿਰਭਰ ਕਰਦੀ ਹੈ।

*- ਅਰਸਤੂ*

ਅਣਜੰਮੀਆਂ ਧੀਆਂ ਦੀ ਹੱਤਿਆ ਦਾ ਕਿੰਝ ਮੈਂ ਦਰਦ ਸੁਣਾਵਾਂ। ਡਾਕਟਰ ਬਾਬਲ ਬਣੇ ਕਸਾਈ ਗੂੰਗੀਆਂ ਬਣੀਆਂ ਮਾਵਾਂ। ਅਣਜੰਮੀ ਧੀ ਮਾਰਨ ਤੋਂ ਵੱਧ ਪਾਪ ਨਾ ਜੱਗ ਤੇ ਕੋਈ। ਧੀਆਂ ਦੇ ਹਤਿਆਰੇ ਭੋਗਣ ਰੂਹ ਦੀਆਂ ਰੋਜ ਸਜਾਵਾਂ। ਦਾਦੀ ਨਾਨੀ ਵੀ ਤਾਂ ਧੀਸੀ। ਧੀ ਬਿਨ ਏਥੇ ਹੋਣੇ ਕੀਸੀ। ਕੁੱਖ ਵਿਚ ਜਦ ਕੋਈ ਧੀ ਨੂੰ ਮਾਰੇ ਧਰਤੀ ਭਰਦੀ ਹਾਵਾਂ। ਜੋ ਪੁੱਤਰਾਂ ਲਈ ਧੀਆਂ ਮਾਰਨ। ਮਾਨਵਤਾ ਦੇ ਲੇਖ ਉਹ ਸਾੜਨ। ਧੀਆਂ ਤਾਂ ਹਨ ਰਹਿਮਤ ਰੱਬਦੀ, ਲੂ ਵਿਚ ਠੰਢੀਆਂ ਛਾਵਾਂ। ਧੀਆਂ ਨੂੰ ਨਾ ਕੁੱਖ ਵਿਚ ਮਾਰੋ, ਨਾ ਕੁਦਰਤ ਦਾ ਨੇਮ ਵਿਗਾੜੋ। ਜੀਵਨ ਦੀ ਹਰਿਆਲੀ ਧੀਆਂ



Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ ਦੀਆਂ ਘਟਾਵਾਂ। ਧੀਆਂ ਰੋਸ਼ਨ ਨਾਮ ਕਰਦੀਆਂ ਅੰਬਰ ਵੀ ਹੁਣ ਜਾਣ ਤਰਦੀਆਂ। ਧੀਆਂ ਜੀਵਨ ਨੇਰ੍ਹ ਮਿਟਾਵਣ ਧੀਆਂ ਨੂਰ ਸੁਆਵਾਂ। ਧੀ ਤਾਂ ਲਾਉਂਦੀ ਹੈ ਜੜ੍ਹ ਸਭ ਦੀ। ਧੀ ਹੁੰਦੀ ਹੈ ਮੂਰਤ ਰੱਬ ਦੀ। ਸਹੁਰੇ ਘਰ ਵੀ ਧੀ ਨਿੱਤ ਮੰਗੇ ਪੇਕਿਆਂ ਲਈ ਦੁਆਵਾਂ। ਧੀਆਂ ਹਨ ਅਨਮੋਲ ਖਜਾਨਾ। ਝੂਠ ਹੈ ਧੀਆਂ ਧਨ ਬਿਗਾਨਾ। ਪੁੱਤਰ ਵਾਂਗੂ ਆਪਣੀ ਧੀ ਦੇ ਕਿਉਂ ਨਾ ਸ਼ਗਨ ਮਨਾਵਾਂ। ਕਵਿਤਾ ਕਲਾ ਸੰਗੀਤ ਨੇ ਧੀਆਂ। ਮੋਹ ਦਾ ਮਿਠਾ ਗੀਤ ਨੇ ਧੀਆਂ। ਧਰਤੀ ਦੀ ਖੁਸ਼ਬੂ ਨੇ ਧੀਆਂ ਕਰਨ ਸੁਗੰਧਤ ਰਾਹਵਾਂ।

*- (ਚੜ੍ਹਦੀ ਕਲਾ)*

ਮੈਨੂੰ ਮਾਂ ਦੇ ਦੁੱਧ ਦੀ ਯਾਦ ਆਉਂਦੀ, ਸ਼ੁੱਧ ਪੰਜਾਬੀ ਜਦੋਂ ਮੈਂ ਬੋਲਦਾ ਹਾਂ। ਮਾਂ ਸ਼ਬਦ ਤੋਂ ਬੋਲਣਾ ਸਿੱਖਿਆ ਸੀ ਮਾਂ ਅੱਜ ਵੀ ਸ਼ਬਦਾਂ 'ਚੋਂ ਟੋਲਦਾ ਹਾਂ। ਕਮਲ ਰੱਬ ਨਾ ਕਿਸੇ ਦੀ ਮਾਂ ਖੋਹਵੇ ਸਲਾਮਤੀ ਸਭ ਮਾਵਾਂ ਦੀ ਲੋਚਦਾ ਹਾਂ।

*- ਕੁਲਵੰਤ ਕੰਵਲ*

ਪੁੱਤਰ ਥੀ ਧੀ ਚੰਗੇਰੜੀ ਪਰ ਘਰ ਜਾਏ, ਬਸਾਏ ਨਾ ਆਈ।

*- ਭਾਈ ਗੁਰਦਾਸ ਜੀ*

## ਨਿੰਦ ਨਾ ਮਾਏ ਨੂੰਹਾਂ ਨੂੰ

ਹੱਥ ਅਕਲ ਨੂੰ ਮਾਰ ਨੀ ਮਾਏ ਹੋਇਆਂ ਤੈਨੂੰ ਕੀਹ। ਨਿੰਦ ਨਾ ਮਾਏ ਨੂੰਹਾਂ ਨੂੰ ਤੂੰ ਵੀ ਕਿਸੇ ਦੀ ਧੀ। ਜੇ ਤੇਰੀ ਨੂੰਹ ਨੇ ਪੁੱਤ ਨਾ ਜਣਿਆਂ। ਤੇਰਾ ਕਾਹਨੂੰ ਮੱਥਾ ਤਣਿਆ। ਤੈਨੂੰ ਵੀ ਕਿਸੇ ਮਾਂ ਸੀ ਜਣਿਆ। ਦੱਸ ਤੂੰ ਇਹਦਾ ਅਰਥ ਕੀ ਬਣਿਆ। ਧੀਆਂ ਨੂੰ ਦੁਰਕਾਰਨ ਵਾਲੀ, ਛੱਡ ਦੇ ਹੁਣ ਤੂੰ ਲੀਹ, ਨਿੰਦ ਨਾ ਮਾਏ ਨੂੰਹਾਂ ਨੂੰ, ਤੂੰ ਵੀ ਕਿਸੇ ਦੀ ਧੀ। ਤੈਨੂੰ ਕਿਹੜਾ ਬਹਿ ਸਮਝਾਏ। ਮੈਂ ਵੀ ਤੇਰੀ ਧੀ ਨੀ ਮਾਏ। ਧੀਆਂ ਜਣ ਕੇ ਸੋਭਾ ਪਾਏ। ਰਹਿੰਦੀ ਭਾਵੇਂ ਦੇਸ਼ ਪਰਾਏ। ਫੁੱਲਾਂ ਵਾਂਗੂ ਰੱਖਦੇ ਮੈਨੂੰ, ਘਰ ਦੇ ਸਾਰੇ ਜੀਅ। ਨਿੰਦ ਨਾ ਮਾਏ ਨੂੰਹਾਂ ਨੂੰ ਤੂੰ ਵੀ ਕਿਸੇ ਦੀ ਧੀ। ਇੱਕ ਦੈਂਤ ਬਘਿਆੜੋਂ ਡਰਦੀ। ਪੋਤਰੀਆਂ ਨੂੰ ਪਿਆਰ ਨਾ ਕਰਦੀ। ਡਰਦੀ ਮਾਰੀ ਹਰ-ਹਰ ਕਰਦੀ। ਫੁੱਲ ਕਲੀਆਂ ਨੂੰ, ਪੱਥਰ ਕਹਿ ਕੇ ਮਿਲਦਾ ਤੈਨੂੰ ਕੀਹ? ਨਿੰਦ ਨਾ ਮਾਏ ਨੂੰਹਾਂ ਨੂੰ ਤੂੰ ਵੀ ਕਿਸੇ ਦੀ ਧੀ। ਮੰਨਿਆ ਕਿ ਬਲਵਾਨ ਨੇ ਰਾਤਾਂ, ਭੁੱਲ ਗਈ ਕਿਉਂ ਤੂੰ ਪਾਉਣੀਆਂ ਬਾਤਾਂ। ਨੇਰ੍ਹ ਮਿਟੇ ਆਵਣ ਪ੍ਰਭਾਤਾਂ। ਨਰਮ ਕਰੂੰਬਲ, ਮਾਣ ਸੁਗਾਤਾਂ। ਧਰਤੀ ਅੰਦਰ ਪੋਰ ਨੀ ਮਾਏ, ਨਵੀ ਸੋਚ ਦਾ ਬੀਅ। ਨਿੰਦ ਨਾ ਮਾਏ ਨੂੰਹਾਂ ਨੂੰ ਤੂੰ ਵੀ ਕਿਸੇ ਦੀ ਧੀ।

*- ਗੁਰਭਜਨ ਸਿੰਘ ਗਿੱਲ*

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥ ਫਿਟਕ ਫਿਟਕਾ ਕੋੜੁ ਬਦੀਆਂ ਸਦਾ ਸਦਾ ਅਭਿਮਾਨੁ॥ ਪਾਹਿ ਏਤੇ ਜਾਹਿ ਵੀ ਸਰਿ ਨਾਨਕਾ ਇਕੁ ਨਾਮੁ॥

*- ਗੁਰੂ ਅਮਰਦਾਸ ਜੀ*

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

*- ਸ੍ਰੀ ਗੁਰੂ ਨਾਨਕ ਦੇਵ ਜੀ*

ਕੁੜੀ ਮਾਰ ਆਦਿਕ ਹੈ ਜੇਤੇ ਮਨ ਤੇ ਦੂਰ ਤਿਆਗੋ ਤੇਤੇ।

*- ਰਹਿਤ ਨਾਮਾ ਭਾਈ ਦੇਸਾ ਸਿੰਘ*



Sri Satguru Jagjit Singh Ji eLibrary NamdhariElibrary@gmail.com

ਨੜੀਮਾਰ ਸਿਰ ਗੁਮ, ਕੁੜੀ ਮਾਰ ਨਾਲ ਰੋਟੀ ਬੇਟੀ ਨਾਤਾ ਨਹੀਂ ਰੱਖਣਾ।

*- ਰਹਿਤਨਾਮਾ ਭਾਈ ਨੰਦ ਲਾਲ ਜੀ*

ਸੀਲ ਖਾਨ ਕੰਨਿਆ ਇਕ ਹੋਵੇ ਨਹੀਂ ਤਾਂ ਮਾਂ ਗ੍ਰਿਹਿਸਤ ਵਿਗੋਵੈ।

*- ਗੁਰ ਬਿਲਾਸ ਪਾਤਸ਼ਾਹੀ ਛੇਵੀ*

## ਅਣਜੰਮੀ ਧੀ ਦੀ ਪੁਕਾਰ

ਮਾਏ ਨੀ ਤੇਰੀ ਗੋਦੀ ਅੰਦਰ ਬੈਠਣ ਨੂੰ ਮੇਰਾ ਜੀ ਕਰਦਾ ਸੀ। ਬਾਬਲ ਦੀ ਡਿਉਢੀ ਤੋਂ ਡਰਕੇ ਹਰ ਵਾਰੀ ਮੇਰਾ ਜੀ ਕਰਦਾ ਸੀ। ਧੀਆਂ ਬਣਕੇ ਜੰਮਣਾ ਏਥੇ ਕਿਉਂ ਬਣ ਗਈ ਕਮਜ਼ੋਰੀ, ਨੀ ਇਕ ਲੋਰੀ ਦੇਦੇ ਮਾਏ ਨੀ ਅਣਜੰਮੀ ਧੀ ਨੂੰ, ਆਪਣੇ ਨਾਲੋਂ ਵਿਛੜੇ ਜੀਅ ਨੂੰ, ਜਾਂਦੀ ਵਾਰੀ ਮਾਏ ਨੀ ਇੱਕ ਲੋਰੀ ਦੇ ਦੇ। ਬਾਬਲ ਤੋਂ ਭਾਵੇਂ ਚੋਰੀ ਨੀ ਇੱਕ ਲੋਰੀ ਦੇ ਦੇ। ਹਸਪਤਾਲ ਦੇ ਕਮਰੇ ਅੰਦਰ ਪਈਆਂ ਨੇ ਜੋ ਅਜਬ ਮਸ਼ੀਨਾਂ। ਪੁੱਤਰਾਂ ਨੂੰ ਇਹ ਕੁਝ ਨਾ ਆਖਣ ਸਾਡੇ ਲਈ ਕਿਉਂ ਬਣਨ ਸੰਗੀਨਾ। ਡਾਕਟਰਾਂ ਚੰਦ ਸਿੱਕਿਆਂ ਖਾਤਰ ਕੱਟੀ ਜੀਵਨ ਡੋਰੀ। ਨੀ ਇਕ ਲੋਰੀ ਦੇ ਦੇ। ਧੀ ਤਿਤਲੀ ਨੂੰ ਮਸਲਣ ਵੇਲੇ ਚੁੱਪ ਖੜੇ ਕਿਉਂ ਧਰਮਾਂ ਵਾਲੇ। ਗੂੰਗੇ ਬੋਲੇ ਹੋ ਗਏ ਸਾਰੇ ਨੱਕ ਨਜੂਮਾਂ ਧਰਮਾਂ ਵਾਲੇ। ਬਿਨ ਡੋਲੀ ਤੋਂ ਧਰਮੀ ਮਾਪਿਆਂ ਕਿੱਧਰ ਨੂੰ ਧੀ ਤੋਰੀ ਨੀ ਇਕ ਲੋਰੀ ਦੇ ਦੇ।

ਸੁੱਤਿਆਂ ਲਈ ਸੌ ਯਤਨ ਵਸੀਲੇ, ਜਾਗਦਿਆਂ ਨੂੰ ਕਿਵੇਂ ਜਗਾਵਾਂ। ਰੱਖੜੀ ਦੀ ਤੰਦ ਖਤਰੇ ਵਿਚ ਹੈ ਚੁੱਪ ਨੇ ਕੁੱਲ ਧਰਤੀ ਦੀਆਂ ਮਾਵਾਂ। ਅੰਮੜੀਏ ਮੈਨੂੰ ਗੁੜ੍ਹਤੀ ਦੀ ਥਾਂ ਦੇਹ ਨਾ ਜ਼ਹਿਰ ਕਟੋਰੀ ਨੀ ਇੱਕ ਲੋਰੀ ਦੇ ਦੇ।

*- ਗੁਰਭਜਨ ਸਿੰਘ ਗਿੱਲ*

ਮਾਂ ਇੱਕ ਅਜਿਹਾ ਰੱਬ ਹੈ ਜਿਸ ਦੀ ਹਸਤੀ ਪ੍ਰਤੀ ਕੋਈ ਵੀ ਨਾਸਤਿਕ ਨਹੀਂ ਪੁੱਤਰਾਂ ਲਈ ਸਭ ਤੋਂ ਵੱਧ ਪੂਜਣਯੋਗ ਮਾਂ ਹੈ ਪੁੱਤਰਾਂ ਨੂੰ ਚਾਹੀਦਾ ਹੈ ਕਿ ਆਪਣੀ ਮਾਂ ਦੀ ਸੇਵਾ ਤਨ, ਮਨ, ਧਨ, ਨਾਲ ਕਰਨ ਅਤੇ ਕਿਸੇ ਵੀ ਕਾਰਨ ਉਸਦਾ ਅਪਮਾਨ ਨਾ ਕਰਨ।

*- ਨਰਿੰਦਰ ਸਿੰਘ ਕਪੂਰ*

ਪਰਮਾਤਮਾ ਤੋਂ ਬਾਅਦ ਅਸੀਂ ਔਰਤ ਦੇ ਸਭ ਤੋਂ ਵੱਡੇ ਦੇਣਦਾਰ ਹਾਂ।

*- ਅਗਿਆਤ*

ਆਪਣੀ ਖੁਸ਼ੀ ਦੇ ਸਾਰੇ ਮੌਕਿਆਂ ਨੂੰ ਚੇਤੇ ਰੱਖੋ ਬੁਢਾਪੇ ਵਿਚ ਇਹ ਬਹੁਤ ਕੰਮ ਆਉਣਗੇ।

*- ਸਟੋਰਫ ਮੋਰਲੀ*

ਪੜ੍ਹੀ ਲਿਖੀ ਮਾਂ ਹੀ ਬੱਚੇ ਦਾ ਗੁਰੂ ਕੁਲ ਹੁੰਦੀ ਹੈ।

*- ਸਵਾਮੀ ਰਾਮ ਤੀਰਥ*

ਤੁਸੀਂ ਕਿਤਨੇ ਸੰਤੁਲਤ ਵਿਅਕਤੀ ਹੋ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੇ ਮਾਪਿਆਂ ਦਾ ਸਤਿਕਾਰ ਕਿਤਨਾ ਕਰਦੇ ਹੋ ਜਿਹੜੇ ਆਪਣੇ ਮਾਪਿਆਂ ਦੀ ਪ੍ਰਵਾਹ ਨਹੀਂ ਕਰਦੇ ਉਨ੍ਹਾਂ ਦੀ ਪ੍ਰਵਾਹ ਕੋਈ ਨਹੀਂ ਕਰਦਾ।

*- ਨਰਿੰਦਰ ਸਿੰਘ ਕਪੂਰ*

ਜਿਹੜੇ ਲੋਕ ਆਪਣੇ ਮਾਪਿਆਂ ਦਾ ਸਤਿਕਾਰ ਕਰਦੇ ਹਨ ਦੇਖਿਆ ਗਿਆ



Sri Satguru Jagjit Singh Ji eLibrary NamdhariElibrary@gmail.com

ਹੈ ਕਿ ਉਨ੍ਹਾਂ ਦੇ ਮਾਪੇ ਹੀ ਨਹੀਂ ਉਹ ਆਪ ਵੀ ਲੰਮੀ ਤੰਦਰੁਸਤ ਉਮਰ ਜਿਉਂਦੇ ਹਨ ਅਤੇ ਸਹਿਜ ਨਾਲ ਮਰਦੇ ਹਨ।

*- ਨਰਿੰਦਰ ਸਿੰਘ ਕਪੂਰ*

ਮਾਪਿਆਂ ਦਾ ਸਤਿਕਾਰ ਕਰਨ ਵਾਸਤੇ ਬੜੇ ਹੌਸਲੇ ਦੀ ਲੋੜ ਹੁੰਦੀ ਹੈ ਜੋ ਆਪਣੇ ਮਾਪਿਆਂ ਦੇ ਵਿਰੁੱਧ ਹਨ ਉਹ ਉੱਚੀਆਂ ਸੋਚਾਂ ਦੇ ਪੱਖ ਵਿਚ ਨਹੀਂ ਹੋ ਸਕਦੇ ਉਹ ਜ਼ਿੰਦਗੀ ਵੱਲ ਮੁਸਕਰਾ ਕੇ ਨਹੀਂ ਵੇਖ ਸਕਦੇ ਉਹ ਜ਼ਿੰਦਗੀ ਨਾਲ ਸਿਰ ਉੱਚਾ ਕਰਕੇ ਹੱਥ ਨਹੀਂ ਮਿਲਾ ਸਕਦੇ ਅਜਿਹੇ ਲੋਕਾਂ ਦਾ ਕੋਈ ਧਰਮ ਨਹੀਂ ਹੁੰਦਾ।

*- ਨਰਿੰਦਰ ਸਿੰਘ ਕਪੂਰ*

ਮਾਂ ਜਿਹਾ ਘਣਛਾਵਾਂ ਬੂਟਾ ਮੈਨੂੰ ਨਜ਼ਰ ਨਾ ਆਏ ਜਿਸ ਤੋਂ ਛਾਂ ਉਧਾਰੀ ਲੈ ਕੇ ਰੱਬ ਨੇ ਸੁਰਗ ਬਣਾਏ।

*- ਪ੍ਰੋ. ਮੋਹਨ ਸਿੰਘ*

ਮਾਂ ਬਾਪ ਵੀ ਬੜਾ ਅਜੀਬ ਵਰਤਾਰਾ ਹੁੰਦੇ ਹਨ, ਆਪਣੀ ਔਲਾਦ ਦੇ ਰੂਪ ਵਿਚ ਉਹ ਫਿਰ ਆਪਣੀ ਜ਼ਿੰਦਗੀ ਜਿਊਣ ਲੱਗ ਪੈਂਦੇ ਹਨ।

*- ਜਵਾਹਰ ਲਾਲ ਨਹਿਰੂ*

ਜਦੋਂ ਪਿਛਲੀਆਂ ਯਾਦਾਂ ਭਵਿੱਖ ਦੇ ਸੁਪਨਿਆਂ ਉੱਪਰ ਹਾਵੀ ਹੋਣ ਲੱਗ ਪੈਣ ਤਾਂ ਸਮਝੋ ਬੁਢਾਪਾ ਆ ਗਿਆ ਹੈ।

*- ਬਿੱਲ ਕਲਿੰਟਨ*

ਪ੍ਰਮਾਤਮਾ ਆਪ ਹਰ ਥਾਂ ਨਹੀਂ ਜਾ ਸਕਦਾ ਇਸ ਲਈ ਉਸ ਨੇ ਮਾਂ-ਬਾਪ ਸਿਰਜੇ।

*- ਐਨਨ*

ਸਮਾਜ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ ਆਦਮੀ ਔਰਤ ਤੇ ਪਰਿਵਾਰ ਹੀ ਮਿਲਕੇ ਸਮਾਜ ਦਾ ਨਿਰਮਾਣ ਕਰਦੇ ਹਨ।

*- ਮਾਰਗ ਰੇਟ ਥੈਚਰ*

ਮਾਂ ਦਾ ਰਿਸ਼ਤਾ ਆਪਣੀ ਭਾਵਾਤਮਿਕਤਾ ਕਾਰਨ ਅੱਜ ਵੀ ਸਰਬੋਤਮ ਬਣਿਆ ਹੋਇਆ ਹੈ। ਮਾਂ ਇੱਕ ਗੁਣ ਹੈ ਤੇ ਮਾਂ ਦੀ ਮਹਾਨਤਾ ਨੂੰ ਸਵੀਕਾਰ ਕਰਨ ਵਾਲੀ ਭਾਵਨਾ ਨੂੰ ਗਿਆਨ ਆਖਿਆ ਜਾ ਸਕਦਾ ਹੈ।

*- ਓਮ ਪ੍ਰਕਾਸ਼ ਗਾਸੋ*

ਬੱਚਿਆਂ ਨੂੰ ਜਨਮ ਦੇਣ ਦੀ ਪੀੜ ਕਾਰਨ ਹੀ ਮਾਂ ਬੱਚਿਆਂ ਦੇ ਵਧੇਰੇ ਨੇੜੇ ਹੁੰਦੀ ਹੈ ਅਤੇ ਉਸ ਕੋਲ ਕੁਝ ਰਹੇ ਨਾ ਰਹੇ ਬੱਚਿਆਂ ਨੂੰ ਉਹ ਆਪਣੀ ਦੌਲਤ ਸਮਝਦੀ ਹੈ।

ਇਸਤਰੀ ਲਈ ਸਭ ਤੋਂ ਵੱਡਾ ਦੁੱਖ ਵਿਧਵਾ ਹੋਣਾ ਹੁੰਦਾ ਹੈ ਇਸਤਰੀ ਦੇ ਅੱਥਰੂ ਮੁੱਕ ਜਾਂਦੇ ਹਨ ਪਰ ਉਸ ਦਾ ਦਰਦ ਨਹੀਂ ਮੁਕਦਾ। ਪਿਤਾ ਦੇ ਮਰਨ ਨਾਲ ਪੁੱਤਰਾਂ ਨੂੰ ਘਾਟਾ ਪੈਂਦਾ ਹੈ। ਮਾਤਾ ਪਿਤਾ ਦੇ ਅਕਾਲ ਚਲਾਣੇ ਨਾਲ ਪੁੱਤਰਾਂ ਨੂੰ ਘਰ ਖੁੱਲਾ ਖੁੱਲਾ ਲੱਗਦਾ ਹੈ। ਧੀਆਂ ਖਾਲੀ ਖਾਲੀ। ਪੁੱਤਰ ਜਾਇਦਾਦਾਂ ਵੰਡਾਉਂਦੇ ਹਨ, ਧੀਆਂ ਦੁੱਖ ਵਡਾਉਣ ਜੋਗੀਆਂ ਹੀ ਰਹਿ ਜਾਂਦੀਆਂ ਹਨ।

*- ਨਰਿੰਦਰ ਸਿੰਘ ਕਪੂਰ*



Sri Satguru Jagjit Singh Ji eLibrary NamdhariElibrary@gmail.com

# ਕਵਿਤਾ, ਸਾਹਿਤ

ਕਵਿਤਾ ਵਿਚ ਮਿਠਾਸ ਤਪ ਅਤੇ ਪ੍ਰਤਾਪ ਹੁੰਦਾ ਹੈ। ਇੰਜ ਹੁਣ ਸਹਿਜੇ ਹੀ ਇਸ ਤੱਤ ਨੂੰ ਸਵੀਕਾਰ ਕੀਤਾ ਜਾ ਸਕਦਾ ਹੈ ਜ਼ਿੰਦਗੀ ਨੂੰ ਗੁਣਕਾਰੀ ਬਣਾਈ ਰੱਖਣ ਲਈ ਮਨੁੱਖ ਕੋਲ ਮਿਠਾਸ, ਸੰਘਰਸ਼ ਸਮਰੱਥਾ ਸੂਝ ਸਿਆਣਪ ਸੰਜਮ ਪ੍ਰਵਾਹ ਤੋਂ ਪ੍ਰਭਾਵ ਵਰਗੀਆਂ ਸਿਫ਼ਤਾਂ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਸਿਫ਼ਤਾਂ ਨੂੰ ਗੁਣ ਵੀ ਆਖਿਆ ਜਾ ਸਕਦਾ ਹੈ।

*- ਨੈਪੋਲੀਅਨ*

ਸਾਹਿਤ ਹਮੇਸ਼ਾ ਜ਼ਿੰਦਗੀ ਦੇ ਯਥਾਰਥ ਨੂੰ ਚਿਤਰਦਾ ਹੈ। *- ਆਸਕਰ ਵਾਈਲਡ*

ਉਹ ਲੇਖਕ ਸਭ ਤੋਂ ਚੰਗਾ ਲਿਖਦਾ ਹੈ ਜੋ ਆਪਣੇ ਪਾਠਕਾਂ ਦਾ ਸਭ ਤੋਂ ਘੱਟ ਸਮਾਂ ਲੈ ਕੇ ਉਨ੍ਹਾਂ ਨੂੰ ਸਭ ਤੋਂ ਵਧੇਰੇ ਗਿਆਨ ਦਿੰਦਾ ਹੈ।

*- ਸਿਡਨੀ ਸਮਿੱਥ*

ਸਾਹਿਤ ਆਪਣੀ ਦੇਖਭਾਲ ਆਪ ਕਰ ਸਕਦਾ ਹੈ ਉਸਨੂੰ ਸਰਕਾਰ ਦਾ ਮੁਥਾਜ ਨਹੀਂ ਹੋਣਾ ਚਾਹੀਦਾ।

*- ਗਲੈਡ ਸਟੋਨ*

ਸਾਨੂੰ ਅੰਗਰੇਜ਼ੀ ਦੀ ਜ਼ਰੂਰਤ ਹੈ ਪ੍ਰੰਤੂ ਆਪਣੀ ਮਾਂ ਬੋਲੀ ਦੀ ਤਬਾਹੀ ਵਾਸਤੇ ਨਹੀਂ।

*- ਮਹਾਤਮਾ ਗਾਂਧੀ*

ਕਿਸੇ ਇੱਕ ਲੇਖਕ ਦੀ ਰਚਨਾ ਦੀ ਨਕਲ ਕਰਨ ਨੂੰ ਚੋਰੀ ਕਰਨਾ ਆਖਿਆ ਜਾਂਦਾ ਹੈ ਪਰ ਬਹੁਤੇ ਲੇਖਕਾਂ ਦੀਆਂ ਰਚਨਾਵਾਂ ਦੀ ਨਕਲ ਕਰਨ ਨੂੰ ਖੋਜ ਆਖਿਆ ਜਾਂਦਾ ਹੈ।

*- ਵਿਲਸਨ ਮਾਈਜ਼ਨਰ*

ਚੰਗਾ ਸਾਹਿਤ ਦਰਅਸਲ ਉਹ ਭਾਸ਼ਾ ਹੈ ਜਿਸ ਵਿਚ ਜ਼ਿੰਦਗੀ ਦੇ ਨਵੇਂ ਨਵੇਰੇ ਅਰਥ ਭਰੇ ਹੋਏ ਹੁੰਦੇ ਹਨ।

*- ਐਜਰਾ ਪਾਉਂਡ*

ਜਦੋਂ ਸੰਗੀਤ ਕਵਿਤਾ ਉਪਰ ਲੋੜੋਂ ਵੱਧ ਹਾਵੀ ਹੋਣਾ ਸ਼ੁਰੂ ਹੋ ਜਾਵੇ ਤਾਂ ਸਮਝੋ ਕਿ ਕਵਿਤਾ ਪਹਿਲਾਂ ਜਿੰਨੀ ਜਾਨਦਾਰ ਨਹੀਂ ਰਹੀ। *- ਐਜਰਾ ਪਾਉਂਡ*

ਸਾਹਿਤ ਪੜ੍ਹਨ ਵਾਲਾ ਵਿਅਕਤੀ ਇਕ ਜੀਵਨ ਵਿਚ ਕਈ ਜ਼ਿੰਦਗੀਆਂ ਜੀਅ ਲੈਂਦਾ ਹੈ ਕਿਉਂਕਿ ਉਸ ਨੂੰ ਹੋਰਨਾਂ ਲੋਕਾਂ ਦੇ ਅਨੁਭਵ ਪੜ੍ਹਕੇ ਅਨੁਭਵ ਹੋ ਜਾਂਦੇ ਹਨ।

ਕਵਿਤਾ ਇਨਕਲਾਬ ਲਿਆ ਸਕਦੀ ਹੈ ਜਾਂ ਨਹੀਂ ਉਸ ਨੂੰ ਨਹੀਂ ਪਤਾ ਪਰ ਮਨੁੱਖ ਦਾ ਦੁੱਖ ਘਟਾਉਣ ਵਿਚ ਕਵਿਤਾ ਜ਼ਰੂਰ ਸਹਾਈ ਹੁੰਦੀ ਹੈ।

*- ਸੁਰਜੀਤ ਪਾਤਰ*

ਸਾਹਿਤ ਪੜ੍ਹਨ ਨਾਲ ਸਮੇਂ ਦੀ ਸਾਰਥਿਕਤਾ ਦਾ ਗਿਆਨ ਹੁੰਦਾ ਹੈ। ਸਾਹਿਤ ਪੜ੍ਹਨ ਨਾਲ ਸਮਾਜਿਕ ਸੂਝ ਪ੍ਰਾਪਤ ਕਰਕੇ ਜੀਵਨ ਸੰਘਰਸ਼ ਤੇ ਸਮਰੱਥਾ ਨੂੰ ਹਾਸਲ ਕੀਤਾ ਜਾ ਸਕਦਾ ਹੈ। ਸਾਹਿਤ ਪੜ੍ਹਨ ਨਾਲ ਜ਼ਿੰਦਗੀ ਵਿਚ ਸਜਰਾਪਣ ਬਣਿਆ ਰਹਿੰਦਾ ਹੈ। ਸਾਹਿਤ ਪੜ੍ਹਨ ਨਾਲ ਸਮੱਸਿਆਵਾਂ ਨੂੰ ਹੱਲ ਕਰਨ ਦੀ ਜਾਂਚ ਪ੍ਰਾਪਤ ਹੁੰਦੀ ਹੈ।

*- ਓਮ ਪ੍ਰਕਾਸ਼ ਗਾਸੋ*



Sri Satguru Jagjit Singh Ji eLibrary NamdhariElibrary@gmail.com

# ਸ਼ਾਂਤੀ, ਅਸ਼ਾਂਤੀ, ਖੁਸ਼ੀ

ਕਦੇ ਵੀ ਹਿੰਸਾ ਰਾਹੀਂ ਸ਼ਾਂਤੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ ਇਹ ਤਾਂ ਆਪਸੀ ਸਮਝ ਨਾਲ ਹੀ ਸਥਾਪਿਤ ਹੁੰਦੀ ਹੈ।

*- ਐਮਰਸਨ*

ਫੌਜੀ ਯੁੱਧ ਵਿਚ ਇਸ ਲਈ ਲੜਦਾ ਹੈ ਤਾਂ ਕਿ ਤੁਸੀਂ ਸ਼ਾਂਤੀ ਨਾਲ ਰਹਿ ਸਕੋ।

*- ਅਰਸਤੂ*

ਖੁਸ਼ੀ ਨੂੰ ਅਸੀਂ ਜਿੰਨਾ ਲੁਟਾਵਾਂਗੇ, ਉਨੀ ਵਧ ਸਾਡੇ ਕੋਲ ਭੱਜੀ ਆਵੇਗੀ।

*- ਵਿਕਟਰ ਹਿਊਗੋ*

ਸ਼ਾਂਤੀ ਦੀ ਜਿੱਤ ਬਾਕੀ ਸਾਰੀਆਂ ਜਿੱਤਾਂ ਤੋਂ ਅਹਿਮ ਹੈ।

*- ਮਿਲਟਨ*

ਸ਼ਾਂਤੀ ਵਾਸਤੇ ਅਸੀਂ ਜਿੰਨਾ ਜ਼ਿਆਦਾ ਮੁੜ੍ਹਕਾ ਬਹਾਵਾਂਗੇ, ਯੁੱਧ ਦੇ ਮੈਦਾਨ ਵਿਚ ਓਨਾ ਹੀ ਘੱਟ ਖ਼ੂਨ ਵਹਾਉਣਾ ਪਵੇਗਾ।

*- ਵਿਜੈ ਲਕਸ਼ਮੀ ਪੰਡਿਤ*

ਨਸਲਵਾਦ ਅਤੇ ਯੁੱਧ ਦੇ ਸਾਹਮਣੇ ਮਾਨਵਤਾ ਇੰਨੀ ਮਜ਼ਬੂਰ ਨਹੀਂ ਹੋਈ ਕਿ ਸ਼ਾਂਤੀ ਅਤੇ ਭਾਈਚਾਰੇ ਦੀ ਉਮੀਦ ਹੀ ਛੱਡ ਦਿੱਤੀ ਜਾਵੇ।

*- ਮਾਰਟਿਨ ਲੂਥਰ ਕਿੰਗ*

ਸਾਨੂੰ ਸ਼ਾਂਤੀ ਚਾਹੀਦੀ ਹੈ ਕਿਉਂਕਿ ਅਸੀਂ ਜਾਣਦੇ ਹਾਂ ਕਿ ਸ਼ਾਂਤੀ ਦੇ ਮਾਹੌਲ ਵਿਚ ਹੀ ਸੁਤੰਤਰਤਾ ਰਹਿ ਸਕਦੀ ਹੈ।

*- ਆਈਜ਼ਨਹਾਵਰ*

ਮਨੁੱਖਤਾ ਦਾ ਅਸਲੀ ਰੂਪ ਸ਼ਾਂਤਮਈ ਹਿਰਦੇ ਵਿਚ ਹੈ। ਅਸ਼ਾਂਤ ਮਨ ਵਿਚ ਨਹੀਂ।

*- ਖਲੀਲ ਜਿਬਰਾਨ*

ਦੁਖਾਂਤ ਦੇ ਬਿਰਤਾਂਤ ਸਾਨੂੰ ਚੌਕਸੀਆਂ ਤੇ ਰੋਕਥਾਮਾਂ ਦੀਆਂ ਜ਼ਰੂਰਤਾਂ ਦਾ ਅਹਿਸਾਸ ਕਰਵਾਉਂਦੇ ਹਨ ਤੇ ਖੁਸ਼ੀਆਂ ਦੇ ਬਿਰਤਾਤ ਉਨ੍ਹਾਂ ਦੀ ਰਾਖੀ ਅਤੇ ਅਗਲੇ ਕਦਮਾਂ ਲਈ ਜੂਝਣ ਦੀ ਪ੍ਰੇਰਣਾ ਦਿੰਦੇ ਹਨ।

*- ਅਗਿਆਤ*

ਉਹੀ ਸੰਤੁਸ਼ਟ ਹੈ ਜਿਸ ਦੇ ਮਨ ਵਿਚ ਖੁਸ਼ੀ ਹੁੰਦੀ ਹੈ ਉਹੀ ਜੀਵਨ ਹੈ ਜੋ ਸੇਵਾ ਵਿਚ ਬਤੀਤ ਹੁੰਦਾ ਹੈ।

*- ਗਰੁੜ ਪੁਰਾਣ*

ਪੂਰਨ ਖੁਸ਼ੀ ਲਈ ਸਾਰੀ ਸ੍ਰਿਸ਼ਟੀ ਨਾਲ ਹਮਦਰਦੀਆਂ ਦਾ ਤਾਣਾ ਤਣਿਆਂ ਜਾਣਾ ਜ਼ਰੂਰੀ ਹੈ ਤੇ ਇਸ ਤਾਣੇ ਨੂੰ ਕੋਈ ਚੰਗਾ ਸਮਾਜ ਹੀ ਤਣ ਸਕਦਾ ਹੈ।

*- ਗੁਰਬਖਸ ਸਿੰਘ*

ਸ਼ਾਂਤੀ ਦੀ ਜਿੱਤ ਬਾਕੀ ਸਾਰੀਆਂ ਜਿੱਤਾਂ ਤੋਂ ਅਹਿਮ ਹੈ। *- ਮਿਲਟਨ*



Sri Satguru Jagjit Singh Ji eLibrary NamdhariElibrary@gmail.com

ਫਰਜ਼ ਕਦੇ ਅੱਗ ਤੇ ਪਾਣੀ ਦੀ ਪਰਵਾਹ ਨਹੀਂ ਕਰਦਾ ਫਰਜ ਦੀ ਪੂਰਤੀ ਹੀ ਜ਼ਿੰਦਗੀ ਦੀ ਸ਼ਾਂਤੀ ਦਾ ਮੂਲ ਮੰਤਰ ਹੈ।

*- ਮੁਨਸ਼ੀ ਪ੍ਰੇਮਚੰਦ*

ਹਰ ਪਲ ਨੂੰ ਬੇਫ਼ਿਕਰੀ ਨਾਲ ਮਾਨਣਾ ਸ਼ਾਂਤੀ ਹੈ।

*- ਅਗਿਆਤ*

ਰਾਜਾ ਹੋਵੇ ਜਾਂ ਕਿਸਾਨ ਸਭ ਤੋਂ ਜ਼ਿਆਦਾ ਸੁਖੀ ਉਹ ਹੈ ਜੀਦੇ ਘਰ ਵਿਚ ਸ਼ਾਂਤੀ ਹੈ।

*- ਗੇਟੇ*

ਪਹਿਲਾਂ ਆਪਣੇ ਮਨ ਅੰਦਰ ਸ਼ਾਂਤੀ ਪੈਦਾ ਕਰੋ ਤਾਂ ਹੀ ਹੋਰਾਂ ਦੇ ਮਨਾ ਵਿਚ ਸ਼ਾਂਤੀ ਪੈਦਾ ਕਰ ਸਕੋਗੇ।

*- ਥਾਮਸ ਕੈਂਪਿਸ*

ਲੜਾਈ ਨੂੰ ਕੇਵਲ ਇਸ ਰੂਪ ਵਿਚ ਹੀ ਲਿਆ ਜਾਵੇ ਕਿ ਇਸਦਾ ਇਕਮਾਤਰ ਨਿਸ਼ਾਨਾ ਅਮਨ ਹੈ।

*- ਸਿਸਰੋ*

ਖੁਸ਼ੀ ਉਹ ਇਤਰ ਹੈ ਜਿਹੜੀ ਤੁਸੀਂ ਦੂਜਿਆਂ ਉੱਪਰ ਤਦ ਤੱਕ ਹੀ ਛਿੜਕ ਸਕਦੇ ਹੋ ਜੇ ਤੁਹਾਡੇ ਆਪਣੇ ਕੋਲ ਵੀ ਉਸ ਦੀਆਂ ਕੁਝ ਬੂੰਦਾਂ ਮੌਜੂਦ ਹੋਣ।

*- ਆਰ. ਡਬਲਿਊ. ਐਮਰਸਨ*

ਖੁਸ਼ੀ ਕੋਈ ਪੌਦਾ ਨਹੀਂ ਹੈ ਸਿੱਟਾ ਹੈ ਸਿੱਟੇ ਸਿੱਧੇ ਨਹੀਂ ਉੱਗਦੇ ਪੌਦਿਆਂ ਨਾਲ ਲੱਗਦੇ ਹਨ।

*- ਗੁਰਬਖਸ਼ ਸਿੰਘ*

ਚੁੱਪ ਇੱਕ ਐਸਾ ਦੋਸਤ ਹੈ ਜਿਹੜਾ ਕਦੀ ਵੀ ਦਗਾ ਨਹੀਂ ਦਿੰਦਾ।

*- ਕਨਫਿਊਸ਼ਿਸ*

ਜ਼ਿੰਦਗੀ ਦੀ ਸਭ ਤੋਂ ਵੱਡੀ ਖੁਸ਼ੀ ਉਹ ਕੰਮ ਕਰਨ ਵਿਚ ਹੈ ਜਿਸ ਬਾਰੇ ਲੋਕ ਕਹਿਣ ਕਿ ਤੁਸੀਂ ਨਹੀਂ ਕਰ ਸਕਦੇ।

*- ਬਰਤਾਨਵੀ ਪੱਤਰਕਾਰ ਵਾਲਟਰ ਬਾਰੇ ਹੋਟ*

ਖੁਸ਼ੀ ਉਦੋਂ ਹੀ ਹਾਸਲ ਹੁੰਦੀ ਹੈ ਜਦੋਂ ਅਸੀਂ ਆਪਣੇ ਦਿਮਾਗਾਂ ਅਤੇ ਦਿਲਾਂ ਨੂੰ ਆਪਣੀ ਸਮਰਥਾ ਦੀਆਂ ਹੱਦਾਂ ਤੱਕ ਖਿੱਚ ਲੈਂਦੇ ਹਾਂ।

*- ਨਿਊ ਸੋਰੋਸਟਨ*

ਉਹ ਮਨੁੱਖ ਭਾਵੇਂ ਰਾਜਾ ਹੋਵੇ ਜਾਂ ਕਿਸਾਨ ਸਭ ਤੋਂ ਕਿਸਮਤ ਵਾਲਾ ਹੈ ਜਿਸਨੂੰ ਆਪਣੇ ਘਰ ਵਿਚ ਸ਼ਾਂਤੀ ਮਿਲਦੀ ਹੈ।

*- ਗੈਟੇ*



Sri Satguru Jagjit Singh Ji eLibrary NamdhariElibrary@gmail.com

# ਕ੍ਰੋਧ, ਗੁੱਸਾ, ਹੰਕਾਰ, ਈਰਖਾ, ਨਫ਼ਰਤ

ਕ੍ਰੋਧ ਤੋਂ ਵੀ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਚਿੰਤਾ ਹੈ ਜੋ ਮਨੁੱਖ ਨੂੰ ਅੰਦਰੋ ਅੰਦਰੀ ਖੋਖਲਾ ਕਰਕੇ ਉਸ ਦਾ ਨਾਸ ਕਰ ਦੇਂਦੀ ਹੈ।

*- ਸੁਕਰਾਤ*

ਜੋ ਦੂਜਿਆਂ ਨਾਲ ਨਫ਼ਰਤ ਕਰਦਾ ਹੈ ਉਹ ਖੁਦ ਪਤਿਤ ਹੋਏ ਬਿਨਾਂ ਨਹੀਂ ਰਹਿ ਸਕਦਾ।

*- ਸਵਾਮੀ ਵਿਵੇਕਾਨੰਦ*

ਚਿੰਤਾ ਅਤੇ ਨਫ਼ਰਤ ਮਨੁੱਖ ਦੇ ਦੋ ਵੱਡੇ ਦੁਸ਼ਮਣ ਹਨ ਇਨ੍ਹਾਂ ਤੋਂ ਬਚਣਾ ਚਾਹੀਦਾ ਹੈ।

*- ਮਹਾਤਮਾ ਬੁੱਧ*

ਮਨੁੱਖ ਆਪ ਜਿੰਨਾ ਛੋਟਾ ਹੁੰਦਾ ਹੈ। ਉਸਦਾ ਅਹੰਕਾਰ ਉਨਾ ਹੀ ਵੱਡਾ ਹੁੰਦਾ ਹੈ।

*- ਰੋਮਾਂ ਰੋਲਾ*

ਸਾਨੂੰ ਦੂਜਿਆਂ ਦੇ ਗਿਆਨਵਾਨ ਹੋਣ ਤੇ ਈਰਖਾ ਨਹੀਂ ਕਰਨੀ ਚਾਹੀਦੀ ਹੈ।

*- ਉਪਨਿਸ਼ਦ*

ਮਨ ਦੀ ਇੱਛਾ ਮੁਤਾਬਕ ਕੋਈ ਕੰਮ ਨਾ ਹੋਣ ਉੱਤੇ ਜਦੋਂ ਗੁੱਸਾ ਪੈਦਾ ਹੁੰਦਾ ਹੈ ਤਾਂ ਕੰਮ ਤਾਂ ਹੋ ਜਾਂਦਾ ਹੈ ਪ੍ਰੰਤੂ ਗੁੱਸੇ ਦੇ ਸਬੰਧ ਵਿਚ ਅਸੀਂ ਕੁਝ ਨਹੀਂ ਸਿੱਖਦੇ।

*- ਤੇਜ ਗੁਰੂ ਤੇਜ ਪਾਰਖੀ ਜੀ*

ਗੁੱਸੇ ਵਿਚ ਕੀਤਾ ਹੋਇਆ ਕੰਮ ਕਦੇ ਵੀ ਪੂਰਾ ਨਹੀਂ ਹੁੰਦਾ, ਗੁੱਸਾ ਅਕਲ ਨੂੰ ਖਾ ਜਾਂਦਾ ਹੈ।

*- ਅਗਿਆਤ*

ਭਾਵੇਂ ਮੈਂ ਗੁੱਸੇ ਪ੍ਰਤੀ ਹਮੇਸ਼ਾ ਜਾਗਰੂਕ ਰਹਿੰਦਾ ਹਾਂ ਪਰ ਮੇਰੀ ਨਜ਼ਰ ਵਿਚ ਉਸ ਤੋਂ ਵੀ ਜ਼ਿਆਦਾ ਜ਼ਰੂਰੀ ਕਦਮ ਇਹ ਹੈ ਕਿ ਗੁੱਸੇ ਦੇ ਕਾਰਨ ਨੂੰ ਹੀ ਮਿਟਾ ਦਿੱਤਾ ਜਾਵੇ।

*- ਜੂਲੀਅਸ ਸੀਜ਼ਰ*

ਪਿਆਰ, ਮਿੱਤਰਤਾ ਤੇ ਆਦਰ ਸਤਿਕਾਰ ਲੋਕਾਂ ਨੂੰ ਆਪਸ ਵਿਚ ਓਨਾ ਨਹੀਂ ਜੋੜਦੇ ਜਿੰਨਾ ਕਿਸੇ ਚੀਜ਼ ਲਈ ਸਾਂਝੀ ਨਫ਼ਰਤ ਜੋੜਦੀ ਹੈ।

*- ਚੈਖਵ*

ਇਹ ਜ਼ਰੂਰੀ ਨਹੀਂ ਹੁੰਦਾ ਕਿ ਗੁੱਸੇ ਦਾ ਸੇਕ ਪਹਿਲਾਂ ਦੁਸ਼ਮਣ ਨੂੰ ਹੀ ਭਸਮ ਕਰੇ। ਗੁੱਸੇ ਦੀ ਲਾਰ ਸਭ ਤੋਂ ਪਹਿਲਾਂ ਖੁਦ ਨੂੰ ਸਾੜ ਕੇ ਸੁਆਹ ਕਰ ਸਕਦੀ ਹੈ।

*- ਸ਼ੇਖ ਸਾਅਦੀ*

ਜਿਹੜਾ ਵਿਅਕਤੀ ਕ੍ਰੋਧ ਦੀ ਅੱਗ ਨੂੰ ਕਾਬੂ ਵਿਚ ਨਹੀਂ ਕਰ ਸਕਦਾ ਉਹ ਇਕ ਦਿਨ ਖੁਦ ਆਪਣੇ ਆਪ ਨੂੰ ਹੀ ਉਸ ਵਿਚ ਸਾੜ ਬੈਠਦਾ ਹੈ।- *ਮਹਾਤਮਾ ਗਾਂਧੀ*



Sri Satguru Jagjit Singh Ji eLibrary NamdhariElibrary@gmail.com

ਕਿਸੇ ਵੀ ਹਾਲਤ 'ਚ ਤਾਕਤ ਉੱਤੇ ਘਮੰਡ ਨਾ ਕਰੋ ਇਹ ਪਲ ਪਲ ਰੰਗ ਬਦਲਣ ਵਾਲੀ ਚੀਜ਼ ਹੈ।

*- ਹਾਫਜ*

ਘੁਮੰਡ ਦਾ ਆਰੰਭ ਅਮੀਰੀ ਤੋਂ ਹੁੰਦਾ ਹੈ। ਜਦਕਿ ਅੰਤ ਗਰੀਬੀ ਤੇ ਬਦਨਸੀਬੀ ਵਿਚ।

*- ਅਗਿਆਤ*

ਗੁੱਸਾ ਉਹ ਹਨੇਰੀ ਹੈ ਜੋ ਅਕਲ ਦਾ ਦੀਵਾ ਬੁਝਾ ਦਿੰਦਾ ਹੈ।

*- ਅਗਿਆਤ*

ਗੁੱਸਾ ਇਕ ਤਰ੍ਹਾਂ ਦੀ ਹਨੇਰੀ ਹੈ ਜਦੋਂ ਆਉਂਦੀ ਹੈ ਤਾਂ ਬੁੱਧੀ ਨੂੰ ਤਬਾਹ ਕਰ ਦਿੰਦੀ ਹੈ।

*- ਅਗਿਆਤ*

ਕ੍ਰੋਧ ਕੇਵਲ ਮੂਰਖਾਂ ਦੇ ਹਿਰਦੇ ਵਿਚ ਹੀ ਰਹਿੰਦਾ ਹੈ।

*- ਆਇਨ ਸਟਾਇਨ*

ਹਰੇਕ ਵੱਡੀ ਭੁੱਲ ਦੀ ਤਹਿ ਵਿਚ ਹੰਕਾਰ ਹੀ ਹੁੰਦਾ ਹੈ।

*- ਅਗਿਆਤ*

ਜਿਸ ਸਮੇਂ ਗੁੱਸਾ ਇਨਸਾਨ ਦੇ ਦਿਮਾਗ ਉੱਪਰ ਆਪਣਾ ਕਬਜਾ ਕਰ ਲੈਂਦਾ ਹੈ ਉਸ ਸਮੇਂ ਵਿਚਾਰ ਜੀਰੋ ਹੋ ਜਾਂਦੀ ਹੈ।

*- ਹੈਨਰੀ*

ਘੁਮੰਡ ਨਾਲ ਆਦਮੀ ਫੁਲ ਸਕਦਾ ਹੈ ਫੈਲ ਨਹੀਂ ਸਕਦਾ।

*- ਰਸਕਨ*

ਗੁੱਸਾ ਹਮੇਸ਼ਾ ਬੇਵਕੂਫ਼ੀ ਤੋਂ ਸ਼ੁਰੂ ਹੁੰਦਾ ਹੈ ਅਤੇ ਸਰਮਿੰਦਗੀ ਤੇ ਪਛਤਾਵੇਂ ਵਿਚ ਖਤਮ।

*- ਅਰਸਤੂ*

ਗੁੱਸਾ ਕਦੇ ਕਦੇ ਅਕਲਮੰਦ ਵਿਅਕਤੀ ਨੂੰ ਵੀ ਮੂਰਖ ਬਣਾ ਦਿੰਦਾ ਹੈ।

*- ਲਾਗਸ ਕੌ ਕਾਲਡ*

ਸ਼ਾਇਦ ਈਰਖਾ ਹੀ ਇਥੇ ਇਕ ਐਸੀ ਬੁਰਾਈ ਹੈ ਜੋ ਹਰ ਸਮੇਂ ਤੇ ਹਰ ਜਗ੍ਹਾ ਅਮਲ ਵਿਚ ਆ ਸਕਦੀ ਹੈ ਇਹ ਇਕ ਜਜ਼ਬਾ ਹੈ ਜਿਸ ਦੇ ਭੜਕਣ ਲਈ ਉਤੇਜਨਾ ਦੀ ਕਦੀ ਵੀ ਘਾਟ ਨਹੀਂ ਹੁੰਦੀ ਜੋ ਕਦੇ ਵੀ ਬੇਹਰਕਤ ਨਹੀਂ ਰਹਿੰਦਾ।

*- ਸੈਮੂਅਲ ਜਾਹਨਸਨ*

ਮਨੁੱਖ ਆਪ ਜਿਨਾ ਛੋਟਾ ਹੁੰਦਾ ਹੈ ਉਸ ਦਾ ਹੰਕਾਰ ਉਨਾ ਹੀ ਵੱਡਾ ਹੁੰਦਾ ਹੈ।

*- ਰੋਮਾ ਰੋਲਾ*

ਗੁੱਸੇ ਵਿਚ ਮੂੰਹੋਂ ਕੱਢੀ ਕੋਈ ਵੀ ਗੱਲ ਜਾਂ ਕੀਤਾ ਫੈਸਲਾ ਹਮੇਸ਼ਾ ਸੌ ਫੀਸਦੀ ਗਲਤ ਹੁੰਦਾ ਹੈ।

*- ਥਾਮਸ ਐਡੀਸਨ*

ਗੁੱਸਾ ਆਏ ਤਾਂ ਉਸ ਦੇ ਨਤੀਜੇ ਬਾਰੇ ਸੋਚੋ। *- ਕਨਫਿਊਸ਼ਿਅਸ*

ਗੁੱਸਾ ਤੁਹਾਨੂੰ ਛੋਟਿਆਂ ਕਰ ਦਿੰਦਾ ਹੈ ਜਦਕਿ ਮਾਫ਼ ਕਰਨ ਨਾਲ ਤੁਸੀਂ



Sri Satguru Jagjit Singh Ji eLibrary NamdhariElibrary@gmail.com

ਆਪਣੇ ਕੱਦ ਤੋਂ ਕਾਫ਼ੀ ਉੱਚੇ ਹੋ ਜਾਂਦੇ ਹੋ।

*- ਚੈਰੀ ਕਾਰਟਰ ਸਕਾਟ*

ਈਰਖਾ ਨਾ ਕਾਮਯਾਬੀ ਦਾ ਦੂਜਾ ਨਾਂ ਹੈ ਈਰਖਾ ਕਰਨ ਨਾਲ ਆਪਣਾ ਹੀ ਮਹੱਤਵ ਘਟਦਾ ਹੈ।

*- ਚਾਣਕਯ*

ਗੁੱਸੇ 'ਚ ਆਦਮੀ ਆਪਣੇ ਮਨ ਦੀ ਗੱਲ ਨਹੀਂ ਕਰਦਾ ਉਹ ਸਿਰਫ਼ ਦੂਜਿਆਂ ਦਾ ਦਿਲ ਦੁਖਾਉਣਾ ਚਾਹੁੰਦਾ ਹੈ।

*- ਪ੍ਰੇਮ ਚੰਦ*

ਈਰਖਾ ਅਸਫਲਤਾ ਦਾ ਦੂਜਾ ਨਾਂ ਹੈ ਈਰਖਾ ਕਰਨ ਨਾਲ ਆਪਣਾ ਮਹੱਤਵ ਹੀ ਘਟਦਾ ਹੈ।

*- ਚਾਣਕਿਆ*

ਹੰਕਾਰ ਹੀ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਹੈ ਹੰਕਾਰੀ ਮਨੁੱਖ ਕਿਸੇ ਨਾਲ ਵੀ ਨਹੀਂ ਨਿਭਾ ਸਕਦਾ।

*- ਵਿਕਟਰ ਹਿਊਗੋ*

ਹੰਕਾਰ ਕਿਸੇ ਵੀ ਸੂਰਵੀਰ ਵਿਅਕਤੀ ਦਾ ਸਭ ਤੋਂ ਵੱਡਾ ਦੁਸ਼ਮਣ ਹੁੰਦਾ ਹੈ।

*- ਮਹਾਤਮਾ ਗਾਂਧੀ*

ਪੰਜ ਮਿੰਟ ਦਾ ਕ੍ਰੋਧ ਜਨਮ ਭਰ ਦੀ ਦੋਸਤੀ ਨੂੰ ਤਬਾਹ ਕਰ ਦਿੰਦਾ ਹੈ।

*- ਮੁਨਸ਼ੀ ਪ੍ਰੇਮਚੰਦ*

ਕ੍ਰੋਧ ਉਤੇ ਕਾਬੂ ਪਾ ਕੇ ਦੁਨੀਆਂ ਜਿੱਤੀ ਜਾ ਸਕਦੀ ਹੈ।

*- ਵੇਦ ਵਿਆਸ ਜੀ*

ਨਫ਼ਰਤ ਕਰਨ ਨਾਲ ਨਫ਼ਰਤ ਕਦੇ ਘੱਟ ਨਹੀਂ ਹੁੰਦੀ ਨਫ਼ਰਤ ਨੂੰ ਸਿਰਫ਼ ਪ੍ਰੇਮ ਨਾਲ ਹੀ ਘਟਾਇਆ ਜਾ ਸਕਦਾ ਹੈ।

*- ਗਿਬਨ*

ਸ਼ਾਂਤੀ ਤੋਂ ਵੱਡਾ ਕੋਈ ਤਪ ਨਹੀਂ ਹੁੰਦਾ ਕਿਉਂਕਿ ਗੁੱਸੇ ਵਿਚ ਇਨਸਾਨ ਸਭ ਕੁੱਝ ਭੁੱਲ ਕੇ ਪਾਗਲ ਹੋ ਜਾਂਦਾ ਹੈ। ਇੱਥੋਂ ਤੱਕ ਕਿ ਕਰੋਧ ਦੇ ਕਾਰਨ ਉਸ ਦੀ ਮੌਤ ਵੀ ਹੋ ਜਾਂਦੀ ਹੈ।

*- ਚਾਣਿਕਿਆ*

ਈਰਖਾ ਮਨੁੱਖ ਨੂੰ ਉਸੇ ਤਰ੍ਹਾਂ ਖਾ ਜਾਂਦੀ ਹੈ ਜਿਸ ਤਰ੍ਹਾਂ ਕੱਪੜੇ ਨੂੰ ਕੀੜਾ ਖਾ ਜਾਂਦਾ ਹੈ।

*- ਸ੍ਰੀ ਰਾਮ ਅਚਾਰੀਆ*



Sri Satguru Jagjit Singh Ji eLibrary NamdhariElibrary@gmail.com

# ਪਰ ਉਪਕਾਰ, ਭਲਾਈ, ਸੇਵਾ

ਜਨਤਾ ਦੀ ਭਲਾਈ ਵਾਸਤੇ ਨਿੱਜੀ ਵਰਤਾਓ ਦੀ ਬੁਧੀਮਾਨੀ ਨਾਲ ਵਰਤੋਂ ਹੀ ਇਮਾਨਦਾਰਾਨਾ ਨੀਤੀ ਹੈ।

*- ਅਬਰਾਹਿਮ ਲਿੰਕਨ*

ਭਲੇ ਬਣਕੇ ਤੁਸੀਂ ਦੂਜਿਆਂ ਦੀ ਭਲਾਈ ਦਾ ਕਾਰਨ ਵੀ ਬਣ ਜਾਂਦੇ ਹੋ।

*- ਸੁਕਰਾਤ*

ਜੋ ਕੁਝ ਤੁਹਾਡੇ ਕੋਲ ਹੈ ਉਸ ਨੂੰ ਸੁੱਟ ਦੇਣ ਤੋਂ ਨਾ ਡਰੋ। ਸਗੋਂ ਇਹ ਸਮਝੋ ਕਿ ਉਹ ਚੀਜ਼ ਤੁਹਾਡੀ ਨਹੀਂ ਸੀ।

*- ਆਰ. ਐਸ. ਟਾਨੀ*

ਦੂਜਿਆਂ ਦੀ ਰੋਟੀ ਖੋਹ ਕੇ ਖਾਣਾ ਅਪਰਾਧ, ਭੁੱਖ ਲੱਗਣ ਤੇ ਰੋਟੀ ਖਾਣਾ ਪ੍ਰਕਿਰਤੀ ਅਤੇ ਖੁਦ ਭੁੱਖੇ ਰਹਿਕੇ ਦੂਜਿਆਂ ਨੂੰ ਖੁਆਉਣਾ ਸੰਸਕ੍ਰਿਤੀ ਹੈ।

*- ਤਰੁਣ ਸਾਗਰ*

ਲੋਕਾਂ ਦਾ ਕਲਿਆਣ ਹੀ ਸਭ ਤੋਂ ਚੰਗਾ ਕਾਨੂੰਨ ਹੈ।

*- ਸੀਰੋ*

ਦੂਜਿਆਂ ਦਾ ਖਿਆਲ ਰੱਖਣਾ ਅਤੇ ਉਨ੍ਹਾਂ ਦੀ ਚਿੰਤਾ ਕਰਨੀ ਇੱਕ ਚੰਗੇ ਸਮਾਜ ਅਤੇ ਜੀਵਨ ਦਾ ਮੁਢਲਾ ਸਿਧਾਂਤ ਹੈ।

*- ਕਨਫਿਊਸ਼ੀਅਸ*

ਮਨੁੱਖ ਨੂੰ ਕਿਸੇ ਗੱਲ ਨੂੰ ਇਸ ਲਈ ਨਹੀਂ ਮੰਨਣਾ ਚਾਹੀਦਾ ਕਿ ਬਹੁਤ ਸਾਰੇ ਲੋਕ ਉਸ ਨੂੰ ਮੰਨਦੇ ਹਨ ਜਾਂ ਉਹ ਪ੍ਰੰਪਰਾ ਤੋਂ ਚਲਦੀ ਆਈ ਹੈ ਜਾਂ ਉਹ ਧਰਮ ਗ੍ਰੰਥਾਂ ਵਿਚ ਲਿਖੀ ਹੋਈ ਹੈ ਜਾਂ ਉਹ ਕਿਸੇ ਆਦਰਯੋਗ ਸੰਤ ਮਹਾਤਮਾ ਗੁਰੂ ਪੈਗੰਬਰ ਜਾਂ ਅਵਤਾਰ ਦੀ ਆਖੀ ਹੋਈ ਹੈ। ਉਹੀ ਗੱਲ ਮੰਨਣੀ ਚਾਹੀਦੀ ਹੈ ਜੋ ਅਨੁਭਵ ਅਤੇ ਦਲੀਲ ਦੀ ਕਸਵੱਟੀ ਉੱਪਰ ਸੱਚੀ ਸਿੱਧ ਹੁੰਦੀ ਹੈ ਅਤੇ ਸਭ ਦਾ ਭਲਾ ਕਰਨ ਵਾਲੀ ਹੋਵੇ।

*- ਮਹਾਤਮਾ ਬੁੱਧ*

ਤੁਸੀਂ ਜਿੰਨੀ ਵੀ ਨੇਕੀ ਜਿੰਨੀ ਵੀ ਦੇਰ ਤੱਕ ਜਿਸ ਵੀ ਥਾਂ ਤੇ ਜਿਸ ਵੀ ਤਰੀਕੇ ਨਾਲ ਕਰ ਸਕਦੇ ਹੋ ਜ਼ਰੂਰ ਕਰੋ।

*- ਜੌਹਨ ਵੈਜ਼ਲ*

ਭਲਾਈ ਜਿੰਨੀ ਜ਼ਿਆਦਾ ਕੀਤੀ ਜਾਵੇ। ਓਨੀ ਹੀ ਮਿਲਦੀ ਹੈ।

*- ਜੌਨ ਮਿਲਟਨ*

ਪਰਉਪਕਾਰੀ ਦੇ ਹਿਰਦੇ ਵਿਚ ਹੀ ਪ੍ਰਭੂ ਦਾ ਵਾਸ ਹੈ।

*- ਮਹਾਤਮਾ ਗਾਂਧੀ*

ਸਨਮਾਨ ਬਣਾਈ ਰੱਖਣ ਲਈ ਹਮੇਸ਼ਾ ਚੰਗੇ ਤੇ ਭਲਾਈ ਵਾਲੇ ਕੰਮ ਕਰਦੇ ਰਹਿਣਾ ਚਾਹੀਦਾ ਹੈ।

*- ਸੈਕਸਪੀਅਰ*



Sri Satguru Jagjit Singh Ji eLibrary NamdhariElibrary@gmail.com

ਸਾਰਿਆਂ ਦਾ ਹਿਤ ਸੋਚਣ ਵਾਲਾ ਹੀ ਸੱਚਾ ਪੁਰਸ਼ ਹੁੰਦਾ ਹੈ।

*- ਸਵਾਮੀ ਦਇਆਨੰਦ*

ਤੁਸੀਂ ਜੋ ਕੁਛ ਵੀ ਕਮਾਓ ਇਮਾਨਦਾਰੀ ਨਾਲ ਕਮਾਓ ਅਤੇ ਜੋ ਕੁਝ ਵੀ ਖਰਚ ਕਰੋ ਦੂਜਿਆਂ ਦੀ ਭਲਾਈ ਲਈ ਹੀ ਕਰੋ।

*- ਮਹਾਤਮਾ ਰਾਮਾ ਨੁਜ*

ਸਾਨੂੰ ਉਹ ਕੁਝ ਮਿਲਦਾ ਹੈ ਜੋ ਕੁਝ ਅਸੀਂ ਦੂਜਿਆਂ ਨੂੰ ਦਿੰਦੇ ਹਾਂ।

*- ਕਾਲ ਰਿਜ*

ਨੇਕ ਹੋਣ ਲਈ ਸਾਰੀ ਉਮਰ ਲੱਗ ਜਾਂਦੀ ਹੈ ਬਦਨਾਮੀ ਹੋਣ ਲਈ ਸਿਰਫ਼ ਇੱਕ ਮਿੰਟ।

*- ਅਗਿਆਤ*

ਜਿਹੜਾ ਨੇਕੀ ਦਾ ਪ੍ਰੇਮੀ ਹੈ ਉਸ ਦੇ ਹਿਰਦੇ ਵਿਚ ਦੇਵਤਿਆਂ ਦਾ ਵਾਸਾ ਹੁੰਦਾ ਹੈ ਅਤੇ ਉਹ ਭਗਵਾਨ ਦੇ ਨੇੜੇ ਰਹਿੰਦਾ ਹੈ।

*- ਐਮਰਸਨ*

ਭਲਾਈ ਕਰਨ ਤੇ ਬੁਰਾਈ ਮਿਲੇ ਤਾਂ ਵੀ ਭਲਾਈ ਕਰਨੀ ਨਾ ਛੱਡੋ।

*- ਸਵਾਮੀ ਰਾਮ ਕਿਸ਼ਨ ਪਰਮ ਹੰਸ*

ਰੁੱਖਾਂ ਤੋਂ ਪਰਉਪਕਾਰ ਕਰਨਾ ਸਿੱਖੋ।

*- ਸੁਆਮੀ ਰਾਮ ਤੀਰਥ*

ਕੇਵਲ ਭਲਾ ਸੋਚੋ ਹੀ ਨਾ ਭਲਾ ਕਰੋ ਵੀ।

*- ਥੋਰੋ*

ਸ਼ਾਸਕਾਂ ਦੇ ਚੰਗੇ ਕਰਮਾਂ ਨਾਲ ਹੀ ਕੌਮ ਦੀ ਭਲਾਈ ਹੁੰਦੀ ਹੈ।

*- ਚਾਣਕਿਆ*

ਵਾਰਿਸ ਸਾਹ ਉਹ ਸਦਾ ਈ ਜਿਊਂਦੇ ਨੇ ਜਿਨ੍ਹਾਂ ਕੀਤੀਆਂ ਨੇਕ ਕਮਾਈਆਂ ਨੇ।

*- ਹੀਰ ਵਾਰਸ ਸਾਹ*

ਭਵਿੱਖ ਉਨ੍ਹਾਂ ਲੋਕਾਂ ਦਾ ਹੈ ਜੋ ਪਿਸ ਰਹੀ ਮਨੁੱਖਤਾ ਦੇ ਭਲੇ ਲਈ ਕੁਝ ਕਰਦੇ ਹਨ।

*- ਲੂਈਸ ਪਾਸਚਰ*

ਮੇਰਾ ਦੇਸ ਸਾਰੀ ਦੁਨੀਆਂ ਹੈ ਮੇਰਾ ਧਰਮ ਨੇਕੀ ਕਰਨਾ ਹੈ।

*- ਟਾਮਸ ਪੇਨ*

ਪ੍ਰਸੰਨਤਾ ਦਾ ਕੇਵਲ ਇਕੋ ਅਚੁੱਕ ਰਾਹ ਹੈ ਦੂਜਿਆਂ ਲਈ ਜਿਉਣਾ।

*- ਤਾਲਸ ਤਾਏ*

ਬੁਰੇ ਆਦਮੀ ਦੇ ਨਾਲ ਵੀ ਭਲਾਈ ਹੀ ਕਰਨੀ ਚਾਹੀਦੀ ਹੈ ਇਕ ਟੁਕੜਾ ਰੋਟੀ ਪਾ ਕੇ ਕੁੱਤੇ ਦਾ ਮੂੰਹ ਬੰਦ ਕਰ ਦੇਣਾ ਹੀ ਚੰਗਾ ਹੈ।

*- ਸਾਦੀ*

ਨੇਕੀ ਉਨ੍ਹਾਂ ਬਾਹਰੀ ਕੰਮਾਂ 'ਚ ਨਹੀਂ ਹੈ ਜੋ ਅਸੀਂ ਕਰਦੇ ਹਾਂ ਜਦਕਿ ਉਸ 'ਚ ਹੈ ਸਾਡੇ ਅੰਦਰ ਕੀ ਹੈ।

*- ਚੈਪਨ*



Sri Satguru Jagjit Singh Ji eLibrary NamdhariElibrary@gmail.com

ਇਹ ਸਾਡਾ ਫਰਜ ਹੈ ਕਿ ਜੇ ਕਿਸੇ ਨੂੰ ਸਾਡੀ ਮੱਦਦ ਦੀ ਲੋੜ ਹੈ ਤਾਂ ਅਸੀਂ ਉਸਨੂੰ ਪੂਰਾ ਤਾਣ ਲਾ ਕੇ ਮੱਦਦ ਦੇਈਏ।

*- ਸਿਸਲੋ*

ਜੇ ਤੁਸੀਂ ਸੰਸਾਰ ਨੂੰ ਉਹ ਕੁਝ ਬਿਹਤਰੀਨ ਦੇਵੋਗੇ ਜੋ ਕੁਝ ਤੁਹਾਡੇ ਕੋਲ ਹੈ ਤਾਂ ਸੰਸਾਰ ਤੁਹਾਨੂੰ ਵੀ ਮੋੜਵਾਂ ਆਪਣਾ ਬਿਹਤਰੀਨ ਸਭ ਕੁਝ ਦੇਵੇਗਾ।

*- ਅਮਰੀਕੀ ਕਵੀ ਮੈਡਲੀਨ ਬਰਜਿਸ*

ਸੰਸਾਰ ਦਾ ਇਹ ਸਭ ਤੋਂ ਖ਼ੂਬਸੂਰਤ ਪਹਿਲੂ ਹੈ ਕਿ ਕੋਈ ਵੀ ਸਖਸ ਕਿਸੇ ਹੋਰ ਦੀ ਮੱਦਦ ਕਰਦੇ ਸਮੇਂ ਆਪਣੀ ਮਦਦ ਵੀ ਆਪ ਹੀ ਕਰ ਰਿਹਾ ਹੁੰਦਾ ਹੈ।

*- ਅਮਰੀਕੀ ਕਵੀ ਰਾਲਫ ਐਮਰਸਨ*

ਜਿਹੜਾ ਵਿਅਕਤੀ ਦੂਜਿਆਂ ਦੀ ਭਲਾਈ ਚਾਹੁੰਦਾ ਹੈ ਉਸ ਨੇ ਆਪਣਾ ਭਲਾ ਪਹਿਲਾ ਹੀ ਕਰ ਲਿਆ ਹੈ।

*- ਕਨਫਿਊਸਿਸ*

ਨਰਕ ਵਿਚ ਰਾਜ ਕਰਨ ਨਾਲੋਂ ਸਵਰਗ ਵਿਚ ਸੇਵਾ ਕਰਨੀ ਜ਼ਿਆਦਾ ਵਧੀਆ ਕੰਮ ਹੈ।

*- ਮਿਲਟਨ*

ਜਿਹੜੇ ਕਿਸੇ ਉਤੇ ਉਪਕਾਰ ਨਹੀਂ ਕਰ ਸਕਦੇ ਉਨ੍ਹਾਂ ਨੂੰ ਜੀਵਨ ਜਿਉਣ ਦਾ ਹੱਕ ਨਹੀਂ ਹੋਣਾ ਚਾਹੀਦਾ।

*- ਕੈਥਰੀਨ ਫਿਲਪਿਸ*

ਜੋ ਉਪਕਾਰ ਕਰਨ ਵਾਲਿਆਂ ਨੂੰ ਨੀਚ ਕਹਿੰਦਾ ਹੈ ਉਸ ਤੋਂ ਵੱਡਾ ਨੀਚ ਕੋਈ ਨਹੀਂ।

*- ਤੁਲਸੀ ਦਾਸ*

ਉਪਕਾਰ ਕਰਨ ਵਾਲੇ ਨੂੰ ਸੁੱਖ ਇਸ ਤਰ੍ਹਾਂ ਮਿਲਦੇ ਹਨ ਜਿਵੇਂ ਮਹਿੰਦੀ ਪੀਹਣ ਵਾਲੇ ਨੂੰ ਮਹਿੰਦੀ ਦਾ ਰੰਗ।

*- ਰਹੀਮ*



Sri Satguru Jagjit Singh Ji eLibrary NamdhariElibrary@gmail.com

# ਉਤਸ਼ਾਹ, ਉੱਦਮ ਸਾਹਸ, ਹਿੰਮਤ, ਦਲੇਰੀ, ਹੌਂਸਲਾ, ਧੀਰਜ

ਜੋ ਕੁਝ ਵੀ ਤੁਹਾਡੇ ਕੋਲੋਂ ਹੋ ਸਕਦਾ ਸੀ ਤੁਸੀਂ ਕੀਤਾ ਹੈ। ਕਈ ਗਲਤੀਆਂ ਬੇਵਕੂਫੀਆਂ ਤੇ ਬੇਹੂਦਗੀਆਂ ਵੀ ਕੀਤੀਆਂ ਹਨ। ਇਨ੍ਹਾਂ ਨੂੰ ਛੇਤੀ ਭੁੱਲ ਜਾਓ ਕੱਲ ਨਵਾਂ ਦਿਨ ਚੜ੍ਹ ਰਿਹਾ ਹੈ। ਇਸਦਾ ਆਰੰਭ ਉਤਸ਼ਾਹ ਨਾਲ ਕਰੋ।

*- ਐਮਰਸਨ*

ਲੜਾਈ ਝਗੜਾ ਹੋਵੇ ਤਾਂ ਧੀਰਜ ਤੋਂ ਕੰਮ ਲੈਣਾ ਵੱਡੀ ਸਿਆਣਪ ਹੁੰਦੀ ਹੈ। ਨਿਮਰਤਾ ਨਾਲ ਪੇਸ਼ ਆਉਗੇ ਤਾਂ ਸਾਰੇ ਝਗੜੇ ਝੇੜੇ ਖਤਮ ਹੋ ਜਾਣਗੇ।

*- ਸ਼ੇਖ ਸਾਅਦੀ*

ਬੰਦੇ ਨੂੰ ਨੇਕ ਰਾਹ ਉੱਪਰ ਚਲਦੇ ਰਹਿਣਾ ਚਾਹੀਦੈ ਜਿਹੜੇ ਪਾਣੀ ਵਗਣੋ ਖਲੋ ਜਾਂਦੇ ਹਨ ਨਾ ਤਾਂ ਉਨ੍ਹਾਂ ਨੂੰ ਕੋਈ ਪੀਂਦਾ ਹੈ ਤੇ ਨਾ ਹੀ ਕੋਈ ਨਵਾਜ ਪੜ੍ਹਨ ਲਈ ਵੁਜ਼ੂ ਕਰਦੇ ਹਨ। ਜਿਹੜੇ ਪੱਤੇ ਹਿੱਲਣਾ ਛੱਡ ਦੇਣ ਉਹ ਦੂਜੇ ਦਿਨ ਰੁੱਖ ਤੋਂ ਡਿੱਗ ਪੈਂਦੇ ਹਨ।

*- ਅਮੀਨ ਮਲਕ*

ਜ਼ਿੰਦਗੀ ਵਿਚ ਦੁੱਖ ਸੁੱਖ ਨੇ ਆਉਂਦੇ, ਸਹਿਣਸ਼ੀਲ ਨਾ ਕਦੇ ਘਬਰਾਉਂਦੇ, ਸਫਰੀ ਲੈਂਦੇ ਮਨ ਸਮਝਾ, ਹਿੰਮਤ ਨਾ ਹਾਰਿਉ, ਦੁਨੀਆਂ ਇਕ ਦਰਿਆ, ਹਿੰਮਤ ਨਾ ਹਾਰਿਉ।

*- ਸਵਰਗਵਾਸੀ ਮੇਵਾ ਸਿੰਘ ਸਫਰੀ ਕੱਟੂ*

ਉੱਠੋ ਜਾਗੋ ਤੇ ਓਨੀ ਦੇਰ ਨਾ ਰੁਕੋ ਜਦ ਤੱਕ ਮੰਜ਼ਿਲ ਨਹੀਂ ਆ ਜਾਂਦੀ।

*- ਸਵਾਮੀ ਵਿਵੇਕਾਨੰਦ*

ਜਦੋਂ ਵੀ ਕੋਈ ਚੁਣੌਤੀ ਆਏ, ਉਸ ਤੋਂ ਬਚਣ ਦੀ ਕੋਸ਼ਿਸ਼ ਨਾ ਕਰੋ ਸਗੋਂ ਉਸਦਾ ਦਲੇਰੀ ਨਾਲ ਸਾਹਮਣਾ ਕਰੋ।

*- ਡੇਵਿਡ ਵੈਦਰ ਫੋਰਡ*

ਜਦੋਂ ਤੁਸੀਂ ਘੱਟ ਗਿਣਤੀ ਵਿਚ ਹੁੰਦੇ ਹੋ ਤਾਂ ਤੁਹਾਡੇ ਹੌਂਸਲੇ ਦੀ ਪ੍ਰੀਖਿਆ ਹੁੰਦੀ ਹੈ ਜਦੋਂ ਬਹੁ ਗਿਣਤੀ ਵਿਚ ਹੁੰਦੇ ਹੋ ਤਾਂ ਤੁਹਾਡੀ ਸਹਿਣਸ਼ੀਲਤਾ ਦੀ ਪ੍ਰੀਖਿਆ ਹੁੰਦੀ ਹੈ।

*- ਰਾਲਫ ਡਬਲਿਊ ਐਮਰਸਨ*

ਸੰਕਟ ਵਿਚ ਸਾਹਸ ਰੱਖਣਾ, ਅੱਧੀ ਸਫ਼ਲਤਾ ਪ੍ਰਾਪਤ ਕਰ ਲੈਣਾ ਹੈ।

*- ਫਲਾ ਡਟਸ*

ਕੁਦਰਤ ਉਨ੍ਹਾਂ ਲੋਕਾਂ ਦੀ ਕੋਈ ਸਹਾਇਤਾ ਨਹੀਂ ਕਰਦੀ ਜੋ ਆਪ ਕੋਈ ਉਦਮ ਨਹੀਂ ਕਰਦੇ।

*- ਸਟੋਕ ਲੀਜ*

ਹੌਸਲਾ ਚਲਾ ਗਿਆ ਤਾਂ ਸਮਝੋ ਸਭ ਕੁਝ ਚਲਾ ਗਿਆ ਇਸ ਲਈ ਕਦੇ ਹੌਸਲਾ ਨਾ ਹਾਰੋ।

*- ਗੇਇਟ*

ਜਦੋਂ ਵੀ ਕੋਈ ਚੁਣੌਤੀ ਆਏ ਉਸ ਤੋਂ ਬਚਣ ਦੀ ਕੋਸ਼ਿਸ਼ ਨਾ ਕਰੋ। ਉਸ ਦਾ ਦਲੇਰੀ ਨਾਲ ਸਾਹਮਣਾ ਕਰੋ। *- ਡੇਵਿਡ ਵੈਦਰ ਫੋਰਡ*



Sri Satguru Jagjit Singh Ji eLibrary NamdhariElibrary@gmail.com

ਹੇ ਮਨੁੱਖ ਆਪਣਾ ਇੱਕ ਪਲ ਵਿਅਰਥ ਨਾ ਗੁਆ। ਸਾਵਧਾਨ! ਤੂੰ ਤਰਸਦਾ ਰਹਿ ਜਾਵੇਗਾ। ਕੁਝ ਕਰਨਾ ਹੈ ਤਾਂ ਸਮੇਂ ਦਾ ਉਪਯੋਗ ਕਰੋ।

*- ਰਿਚਰਿਡ ਜਾਨਸਨ*

ਉੱਠ ਕੀ ਚਾਹੁੰਦਾ ਹੈ ਤੂੰ, ਮੈਂ ਤੈਨੂੰ ਸਭ ਕੁਝ ਦੇਵਾਂਗਾ, ਤੂੰ ਖੁਦ ਨੂੰ ਪਹਿਚਾਣ।

*- ਅਰਸਤੂ*

ਮਨੁੱਖ ਸਭ ਕੁਝ ਕਰ ਸਕਦਾ ਹੈ, ਕਰਨ ਦੀ ਹਿੰਮਤ ਚਾਹੀਦੀ ਹੈ।

*- ਕਾਲ ਰਾਈਲ*

ਕਾਇਰ ਦਿਨ ਵਿਚ ਕਈ ਵਾਰ ਮਰਦੇ ਹਨ ਪਰ ਬਹਾਦਰ ਇਕੋ ਵਾਰ ਮਰਦੇ ਨੇ।

*- ਸ਼ੈਕਸਪੀਅਰ*

ਹਾਲਾਤ ਕੋਲੋਂ ਨੱਸਿਆਂ ਤੇ ਗੱਲ ਨਹੀਂ ਬਣਦੀ ਉਨ੍ਹਾਂ ਦਾ ਸਾਹਮਣਾ ਕਰਨ ਵਾਲਾ ਹੀ ਬਹਾਦਰ ਤੇ ਦਿਲ ਵਾਲਾ ਹੁੰਦਾ ਹੈ।

*- ਫਖਰ ਜਮਾਨ*

ਬੇਈਮਾਨ ਬਣਨਾ ਬਹੁਤ ਆਸਾਨ ਕੰਮ ਹੈ ਪਰ ਇਮਾਨਦਾਰ ਬਣਨ ਲਈ ਬਹੁਤ ਦਲੇਰੀ ਤੇ ਹਿੰਮਤ ਦੀ ਲੋੜ ਪੈਂਦੀ ਹੈ।

*- ਅਗਿਆਤ*

ਕੋਈ ਵੀ ਕੰਮ ਹੋਵੇ ਉਸ ਨੂੰ ਹਿੰਮਤ ਅਤੇ ਸ਼ਾਂਤ ਚਿਤ ਹੋ ਕੇ ਕਰੋ ਇਹੋ ਸਫਲਤਾ ਦੀ ਕੁੰਜੀ ਹੈ।

*- ਸਵਾਮੀ ਰਾਮ ਤੀਰਥ*

ਜਦੋਂ ਸਹਾਰਾ ਦੇਣ ਵਾਲੀ ਚੀਜ਼ ਆਪੇ ਸਹਾਰਾ ਲੈਣ ਲੱਗ ਪਵੇ ਤਾਂ ਉਹਦੇ ਕੋਲੋਂ ਪਿੱਛਾ ਛੁਡਾ ਲੈਣਾ ਹੀ ਚੰਗਾ ਹੁੰਦਾ ਹੈ।

*- ਫਖਰ ਜ਼ਮਾਨ*

ਜੇਕਰ ਤੁਹਾਡੇ ਵਿਚਾਰ ਵਿਚ ਨੀਰਸਤਾ ਅਤੇ ਉਤਸ਼ਾਹ ਦੀ ਘਾਟ ਹੈ ਤਾਂ ਕਿਸੇ ਨੂੰ ਆਪਣੇ ਨਾਲ ਨਹੀਂ ਤੋਰ ਸਕਦੇ।

*- ਸਵੇਟ ਮਾਰਡਨ*

ਮਨੁੱਖ ਦੇ ਸਾਰੇ ਗੁਣਾਂ ਵਿਚੋਂ ਪਹਿਲਾ ਗੁਣ ਹੌਸਲਾ ਹੈ ਕਿਉਂਕਿ ਇਹ ਬਾਕੀ ਸਾਰੇ ਗੁਣਾਂ ਦੀ ਜ਼ਿੰਮੇਵਾਰੀ ਲੈਂਦਾ ਹੈ।

*- ਚਰ ਚਿਲ*

ਸ਼ਾਨ ਕਦੇ ਨਾ ਡਿੱਗਣ ਵਿਚ ਨਹੀਂ ਡਿੱਗ ਕੇ ਉੱਠਣ ਵਿਚ ਹੈ।

*- ਕਨਫਿਊ ਸਿਸ*

ਕਿਸਮਤ ਤੇ ਭਰੋਸਾ ਉਹੀ ਕਰਦਾ ਹੈ ਜਿਸ ਵਿਚ ਉੱਦਮ ਨਹੀਂ ਹੁੰਦਾ।

*- ਪ੍ਰੇਮ ਚੰਦ*

ਆਪਣੇ ਡਰ ਨੂੰ ਆਪਣੇ ਤੱਕ ਹੀ ਰੱਖੋ ਪਰ ਆਪਣੀ ਦਲੇਰੀ ਦੂਜਿਆਂ ਨਾਲ ਸਾਂਝੀ ਕਰੋ।

*- ਅਗਿਆਤ*



Sri Satguru Jagjit Singh Ji eLibrary NamdhariElibrary@gmail.com

ਸੰਸਾਰ ਵਿਚ ਨਾਂ ਉਨ੍ਹਾਂ ਦਾ ਹੀ ਹੁੰਦਾ ਹੈ ਜਿਨ੍ਹਾਂ ਵਿਚ ਨਾਂਹ ਕਹਿਣ ਦੀ ਦਲੇਰੀ ਹੁੰਦੀ ਹੈ।

*- ਅਗਿਆਤ*

ਅਨੁਭਵ ਸਾਨੂੰ ਦੱਸਦਾ ਹੈ ਕਿ ਸੰਕਟ ਕਾਲ ਵਿਚ ਵੀ ਦ੍ਰਿੜ ਨਿਸਚਾ ਹੀ ਸਹਾਈ ਹੁੰਦਾ ਹੈ।

*- ਸ਼ੈਕਸਪੀਅਰ*

ਉਤਸ਼ਾਹ ਬਾਝੋਂ ਕੋਈ ਵੀ ਮਹਾਨ ਪ੍ਰਾਪਤੀ ਨਹੀਂ ਹੁੰਦੀ।

*- ਐਮਰਸਨ*

ਕੋਈ ਵੀ ਕੰਮ ਹੋਵੇ ਉਸਨੂੰ ਹਿੰਮਤ ਅਤੇ ਸਾਂਤ ਚਿੱਤ ਹੋ ਕੇ ਕਰੋ ਇਹੋ ਸਫਲਤਾ ਦੀ ਕੁੰਜੀ ਹੈ।

*- ਸਵਾਮੀ ਰਾਮ ਤੀਰਥ*

ਸੂਰਬੀਰ ਸਧਾਰਨ ਆਦਮੀ ਤੋਂ ਬਹਾਦਰ ਨਹੀਂ ਹੁੰਦਾ ਪਰ ਉਹ ਬਹਾਦਰੀ ਪੰਜ ਮਿੰਟ ਵੱਧ ਦਿਖਾਉਂਦਾ ਹੈ।

*- ਐਮਰਸਨ*

ਹਰ ਹੋਣੀ ਅੱਗੇ ਛਾਤੀ ਤਾਣ ਦਿਓ ਭਰੋਸਾ ਰੱਖੋ ਆਖਰ ਕਿਸੇ ਗੱਲੋਂ ਆਉਂਦੀ ਨਹੀਂ ਸਭੇ ਸਮੇਂ ਲੰਘ ਜਾਂਦੇ ਹਨ।

*- ਗੁਰਬਖਸ਼ ਸਿੰਘ*

ਸਦੀਆਂ ਤੋਂ ਐਸੇ ਬੰਦੇ ਸੰਸਾਰ ਵਿਚ ਆਉਂਦੇ ਰਹੇ ਹਨ ਜਿਨ੍ਹਾਂ ਨੇ ਸਿਰਫ ਆਪਣੀ ਸਮਝ ਨਾਲ ਲੈਸ ਹੋ ਕੇ ਹੀ ਨਵੇਂ ਰਸਤਿਆਂ ਉਤੇ ਤੁਰਨ ਦਾ ਹੌਸਲਾ ਕੀਤਾ।

*- ਆਇਨ ਰੈਂਡ*

ਲਗਾਤਾਰ ਅਤੇ ਦ੍ਰਿੜ ਨਿਸਚੇ ਨਾਲ ਕੀਤੇ ਗਏ ਕੰਮ ਨਾਲ ਹੀ ਸਭ ਕਿਸਮ ਦੇ ਵਿਰੋਧ ਖਤਮ ਕੀਤੇ ਜਾ ਸਕਦੇ ਹਨ।

*- ਕਲਾਡ ਬਰਿਸਟਲ*

ਕੁਝ ਵੀ ਬਿਨਾ ਪ੍ਰੇਰਨਾ ਨਹੀਂ ਕੀਤਾ ਜਾ ਸਕਦਾ।

*- ਐਮਰਸਨ*

ਇਸ ਸੰਸਾਰ ਵਿਚ ਕੋਈ ਕੰਮ ਕਰਨਾ ਹੈ ਤਾਂ ਇਹ ਠੀਕ ਨਹੀਂ ਕਿ ਠੰਡ ਤੋਂ ਹੀ ਡਰਦੇ ਹੋਏ ਅਸੀਂ ਕਿਨਾਰੇ ਬੈਠੇ ਰਹੀਏ ਅਤੇ ਕੰਬਦੇ ਰਹੀਏ। ਸਗੋਂ ਸਾਨੂੰ ਚਾਹੀਦਾ ਹੈ ਕਿ ਅਸੀਂ ਛਾਲ ਮਾਰਕੇ ਅੰਦਰ ਜਾਈਏ ਅਤੇ ਸਮਰੱਥਾ ਮੁਤਾਬਕ ਤੈਰਨ ਦੀ ਕੋਸ਼ਿਸ਼ ਕਰੀਏ।

*- ਬਰਤਾਨਵੀ ਲੇਖਕ ਸਿਡਨੀ ਸਮਿਥ*

ਉਹ ਮਨੁੱਖ ਬਹਾਦਰ ਨਹੀਂ ਹੋ ਸਕਦਾ ਜਿਹੜਾ ਦੁੱਖਾਂ ਨੂੰ ਜੀਵਨ ਦਾ ਸਰਾਪ ਸਮਝਦਾ ਹੈ।

*- ਸਿਸਰੋ*

ਕੋਈ ਕੰਮ ਸ਼ੁਰੂ ਕਰਨ ਲਈ ਉਤਸ਼ਾਹ ਦੀ ਲੋੜ ਹੁੰਦੀ ਹੈ ਪਰ ਇਸ ਨੂੰ ਜਾਰੀ ਰੱਖਣ ਲਈ ਆਦਤ ਦੀ।

*- ਅਮਰੀਕੀ ਓਲੰਪੀਅਨ ਜਿਮਰਿਆਨ*



Sri Satguru Jagjit Singh Ji eLibrary NamdhariElibrary@gmail.com

ਆਦਮੀ ਦੇ ਸਾਰੇ ਗੁਣਾਂ 'ਚੋਂ ਪਹਿਲਾਂ ਗੁਣ ਹੌਸਲਾ ਹੈ ਕਿਉਂਕਿ ਇਹ ਬਾਕੀ ਸਾਰੇ ਗੁਣਾਂ ਦੀ ਜ਼ਿੰਮੇਵਾਰੀ ਲੈਂਦਾ ਹੈ।

*- ਚਰਚਿਲ*

ਉਦਮੀ ਹੋਣ ਨਾਲ ਦਰਿੱਦਰਤਾ ਨਹੀਂ ਰਹਿੰਦੀ ਆਤਮ ਚਿੰਤਨ ਨਾਲ ਪਾਪ ਨਹੀਂ ਰਹਿੰਦਾ ਚੁੱਪ ਰਹਿਣ ਨਾਲ ਝਗੜਾ ਨਹੀਂ ਹੁੰਦਾ ਤੇ ਖਬਰਦਾਰ ਰਹਿਣ ਨਾਲ ਡਰ ਨਹੀਂ ਰਹਿੰਦਾ।

*- ਚਾਣਕਿਆ*

ਤੁਹਾਡੇ ਵੱਲੋਂ ਕੀਤੀ ਗਈ ਹਰ ਨਵੀਂ ਸ਼ੁਰੂਆਤ ਨੂੰ ਤਿੰਨ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ ਪਹਿਲਾਂ ਲੋਕ ਮਜ਼ਾਕ ਉਡਾਉਂਦੇ ਹਨ ਫਿਰ ਵਿਰੋਧ ਕਰਦੇ ਹਨ ਤੇ ਫਿਰ ਮੰਨਣ ਲੱਗ ਪੈਂਦੇ ਹਨ।

*- ਸਵਾਮੀ ਵਿਵੇਕਾਨੰਦ*

ਸੂਰਮਾ ਉਹੀ ਹੈ ਜੋ ਹੋਰਨਾਂ ਉੱਤੇ ਆਸ ਲਾ ਕੇ ਨਹੀਂ ਬੈਠਾ ਰਹਿੰਦਾ।

*- ਸੰਤ ਤੁਕਾ ਰਾਮ*

ਸੰਕਟ ਸਮੇਂ ਧੀਰਜ ਧਾਰਨ ਕਰਨਾ ਹੀ ਅੱਧੀ ਲੜਾਈ ਜਿੱਤ ਲੈਣ ਦੇ ਬਰਾਬਰ ਹੁੰਦਾ ਹੈ।

*- ਪਲੈਟੋ*

ਜੇਕਰ ਹੌਸਲਾ ਚਲਾ ਗਿਆ ਤਾਂ ਮਨੁੱਖ ਦੀ ਅੱਧੀ ਸਮਝਦਾਰੀ ਉਸ ਦੇ ਨਾਲ ਹੀ ਚਲੀ ਜਾਂਦੀ ਹੈ।

*- ਐਮਰਸਨ*

ਕਾਮਯਾਬ ਹੋਣ ਲਈ ਦਲੇਰੀ ਦੀ ਸਭ ਤੋਂ ਵੱਧ ਜ਼ਰੂਰਤ ਪੈਂਦੀ ਹੈ ਦਲੇਰੀ ਚੰਗੇ ਕਿਰਦਾਰ ਸਦਕਾ ਹੀ ਆਉਂਦੀ ਹੈ।

*- ਰਾਬਰਟ ਬਰਾਊਨ*

ਉਦਮ ਕਰਨ ਨਾਲ ਦਰਿੱਦਗੀ ਨਹੀਂ ਰਹਿੰਦੀ ਆਤਮ ਚਿੰਤਨ ਨਾਲ ਪਾਪ ਤੋਂ ਮੁਕਤੀ ਮਿਲ ਜਾਂਦੀ ਹੈ। ਮੋਨ ਰਹਿਣ ਨਾਲ ਝਗੜਾ ਨਹੀਂ ਹੁੰਦਾ ਅਤੇ ਸਾਵਧਾਨ ਰਹਿਣ ਨਾਲ ਭੈਅ ਨਹੀਂ ਸਤਾਉਂਦਾ।

*- ਚਾਣਕਆ*

ਹਿੰਮਤ ਤੋਂ ਕੰਮ ਲਵੋ। ਇਸ ਗੱਲ ਦਾ ਧਿਆਨ ਰੱਖੋ ਕਿ ਹਰ ਇੱਕ ਸਮੱਸਿਆ ਦਾ ਹੱਲ ਹੈ।

*- ਸਵੇਟ ਮਾਰਟਨ*

ਸੱਚ! ਸਾਹਸੀ ਉਹ ਹੈ ਜੋ ਕਦੇ ਨਿਰਾਸ਼ ਨਹੀਂ ਹੁੰਦਾ।

*- ਕਨਫਿਊਸ਼ਿਅਸ*

ਉਤਸ਼ਾਹ ਨਾਲ ਸਾਡੇ ਵਿਚ ਇੱਕ ਪ੍ਰਕਾਰ ਦੀ ਊਰਜਾ ਪੈਦਾ ਹੁੰਦੀ ਹੈ। ਇਹ ਸਾਨੂੰ ਮਿਹਨਤ ਕਰਨ ਦੀ ਸ਼ਕਤੀ ਦਿੰਦੀ ਹੈ।

*- ਸਵੇਟ ਮਾਰਟਨ*

ਤੁਹਾਡੇ ਰਾਹ ਵਿੱਚ ਚਾਹੇ ਗੁਲਾਬ ਦੇ ਫੁੱਲ ਆਉਣ ਜਾਂ ਕੰਡੇ ਬਿਨਾਂ ਅਟਕਿਆਂ ਤੁਰਦੇ ਜਾਣ ਵਿਚ ਹੀ ਉੱਨਤੀ ਹੈ। *- ਸਟੈਨ ਟਨ*



Sri Satguru Jagjit Singh Ji eLibrary NamdhariElibrary@gmail.com

# ਸਬਰ, ਸੰਤੋਖ, ਸੰਜਮ

ਸਾਰੀ ਦੀ ਸਾਰੀ ਤਰੱਕੀ ਬੇਸਬਰੇ ਮੂਰਖ ਲੋਕਾਂ ਦੀ ਦੇਣ ਹੈ ਸਾਇੰਸਦਾਨਾਂ ਨੇ ਹੁਣ ਇਸ ਸੱਚ ਨੂੰ ਪ੍ਰਵਾਨ ਕਰ ਲਿਆ ਹੈ।

*- ਬਰਨਾਰਡ ਸ਼ਾਅ*

ਉਹ ਸਭ ਤੋਂ ਵਧ ਅਮੀਰ ਹੈ ਜਿਹੜਾ ਸਭ ਤੋਂ ਥੋੜ੍ਹੀ ਵਸਤੂ ਨਾਲ ਸੰਤੁਸ਼ਟ ਹੈ ਕਿਉਂ ਜੋ ਸੰਤੋਖ ਪ੍ਰਕਿਰਤੀ ਦਾ ਸਾਧਨ ਹੈ।

*- ਸੁਕਰਾਤ*

ਅਨੁਸ਼ਾਸਨ ਸਵੈਮਾਨ ਦਾ ਸੋਮਾ ਹੈ। ਇਨਕਾਰ ਕਰਨ ਦੀ ਸਮਰੱਥਾ ਨਾਲ ਮਨੁੱਖ ਦੀ ਸ਼ਾਨ ਵਿਚ ਵਾਧਾ ਹੁੰਦਾ ਹੈ।

*- ਅਬਰਾ ਹਾਮਜੇ ਹੈਸਚਲ*

ਤਿਆਗ ਕਰਨ ਨਾਲ ਪ੍ਰਸੰਨਤਾ ਪ੍ਰਾਪਤ ਨਾ ਹੋਵੇ ਤਾਂ ਉਹ ਤਿਆਗ ਕਿਸੇ ਵੀ ਕੰਮ ਦਾ ਨਹੀਂ ਹੈ।

*- ਮਹਾਤਮਾ ਗਾਂਧੀ*

ਸੁਧਾਰ ਦਾ ਇੱਕ ਹੀ ਤਰੀਕਾ ਹੈ, ਸਖ਼ਤ ਅਨੁਸ਼ਾਸਨ ਅਤੇ ਪ੍ਰੇਰਣਾ ਮਈ ਵਿਹਾਰ।

*- ਅਗਿਆਤ*

ਅਨੁਸ਼ਾਸਨ ਉਹ ਚੀਜ਼ ਹੈ ਜਿਸ ਤੇ ਜੀਵਨ ਮਰਿਯਾਦਾ ਦਾ ਸਮੁੰਦਰ ਲਹਿਰਾਉਂਦਾ ਹੈ।

*- ਅਗਿਆਤ*

ਤਿਆਗ ਤੋਂ ਬਿਨਾਂ ਕੋਈ ਵੀ ਪੂਰੇ ਮਨ ਨਾਲ ਦੂਜਿਆਂ ਲਈ ਕੰਮ ਨਹੀਂ ਕਰ ਸਕਦਾ।

*- ਸਵਾਮੀ ਵਿਵੇਕਾਨੰਦ*

ਅਨੁਸਾਸ਼ਨ ਮਨੁੱਖੀ ਜੀਵਨ ਦਾ ਜ਼ਰੂਰੀ ਅੰਗ ਹੈ ਅਨੁਸ਼ਾਸਨ ਤੋਂ ਬਿਨਾਂ ਮਨੁੱਖੀ ਜੀਵਨ ਉਸ ਬੇੜੀ ਵਰਗਾ ਹੈ ਜਿਸ ਦਾ ਮਲਾਹ ਨਾ ਹੋਵੇ ਜਾਂ ਉਸ ਚਿੱਠੀ ਵਰਗਾ ਹੈ ਜਿਸ ਉੱਪਰ ਸਿਰਨਾਮਾ ਨਾ ਲਿਖਿਆ ਹੋਵੇ।

*- ਅਗਿਆਤ*

ਸੰਜਮ ਹੀ ਜੀਵਨ ਵਿਚ ਨਵੀਂ ਰੌਸ਼ਨੀ ਪੈਦਾ ਕਰ ਸਕਦਾ ਹੈ।

*- ਅਗਿਆਤ*

ਸੰਜਮ ਬਾਝੋਂ ਕੋਈ ਵੀ ਮਹਾਨ ਪ੍ਰਾਪਤੀ ਨਹੀਂ ਹੁੰਦੀ।

*- ਐਮਰਸੋਨ*

ਚੰਗੇ ਵਿਹਾਰ ਦਾ ਇਮਤਿਹਾਨ ਇਹ ਹੈ ਕਿ ਕਿਸੇ ਵਲੋਂ ਕੀਤੇ ਜਾਂਦੇ ਮਾੜੇ ਵਿਹਾਰ ਸਮੇਂ ਵੀ ਸਬਰ ਤੋਂ ਕੰਮ ਲਵੇ।

*- ਯਹੂਦੀ ਕਵੀ ਸੋਲੋਮਨ ਬਿਨ ਰੋਲ*



Sri Satguru Jagjit Singh Ji eLibrary NamdhariElibrary@gmail.com

ਸੰਜਮੀ ਮਨੁੱਖ ਹੀ ਹਰ ਮੁਸੀਬਤ ਦਾ ਸਾਹਮਣਾ ਦਲੇਰੀ ਨਾਲ ਕਰ ਸਕਦਾ ਹੈ।

*- ਵਾਲਟ ਵਿਟ ਮੈਨ*

ਸਭ ਤੋਂ ਵੱਧ ਪ੍ਰਾਪਤੀ ਉਸ ਨੂੰ ਹੁੰਦੀ ਹੈ ਜਿਸ ਵਿਚ ਸੰਤੋਖ ਹੈ।

*- ਸ਼ੈਕਸਪੀਅਰ*

ਸੰਜਮੀ ਮਨੁੱਖ ਹੀ ਹਰ ਮੁਸੀਬਤ ਦਾ ਸਾਹਮਣਾ ਦਲੇਰੀ ਨਾਲ ਕਰ ਸਕਦਾ ਹੈ।

*- ਵਾਲਟ ਵਿਟਮੈਨ*

ਜਿਸ ਕੋਲ ਸਬਰ ਹੈ ਉਹ ਜੋ ਕੁਝ ਚਾਹੁੰਦਾ ਹੈ ਪ੍ਰਾਪਤ ਕਰ ਸਕਦਾ ਹੈ।

*- ਫ੍ਰੈਂਕਲਿਨ*

ਅਨੁਸ਼ਾਸਨ ਤੋਂ ਬਿਨਾਂ ਨਿਰਾਸ਼ਾ ਅਤੇ ਘ੍ਰਿਣਾ ਦਾ ਪਸਾਰਾ ਹੁੰਦਾ ਹੈ।

*- ਮੈਰੀ ਚੈਪੀਅਨ*



Sri Satguru Jagjit Singh Ji eLibrary NamdhariElibrary@gmail.com

# ਕਿਰਤ, ਮਿਹਨਤ, ਖੇਤੀ

ਜਿਹੜੇ ਲੋਕ ਕਿਰਤ ਦੀ ਕਦਰ ਨਹੀਂ ਕਰਦੇ ਉਨ੍ਹਾਂ ਦਾ ਭਵਿੱਖ ਹਨੇਰ ਮਈ ਹੁੰਦਾ ਹੈ।

*- ਬੈਜਾਮਿਨ ਫਰੈਂਕਲਿਨ*

ਮਿਹਨਤ ਹਰ ਇਕ ਮਨੁੱਖ ਨੂੰ ਫਰਸ਼ ਤੋਂ ਅਰਸ਼ ਤੱਕ ਲੈ ਜਾਂਦੀ ਹੈ ਆਲਸ ਅਰਸ਼ ਤੋਂ ਫਰਸ਼ ਤੇ ਲੈ ਆਉਂਦੀ ਹੈ।

*- ਅਗਿਆਤ*

ਜੀਵਨ ਹੈ ਤਾਂ ਅਨੰਦ ਹੈ ਅਤੇ ਮਿਹਨਤ ਹੈ ਤਾਂ ਜੀਵਨ ਹੈ।

*- ਟਾਲ ਸਟਾਏ*

ਜੋ ਕਿਰਤ ਦੀ ਕਦਰ ਨਹੀਂ ਜਾਣਦੇ ਉਨ੍ਹਾਂ ਦਾ ਜੀਵਨ ਹਨੇਰਮਈ ਹੁੰਦਾ ਹੈ।

*- ਜਵਾਹਰ ਲਾਲ ਨਹਿਰੂ*

ਸਫਲਤਾ ਮਿਲਦੀ ਹੈ ਸਮਝਦਾਰੀ ਅਤੇ ਮਿਹਨਤ ਨਾਲ ਜੇਕਰ ਇਸ ਨੂੰ ਪ੍ਰਾਪਤ ਕਰਨਾ ਹੈ ਤਾਂ ਦੋਵਾਂ ਨੂੰ ਅਪਣਾਉਣਾ ਪੈਂਦਾ ਹੈ।

*- ਮਾਘ*

ਗਰੀਬੀ ਸਭ ਤੋਂ ਵੱਡਾ ਰੋਗ ਹੈ ਮਨੁੱਖ ਨੂੰ ਇਸ ਦਾ ਅੰਤ ਕਰਨ ਲਈ ਮਿਹਨਤ ਅਤੇ ਸੰਘਰਸ਼ ਕਰਨਾ ਚਾਹੀਦਾ ਹੈ ਮਨੁੱਖ ਪਹਿਲਾਂ ਆਪਣੇ ਆਪ ਨੂੰ ਸਹੀ ਰਾਹ ਤੇ ਲਿਆਵੇ ਅਤੇ ਫਿਰ ਦੂਸਰਿਆਂ ਨੂੰ ਉਪਦੇਸ਼ ਦੇਵੇ।

*- ਮਹਾਤਮਾ ਬੁੱਧ*

ਧੀਰਜ ਅਤੇ ਮਿਹਨਤ ਨਾਲ ਅਸੀਂ ਉਹ ਕੁਝ ਪ੍ਰਾਪਤ ਕਰ ਸਕਦੇ ਹਾਂ। ਜਿਹੜਾ ਸ਼ਕਤੀ ਅਤੇ ਜਲਦੀ ਕਰਨ ਨਾਲ ਕਦੇ ਪ੍ਰਾਪਤ ਨਹੀਂ ਹੁੰਦਾ।

*- ਲਾ ਫਾਣੇਟਨ*

ਹਰ ਹਕੀਕਤ ਪਹਿਲਾਂ ਇੱਕ ਸੁਪਨਾ ਹੀ ਹੁੰਦੀ ਹੈ। ਇਸ ਸੁਪਨੇ ਨੂੰ ਹਕੀਕਤ ਬਣਾਇਆ ਜਾ ਸਕਦਾ ਹੈ ਬਸ਼ਰਤੇ ਕਿ ਅਸੀਂ ਸਖਤ ਮਿਹਨਤ ਦੀ ਆਦਤ ਪਾਈਏ।

*- ਅਗਿਆਤ*

ਮਜ਼ਦੂਰ ਦੀ ਮਜ਼ਦੂਰੀ ਉਸ ਦਾ ਪਸੀਨਾ ਸੁਕਣ ਤੋਂ ਪਹਿਲਾਂ ਦੇਣੀ ਚਾਹੀਦੀ ਹੈ।

*- ਲੈਨਿਨ*

ਖੇਤ ਮੇਰੀ ਜ਼ਿੰਦਗੀ ਨੇ, ਖੇਤ ਮੇਰੀ ਆਸ ਹਨ ਕਿੰਨੀ ਸੁੰਦਰਤਾ ਵਿਛੀ ਏ ਲਹਿ ਲਹਾਉਂਦੇ ਖੇਤਾਂ ਵਿਚ।

*- ਅਗਿਆਤ*

ਉੱਤਮ ਖੇਤੀ ਮੱਧਮ ਵਿਓਪਾਰ। ਨਖਿਧ ਚਾਕਰੀ ਭੀਖ ਨਿਦਾਰ। ਹਲ ਰਾਜਾ ਹੱਟੀ ਰਾਣੀ। ਹੋਰ ਸਭ ਕਿੱਤੇ ਦੋਜਖ ਦੀ ਨਿਸ਼ਾਨੀ।

ਹਲ ਚਲਾ, ਹਲਵਾ ਖਾਹ।



Sri Satguru Jagjit Singh Ji eLibrary NamdhariElibrary@gmail.com

ਹਲ ਵਾਹੁੰਦੇ ਚੰਗੇ ਤੇ ਨੌਕਰੀ ਮੰਦੇ। ਡੂੰਘਾ ਵਾਹ ਲੈ ਹਲ ਵੇ ਸਾਨੂੰ ਘਰੇ ਨੌਕਰੀ। ਖੇਤੀ ਖਸਮਾਂ ਸੇਤੀ, ਜਿਸ ਖੇਤੀ ਪਰ ਖਸਮ ਨਾ ਜਾਵੇ ਉਹ ਖੇਤੀ ਖਸਮੇ ਨੂੰ ਖਾਵੇ ਪਰ ਹੱਥੀਂ ਵਣਜ ਸਨੇਹੀ ਖੇਤੀ। ਬਿਨ ਦੇਖੇ ਵਰ ਦੇਵੇ ਬੇਟੀ। ਅਨਾਜ ਪੁਰਾਣਾ ਦੱਬੇ ਖੇਤੀ। ਇਹ ਚਾਰੇ ਦੇਖੇ ਡੁਬਦੇ ਛੇਤੀ। ਚਿੱਟਾ ਕੱਪੜਾ ਕੁਕੜ ਖਾਣਾ। ਉਸ ਜੱਟ ਦਾ ਨਹੀਂ ਟਿਕਾਣਾ। ਸਿਆਣੇ ਆਖਦੇ ਹਨ ਖੇਤੀਬਾੜੀ ਘੋੜੇ ਕਾ ਤੰਗ। ਆਪਣੇ ਆਪ ਸਭ ਕੀਜੀਏ ਚਾਹੇ ਸਾਥੀ ਹੋ ਸੌ ਸੰਗ। ਖੇਤੀ ਤੇ ਥੋੜੀ ਕਰੇ ਮਿਹਨਤ ਕਰੇ ਸਵਾਈ। ਰਾਮ ਚਾਹੇ ਉਹ ਮਨੁੱਖ ਕੋ ਟੋਟ ਕਭੀ ਨਾ ਆਈ।

ਯੋ ਸੋਵੇ ਜਾਂ ਪਿੜ ਰਹੇ ਔਰ ਉਦਾਸੀ ਛਾਏ। ਐਸੇ ਜਿਮੀਦਾਰ ਕੀ ਖੇਤੀ ਨਿਸਫਲ ਜਾਏ। ਬਣੀਆਂ ਬਣੇ ਕਮਾਵੇ ਖੇਤ। ਪੈਸੇ ਉੱਪਰ ਰਾਖੇ ਹੇਤ। ਜਬ ਤੂੰ ਐਸਾ ਕਰਨੇ ਲਾਗੇ। ਅਨਾਜ ਬਹੁਤ ਸਾ ਆਨੇ ਲਾਗੇ। ਮੋਟਾ ਵਿਆਜ ਸ਼ਾਹੂਕਾਰ ਨੂੰ ਖੋਵੇ, ਔਰਤ ਨੂੰ ਖੋਵੇ ਹਾਸੀ। ਆਲਸ ਨੀਂਦ ਕਿਸਾਨ ਨੂੰ ਖੋਵੇ, ਚੋਰ ਨੂੰ ਖਾਵੇ ਖਾਂਸੀ।

*- ਡਾ. ਰਣਜੀਤ ਸਿੰਘ*

ਅਸਫਲ ਹੋਣ ਦੇ ਬਹੁਤ ਸਾਰੇ ਤਰੀਕੇ ਹਨ ਪ੍ਰੰਤੂ ਸਫਲ ਹੋਣ ਦਾ ਤਰੀਕਾ ਇਹੀ ਹੋ ਸਕਦਾ ਹੈ ਸਖਤ ਮਿਹਨਤ।

*- ਅਗਿਆਤ*

ਮਿਹਨਤ ਕਰਨ ਨਾਲ ਹੀ ਕਾਰਜ ਸਿੱਧ ਹੁੰਦੇ ਹਨ ਕੇਵਲ ਇੱਛਾ ਕਰਨ ਨਾਲ ਹੀ ਨਹੀਂ ਜਿਵੇਂ ਸੁੱਤੇ ਪਏ ਸ਼ੇਰ ਦੇ ਮੂੰਹ ਵਿਚ ਜਾਨਵਰ ਆਪਣੇ ਆਪ ਨਹੀਂ ਪਹੁੰਚਦੇ।

*- ਅਗਿਆਤ*

ਸਖਤ ਮਿਹਨਤ ਤੋਂ ਬਿਨਾ ਪਿਤਾ ਪੁਰਖੀ ਗਿਆਨ ਦੇ ਖਜ਼ਾਨੇ ਵੀ ਸਾਡੀ ਗਰੀਬੀ ਨਹੀਂ ਕੱਟ ਸਕਣਗੇ ਰਾਹ ਬਿਖੜਾ ਹੈ ਪਰ ਸਫ਼ਲਤਾ ਦੀ ਰਾਤ ਰਾਣੀ ਇਸੇ ਰਾਹ ਉੱਤੇ ਉੱਗਦੀ ਹੈ।

*- ਨਰਿੰਦਰ ਸਿੰਘ ਕਪੂਰ*

ਮਿਹਨਤ ਉਹ ਚਾਬੀ ਹੈ ਜਿਹੜੀ ਕਿਸਮਤ ਦਾ ਦਰਵਾਜਾ ਖੋਲ ਦਿੰਦੀ ਹੈ।

*- ਚਾਣਕਿਆ*

ਅੱਜ ਕੱਲ੍ਹ ਕਠੋਰ ਮਿਹਨਤ ਅਤੇ ਵਧੀਆ ਕੰਮ ਕਰਨ ਵਾਲਿਆਂ ਨੂੰ ਸਭ ਤੋਂ ਘੱਟ ਮਜ਼ਦੂਰੀ ਮਿਲਦੀ ਹੈ ਅਤੇ ਸੌਖਾ ਕੰਮ ਕਰਨ ਵਾਲਿਆਂ ਨੂੰ ਚੰਗੀ ਦਿਹਾੜੀ ਦਿੱਤੀ ਜਾਂਦੀ ਹੈ ਪਰ ਸਭ ਤੋਂ ਵੱਧ ਉਨ੍ਹਾਂ ਨੂੰ ਮਿਲਦਾ ਹੈ ਜੋ ਕੋਈ ਕੰਮ ਨਹੀਂ ਕਰਦੇ।

*- ਬਰਨਾਰਡ ਸ਼ਾਹ*

ਜ਼ਿੰਦਗੀ ਦਾ ਰਹੱਸ ਹੈ ਕ੍ਰਿਆਸ਼ੀਲਤਾ। ਵਿਹਲੜ ਧਰਤੀ ਤੇ ਭਾਰ ਹਨ ਜਿਹੜੇ ਲੋਕਾਂ ਨੂੰ ਭੁਚਲਾਕੇ ਐਸ਼ ਕਰਦੇ ਹਨ ਉਹ ਧਰਤੀ ਦੇ ਦੁਸ਼ਮਣ ਕੀੜੇ ਹਨ। ਅਸਲੀ ਪ੍ਰਭੂ ਪੁਜਾਰੀ ਉਹ ਹਨ ਜੋ ਕੰਮ ਕਰਦੇ ਹਨ। ਕੰਮ ਹੀ ਪੂਜਾ ਹੈ।

*- ਕਾਰ ਲਾਇਲ*

ਅੱਜ ਦੇ ਯੁੱਗ ਵਿੱਚ ਪ੍ਰਗਤੀ ਨਾਲ ਚੁੰਧਿਆਏ ਮਨੁੱਖ ਨੂੰ ਇਹ ਮੱਧਵਰਗੀ ਸੋਚ ਲੱਗਦੀ ਹੈ ਪਰ ਮੱਛੀ ਪੱਥਰ ਚੱਟ ਕੇ ਇੱਕ ਦਿਨ ਵਾਪਸ ਮੁੜੇਗੀ ਇਹੋ ਸੋਚ ਸਹੀ ਹੈ ਜੋ ਸੱਚ ਹੱਕ ਹਲਾਲ ਤੇ ਅਧਾਰਿਤ ਹੈ। ਨਵੀਨ ਯੁੱਗ ਮਿਹਨਤਕਸ਼ਾਂ ਦਾ ਹੈ ਕਿਰਤੀ ਕਿਸਾਨ ਤੇ ਕਾਮੇ ਦਾ ਯੁੱਗ ਹੈ ਕਪਟੀ ਕੁਕਰਮੀ ਕਾਮੀ ਤੇ ਕਬੂਤਰਬਾਜਾਂ ਦੀ ਕਹਾਣੀ



Sri Satguru Jagjit Singh Ji eLibrary NamdhariElibrary@gmail.com

ਅੱਜ ਵੀ ਖਤਮ ਹੈ ਤੇ ਕੱਲ੍ਹ ਵੀ। ਸਿਆਸੀ ਲੀਡਰਾਂ ਦੇ ਡਰਾਮੇ ਵੇਖ ਕੇ ਕੁਰਾਹੇ ਨਾ ਪਾਓ ਉਹ ਕੌਮਾਂ ਤੇ ਦੇਸ਼ਾਂ ਦੀ ਤਬਾਹੀ ਦੇ ਜ਼ਿੰਮੇਵਾਰ ਹਨ। ਸੁਆਰਥੀ ਲੋਕ ਕਿਸੇ ਦੇ ਨੇੜੇ ਨਹੀਂ ਢੁਕਦੇ ਇਹੋ ਕਾਰਨ ਹੈ ਉਨ੍ਹਾਂ ਨੇੜੇ ਵੀ ਕੋਈ ਨਹੀਂ ਢੁਕਦਾ।

*- ਕਾਰ ਲਾਇਲ*

ਮਾੜੀ ਕਿਸਮਤ ਦਾ ਮੁਕਾਬਲਾ ਸਿਰਫ਼ ਇਕ ਚੀਜ ਨਾਲ ਹੋ ਸਕਦਾ ਹੈ ਅਤੇ ਉਹ ਹੁੰਦੀ ਹੈ ਸਖਤ ਮਿਹਨਤ।

*- ਹੈਰੀ ਗੋਲਡਨ*

ਜੀਨੀਅਸ ਦਸ ਫੀਸਦੀ ਅਕਲ ਅਤੇ ਨੱਬੇ ਫੀਸਦੀ ਮਿਹਨਤ ਰਾਹੀ ਹਾਸਲ ਹੁੰਦੀ ਹੈ।

*- ਟਾਮਸ ਐਡੀਸਨ*

ਕੋਈ ਵੀ ਮਨੁੱਖ ਜਦ ਤੱਕ ਕਿਸੇ ਚੀਜ਼ ਲਈ ਮਿਹਨਤ ਨਹੀਂ ਕਰਦਾ ਉਦੋਂ ਤੱਕ ਉਹ ਚੀਜ਼ ਉਸਨੂੰ ਪ੍ਰਾਪਤ ਨਹੀਂ ਹੋ ਸਕਦੀ।

*- ਚਾਣਕਿਆ*

ਸਭ ਤੋਂ ਚੰਗਾ ਵਿਅਕਤੀ ਉਹ ਹੈ ਜਿਹੜਾ ਆਪਣੀ ਤਰੱਕੀ ਵਾਸਤੇ ਸਭ ਤੋਂ ਵੱਧ ਮਿਹਨਤ ਕਰਦਾ ਹੈ।

*- ਸੁਕਰਾਤ*

ਜੋ ਮਿਹਨਤ ਨਹੀਂ ਕਰਦਾ ਦੂਜਿਆਂ ਦੀ ਮਿਹਨਤ ਤੇ ਜ਼ਿੰਦਾ ਰਹਿੰਦਾ ਹੈ ਸਭ ਤੋਂ ਵੱਡਾ ਹਿੰਸਕ ਹੁੰਦਾ ਹੈ।

*- ਲਕਸਮੀ ਨਰਾਇਣ ਮਿਸਰਾ*

ਜੋ ਮਿਹਨਤ ਕਰਨ ਤੋਂ ਨਹੀਂ ਘਬਰਾਉਂਦਾ, ਸਫ਼ਲਤਾ ਉਸ ਦੀ ਦਾਸੀ ਸਾਬਤ ਹੁੰਦੀ ਹੈ।

*- ਈਸਾ ਮਸੀਹ*

ਧੀਰਜ ਵਾਲਾ ਵਿਅਕਤੀ ਮਿਹਨਤ ਕਰਨ ਤੋਂ ਕਦੇ ਨਹੀਂ ਕਤਰਾਉਂਦਾ ਇਸੇ ਲਈ ਸਫਲਤਾ ਉਸਦੀ ਦਾਸੀ ਬਣ ਜਾਂਦੀ ਹੈ।

*- ਹਜਰਤ ਈਸਾ ਮਸੀਹ*

ਜਿਸ ਦੇ ਹੱਥ ਵਿਚ ਕਿਰਤ ਨਹੀਂ ਹੈ, ਉਹ ਨਿਕੰਮਾ ਆਦਮੀ ਹੈ। ਉਹ ਕਦੇ ਵੀ ਜੀਵਨ ਦੇ ਉਚੇ ਭੇਦਾਂ ਨੂੰ ਅਨੁਭਵ ਨਹੀਂ ਕਰ ਸਕਦਾ।

*- ਪ੍ਰੋ. ਪੂਰਨ ਸਿੰਘ*

ਖੇਤੀ ਦੇਸ਼ ਨੂੰ ਅਮੀਰ ਬਣਾਉਂਦੀ ਹੈ ਅਤੇ ਦੇਸ਼ ਇਸ ਅਮੀਰੀ ਉੱਤੇ ਮਾਣ ਕਰ ਸਕਦਾ ਹੈ।

*- ਸੈਮੂਅਲ ਜੌਨਸਨ*

ਮਾਲਾ ਫੇਰਨੀ ਵਿਹਲੜ ਲੋਕਾਂ ਦਾ ਕੰਮ ਹੈ, ਸਿੱਖ ਤਾਂ ਹਰ ਕਾਰਜ ਕਰਦਿਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਵਾਹਿਗੁਰੂ ਨੂੰ ਸਦਾ ਚੇਤੇ ਰੱਖਦਾ ਹੈ। ਵਿਹਲੜ ਮਾਲਾ ਧਾਰੀਆਂ ਨੇ ਭਾਰਤ ਨੂੰ ਕੰਗਾਲ ਬਣਾਉਣ ਵਿਚ ਵੱਡਾ ਯੋਗਦਾਨ ਪਾਇਆ ਹੈ। ਜੇ ਸਾਰੇ ਲੋਕ ਕੇਵਲ ਮਾਲਾ ਫੇਰਨ ਲੱਗ ਪੈਣ ਤਾਂ ਕੁਝ ਦਿਨਾਂ ਤੋਂ ਬਾਅਦ ਉਹ ਧਰਤੀ ਤੇ ਨਜ਼ਰ ਨਹੀਂ ਆਉਣਗੇ ਜ਼ਿੰਦਗੀ ਦੀਆਂ ਲੋੜਾਂ ਕਿਵੇਂ ਪੂਰੀਆਂ ਹੋਣਗੀਆਂ ਭੁੱਖ



Sri Satguru Jagjit Singh Ji eLibrary NamdhariElibrary@gmail.com

ਨਾਲ ਮੌਤ ਹੀ ਹੋ ਜਾਵੇਗੀ।

*- ਪ੍ਰੋ. ਇੰਦਰ ਸਿਘ ਘੱਗਾ*

ਬੱਤਖ ਨੂੰ ਜਦੋਂ ਅਸੀਂ ਸ਼ਾਂਤ ਚਿਤ ਤੈਰਦੇ ਵੇਖਦੇ ਹਾਂ ਤਾਂ ਇਹ ਭੁੱਲ ਜਾਂਦੇ ਹਾਂ ਕਿ ਪਾਣੀ ਹੇਠਾਂ ਉਸ ਦੇ ਨਿਰੰਤਰ ਤੈਰਦੇ ਪੈਰ ਹੀ ਇਸ ਸਥਿਰਤਾ ਦਾ ਕਾਰਨ ਹਨ। ਇਸੇ ਲਈ ਕਾਮਯਾਬ ਇਨਸਾਨ ਦੀ ਨਿਰੰਤਰ ਮਿਹਨਤ ਨੂੰ ਨਜ਼ਰ ਅੰਦਾਜ ਕਰਕੇ ਜਿਹੜੇ ਵਕਤੀ ਸ਼ੋਹਰਤ ਨੂੰ ਝਪੱਟਾ ਮਾਰਨ ਦੀ ਕੋਸ਼ਿਸ਼ ਕਰਦੇ ਹਨ, ਉਹ ਛੇਤੀ ਹੀ ਡੁੱਬ ਜਾਂਦੇ ਹਨ।

*- ਡਾ. ਹਰਸ਼ਿੰਦਰ ਕੌਰ*



Sri Satguru Jagjit Singh Ji eLibrary NamdhariElibrary@gmail.com

# ਦਇਆ, ਨਿਮਰਤਾ, ਮਿਠਾਸ, ਸ਼ਬਦ, ਬੋਲਬਾਣੀ

ਜਿਸ ਨੂੰ ਇਹ ਪਤਾ ਨਹੀਂ ਕਿ ਚੁੱਪ ਕਿਵੇਂ ਰਹੀਦਾ ਹੈ ਉਸਨੂੰ ਪਤਾ ਨਹੀਂ ਲੱਗ ਸਕਦਾ ਕਿ ਬੋਲਣਾ ਕਿਵੇਂ ਹੈ।

*- ਆਸੋ ਨੀਅਸ*

ਜੇ ਸੰਸਾਰ ਵਿਚ ਸਦਾ ਅਮਲ ਕਾਇਮ ਰੱਖਣਾ ਹੋਵੇ ਤਾਂ ਉਹੀ ਭਾਸ਼ਾ ਬੋਲਣੀ ਚਾਹੀਦੀ ਹੈ ਜਿਸ ਨਾਲ ਅਮਨ ਦੀਆਂ ਕੀਮਤਾਂ ਵਧਣ ਕੁੜਤਣਾਂ ਖਤਮ ਹੋਣ ਅਤੇ ਭਾਈਚਾਰਕ ਸਾਂਝ ਵਧੇ।

*- ਅਗਿਆਤ*

ਝਿਮ ਝਿਮ ਬਰਸੈ ਅੰਮ੍ਰਿਤਧਾਰਾ॥ ਮਨੁ ਜੀਵੈ ਸੁਣ ਸਬਦੁ ਵੀਚਾਰਾ॥

*- ਸ੍ਰੀ ਗੁਰੂ ਨਾਨਕ ਦੇਵ ਜੀ*

ਦਾਤਾ ਤਰਵਰੁ ਦਯਾ ਫਲੁ ਉਪਕਾਰੀ ਜੀਵੰਤਪੰਖੀ ਚਲੇ
ਦਿਸਾਵਰੀ ਬਿਰਖਾ ਸੁਫਲ ਫਲੰਤ॥

*- ਕਬੀਰ*

ਹਿੰਸਾ ਨਿਰੀ ਤਲਵਾਰ ਦੀ ਹੀ ਨਹੀਂ ਹੁੰਦੀ ਇਹ ਜ਼ਬਾਨ ਨਾਲ ਵੀ ਕੀਤੀ ਜਾ ਸਕਦੀ ਹੈ।

*- ਅਗਿਆਤ*

ਮੂੰਹ 'ਚੋਂ ਇਕ ਵਾਰ ਨਿਕਲੇ ਹੋਏ ਸ਼ਬਦ ਕਦੇ ਵੀ ਵਾਪਸ ਨਹੀਂ ਆਉਂਦੇ ਇਸ ਲਈ ਭਵਿੱਖ ਵਿਚ ਸੋਚ ਸਮਝ ਕੇ ਬੋਲਣਾ ਜਾਂ ਕਹਿਣਾ ਹੀ ਸਭ ਤੋਂ ਵੱਡੀ ਸਿਆਣਪ ਹੈ।

*- ਸੰਤ ਕਨਫਿਊਸ਼ੀਅਸ*

ਮੈਂ ਸਦਾ ਦੇਖਿਆ ਹੈ ਕਿ ਸਖਤ ਇਨਸਾਨ ਦੀ ਥਾਂ ਤਰਸ ਦਾ ਨਤੀਜਾ ਵਧੇਰੇ ਠੋਸ ਹੁੰਦਾ ਹੈ।

*- ਅਬਰਾਹਿਮ ਲਿੰਕਨ*

ਪੀੜ ਭਾਵੇ ਨਾ ਘਟੇ ਪਰ ਪੀੜ ਦਾ ਅਸਰ ਜ਼ਰੂਰ ਕੁਝ ਨਾ ਕੁਝ ਘੱਟ ਜਾਇਆ ਕਰਦਾ ਹੈ ਜੇ ਸਾਡੇ ਪਾਸ ਕੋਈ ਪੀੜ ਵੰਡਾਉਣ ਵਾਲਾ ਦਰਦੀ ਹੋਵੇ।

*- ਨਾਨਕ ਸਿੰਘ*

ਬੰਦਾ ਆਪਣੇ ਆਪ ਨਾਲ ਤੇ ਜੱਗ ਨਾਲ ਲਫਜਾਂ ਰਾਹੀ ਮਿਲਦਾ ਏ। ਜੇ ਲਫਜ ਬਣਾਵਣ ਦੀ ਸ਼ਕਤੀ ਉਹਦੇ ਕੋਲ ਨਾ ਹੋਵੇ ਤਾਂ ਉਹਨੂੰ ਆਪਣੇ ਆਪ ਨਾਲ ਤੇ ਜੱਗ ਨਾਲ ਮਿਲਣ ਦੀ ਖੁੱਲ ਨਹੀਂ ਹੁੰਦੀ।

*- ਨਜਮ ਹੁਸੈਨ ਸੱਯਦ*

ਸ਼ਬਦ ਭਾਵੇ ਕਿੰਨਾ ਮਿੱਠਾ ਹੋਵੇ, ਉਸਦੇ ਅਰਥ ਕਿੰਨੇ ਵੀ ਸੁੰਦਰ ਹੋਣ ਜੇ ਉਸ ਨੂੰ ਵਿਅੰਗ ਦਾ ਰੂਪ ਦੇਈਏ ਤਾਂ ਉਹ ਛੇੜ ਬਣ ਜਾਂਦੀ ਹੈ।

*- ਸੋਹਣ ਸਿੰਘ ਸੀਤਲ*



Sri Satguru Jagjit Singh Ji eLibrary NamdhariElibrary@gmail.com

ਸੁੰਦਰਤਾ ਰਹਿਮ ਦਿਲ ਤੇ ਦਇਆਵਾਨ ਹੁੰਦੀ ਹੈ।

*- ਖਲੀਲ ਜਿਬਰਾਨ*

ਲੜਾਈ ਝਗੜਾ ਹੋਵੇ ਤਾਂ ਧੀਰਜ ਤੋਂ ਕੰਮ ਲੈਣਾ ਵੱਡੀ ਸਿਆਣਪ ਹੁੰਦੀ ਹੈ। ਨਿਮਰਤਾ ਨਾਲ ਪੇਸ਼ ਆਓਗੇ ਤਾਂ ਸਾਰੇ ਝਗੜੇ ਝੇੜੇ ਖਤਮ ਹੋ ਜਾਣਗੇ।

*- ਸ਼ੇਖ ਸਾਅਦੀ*

ਮੁਆਫ਼ ਕਰਨ ਲਈ ਬਹੁਤ ਵੱਡੇ ਤਿਆਗ ਦੀ ਜ਼ਰੂਰਤ ਹੁੰਦੀ ਹੈ ਜਦ ਕਿ ਮੁਆਫ਼ੀ ਮੰਗਣ ਲਈ ਸਾਨੂੰ ਜ਼ਿਆਦਾ ਨਿਮਰਤਾ ਦੀ ਲੋੜ ਹੁੰਦੀ ਹੈ।

*- ਮਦਰ ਟੈਰੇਸਾ*

ਜੇ ਸਾਨੂੰ ਪੱਕਾ ਯਕੀਨ ਹੈ ਕਿ ਅਸੀਂ ਸਹੀ ਹਾਂ ਅਤੇ ਜੋ ਗੱਲ ਕਰ ਰਹੇ ਹਾਂ ਉਹ ਲਾਭਦਾਇਕ ਹੋ ਸਕਦੀ ਹੈ ਤਾਂ ਦੂਜਿਆਂ ਨੂੰ ਸਹਿਮਤ ਕਰਨ ਲਈ ਨਰਮੀ ਤੇ ਸੁਲਝੇ ਹੋਏ ਢੰਗ ਨਾਲ ਕੰਮ ਲੈਣਾ ਚਾਹੀਦਾ ਹੈ।

*- ਡੇਲਕਾਰਨੇਗੀ*

ਬਹਿਸ ਕਰਨਾ ਗੱਲ ਕਰਨ ਦਾ ਸਭ ਤੋਂ ਖਰਾਬ ਤਰੀਕਾ ਹੈ।

*- ਜਾਨਸਨ*

ਬੋਲੀ ਜੇਕਰ ਯੁੱਧ ਦਾ ਮੈਦਾਨ ਹੈ ਤਾਂ ਮੀਡੀਆ ਉਸ ਦੀ ਫੌਜ ਅਤੇ ਸ਼ਬਦ ਉਸ ਦੇ ਗੋਲੇ ਹਨ।

*- ਰਿਚਰਡ ਮੂਰ*

ਨਿਮਰਤਾ ਤੇ ਕੋਈ ਮੁੱਲ ਨਹੀਂ ਲੱਗਦਾ ਪ੍ਰੰਤੂ ਇਸ ਨਾਲ ਸਾਰਾ ਕੁਝ ਖਰੀਦਿਆ ਜਾ ਸਕਦਾ ਹੈ।

*- ਅਗਿਆਤ*

ਜਦੋਂ ਤੁਹਾਡੇ ਕੋਲ ਖਿਮਾ ਨਹੀਂ ਹੈ ਪਰ ਸਾਰੀ ਦੁਨੀਆਂ ਦੀ ਵਿੱਦਿਆ ਹੈ ਤਾਂ ਵੀ ਵਿੱਦਿਆ ਤੁਹਾਡਾ ਕਲਿਆਣ ਨਹੀਂ ਕਰ ਸਕਦੀ।

*- ਸਵਾਮੀ ਵਿਵੇਕਾਨੰਦ*

ਜਦੋਂ ਕੋਈ ਭਾਸ਼ਾ ਖਤਮ ਹੋ ਜਾਂਦੀ ਹੈ ਤਾਂ ਮੈਨੂੰ ਹਮੇਸ਼ਾ ਦੁੱਖ ਹੁੰਦਾ ਹੈ ਕਿਉਂਕਿ ਇਹ ਭਾਸ਼ਾਵਾਂ ਹੀ ਹਨ ਜਿਹੜੀਆਂ ਕਿਸੇ ਰਾਸ਼ਟਰ ਲਈ ਖਾਨਦਾਨ ਦਾ ਕੰਮ ਕਰਦੀਆਂ ਹਨ।

*- ਸੈਮੂਅਲ ਜਾਹਨਸਨ*

ਦਇਆ ਧਰਮ ਦਾ ਲੱਛਣ ਹੈ ਜਿੱਥੇ ਦਇਆ ਨਹੀਂ ਉਸ ਵਿਚ ਧਰਮ ਨਹੀਂ।

*- ਹਜ਼ਰਤ ਮੁਹੰਮਦ*

ਬਹਿਸ ਕਰਨੀ ਤਾਂ ਬਥੇਰਿਆਂ ਨੂੰ ਆਉਂਦੀ ਹੈ ਪਰ ਗੱਲਬਾਤ ਕਰਨਾ ਬਹੁਤ ਘੱਟ ਨੂੰ।

*- ਆਲਕਾਟ*

ਭੈੜਾ ਬੰਦਾ ਮਿੱਠਾ ਵੀ ਬੋਲੇ ਤਾਂ ਉਸ ਤੇ ਵਿਸ਼ਵਾਸ ਨਾ ਕਰੋ ਕਿਉਂਕਿ ਉਸ ਦੀ ਜ਼ੁਬਾਨ ਤੇ ਸ਼ਹਿਦ ਹੁੰਦਾ ਤੇ ਦਿਲ 'ਚ ਜ਼ਹਿਰ।

*- ਚਾਣਕਯ*

ਪੈਰ ਫਿਸਲੇ ਤਾਂ ਛੇਤੀ ਹੀ ਸੰਭਲ ਸਕਦੇ ਹੋ ਪਰ ਜ਼ੁਬਾਨ ਫਿਸਲਣ ਉਤੇ



Sri Satguru Jagjit Singh Ji eLibrary NamdhariElibrary@gmail.com

ਸ਼ਾਇਦ ਨਾ ਸੰਭਲ ਸਕੇ।

*- ਬੈਂਜਾਮਿਨ ਫਰੈਂਕਲਿਨ*

ਗਾਲ੍ਹ ਕੱਢ ਕੇ ਸਿਰਫ ਅਪਮਾਨ ਕੀਤਾ ਜਾ ਸਕਦਾ ਹੈ ਆਪਣੀ ਸਾਖ ਨਹੀਂ ਬਣਾਈ ਜਾ ਸਕਦੀ ਮੰਦੇ ਬੋਲ ਤਾਕਤ ਨਹੀਂ ਕਮਜ਼ੋਰੀ ਦੀ ਨਿਸ਼ਾਨੀ ਹਨ।

*- ਸਰਤ ਚੰਦਰ*

ਅਪਸ਼ਬਦਾਂ ਦਾ ਪ੍ਰਯੋਗ ਇਹ ਦਰਸਾਉਂਦਾ ਹੈ ਕਿ ਅਸੀਂ ਆਪਣੇ ਅਨੁਸ਼ਾਸਨ ਤੇ ਕਾਬੂ ਨਹੀਂ ਰੱਖ ਸਕਦੇ।

*- ਸਿਵ ਖੇੜਾ*

ਜੋ ਅਮਨ ਬੀਜਦਾ ਹੈ ਉਸ ਨੂੰ ਦੋਸਤੀ ਦੀ ਫਸਲ ਮਿਲਦੀ ਹੈ ਜੋ ਨਿਮਰਤਾ ਬੀਜਦਾ ਹੈ ਉਸਨੂੰ ਪਿਆਰ ਮਿਲਦਾ ਹੈ।

*- ਸੇਟ ਬਾਸਿਲ*

ਜਦੋਂ ਜਨ ਸਧਾਰਨ ਦੀ ਜ਼ਿੰਦਗੀ ਆਰਥਿਕ ਤੇ ਜਜ਼ਬਾਤੀ ਦੋਹਾਂ ਪੱਖਾਂ ਤੋਂ ਚੋਖੀ ਅਮੀਰ ਹੋ ਜਾਏਗੀ ਉਦੋਂ ਮੁਆਫ਼ ਕਰਨਾ ਨਾਰਾਜ਼ ਰਹਿਣ ਵਾਲੇ ਨਾਲੋਂ ਵਧੇਰੇ ਸੁਭਾਵਕ ਹੋਵੇਗਾ।

*- ਗੁਰਬਖਸ ਸਿੰਘ ਪ੍ਰੀਤਲੜੀ*

ਦਿਆਲਤਾ ਉਹ ਰੌਸ਼ਨੀ ਹੈ ਜੋ ਆਤਮਾਵਾਂ ਪਰਿਵਾਰਾਂ ਅਤੇ ਕੌਮਾਂ ਵਿਚਾਲੇ ਸਭ ਕੰਧਾਂ ਢਾਹ ਦਿੰਦੀ ਹੈ।

*- ਪਰਮ ਹੰਸ*

ਜੋ ਕੰਮ ਮਿੱਠਾ ਬੋਲਣ ਨਾਲ ਹੋ ਸਕਦਾ ਹੈ ਉਹ ਤਲਵਾਰ ਦੀ ਧਾਰ ਨਾਲ ਨਹੀਂ।

*- ਟੈਗੋਰ*

ਮੇਰਾ ਧਰਮ ਬਹੁਤ ਹੀ ਸਾਦਾ ਹੈ ਮੇਰਾ ਧਰਮ ਨਿਮਰਤਾ ਹੈ।

*- ਦਲਾਈ ਲਾਮਾ*

ਆਪਣੇ ਬੁੱਲ੍ਹਾਂ ਨੂੰ ਆਕਰਸ਼ਤ ਬਣਾਉਣ ਲਈ ਸੋਹਣੇ ਸ਼ਬਦ ਬੋਲੋ।

*- ਅਮਰੀਕੀ ਐਕਟਰ ਔਡਰੀ ਗੈਪ ਬਰਨ*

ਨਿਮਰਤਾ ਇਕ ਐਸਾ ਔਜਾਰ ਹੈ ਜੋ ਸਭ ਕੋਲ ਹੁੰਦਾ ਹੈ ਪਰ ਬਹੁਤੇ ਲੋਕ ਇਸਨੂੰ ਔਜਾਰ ਬਕਸੇ ਵਿਚ ਹੀ ਰੱਖੀ ਰੱਖਦੇ ਹਨ ਅੱਜ ਹੀ ਇਸਨੂੰ ਬਾਹਰ ਕੱਢ ਕੇ ਇਸਦੀ ਵਰਤੋਂ ਸ਼ੁਰੂ ਕਰੋ।

*- ਟੈਰੇਸਾ ਏ ਵਿਸੇਲ*

ਨਿਮਰਤਾ ਦਾ ਅਰਥ ਇਹ ਨਹੀਂ ਕਿ ਤੁਸੀਂ ਆਪਣੇ ਬਾਰੇ ਵਧੀਆ ਨਹੀਂ ਸੋਚਦੇ ਪਰ ਇਹ ਮਤਲਬ ਹੈ ਕਿ ਤੁਸੀਂ ਆਪਣੇ ਬਾਰੇ ਘੱਟ ਸੋਚਦੇ ਹੋ।

*- ਡਾਲ ਕੈਨੇਥ ਬਲਾਂਕਾਰਡ*

ਸਿਆਣੀਆਂ ਗੱਲਾਂ ਅਕਸਰ ਹੀ ਸੁੱਟ ਪਾਈਆਂ ਜਾਂਦੀਆਂ ਹਨ ਪਰ ਨਿਮਰਤਾ ਨਾਲ ਕਹੀ ਹੋਈ ਗੱਲ ਕਦੀ ਅਣਸੁਣੀ ਨਹੀਂ ਕੀਤੀ ਜਾਂਦੀ।

*- ਸਰ ਆਰਥਰ ਹੈਲਪਸ ਅੰਗਰੇਜ ਇਤਿਹਾਸਕਾਰ*

ਹਰੇਕ ਮਨੁੱਖ ਦੇ ਅੰਦਰ ਮੂਲ ਰੂਪ ਵਿਚ ਚੰਗਿਆਈ ਅਤੇ ਨਿਮਰਤਾ ਹੁੰਦੀ



Sri Satguru Jagjit Singh Ji eLibrary NamdhariElibrary@gmail.com

ਹੈ ਜੋ ਉਹ ਇਸ ਨੂੰ ਸੁਣ ਕੇ ਯੋਗ ਦਾਨ ਪਾਵੇ ਤਾਂ ਉਹ ਸੰਸਾਰ ਨੂੰ ਉਹ ਕੁਝ ਹੀ ਦੇ ਰਿਹਾ ਹੋਵੇਗਾ ਜਿਸ ਦੀ ਉਸ ਨੂੰ ਖੁਦ ਨੂੰ ਲੋੜ ਹੈ।

*- ਸਪੇਨੀ ਕਵੀ ਪਾਓਲੋ ਕਾਸਾਲ*

ਨਿਮਰਤਾ ਗਿਆਨ ਦੀ ਸਹੀ ਸ਼ੁਰੂਆਤ ਹੈ। ਚੇਲਾ ਗੁਰੂ ਦੇ ਕੋਲ ਖਾਲੀ ਮਨ ਲੈ ਕੇ ਜਾਂਦਾ ਹੈ। ਖੂਹ ਵਿਚ ਬੇਸ਼ੁਮਾਰ ਪਾਣੀ ਹੈ ਪਰ ਜੇਕਰ ਬਰਤਨ ਝੁਕਦਾ ਨਹੀਂ ਤਾਂ ਉਸ ਬਰਤਨ ਵਿਚ ਇੱਕ ਬੂੰਦ ਵੀ ਪਾਣੀ ਨਹੀਂ ਆ ਸਕੇਗਾ। ਗਿਆਨ ਦੇ ਸਾਗਰ ਸਾਹਮਣੇ ਜਦੋਂ ਤੱਕ ਅਸੀਂ ਨਹੀਂ ਝੁਕਾਂਗੇ ਉਨ੍ਹਾਂ ਦੇ ਚਰਨਾਂ ਦੇ ਨੇੜੇ ਚੁਪ-ਚਾਪ ਨਹੀਂ ਬੈਠਾਂਗੇ ਉਦੋਂ ਤੱਕ ਸਾਨੂੰ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕੇਗੀ। ਭਰਨ ਲਈ ਝੁਕਣਾ ਹੀ ਪੈਂਦਾ ਹੈ। ਗੁਰੂ ਤਾਂ ਸਿਰਫ਼ ਇਕ ਗੱਲ ਦੇਖਦਾ ਹੈ ਅਤੇ ਉਹ ਹੈ ਲਗਨ।

*- ਵੇਦ ਵਿਆਸ*

ਜੋ ਕਹਿੰਦੇ ਹੋ ਉਸਨੂੰ ਪੂਰਾ ਕਰੋ ਜੇ ਪੂਰਾ ਕਰਨ ਦਾ ਵਿਚਾਰ ਨਹੀਂ ਤਾਂ ਕਹੋ ਨਾ।

*- ਬਾਈਬਲ*

ਅਸਲੀ ਨਿਮਰਤਾ ਇਹ ਹੈ ਕਿ ਤੁਸੀਂ ਹੋਰਾਂ ਨਾਲ ਉਸੇ ਤਰ੍ਹਾਂ ਦਾ ਸਲੂਕ ਕਰੋ ਜਿਸ ਤਰ੍ਹਾਂ ਦਾ ਤੁਸੀਂ ਆਪਣੇ ਨਾਲ ਕਰਵਾਉਣਾ ਚਾਹੁੰਦੇ ਹੋ।

*- ਲਾਰਡ ਚੈਸਟਰ ਫੀਲਡ*

ਉਹ ਵਿਅਕਤੀ ਅੱਲਾ ਦੇ ਸਾਹਮਣੇ ਸਨਮਾਨ ਯੋਗ ਹੁੰਦਾ ਹੈ ਜੋ ਦੂਸਰੇ ਦੀ ਹਾਨੀ ਕਰਨ ਦੀ ਤਾਕਤ ਰੱਖਦਿਆਂ ਵੀ ਉਸ ਨੂੰ ਖਿਮਾ ਕਰ ਦਿੰਦਾ ਹੈ।

*- ਹਜਰਤ ਮੁਹੰਮਦ*

ਹਜ਼ਾਰਾਂ ਫ਼ਜ਼ੂਲ ਸ਼ਬਦਾਂ ਦੀ ਬਜਾਏ ਇੱਕ ਢੁਕਵਾਂ ਵਾਕ ਵਧੀਆ ਰਹਿੰਦਾ ਹੈ ਜਿਸ ਦੇ ਸੁਣਨ ਨਾਲ ਬੰਦੇ ਨੂੰ ਸਕੂਨ ਮਿਲਦਾ ਹੈ।

*- ਸ਼ੰਕਰਾਚਾਰੀਆ*

ਦਇਆ ਇਮਾਨ ਦੀ ਨਿਸ਼ਾਨੀ ਹੈ ਤੇ ਜਿਹੜਾ ਦਇਆਵਾਨ ਨਹੀਂ ਉਸ ਵਿਚ ਇਮਾਨ ਵੀ ਨਹੀਂ ਹੁੰਦਾ।

*- ਹਜਰਤ ਮੁਹੰਮਦ*

ਮਨੁੱਖ ਦੇ ਚਰਿੱਤਰ ਦਾ ਉਸ ਦੀ ਸੰਗਤ ਤੋਂ ਨਹੀਂ ਬਲਕਿ ਗੱਲਬਾਤ ਕਰਨ ਦੇ ਉਸ ਦੇ ਲਹਿਜੇ ਤੋਂ ਪਤਾ ਲੱਗਦਾ ਹੈ।

*- ਜੇਮਜ਼ ਸ਼ਰਮਨ*

ਸ਼ਬਦ ਦੀ ਸ਼ਕਤੀ ਬਹੁਤ ਹੈ ਪ੍ਰੰਤੂ ਬਹੁਤ ਘੱਟ ਲੋਕ ਇਸ ਹਕੀਕਤ ਨੂੰ ਸਮਝਦੇ ਹਨ।

*- ਸ੍ਰੀ ਗੁਰੂ ਨਾਨਕ ਦੇਵ ਜੀ*

ਹਜ਼ਾਰਾਂ ਨਿਰਾਰਥਕ ਸ਼ਬਦਾਂ ਦੀ ਥਾਂ ਅਜਿਹਾ ਇਕੋ ਹੀ ਵਾਕ ਚੰਗਾ ਹੈ ਜਿਸ ਨੂੰ ਸੁਣਨ ਨਾਲ ਦੂਜਿਆਂ ਦੇ ਮਨ ਨੂੰ ਸ਼ਾਂਤੀ ਮਿਲੇ।

*- ਭਗਵਾਨ ਬੁੱਧ*

ਭਲੇ ਆਦਮੀ ਦੇ ਮੂੰਹੋਂ ਭਲੀਆਂ ਗੱਲਾਂ ਤੇ ਬੁਰੇ ਆਦਮੀ ਦੇ ਮੂੰਹੋਂ ਬੁਰੀਆਂ ਗੱਲਾਂ ਹੀ ਨਿਕਲਦੀਆਂ ਹਨ। ਇਨਸਾਨ ਦੇ ਅੰਦਰ ਜੋ ਹੋਵੇਗਾ ਉਹੀ ਬਾਹਰ ਆਉਂਦਾ



Sri Satguru Jagjit Singh Ji eLibrary NamdhariElibrary@gmail.com

ਹੈ।

*- ਈਸਾ ਮਸੀਹ*

ਸਹਿਣਸ਼ੀਲਤਾ ਇੱਕ ਵੱਡਾ ਗੁਣ ਹੈ ਪਰ ਸਹਿਣਸ਼ੀਲਤਾ ਵੀ ਇੱਕ ਹੱਦ ਤੱਕ ਹੀ ਹੋਣੀ ਚਾਹੀਦੀ ਹੈ ਲੋੜੋਂ ਵੱਧ ਸਹਿਣਸ਼ੀਲਤਾ ਗੁਣ ਨਹੀਂ ਰਹਿ ਜਾਂਦੀ ਬਲਕਿ ਔਗੁਣ ਬਣ ਜਾਂਦੀ ਹੈ। ਜਦੋਂ ਸਾਨੂੰ ਹੋਰਨਾਂ ਦੀ ਪੀੜ ਜਾਂ ਬਦਕਿਸਮਤੀ ਵੇਖਕੇ ਖੁਸ਼ੀ ਮਿਲਦੀ ਹੈ ਤਦੋਂ ਅਸੀਂ ਇਨਸਾਨ ਕਹਾਉਣ ਦਾ ਹੱਕ ਗੁਆ ਚੁੱਕੇ ਹੁੰਦੇ ਹਾਂ।

*- ਬਰਤਾਨਵੀ ਐਡ ਮੰਡ ਬਰਕ*

ਸ਼ਬਦ ਜੇਕਰ ਚੰਗੇ ਹੋਣ ਤਾਂ ਉਹ ਅਮਰ ਹੋ ਜਾਂਦੇ ਹਨ, ਮੰਦੇ ਹੋਣ ਤਾਂ ਬੋਲਣ ਵਾਲੇ ਦਾ ਵਕਾਰ ਵੀ ਖਤਮ ਕਰ ਦਿੰਦੇ ਹਨ।

*- ਹੈਜ਼ਲਿਟ*

ਪਾਣੀ ਉਪਰ ਨਹੀਂ ਠਹਿਰਦਾ ਇਹ ਹੇਠਾਂ ਰਹਿੰਦਾ ਹੈ। ਜੋ ਹੇਠਾਂ ਹੁੰਦਾ ਹੈ ਉਹੀ ਭਰ ਪੇਟ ਪਾਣੀ ਪੀ ਸਕਦਾ ਹੈ। ਉੱਚਾ ਹਮੇਸ਼ਾ ਪਿਆਸਾ ਮਰਦਾ ਹੈ।

*- ਕਬੀਰ ਜੀ*

ਸ਼ਬਦਾਂ ਦੀ ਚਰਚਾ ਨਾਲ ਵਿਅਕਤੀ ਵਾਸ਼ਨਾ ਮੁਕਤ ਹੋ ਜਾਂਦਾ ਹੈ ਅਤੇ ਪੁਨਰ ਜਨਮ ਦੇ ਚੱਕਰ ਤੋਂ ਛੁਟਕਾਰਾ ਪਾ ਕੇ ਅਖੀਰ 'ਚ ਮੋਕਸ਼ ਪ੍ਰਾਪਤ ਕਰ ਲੈਂਦਾ ਹੈ।

*- ਗੁਰੂ ਨਾਨਕ ਦੇਵ ਜੀ*

ਜੇ ਤੁਸੀਂ ਸਵਰਗ ਜਾਣਾ ਚਾਹੁੰਦੇ ਹੋ ਤਾਂ ਤੁਹਾਨੂੰ ਇਕ ਪੌੜੀ ਹੈ ਜੀਵਾਂ ਉੱਤੇ ਦਇਆ ਦੀ ਅਤੇ ਉਨ੍ਹਾਂ ਦੀ ਭਲਾਈ ਦੇ ਲਈ ਆਪਣੇ ਸੁੱਖਾਂ ਦਾ ਤਿਆਗ ਕਰਨ ਦੀ।

*- ਜਾਤਕ*

ਸਲੀਕੇ ਨਾਲ ਬੋਲੇ ਸ਼ਬਦ ਝਗੜੇ ਨਿਪਟਾਉਂਦੇ ਹਨ ਜਦੋਂ ਕਿ ਉਹੀ ਸ਼ਬਦ ਵਿਗਾੜ ਕੇ ਬੋਲਣ ਨਾਲ ਸੁਣਨ ਵਾਲਿਆਂ ਵਿਚ ਵਿਰੋਧ ਉਪਜਦਾ ਹੈ। ਬੋਲ ਬਾਣੀ ਸਿੱਖਣ ਲਈ ਪੁਸਤਕਾਂ ਪੜ੍ਹਨਾ ਲਾਹੇਵੰਦ ਹੁੰਦਾ ਹੈ ਜ਼ਿੰਦਗੀ ਵੀ ਬੜਾ ਕੁਝ ਸਿਖਾ ਦਿੰਦੀ ਹੈ। ਵਪਾਰ ਵਿਚ ਬੋਲਣ ਤੋਂ ਪਹਿਲਾਂ, ਰਾਜਨੀਤੀ ਵਿਚ ਉਸੇ ਵੇਲੇ, ਧਰਮ ਵਿਚ ਬਿਨਾਂ ਸੋਚੇ ਅਤੇ ਝਗੜੇ ਵਿਚ ਬੋਲਣ ਤੋਂ ਮਗਰੋਂ ਸੋਚਿਆ ਜਾਂਦਾ ਹੈ। ਸੋਚਣਾ ਅਤੇ ਬੋਲਣਾ, ਸੁਣਨਾ ਅਤੇ ਸਮਝਣਾ ਇਕ ਦੂਜੇ ਨਾਲ ਜੁੜੇ ਹੁੰਦੇ ਹਨ। ਬਿਨਾ ਸੋਚੇ ਬੋਲਣਾ ਝਗੜਾ ਉਪਜਾਉਂਦਾ ਹੈ।

*- ਨਰਿੰਦਰ ਸਿੰਘ ਕਪੂਰ*



Sri Satguru Jagjit Singh Ji eLibrary NamdhariElibrary@gmail.com

# ਔਗੁਣ, ਦੋਸ਼, ਗ਼ਲਤੀ, ਤਰੁੱਟੀ, ਆਲੋਚਨਾ, ਨੁਕਸ

ਆਪਣੀ ਗਲਤੀ ਬਾਰੇ ਪਤਾ ਹੋਣ ਦੇ ਬਾਵਜੂਦ ਦੂਜੇ ਨੂੰ ਦੋਸ਼ੀ ਕਹਿਣ ਵਾਲੇ ਲੋਕ ਸਿਰਫ਼ ਦੂਜਿਆਂ ਦੀਆਂ ਨਜ਼ਰਾਂ ਵਿਚ ਹੀ ਨਹੀਂ ਆਪਣੀ ਨਜ਼ਰ ਵਿਚ ਹੀ ਡਿੱਗ ਪੈਂਦੇ ਹਨ।

*- ਬੇਕਨ*

ਇਹ ਮੰਨਣਾ ਸਭ ਤੋਂ ਵੱਡੀ ਗਲਤੀ ਹੈ ਕਿ ਸੁਰੱਖਿਆ ਵਾਸਤੇ ਕਰਤਵ ਤੋਂ ਬਗੈਰ ਵੀ ਕੋਈ ਰਸਤਾ ਹੈ।

*- ਵਿਲੀਅਮ ਮੇਵਨ*

ਜੇ ਮਨੁੱਖੀ ਸੁਭਾਅ ਵਿਚ ਬੇਸੁਮਾਰ ਚੰਗਿਆਈਆਂ ਹੁੰਦੀਆਂ ਹਨ, ਉਂਗਲਾਂ ਤੇ ਗਿਣਨ ਜੋਗੀਆਂ ਘਾਟਾਂ ਵੀ ਪਾਈਆਂ ਜਾਂਦੀਆਂ ਹਨ।

*- ਨਾਨਕ ਸਿੰਘ*

ਅਸੀਂ ਆਪਣੇ ਅਪਰਾਧੀਆਂ ਨੂੰ ਬਹੁਤੀ ਜ਼ਿਆਦਾ ਸਜ਼ਾ ਨਹੀਂ ਦਿੰਦੇ ਪ੍ਰੰਤੂ ਉਨ੍ਹਾਂ ਨੂੰ ਬਹੁਤ ਜ਼ਿਆਦਾ ਪ੍ਰਚਾਰ ਜ਼ਰੂਰ ਦੇ ਦਿੰਦੇ ਹਾਂ।

*- ਬਿਲ ਰੋਜ ਰਸ*

ਆਪਣੇ ਆਪ ਦੀਆਂ ਤਰੁਟੀਆਂ ਨੂੰ ਜਿੰਨਾ ਆਦਮੀ ਖੁਦ ਸਮਝ ਸਕਦਾ ਹੈ ਉਨਾ ਦੂਸਰਾ ਨਹੀਂ ਸਮਝ ਸਕਦਾ।

*- ਨਾਨਕ ਸਿੰਘ*

ਉਹ ਨਿਕੰਮੇ ਹੁੰਦੇ ਹਨ ਜਿਹੜੇ ਸੱਚ ਦੀ ਥਾਂ ਗਲਤੀਆਂ ਨੂੰ ਹੀ ਲੱਭਦੇ ਹਨ।

*- ਮੇਰੀ ਕਿਊਰੀ*

ਗਲਤੀਆਂ ਨੂੰ ਸੁਧਾਰ ਕੇ ਬਦਲਣ ਦਾ ਸੰਕਲਪ ਲੈਣ ਦਾ ਹੌਸਲਾ ਘੱਟ ਲੋਕਾਂ ਵਿਚ ਹੀ ਹੁੰਦਾ ਹੈ।

*- ਬੈਂਜਾਮਿਨ ਫਰੈਂਕਲਿਨ*

ਨੁਕਸ ਲੱਭਣੇ ਸੌਖੇ ਹੁੰਦੇ ਹਨ ਪਰ ਚੰਗੇਰਾ ਕਰਕੇ ਵਿਖਾਉਣਾ ਔਖਾ ਹੁੰਦਾ ਹੈ।

*- ਪਲੂ ਟਾਰਚ*

ਬੇਗੁਨਾਹ ਵਿਅਕਤੀ ਉੱਪਰ ਅਪਰਾਧ ਦਾ ਦੋਸ਼ ਲਗਾਉਣਾ ਮਹਾਪਾਪ ਹੈ।

*- ਕੁਰਾਨ ਸ਼ਰੀਫ*

ਪਹਿਲੇ ਅਪਰਾਧੀ ਉਹ ਹੁੰਦੇ ਹਨ ਜਿਹੜੇ ਅਪਰਾਧ ਕਰਦੇ ਹਨ ਤੇ ਦੂਜੇ ਉਹ ਹੁੰਦੇ ਹਨ ਜਿਹੜੇ ਅਪਰਾਧ ਹੋਣ ਦਿੰਦੇ ਹਨ।

*- ਫੁੱਲਰ*

ਅਪਰਾਧ ਤੋਂ ਬਰੀ ਹੋਣ ਦਾ ਯਤਨ ਕਰਨਾ ਸਾਰਿਆਂ ਦਾ ਪਹਿਲਾ ਕਰਤੱਵ ਹੈ।

*- ਅਗਿਆਤ*



Sri Satguru Jagjit Singh Ji eLibrary NamdhariElibrary@gmail.com

ਜੋ ਦੇਖ ਕੇ ਵੀ ਆਪਣੀਆਂ ਕਮੀਆਂ ਨੂੰ ਅਣਦੇਖਿਆ ਕਰਦਾ ਹੈ ਅਸਲ ਵਿਚ ਉਹ ਅੰਨ੍ਹਾ ਹੈ।

*- ਮਹਾਤਮਾ ਗਾਂਧੀ*

ਮੈਂ ਕਈ ਗਲਤੀਆਂ ਕੀਤੀਆਂ ਹਨ ਅਤੇ ਹੋਰ ਵੀ ਕਰਾਂਗਾ ਪਰ ਮੈਂ ਹਮੇਸ਼ਾ ਇਨ੍ਹਾਂ ਤੋਂ ਕੁਝ ਸਿੱਖਿਆ ਹੈ।

*- ਜੇਮਜ ਐਚ ਹਿੱਲ*

ਜਿਸ ਨੂੰ ਗਿਆਨ ਹੋਵੇ ਕਿ ਉਸ ਤੋਂ ਗਲਤੀ ਹੋ ਗਈ ਹੈ ਪ੍ਰੰਤੂ ਉਸ ਨੂੰ ਠੀਕ ਨਹੀਂ ਕਰਦਾ ਸਮਝੋ ਉਹ ਇਕ ਹੋਰ ਗਲਤੀ ਕਰ ਰਿਹਾ ਹੁੰਦਾ ਹੈ।

*- ਕਨਫਿਊਸ਼ੀਅਸ*

ਆਪਣੀਆਂ ਭੁੱਲਾਂ ਨੂੰ ਸੋਧ ਕੇ ਮੈਂ ਅੱਗੇ ਵਧ ਸਕਦਾ ਹਾਂ।

*- ਮਹਾਤਮਾ ਗਾਂਧੀ*

ਤੁਹਾਨੂੰ ਲੜਨ ਨਾਲ ਕਾਫੀ ਕੁਝ ਨਹੀਂ ਮਿਲੇਗਾ ਗਲਤੀ ਮੰਨ ਲੈਣ ਨਾਲ ਹੋ ਸਕਦਾ ਹੈ ਕਿ ਉਮੀਦ ਨਾਲੋਂ ਵੀ ਵੱਧ ਮਿਲ ਜਾਵੇ।

*- ਡੇਲ ਕਾਰਨੇਗੀ*

ਆਪਣੀਆਂ ਗਲਤੀਆਂ ਤੋਂ ਸਿੱਖੋ ਤੇ ਯਤਨ ਜਾਰੀ ਰੱਖੋ ਉਦੋਂ ਤੱਕ ਤੁਸੀਂ ਹਾਰ ਨਹੀਂ ਸਕਦੇ ਜਦੋਂ ਤੱਕ ਤੁਸੀਂ ਖੁਦ ਆਪਣੀ ਹਾਰ ਸਵੀਕਾਰ ਨਹੀਂ ਕਰਦੇ।

*- ਐਲ ਬਰਟਸ*

ਇਨਸਾਫ਼ ਹਰ ਗੁਨਾਹਗਾਰ ਨੂੰ ਹਮੇਸ਼ਾ ਸਖਤ ਪ੍ਰਤੀਤ ਹੁੰਦਾ ਹੈ ਕਿਉਂਕਿ ਹਰ ਗੁਨਾਹਗਾਰ ਆਪਣੀਆਂ ਖੁਦ ਦੀਆਂ ਨਜ਼ਰਾਂ ਵਿਚ ਬੇਗੁਨਾਹ ਹੁੰਦਾ ਹੈ।

*- ਡੇਨੀਅਲ ਇਫੋ*

ਦੂਜਿਆਂ ਦੀਆਂ ਗਲਤੀਆਂ ਦੀ ਅਲੋਚਨਾ ਜ਼ਰੂਰ ਕੀਤੀ ਜਾਵੇ ਪ੍ਰੰਤੂ ਸਾਨੂੰ ਆਪਣੇ ਵੱਲ ਵੀ ਵੇਖਣਾ ਚਾਹੀਦਾ ਹੈ।

*- ਪੰ. ਜਵਾਹਰ ਲਾਲ ਨਹਿਰੂ*

ਆਪਣੀ ਗਲਤੀ ਮੰਨ ਲੈਣਾ ਕੋਈ ਅਪਮਾਨ ਨਹੀਂ ਪਰ ਗਲਤੀ ਠੀਕ ਕਰਨ ਲਈ ਯਤਨ ਨਾ ਕਰਨਾ ਅਪਮਾਨ ਵਾਲੀ ਗੱਲ ਹੈ।

*- ਅਰਸਤੂ*

ਜਿਹੜੇ ਦੋਸ਼ਾਂ ਨੂੰ ਅਸੀਂ ਦੂਜਿਆਂ ਵਿਚ ਦੇਖਦੇ ਹਾਂ ਉਨ੍ਹਾਂ ਨੂੰ ਆਪਣੇ ਅੰਦਰ ਨਾ ਰਹਿਣ ਦਿਓ।

*- ਮੀਟੇਂਤਰ*

ਗਲਤੀ ਕੋਈ ਵੀ ਮਨੁੱਖ ਕਰ ਸਕਦਾ ਹੈ ਪਰ ਮੂਰਖ ਮਨੁੱਖ ਤੋਂ ਬਗੈਰ ਕੋਈ ਵੀ ਉਸ ਨੂੰ ਜਾਰੀ ਨਹੀਂ ਰੱਖ ਸਕਦਾ।

*- ਸਿਸਰੋ*

ਜੇ ਆਦਮੀ ਸਿੱਖਣਾ ਚਾਹੇ ਤਾਂ ਉਸ ਦੀ ਹਰ ਭੁੱਲ ਉਸ ਨੂੰ ਸਿੱਖਿਆ ਦੇ ਸਕਦੀ ਹੈ।

*- ਮਹਾਤਮਾ ਗਾਂਧੀ*

ਗੁਨਾਹ ਲੁਕਿਆ ਨਹੀਂ ਰਹਿੰਦਾ ਉਹ ਤਾਂ ਮਨੁੱਖ ਦੇ ਚਿਹਰੇ ਉੱਪਰ ਲਿਖਿਆ



Sri Satguru Jagjit Singh Ji eLibrary NamdhariElibrary@gmail.com

ਰਹਿੰਦਾ ਹੈ।

- ਮੁਨਸ਼ੀ ਪ੍ਰੇਮਚੰਦ

ਜਿਥੇ ਕਮਜ਼ੋਰੀ ਹੈ ਉਥੇ ਅੱਤਿਆਚਾਰ ਵੀ ਹੈ ਕਮਜ਼ੋਰੀ ਜਿੰਨੀ ਜ਼ਿਆਦਾ ਹੋ ਜਾਵੇਗੀ ਅਤਿਆਚਾਰ ਉਨਾ ਹੀ ਵਧੇਰੇ ਹੋਵੇਗਾ।

- ਰਵਿੰਦਰ ਨਾਥ ਟੈਗੋਰ

ਪਿਛਲੀਆਂ ਗਲਤੀਆਂ ਉਤੇ ਝੁਰੋ ਨਾ ਸਗੋਂ ਅੱਗੇ ਵਧੋ ਗਲਤੀਆਂ ਸਿਆਣਪ ਦਾ ਸਬਕ ਹਨ ਬੀਤੇ ਨੂੰ ਬਦਲਿਆ ਨਹੀਂ ਜਾ ਸਕਦਾ ਪਰ ਭਵਿੱਖ ਅਜੇ ਵੀ ਤੁਹਾਡੇ ਹੱਥਾਂ ਵਿਚ ਹੈ।

- ਹਿਊ ਵਾਈਟ

ਗਲਤ ਕੰਮ ਕਰਦੇ ਸਮੇਂ ਤਾਂ ਸੁਖਦਾਇਕ ਲੱਗਦੇ ਹਨ ਪ੍ਰੰਤੂ ਉਨ੍ਹਾਂ ਕਰਮਾਂ ਦਾ ਫਲ ਬੜਾ ਦੁਖਦਾਈ ਹੁੰਦਾ ਹੈ। - ਅਗਿਆਤ

ਅਸੀਂ ਕਿਸੇ ਦੇ ਗੁਣਾਂ ਦੀ ਥਾਂ ਉਸ ਦੀਆਂ ਭੁੱਲਾਂ ਤੋਂ ਵੱਧ ਸਿੱਖ ਸਕਦੇ ਹਾਂ। - ਲੌਂਗ ਫੈਲੋ

ਚੰਗੀਆਂ ਆਦਤਾਂ ਨਾਲ ਸ਼ਕਤੀ ਦੀ ਬੱਚਤ ਹੁੰਦੀ ਹੈ ਜਦੋਂਕਿ ਔਗੁਣਾਂ ਨਾਲ ਭਿਅੰਕਰ ਬਰਬਾਦੀ ਹੁੰਦੀ ਹੈ।

- ਜੇਮਸ ਏਲਨ

ਗਲਤ ਇਨਸਾਨ ਨੂੰ ਗਲਤ ਨਾ ਕਹਿਣਾ ਉਸ ਨਾਲ ਧੋਖਾ ਕਰਨਾ ਹੈ।

- ਅਗਿਆਤ

ਗਲਤੀ ਨੂੰ ਨਾ ਲੁਕਾਓ ਨਹੀਂ ਤਾਂ ਇਹ ਜੁਰਮ ਬਣ ਜਾਵੇਗੀ।

- ਕਨਫਿਊਸ਼ੀਅਸ

ਜੇ ਤੂੰ ਗੁਨਾਹ ਕਰਨਾ ਹੈ ਤਾਂ ਘੱਟੋ ਘੱਟ ਅਜਿਹੀ ਥਾਂ ਤੇ ਕਰ ਜਿੱਥੇ ਰੱਬ ਨਾ ਵੇਖਦਾ ਹੋਵੇ। - ਅਗਿਆਤ

ਸਮਾਜ ਦਾ ਦਸਤੂਰ ਹੀ ਐਸਾ ਹੈ ਕਿ ਲੋਕ ਦੂਜੇ ਨੂੰ ਉਨਾ ਸਮਝਦੇ ਨਹੀਂ ਜਿਨ੍ਹਾਂ ਉਸ ਦੀ ਨੁਕਤਾਚੀਨੀ ਕਰਨ ਲੱਗ ਜਾਂਦੇ ਹਨ।

- ਜੌਹਨ ਮੇਜਰ

ਜੋ ਤੁਸੀਂ ਹੋ ਉਹੀ ਰਹੋ ਅਤੇ ਜੋ ਸੋਚਦੇ ਹੋ ਉਹੀ ਕਰੋ ਕਿਉਂਕਿ ਜਿਹੜੇ ਕਿੰਤੂ ਕਰਦੇ ਹਨ ਉਨ੍ਹਾਂ ਦੀ ਵੁੱਕਤ ਕੋਈ ਨਹੀਂ ਅਤੇ ਜਿਨ੍ਹਾਂ ਦੀ ਵੁੱਕਤ ਹੈ ਉਹ ਕਿੰਤੂ ਨਹੀਂ ਕਰਦੇ।

- ਡਾਕਟਰ ਸੋਯਸ

ਹਰ ਜੰਗ ਦਾ ਆਰੰਭ ਗਲਤੀ ਨਾਲ ਹੀ ਹੁੰਦਾ ਹੈ ਭਾਵੇ ਉਹ ਕਿਸੇ ਵੇਲੇ ਵੀ ਹੋਈ ਹੋਵੇ। - ਅਗਿਆਤ

ਨੁਕਸ ਲੱਭਣੇ ਸੌਖੇ ਹੁੰਦੇ ਹਨ ਪਰ ਚੰਗੇਰਾ ਕਰਕੇ ਵਿਖਾਉਣਾ ਔਖਾ ਹੁੰਦਾ ਹੈ। - ਪਣਟੀਰਜ

ਪਦਾਰਥਕਾਂ ਤੋਂ ਮਾਨਵਤਾ ਦੀ ਹਾਰ ਸਾਡੀ ਸਭਿਅਤਾ ਦੀ ਕੇਂਦਰੀ ਕਮਜ਼ੋਰੀ ਹੈ। - ਡਾ. ਰਾਧਾ ਕ੍ਰਿਸ਼ਨਨ

ਜਿਹੜਾ ਆਮ ਲੋਕਾਂ ਦੇ ਸਾਹਮਣੇ ਗਲਤੀਆਂ ਬਾਰੇ ਗੱਲ ਕਰਨ ਤੋਂ ਡਰਦਾ ਹੈ ਉਹ ਕ੍ਰਾਂਤੀਕਾਰੀ ਨਹੀਂ ਹੈ। - ਲੈਨਿਨ



Sri Satguru Jagjit Singh Ji eLibrary NamdhariElibrary@gmail.com

ਗਲਤ ਫਹਿਮੀਆਂ ਵਿਚ ਡੁੱਬੇ ਰਹਿਣਾ ਗਲਤੀਆਂ ਕਰਨ ਤੋਂ ਵੀ ਵਧ ਖ਼ਤਰਨਾਕ ਹੈ।

*- ਬਰਨਾਰਡ ਸ਼ਾਅ*

ਚੰਗੀਆਂ ਆਦਤਾਂ ਨਾਲ ਸ਼ਕਤੀ ਦੀ ਬੱਚਤ ਹੁੰਦੀ ਹੈ ਜਦੋਂਕਿ ਅਵਗੁਣਾਂ ਨਾਲ ਭਿਅੰਕਰ ਬਰਬਾਦੀ ਹੁੰਦੀ ਹੈ।

*- ਜੇਮਜ਼ ਏਲਨ*

ਕਿਨਾ ਚੰਗਾ ਹੋਵੇ ਜੇ ਲੋਕ ਹੋਰਾਂ ਤੇ ਉਸ ਗਲਤੀ ਲਈ ਗੁੱਸਾ ਨਾ ਕਰਨ ਜਿਹੜੀ ਖੁਦ ਉਨ੍ਹਾਂ ਵੀ ਕਿਸੇ ਵੇਲੇ ਕੀਤੀ ਹੋਵੇ।

*- ਅਮਰੀਕੀ ਐਕਟਰ ਰੋਡਨੀ ਡੇਜਰ ਫੀਲਡ*

ਇਤਫ਼ਾਕ ਰਾਇ ਨਹੀਂ ਸਗੋਂ ਵਿਚਾਰਾਂ ਦਾ ਮਤਭੇਦ ਹੀ ਹੁੰਦਾ ਹੈ, ਜੋ ਇਨਸਾਨਾਂ ਦੀ ਘੋੜ ਦੌੜ ਕਰਾਉਂਦਾ ਹੈ।

*- ਮਾਰਕ ਟਵੇਨ*

ਅਲੋਚਨਾ ਮੇਰੇ ਉੱਪਰ ਡਿੱਗੀਆਂ ਚਿੱਕੜ ਦੀਆਂ ਉਹ ਛਿੱਟਾਂ ਹਨ ਜਿਨ੍ਹਾਂ ਨੂੰ ਜੇ ਮੈਂ ਉਸ ਵੇਲੇ ਹਟਾਉਣ ਦੀ ਕੋਸ਼ਿਸ਼ ਕਰਾਂਗਾ ਤਾਂ ਹੋਰ ਫੈਲ ਜਾਣਗੀਆਂ ਪਰ ਮੈਂ ਸਬਰ ਕਰਦਾ ਹਾਂ ਤਾਂ ਜੋ ਉਹ ਸਮੇਂ ਨਾਲ ਸੁੱਕ ਕੇ ਆਪੇ ਹੀ ਝੜ ਜਾਣ।

*- ਬੈਂਜਾਮਿਨ ਫਰੈਂਕਲਿਨ*

ਦੂਜਿਆਂ ਦੇ ਉਨ੍ਹਾਂ ਔਗੁਣਾਂ ਨੂੰ ਦੇਖਣ ਤੇ ਦੱਸਣ ਤੋਂ ਬਚੋ ਜਿਹੜੇ ਤੁਹਾਡੇ ਖੁਦ ਦੇ ਅੰਦਰ ਹਨ।

*- ਹਜਰਤ ਮੁਹੰਮਦ*

ਈਸ਼ਵਰ ਉਸਦਾ ਭਲਾ ਕਰੇ ਜਿਹੜਾ ਮੈਨੂੰ ਮੇਰੇ ਦੋਸ਼ਾਂ ਤੋਂ ਜਾਣੂ ਕਰਵਾਵੇ।

*- ਅਗਿਆਤ*

ਜਿਸ ਆਦਮੀ ਨੇ ਕਦੇ ਕੋਈ ਗਲਤੀ ਨਹੀਂ ਕੀਤੀ ਸਮਝੋ ਉਸਨੇ ਕਦੇ ਕੋਈ ਕੰਮ ਨਹੀਂ ਕੀਤਾ।

*- ਨੈਪੋਲੀਅਨ*

ਸਿੱਕਾ ਹਮੇਸ਼ਾ ਜੇਤੂਆਂ ਦਾ ਚੱਲਦਾ ਰਿਹਾ ਹੈ ਹਾਰਿਆਂ ਦਾ ਨਹੀਂ ਜਿਨ੍ਹਾਂ ਸਮੇਂ ਤੇ ਠੱਪਾ ਲਗਾਇਆ ਹੁੰਦਾ ਹੈ। ਉਨ੍ਹਾਂ ਦੇ ਨਕਸ ਪੁਰਾਤਨ ਸਿੱਕਿਆਂ ਤੇ ਉਕਰੇ ਮਿਲ ਜਾਂਦੇ ਹਨ। ਖੋਟੇ ਸਿੱਕਿਆਂ ਨੂੰ ਬਹੁਤੇ ਹੱਥਾਂ ਦੀ ਛੋਹ ਨਸੀਬ ਨਹੀਂ ਹੁੰਦੀ। ਜੇ ਕਿਸੇ ਇਨਸਾਨ ਵਿੱਚ ਖੋਟ ਹੋਵੇ ਤਾਂ ਉਸ ਦੀਆਂ ਉਦਾਸੀਆਂ ਪਿੰਡ ਦੀ ਜੂਹ ਤੱਕ ਹੀ ਸੀਮਤ ਰਹਿੰਦੀਆਂ ਹਨ। ਖੋਟੇ ਦਿਲ ਵਾਲਾ ਵਿਅਕਤੀ ਜਿੱਥੇ ਵੀ ਜਾਵੇ ਖੋਟੇ ਸਿੱਕੇ ਵਾਂਗ ਵਾਪਸ ਪਰਤ ਆਉਂਦਾ ਹੈ।

*- ਵਰਿੰਦਰ ਵਾਲੀਆ*

ਦੁਨੀਆਂ ਦੇ ਕਾਨੂੰਨ ਅਨੁਸਾਰ ਗੁਨਾਹਗਾਰ ਉਹੀ ਹੈ ਜਿਸ ਦਾ ਗੁਨਾਹ ਉੱਘੜ ਜਾਵੇ ਜਦ ਤੱਕ ਗੁਨਾਹਾਂ ਭਰੀ ਹਾਂਡੀ ਤੋਂ ਢੱਕਣ ਨਹੀਂ ਉੱਠਦਾ ਤਦ ਤੱਕ ਕੋਈ ਗੁਨਾਹ ਗੁਨਾਹ ਨਹੀਂ ਤੇ ਕੋਈ ਐਬ ਐਬ ਨਹੀਂ।

*- ਨਾਨਕ ਸਿੰਘ*



Sri Satguru Jagjit Singh Ji eLibrary NamdhariElibrary@gmail.com

# ਮਿੱਤਰ, ਦੋਸਤ, ਦੁਸ਼ਮਣ

ਜੋ ਹਿੰਸਾ ਵਿਚ ਵਿਸ਼ਵਾਸ ਰੱਖਦੇ ਹਨ ਉਹ ਮਨੁੱਖਤਾ ਦੇ ਦੁਸ਼ਮਣ ਹਨ।

*- ਗੌਤਮ ਬੁੱਧ*

ਦੁਸ਼ਮਣ ਦੀਆਂ ਕਮਜ਼ੋਰੀਆਂ ਨੂੰ ਸਮਝਣ ਲਈ ਉਨ੍ਹਾਂ ਹੱਥ ਕੰਡਿਆਂ ਦਾ ਅਧਿਐਨ ਜ਼ਰੂਰੀ ਹੈ ਜਿਨ੍ਹਾਂ ਨਾਲ ਉਹ ਡਰਾ ਰਿਹਾ ਹੈ।

*- ਅਰਿਕ ਹੋਵਰ*

ਦੋਸਤ ਆਉਂਦੇ ਜਾਂਦੇ ਰਹਿੰਦੇ ਹਨ ਦੁਸ਼ਮਣੀ ਪੈ ਜਾਵੇ ਤਾਂ ਇਹ ਘੱਟ ਨਹੀਂ ਹੁੰਦੀ ਸਿਰਫ਼ ਵਧਦੀ ਹੈ।

*- ਥਾਮਸ ਜੋਨਸ*

ਮਿੱਤਰ ਬਣਾਉਣ ਦਾ ਇੱਕ ਹੀ ਰਾਹ ਹੈ ਕਿ ਪਹਿਲਾਂ ਆਪ ਦੂਜੇ ਦੇ ਮਿੱਤਰ ਬਣ ਜਾਈਏ।

*- ਐਮਰਸਨ*

ਮੇਰੇ ਅੱਗੇ ਨਾ ਚੱਲੋ ਹੋ ਸਕਦਾ ਹੈ, ਮੈਂ ਤੁਹਾਡੇ ਮਗਰ ਨਾ ਆਵਾਂ, ਮੇਰੇ ਮਗਰ ਵੀ ਨਾ ਚੱਲੋ। ਸ਼ਾਇਦ ਮੈਂ ਤੁਹਾਡੀ ਅਗਵਾਈ ਨਾ ਕਰਾਂ। ਮੇਰੇ ਬਰਾਬਰ ਚੱਲੋ ਅਤੇ ਮੇਰੇ ਮਿੱਤਰ ਬਣੋ।

*- ਅਲਬਰਟ ਕਾਮ*

ਦੋਸਤੀ ਅਜਿਹੀ ਸੁਨਹਿਰੀ ਤੰਦ ਹੁੰਦੀ ਹੈ ਜਿਸ ਵਿਚ ਸਾਰੀ ਦੁਨੀਆਂ ਦੇ ਦਿਲ ਪਰੋਏ ਜਾ ਸਕਦੇ ਹਨ।

*- ਜੋਨ ਐਵਲਿਨ*

ਜਿਹੜਾ ਦੁਸ਼ਮਣ ਤੁਹਾਡਾ ਵਿਰੋਧ ਕਰਦਾ ਹੈ ਉਸ ਤੋਂ ਡਰੋ ਨਾ, ਉਨ੍ਹਾਂ ਮਿੱਤਰਾਂ ਤੋਂ ਡਰੋ ਜਿਹੜੇ ਤੁਹਾਡੀ ਚਾਪਲੂਸੀ ਕਰਦੇ ਹਨ।

*- ਜਰਨਲ ਆਬੁ ਗੇਨ*

ਆਪਣੇ ਆਪ ਨੂੰ ਵੇਖਣਾ ਹੋਵੇ ਤਾਂ ਆਪਣੇ ਦੋਸਤ ਦੀ ਨਜ਼ਰ 'ਚ ਵੇਖੋ।

*- ਜਾਰਜ ਹਰਸਟ*

ਦੋ ਸਖਸ਼ ਮੁਲਕ ਦੇ ਦੁਸ਼ਮਣ ਹੁੰਦੇ ਹਨ ਇਕ ਉਹ ਬਾਦਸ਼ਾਹ ਜਿਸ ਵਿਚ ਸਹਿਣਸੀਲਤਾ ਨਾ ਹੋਵੇ ਤੇ ਦੂਸਰਾ ਉਹ ਧਰਮ ਦਾ ਪਹਿਰੇਦਾਰ ਜਿਸ ਨੂੰ ਕੋਈ ਇਲਮ ਨਾ ਹੋਵੇ।

*- ਸ਼ੇਖ ਸਾਅਦੀ*

ਦੋਸਤ ਨੂੰ ਚਾਹੁਣ ਵਾਲਾ ਦੁਸ਼ਮਣ ਦਾ ਜ਼ੁਲਮ ਨਾ ਸਹੇਗਾ ਤਾਂ ਕੀ ਕਰੇਗਾ। ਖਜ਼ਾਨਾ ਅਤੇ ਸੱਪ, ਫੁਲ ਤੇ ਕੰਡੇ, ਖੁਸ਼ੀ 'ਤੇ ਗਮੀ ਸਾਰੇ ਮਿਲ ਮਿਲਾਕੇ ਚਲਦੇ ਨੇ। ਸਿਆਣੇ ਆਖਦੇ ਨੇ ਜੰਗਲ ਵਿਚ ਸੰਦਲ ਦੀ ਖੁਸ਼ਬੂਦਾਰ ਲੱਕੜੀ ਵੀ ਹੁੰਦੀ ਏ ਤੇ ਹੱਥ ਚੀਰਵਾਂ ਸਰਕੰਡਾ ਵੀ। ਫਕੀਰਾਂ ਵਿੱਚ ਵੀ ਸਬਰ ਸੰਤੋਖ ਵਾਲੇ ਤੇ ਕਮੀਨੇ ਬੰਦੇ ਹੁੰਦੇ ਹਨ।

*- ਸ਼ੇਖ ਸਾਅਦੀ*



Sri Satguru Jagjit Singh Ji eLibrary NamdhariElibrary@gmail.com

ਇਕ ਬਹਿ ਕੋਲ ਖੁਸਾਮਦ ਕਰਦੇ ਗਰਜੀ ਹੋਣ ਕਮੀਨੇ। ਇਕ ਬੇਪਰਵਾਹ ਨਾ ਪਾਸ ਖਲੋਵਣ ਪਰ ਹੋਵਨ ਯਾਰ ਨਗੀਨੇ।

*- ਹਾਸ਼ਮ*

ਜਦੋਂ ਤੁਹਾਡੇ ਦੋਸਤ ਕੋਲ ਕੋਈ ਸ਼ਕਤੀ ਆ ਗਈ ਹੈ ਤਾਂ ਸਮਝ ਲਉ ਕਿ ਉਹ ਦੋਸਤ ਤੁਹਾਡੇ ਹੱਥਾਂ ਵਿਚੋਂ ਚਲਾ ਗਿਆ ਹੈ।

*- ਐਡਮਜ਼*

ਸੰਸਾਰ ਵਿਚ ਨਾ ਤੁਹਾਡਾ ਕੋਈ ਦੁਸ਼ਮਣ ਹੈ ਅਤੇ ਨਾ ਹੀ ਮਿੱਤਰ ਤੁਹਾਡੇ ਆਪਣੇ ਵਿਚਾਰ ਹੀ ਦੁਸ਼ਮਣ ਅਤੇ ਮਿੱਤਰ ਬਣਾਉਣ ਲਈ ਜ਼ਿੰਮੇਵਾਰ ਹਨ।

*- ਚਾਣਕਿਆ*

ਚੰਗਾ ਦੋਸਤ ਬਣਾਉਣ ਲਈ ਆਪਣੇ ਆਪ ਨੂੰ ਚੰਗਾ ਦੋਸਤ ਸਾਬਤ ਕਰਨਾ ਜ਼ਰੂਰੀ ਹੈ।

*- ਅਗਿਆਤ*

ਰਿਸ਼ਤੇਦਾਰ ਇਤਫ਼ਾਕ ਨਾਲ ਮਿਲਦੇ ਹਨ ਪਰ ਦੋਸਤ ਅਸੀਂ ਆਪਣੀ ਖੁਸ਼ੀ ਨਾਲ ਚੁਣਦੇ ਹਾਂ।

*- ਡੈਲਿਲ*

ਦੋਸਤੀ ਖੁਸ਼ੀ ਨੂੰ ਦੁੱਗਣਾ ਕਰਦੀ ਹੈ ਅਤੇ ਦੁੱਖ ਨੂੰ ਵੰਡਾਉਂਦੀ ਹੈ।

*- ਐਡੀਸਨ*

ਦੁਸ਼ਮਣ ਦੇ ਘਰ ਧੂੰਆਂ ਦੇਖ ਕੇ ਖੁਸ਼ ਹੋਣ ਤੋਂ ਪਹਿਲਾਂ ਦੇਖ ਲਵੋ ਕਿਤੇ ਤੁਹਾਡੇ ਘਰ ਵਿਚ ਤਾਂ ਅੱਗ ਨਹੀਂ ਲੱਗ ਰਹੀ।

*- ਜਾਨਸਨ*

ਦੋਸਤ ਸਦਾ ਚੰਗਾ ਗੁਣਵਾਨ, ਪੜ੍ਹਿਆ ਲਿਖਿਆ ਤੇ ਸੂਝਵਾਨ ਹੋਣਾ ਚਾਹੀਦਾ ਹੈ ਅਜਿਹਾ ਦੋਸਤ ਤੁਹਾਡੇ ਜੀਵਨ ਵਿਚ ਸੁਖ ਸ਼ਾਂਤੀ ਲਿਆਵੇਗਾ ਇਸ ਤੋਂ ਉਲਟ ਬੁਰਾ ਦੋਸਤ ਹਮੇਸ਼ਾ ਦੁੱਖ ਹੀ ਦੇਵੇਗਾ।

*- ਮਹਾਤਮਾ ਗਾਂਧੀ*

ਦੋਸਤ ਇਨਸਾਨ ਦੇ ਜੀਵਨ ਦਾ ਵਿਸ਼ੇਸ਼ ਹਿੱਸਾ ਹੁੰਦੇ ਹਨ ਜਦੋਂ ਸਾਰੇ ਰਿਸ਼ਤੇਦਾਰ ਸਾਥ ਛੱਡ ਜਾਂਦੇ ਹਨ ਤਾਂ ਦੋਸਤ ਹੀ ਕੰਮ ਆਉਂਦੇ ਹਨ।

*- ਹਜ਼ਰਤ ਈਸਾ ਮਸੀਹ*

ਤੁਹਾਡਾ ਦੋਸਤ ਇਕ ਅਜਿਹਾ ਖੇਤ ਹੈ ਜਿਸ ਨੂੰ ਤੁਸੀਂ ਪਿਆਰ ਨਾਲ ਬੀਜਦੇ ਹੋ ਤੇ ਸ਼ੁਕਰਾਨੇ ਨਾਲ ਵੱਢਦੇ ਹੋ।

*- ਖਲੀਲ ਜਿਬਰਾਨ*

ਅਸੀਂ ਆਪਣੀ ਕਰਨੀ ਤੋਂ ਇਨੇ ਦੋਸਤ ਨਹੀਂ ਬਣਾਉਂਦੇ ਜਿੰਨੇ ਆਪਣੀ ਜੁਬਾਨ ਤੋਂ ਦੁਸ਼ਮਣ ਬਣਾ ਲੈਂਦੇ ਹਾਂ।

*- ਕਾਲਿਨਿਸ*

ਰਾਜਨੀਤੀ 'ਚ ਕੋਈ ਸੱਚਾ ਮਿੱਤਰ ਨਹੀਂ ਅੰਦਰਲਾ ਸਵਾਰਥ ਹੀ ਤੁਹਾਨੂੰ ਨੇੜੇ ਹੋਣ ਦਾ ਭੁਲੇਖਾ ਪਾਉਂਦਾ ਹੈ।

*- ਐਲਨ ਕਲਾਰਕ*



Sri Satguru Jagjit Singh Ji eLibrary NamdhariElibrary@gmail.com

ਜਿੰਨਾ ਨੁਕਸਾਨ ਦੁਸ਼ਮਣ ਦੁਸ਼ਮਣ ਦਾ ਕਰਦਾ ਹੈ ਉਸ ਤੋਂ ਜ਼ਿਆਦਾ ਨੁਕਸਾਨ ਗਲਤ ਰਾਹ ਤੇ ਚਲ ਰਿਹਾ ਮਨ ਕਰਦਾ ਹੈ।

*- ਗੌਤਮ ਬੁੱਧ*

ਹਰੇਕ ਮਿੱਤਰਤਾ ਦੇ ਪਿੱਛੇ ਕੋਈ ਨਾ ਕੋਈ ਸਵਾਰਥ ਜ਼ਰੂਰ ਹੁੰਦਾ ਹੈ ਬਿਨਾਂ ਸਵਾਰਥ ਦੇ ਦੋਸਤੀ ਨਹੀਂ ਹੋ ਸਕਦੀ।

*- ਹਿਟਲਰ*

ਪਿੱਠ ਪਿੱਛੇ ਬੁਰਾਈ ਕਰਨ ਵਾਲੇ ਅਤੇ ਮੂੰਹ ਉਤੇ ਮਿੱਠੀਆਂ ਮਿੱਠੀਆਂ ਗੱਲਾਂ ਕਰਨ ਵਾਲੇ ਲੋਕਾਂ ਤੋਂ ਹਮੇਸ਼ਾ ਬਚਕੇ ਰਹੋ ਅਜਿਹੇ ਮਿੱਤਰਾਂ ਦਾ ਕਦੇ ਕੋਈ ਲਾਭ ਨਹੀਂ ਹੁੰਦਾ ਉਹ ਤਾਂ ਬਣਦਾ ਕੰਮ ਵੀ ਵਿਗਾੜ ਦਿੰਦੇ ਹਨ।

*- ਸੁਆਮੀ ਰਾਮ ਤੀਰਥ*

ਗੱਪਾਂ ਮਾਰਨ ਵਾਲਿਆਂ ਨਾਲ ਦੋਸਤੀ ਨਹੀਂ ਕਰਨੀ ਚਾਹੀਦੀ।

*- ਚਾਣਕਿਆ*

ਆਪਣੇ ਮਿੱਤਰਾਂ ਨੂੰ ਜੇ ਬੁਰਾ ਭਲਾ ਕਹਿਣਾ ਹੋਵੇ ਤਾਂ ਇਕਾਂਤ ਵਿਚ ਕਹੋ ਜੇ ਉਨ੍ਹਾਂ ਦੀ ਪ੍ਰਸ਼ੰਸਾ ਕਰਨੀ ਹੋਵੇ ਤਾਂ ਸਾਰਿਆਂ ਦੇ ਸਾਹਮਣੇ ਕਰੋ।

*- ਸਾਇਰਸ*

ਮਿੱਤਰਤਾ ਕਰਨ ਲਈ ਕਾਹਲ ਨਾ ਕਰੋ ਜੇ ਹੋ ਗਈ ਤਾਂ ਅੰਤ ਤੱਕ ਨਿਭਾਉ।

*- ਸੁਕਰਾਤ*

ਜੇ ਦੁਸ਼ਮਣ ਨਾਲ ਸੁਲਾਹ ਕਰਨੀ ਹੈ ਤਾਂ ਜਦੋਂ ਵੀ ਉਹ ਤੁਹਾਡੀ ਬੁਰਾਈ ਕਰੇ ਉਸ ਦੀ ਭਲਾਈ ਕਰੋ।

*- ਸਵੇਟ ਮਾਰਡਨ*

ਬਲਵਾਨ ਲੋਕਾਂ ਨੂੰ ਆਪਣੇ ਕਮਜ਼ੋਰ ਦੁਸ਼ਮਣ ਤੋਂ ਬੇਧਿਆਨ ਨਹੀਂ ਰਹਿਣਾ ਚਾਹੀਦਾ।

*- ਅਗਿਆਤ*

ਖੁਸ਼ ਕਿਸਮਤ ਹਨ ਉਹ ਲੋਕ ਜੋ ਮਿੱਤਰ ਬਣਾ ਸਕਦੇ ਹਨ। ਇਸ ਤੋਂ ਵੀ ਵੱਧ ਉਹ ਹਨ ਜਿਨ੍ਹਾਂ ਵਿਚ ਮਿੱਤਰ ਬਣਾ ਕੇ ਰੱਖਣ ਦੀ ਯੋਗਤਾ ਹੈ।

*- ਨਕਾਮਸਹਿਊ*



Sri Satguru Jagjit Singh Ji eLibrary NamdhariElibrary@gmail.com

# ਮੁਹੱਬਤ, ਪਿਆਰ, ਪ੍ਰੇਮ

ਭਗਤੀ ਤੇ ਪ੍ਰੇਮ ਨਾਲ ਮਨੁੱਖ ਨਿਰ ਸਵਾਰਥੀ ਬਣ ਸਕਦਾ ਹੈ। ਮਨੁੱਖ ਦੇ ਮਨ ਵਿਚ ਜਦੋਂ ਸ਼ਰਧਾ ਵਧਦੀ ਹੈ ਤਾਂ ਸਵਾਰਥ ਦਾ ਨਾਸ ਹੋ ਜਾਂਦਾ ਹੈ।

*- ਸੁਭਾਸ ਚੰਦਰ ਬੋਸ*

ਜਿਥੇ ਸਾੜਾ ਈਰਖਾ ਅਤੇ ਵੈਰ ਵਿਰੋਧ ਗੁਆਚ ਜਾਂਦੇ ਹਨ ਉਸ ਅਵਸਥਾ ਨੂੰ ਅਨੰਦ ਕਹਿੰਦੇ ਹਨ ਪਿਆਰ ਬਹੁਤ ਬੋਲਣ ਨੂੰ ਚੁੱਪ ਤੇ ਚੁੱਪ ਰਹਿਣ ਵਾਲਿਆਂ ਨੂੰ ਬੋਲਣ ਲਾ ਦਿੰਦਾ ਹੈ। ਪਿਆਰ ਵਿਚ ਕੰਵਾਰੇ ਵੀ ਵਿਆਹੇ ਹੋਏ ਮਹਿਸੂਸ ਕਰਦੇ ਹਨ.ਹੱਸਮੁਖ ਹੋਣਾ ਹੱਸਣ ਨਾਲੋਂ ਵੱਖਰੀ ਗੱਲ ਹੈ। ਸੇਵਾ, ਸਹਿਯੋਗ ਅਤੇ ਸਹਾਇਤਾ ਖੁਸ਼ਹਾਲੀ ਦੇ ਸੰਦੇਸ਼ ਹਨ।

ਸਾਰੇ ਪ੍ਰਾਣੀਆਂ ਪ੍ਰਤੀ ਬਰਾਬਰ ਪ੍ਰੇਮ ਰੱਖਣਾ ਹੀ ਆਦਰਸ਼ ਜੀਵਨ ਹੈ।

*- ਜੇਮਜ਼ ਐਲਨ*

ਨਫ਼ਰਤ ਨਫ਼ਰਤ ਨਾਲ ਨਹੀਂ ਪ੍ਰੇਮ ਨਾਲ ਸਬੰਧਤ ਹੁੰਦੀ ਹੈ, ਗਲਤ ਫ਼ਹਿਮੀ ਬਹਿਸ ਨਾਲ ਨਹੀਂ, ਚਤੁਰਾਈ, ਸੁਲਹਾ-ਸਫ਼ਾਈ ਤੇ ਦੂਸਰੇ ਆਦਮੀ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਨਾਲ ਦੂਰ ਹੁੰਦੀ ਹੈ।

*- ਬੁੱਧ*

ਸਿਰਫ਼ ਇਕ ਘੰਟੇ ਦੇ ਮਨੁੱਖੀ ਪਿਆਰ ਲਈ ਮੈਂ ਬਾਕੀ ਦੀ ਜ਼ਿੰਦਗੀ ਵਾਰਨ ਲਈ ਤਿਆਰ ਹਾਂ।

*- ਬਰਟ ਰੈਂਡ ਰਸਲ*

ਜੇ ਤੁਸੀਂ ਲੋਕਾਂ ਨੂੰ ਪਰਖਦੇ ਹੀ ਰਹੋਗੇ ਤਾਂ ਉਨ੍ਹਾਂ ਨਾਲ ਪਿਆਰ ਕਰਨ ਲਈ ਤੁਹਾਡੇ ਕੋਲ ਸਮਾਂ ਹੀ ਨਹੀਂ ਬਚੇਗਾ।

*- ਮਦਰ ਟਰੇਸਾ*

ਪਿਆਰ ਦੀ ਤਾਕਤ ਜਦੋਂ ਸੱਤਾ ਦੇ ਮੋਹ ਨੂੰ ਹਰਾ ਦੇਵੇਗੀ ਉਦੋਂ ਹੀ ਦੁਨੀਆਂ ਵਿਚ ਸ਼ਾਂਤੀ ਦਾ ਰਾਜ ਹੋਵੇਗਾ।

*- ਜਿੰਮੀ ਹੇਨਰੀ*

ਪ੍ਰੇਮ ਅੰਨ੍ਹਾ ਹੁੰਦਾ ਹੈ ਇਸ ਲਈ ਪ੍ਰੇਮੀ ਆਪਣੀਆਂ ਮੂਰਖਾਂ ਵਰਗੀਆਂ ਹਰਕਤਾਂ ਨੂੰ ਨਹੀਂ ਦੇਖ ਸਕਦਾ।

*- ਸ਼ੈਕਸਪੀਅਰ*

ਪਿਆਰ ਮਿੱਤਰਤਾ ਤੇ ਆਦਰ ਸਤਿਕਾਰ ਲੋਕਾਂ ਨੂੰ ਆਪਸ ਵਿਚ ਓਨਾ ਨਹੀਂ ਜੋੜਦੇ ਜਿੰਨਾ ਕਿਸੇ ਚੀਜ਼ ਲਈ ਸਾਂਝੀ ਨਫ਼ਰਤ ਜੋੜਦੀ ਹੈ।

*- ਚੈਖਵ*

ਘਰ ਦੇ ਪਿਆਰ ਤੋਂ ਹੀ ਸਮਾਜ ਅਤੇ ਦੇਸ ਦਾ ਪਿਆਰ ਪੈਦਾ ਹੁੰਦਾ ਹੈ।

*- ਪ੍ਰਿੰਸੀਪਲ ਤੇਜਾ ਸਿੰਘ*

ਪ੍ਰੇਮ ਅੱਖਾਂ ਨਾਲ ਨਹੀਂ ਦਿਲ ਤੋਂ ਹੁੰਦਾ ਹੈ ਇਸ ਲਈ ਪ੍ਰੇਮ ਦੇ ਦੇਵਤੇ ਨੂੰ ਅੰਨ੍ਹਾ ਦੱਸਿਆ ਗਿਆ ਹੈ।

*- ਸ਼ੈਕਸਪੀਅਰ*



Sri Satguru Jagjit Singh Ji eLibrary NamdhariElibrary@gmail.com

ਪਿਆਰ ਅਤੇ ਇਨਸਾਫ਼ ਦੀ ਭਾਵਨਾ ਨਾਲ ਬੋਲੇ ਸ਼ਬਦ ਉਹ ਝਗੜੇ ਨਿਬੇੜ ਦਿੰਦੇ ਹਨ ਜਿਨ੍ਹਾਂ ਨੂੰ ਤਲਵਾਰਾਂ ਅਤੇ ਤੋਪਾਂ ਨਾਲ ਵੀ ਨਹੀਂ ਸੁਲਝਾਇਆ ਜਾ ਸਕਦਾ ਹੈ।

*- ਨਰਿੰਦਰ ਸਿੰਘ ਕਪੂਰ*

ਸਭ ਨੂੰ ਪਿਆਰ ਕਰੋ ਸਭ ਦੀ ਸੇਵਾ ਕਰੋ ਸਦਾ ਮੱਦਦ ਕਰੋ ਕਦੀ ਵੀ ਕਿਸੇ ਨੂੰ ਦੁੱਖ ਨਾ ਦੇਵੋ।

*- ਸਤਿਆ ਸਾਂਈ ਬਾਬਾ*

ਜੇ ਤੁਸੀਂ ਹੋਰਾਂ ਨੂੰ ਖੁਸ਼ ਦੇਖਣਾ ਚਾਹੁੰਦੇ ਹੋ ਤਾਂ ਪਿਆਰ ਕਰੋ ਜੇ ਤੁਸੀਂ ਖੁਦ ਖੁਸ਼ ਰਹਿਣਾ ਚਾਹੁੰਦੇ ਹੋ ਤਾਂ ਵੀ ਪਿਆਰ ਕਰੋ।

*- ਅਮਰੀਕੀ ਕਵੀ ਮੈਡਲੀਨ ਬਰਿਜਸ*

ਪ੍ਰੇਮ ਕਰਨ ਵਾਲਾ ਗੁਆਂਢੀ ਦੂਰ ਰਹਿੰਦੇ ਭਰਾ ਨਾਲੋਂ ਕਿਤੇ ਚੰਗਾ ਹੁੰਦਾ ਹੈ।

*- ਚਾਣਕਿਆ*

ਮਨੁੱਖਤਾ ਦਾ ਦੂਜਾ ਨਾਂ ਪ੍ਰੇਮ ਹੈ ਸਾਰੇ ਪ੍ਰਾਣੀਆਂ ਨਾਲ ਪ੍ਰੇਮ ਕਰਨਾ ਹੀ ਸੱਚੀ ਮਨੁੱਖਤਾ ਹੈ।

*- ਮਹਾਤਮਾ ਬੁੱਧ*

ਕਿਸੇ ਸੁੰਦਰੀ ਦਾ ਸੌਵਾਂ ਪ੍ਰੇਮੀ ਬਣਨ ਨਾਲੋਂ ਬਦਸੂਰਤ ਇਸਤਰੀ ਦਾ ਪਹਿਲਾ ਪ੍ਰੇਮੀ ਬਣਨਾ ਕਿਤੇ ਚੰਗਾ ਹੈ।

*- ਪਰਲ ਐਸ ਬੱਕ*

ਜਿੱਥੇ ਪ੍ਰੇਮ ਜ਼ਿਆਦਾ ਹੁੰਦਾ ਹੈ ਉਥੇ ਨਫ਼ਰਤ ਵੱਧ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ।

*- ਚਾਰਲਸ ਬੇਕਨ*

ਮੁਹੱਬਤ ਉਸ ਫੁੱਲ ਵਾਂਗ ਹੈ ਜਿਸਦੇ ਉਪਰਲੇ ਹਿੱਸੇ ਵਿਚ ਮਿਠਾਸ ਹੈ ਹੇਠਲੇ ਹਿੱਸੇ ਵਿਚ ਕੁੜੱਤਣ ਹੈ।

*- ਅੰਮ੍ਰਿਤਾ ਪ੍ਰੀਤਮ*

ਚੰਗਿਆਂ ਵਿਚ ਪਿਆਰ, ਬਰਕਤ ਅਤੇ ਖਿਮਾ ਹੁੰਦੀ ਹੈ। ਮਿਹਨਤ ਨਾਲ ਮਨ ਸਾਫ਼, ਸਰੀਰ ਅਰੋਗ ਦਿਲ ਮਜ਼ਬੂਤ ਪਹੁੰਚ ਉਸਾਰੂ ਸੋਚ ਤਕੜੀ ਅਤੇ ਬਿਰਤੀ ਪਰਉਪਕਾਰੀ ਹੋ ਜਾਂਦੀ ਹੈ। ਦੌੜ ਵਿਚ ਫੁਰਤੀਲੇਪਨ ਦਾ ਨੇਮ ਲਾਗੂ ਹੁੰਦਾ ਹੈ। ਯੁੱਧ ਵਿਚ ਬਹਾਦਰੀ ਦਾ, ਪੜ੍ਹਾਈ ਵਿਚ ਧਿਆਨ ਦਾ, ਅਧਿਆਪਨ ਵਿਚ ਨਿਪੁੰਨਤਾ ਦਾ, ਪਿਆਰ ਵਿਚ ਕੁਰਬਾਨੀ ਦਾ, ਵਪਾਰ ਵਿਚ ਮਿਹਨਤ ਦਾ, ਦਰਵੇਸ ਵਿਚ ਗਿਆਨ ਦਾ ਅਤੇ ਸੰਤ ਵਿਚ ਸਹਿਣਸ਼ੀਲਤਾ ਦਾ ਨੇਮ ਲਾਗੂ ਹੁੰਦਾ ਹੈ। ਅਸੀਂ ਚੰਗਿਆਂ ਨੂੰ ਚੰਗੇ ਲੱਗਣਾ ਚਾਹੁੰਦੇ ਹਾਂ ਪਰ ਅਸੀਂ ਆਪ ਚੰਗੇ ਹੋ ਜਾਂਦੇ ਹਾਂ ਤਾਂ ਸਾਨੂੰ ਹਰ ਕੋਈ ਚੰਗਾ ਲੱਗਣ ਲੱਗ ਪੈਂਦਾ ਹੈ। ਸੰਸਾਰ ਵਿਚ ਕੁਝ ਵੀ ਪਹਿਲੀ ਵਾਰ ਨਹੀਂ ਹੋ ਰਿਹਾ ਅਤੇ ਕੁਝ ਵੀ ਅੰਤਮ ਵਾਰ ਨਹੀਂ ਹੋਵੇਗਾ।

*- ਰਵੇਲ ਸਿੰਘ ਭੁਲਰ*



Sri Satguru Jagjit Singh Ji eLibrary NamdhariElibrary@gmail.com

# ਮਾਇਆ, ਧਨ, ਪੈਸਾ, ਦੌਲਤ

ਚੋਰੀ ਦਾ ਧਨ ਕੱਚੇ ਘਰ ਦੇ ਸਮਾਨ ਹੈ।

*- ਮਹਾਤਮਾ ਗਾਂਧੀ*

ਜਿਹੜਾ ਵਿਅਕਤੀ ਇਹ ਸੋਚਦਾ ਹੈ ਕਿ ਪੈਸਿਆਂ ਨਾਲ ਹੀ ਸਾਰਾ ਕੁਝ ਕੀਤਾ ਜਾ ਸਕਦਾ ਹੈ ਉਸ ਦੇ ਬਾਰੇ ਵਿਚ ਇਹ ਸ਼ੱਕ ਕਰਨਾ ਗਲਤ ਨਹੀਂ ਹੋਵੇਗਾ ਕਿ ਉਹ ਸਾਰਾ ਕੁਝ ਪੈਸਿਆਂ ਲਈ ਹੀ ਕਰਦਾ ਹੈ।

*- ਬੈਂਜਾਮਿਨ ਫਰੈਂਕਲਿਨ*

ਮਨੁੱਖ ਜਾਅਲੀ ਨਕਦੀ ਬਣਾਉਂਦੇ ਹਨ ਪਰ ਜ਼ਿਆਦਾਤਰ ਹਾਲਾਤ ਵਿਚ ਦੌਲਤ ਮਨੁੱਖ ਨੂੰ ਜਾਅਲੀ ਬਣਾਉਂਦੀ ਹੈ।

*- ਸਿਡਨੀ ਜੇ ਹੈਰਸ*

ਧਨ ਕਮਾਉਣਾ ਵੱਡੀ ਗੱਲ ਨਹੀਂ ਕਿਸੇ ਉਦੇਸ਼ ਦੀ ਪੂਰਤੀ ਵੱਡੀ ਗੱਲ ਹੁੰਦੀ ਹੈ।

*- ਐਲ ਬਰਟਸ*

ਪੈਸਾ ਮੰਦੀ ਤੋਂ ਬਿਹਤਰ ਹੈ ਪਰ ਜੇ ਮਾਮਲਾ ਸਿਰਫ਼ ਵਿਤੀ ਕਾਰਨਾਂ ਨਾਲ ਜੁੜਿਆ ਹੋਵੇ।

*- ਵੁੱਡੀ ਐਲਨ*

ਜਿਸ ਪੈਸੇ ਨੂੰ ਪ੍ਰਾਪਤ ਕਰਨ ਨਾਲ ਪਾਪ ਦੀ ਮਹਾਨਤਾ ਵਧਦੀ ਹੈ ਜਾਂ ਦੋਸ਼ੀ ਜੀਵਨ ਦਾ ਰੰਗ ਚੜ੍ਹਨਾ ਸੰਭਵ ਹੈ ਅਜਿਹਾ ਪੈਸਾ ਨਹੀਂ ਲੈਣਾ ਚਾਹੀਦਾ।

*- ਅਚਾਰੀਆ ਵਿਨੋਬਾ ਭਾਵੇ*

ਧਨ ਤਾਂ ਕਦੇ ਵੀ ਕਮਾਇਆ ਜਾ ਸਕਦਾ ਹੈ। ਇਸ ਲਈ ਇਸਨੂੰ ਇਕੱਠਾ ਨਾ ਕਰੋ। ਪੁੰਨ ਕਮਾਉਣ ਦਾ ਮੌਕਾ ਕਦੇ ਕਦੇ ਮਿਲਦਾ ਹੈ ਉਸਨੂੰ ਨਾ ਜਾਣ ਦਿਓ।

*- ਅਗਿਆਤ*

ਪੈਸਾ ਵਹਿਣ ਵਾਲਾ ਤਰਲ ਹੈ। ਇਹ ਰੁਕਣ ਤੇ ਬਦਬੂ ਹੋਵੇਗਾ। ਇਸ ਲਈ ਇਸ ਨੂੰ ਲਗਾਤਾਰ ਵਹਿਣ ਦਿਓ।

*- ਵਿਨੋਬਾ ਭਾਵੇ*

ਸਰਮਾਇਆ ਇੱਕ ਨਿੱਜੀ ਨਹੀਂ, ਸਮਾਜੀ ਸ਼ਕਤੀ ਹੈ।

*- ਕਾਰਲ ਮਾਰਕਸ*

ਸਾਫ਼ ਸੁਥਰਾ, ਪਵਿੱਤਰ ਅਤੇ ਆਤਮ ਸਨਮਾਨ ਵਾਲਾ ਜੀਵਨ ਜਿਉਣ ਲਈ ਪੈਸੇ ਦੀ ਜ਼ਰੂਰਤ ਨਹੀਂ ਹੁੰਦੀ।

*- ਮਹਾਤਮਾ ਗਾਂਧੀ*

ਕੀ ਹੋਇਆ ਜੇ ਦੌਲਤ ਨਾ ਹੀ ਹਾਫ਼ਿਜ ਕਰ ਸੁਕਰਾਨੇ। ਮਿੱਠਾ ਬੋਲਣ ਨਾਲੋਂ ਚੰਗੇ ਕਿਹੜੇ ਹੋਰ ਖਜ਼ਾਨੇ।

*- ਹਾਫਿਜ਼ ਕਵੀ*

ਜਿਥੇ ਵਪਾਰ ਦੀ ਭਾਵਨਾ ਵਿਆਪਕ ਹੋਵੇ ਉੱਥੇ ਮਾਨਵੀ ਸੁਹਿਰਦਤਾ ਲਈ



Sri Satguru Jagjit Singh Ji eLibrary NamdhariElibrary@gmail.com

ਕੋਈ ਸਥਾਨ ਨਹੀਂ ਬਚਦਾ।

*- ਗੋਲਡ ਸਮਿੱਥ*

ਦਫ਼ਨ ਕਰਨ ਲਈ ਦੋ ਗਜ਼ ਜ਼ਮੀਨ ਤੋਂ ਜ਼ਿਆਦਾ ਆਦਮੀ ਨੂੰ ਹੋਰ ਕੀ ਚਾਹੀਦਾ ਹੈ। ਪਰ ਮਾਇਆ ਦੇ ਮੋਹ ਨੇ ਉਸ ਨੂੰ ਸਵਾਰਥੀ ਬਣਾ ਰੱਖਿਆ ਹੈ।

*- ਅਰਵਿੰਦ*

ਲੋੜ ਨਾਲੋਂ ਵੱਧ ਦੌਲਤ ਦੀ ਇੱਛਾ ਖਾਲੀਪਣ ਦੀ ਸੂਚਨਾ ਹੈ ਅਤੇ ਲੋੜ ਨਾਲੋਂ ਵੱਧ ਖਾਧੀ ਖੁਰਾਕ ਵਾਂਗ ਵਿਕਾਰ ਪੈਦਾ ਕਰਦੀ ਹੈ।

*- ਗੁਰਬਖਸ ਸਿੰਘ*

ਧਨ ਇਕੱਠਾ ਕਰਨ ਦੇ ਤੁੱਛ ਜਿਹੇ ਕੰਮ ਪਿੱਛੇ ਤਰਲੋ ਮੱਛੀ ਹੋਣਾ ਬੜੀ ਤਰਸਯੋਗ ਹਾਲਤ ਹੈ।

*- ਰਬਿੰਦਰ ਨਾਥ ਟੈਗੋਰ*

ਧਨ ਦੀ ਮਸਤੀ ਵਿਚ ਗ੍ਰਸਿਆ ਮਨੁੱਖ ਡਿੱਗੇ ਬਿਨਾਂ ਹੋਸ਼ ਵਿਚ ਨਹੀਂ ਆਉਂਦਾ।

*- ਭਰਥਰੀ ਹਰੀ*

ਦੌਲਤ ਦੀ ਹਨੇਰੀ ਵਿਚ ਅਸੀਂ ਮੁਹੱਬਤ ਦੇ ਰਸਤੇ ਤੋਂ ਭਟਕ ਗਏ ਹਾਂ।

*- ਅਗਿਆਤ*

ਜਦੋਂ ਪੈਸੇ ਦਾ ਸਵਾਲ ਉਠਦਾ ਹੈ ਤਾਂ ਸਭ ਦਾ ਧਰਮ ਇੱਕ ਹੋ ਜਾਂਦਾ ਹੈ।

*- ਵਾਲਟੇਅਰ*

ਉਸ ਮਨੁੱਖ ਦਾ ਚਿੱਤ ਕਦੇ ਪ੍ਰਸੰਨ ਨਹੀਂ ਹੋ ਸਕਦਾ ਜਿਸਨੇ ਪੈਸੇ ਲਈ ਇਮਾਨ ਵੇਚ ਦਿੱਤਾ ਹੈ।

*- ਸ਼ੇਖ ਸਾਅਦੀ*

ਧਨ ਉਸ ਦਾ ਨਹੀਂ ਹੈ ਜਿਸ ਦੇ ਕੋਲ ਹੁੰਦਾ ਹੈ ਸਗੋਂ ਉਸ ਦਾ ਹੈ ਜੋ ਉਸ ਦੀ ਵਰਤੋਂ ਕਰਦਾ ਹੈ।

*- ਫਰੈਂਕਲਿਨ*

ਬੇਈਮਾਨੀ ਨਾਲ ਧਨ ਇਕੱਠਾ ਕਰਨ ਦੀ ਬਜਾਏ ਮੈਂ ਗਰੀਬ ਰਹਿਣਾ ਪਸੰਦ ਕਰਦਾ ਹਾਂ।

*- ਮਹਾਤਮਾ ਗਾਂਧੀ*

ਉਹ ਭਾਗ ਵਾਲਾ ਹੈ ਜਿਸਦੀ ਮਾਇਆ ਗੁਲਾਮ ਹੈ ਅਤੇ ਅਭਾਗਾ ਉਹ ਹੈ ਜੋ ਮਾਇਆ ਦਾ ਗੁਲਾਮ ਹੈ।

*- ਵਾਲ ਟੇਅਰ*

ਧਨ ਦੇ ਬੋਝ ਹੇਠ ਝੁਕ ਕੇ ਮਨੁੱਖ ਨੂੰ ਰੂਹਾਨੀ ਆਨੰਦ ਤੱਕ ਪਹੁੰਚਾਉਣ ਵਾਲੇ ਕਠਿਨ ਮਾਰਗ ਤੇ ਚਲਣਾ ਹਮੇਸ਼ਾ ਹੀ ਔਖਾ ਜਾਪਦਾ ਹੈ।

*- ਈਸਾ ਮਸੀਹ*

ਧਨ ਦੌਲਤ ਦੇ ਨਾਲ ਦੁੱਖ ਵੀ ਆਉਂਦਾ ਹੈ ਅਸਲ ਵਿਚ ਧਨ ਦੇ ਅੰਦਰ ਰੱਤਾ ਵੀ ਅਨੰਦ ਛੁਪਿਆ ਨਹੀਂ ਹੁੰਦਾ ਧਨੀ ਵਿਅਕਤੀ ਤਾਂ ਆਪਣੀ ਸੰਤਾਨ ਤੋਂ ਵੀ ਡਰਦਾ ਰਹੇਗਾ।

*- ਭਗਵਾਨ ਬੁਧ*



Sri Satguru Jagjit Singh Ji eLibrary NamdhariElibrary@gmail.com

ਸਿਰਫ਼ ਉਹੀ ਵਿਅਕਤੀ ਕਿਸਮਤ ਦਾ ਧਨੀ ਕਿਹਾ ਜਾ ਸਕਦਾ ਹੈ ਜਿਸ ਦੀ ਗੁਲਾਮੀ ਧਨ ਕਰਦਾ ਹੈ।

*- ਵਾਲ ਟੇਅਰ*

ਮਾਇਆ ਜਦੋਂ ਆਉਂਦੀ ਹੈ ਤਾਂ ਆਦਮੀ ਨੂੰ ਹੰਕਾਰ ਦੇ ਨਸ਼ੇ ਵਿਚ ਅੰਨ੍ਹਾ ਕਰ ਦਿੰਦੀ ਹੈ। ਜਦੋਂ ਜਾਂਦੀ ਹੈ ਤਾਂ ਅਕਲ ਨੂੰ ਭ੍ਰਿਸ਼ਟ ਕਰਕੇ ਇਨਸਾਨ ਨੂੰ ਪਾਗਲ ਬਣਾ ਦਿੰਦੀ ਹੈ।

*- ਨੈਪੋਲੀਅਨ*

ਰੁਪਏ ਵਿਚ ਇੰਨੀ ਤਾਕਤ ਹੈ ਇਹ ਚਿੱਟੇ ਨੂੰ ਕਾਲਾ ਕਰ ਸਕਦਾ ਹੈ ਇਹ ਹੱਕ ਨੂੰ ਖਰੀਦ ਸਕਦਾ ਹੈ।

*- ਰਸੀਦ ਅਹਿਮਦ ਜਥਰੀ*

ਪੈਸਾ ਕਮਾਉਣਾ ਕੋਈ ਬੁਰੀ ਗੱਲ ਨਹੀਂ ਪਰ ਪੈਸਾ ਲੁੱਟਣਾ ਤੇ ਲੁੱਟ ਲੁੱਟ ਕੇ ਅੰਦਰੇ ਭਰਨਾ ਜਦਕਿ ਦੂਜੇ ਪਾਸੇ ਦੇਸ਼ ਦੇ ਕਰੋੜਾਂ ਆਦਮੀ ਉਸੇ ਪੈਸੇ ਦੀ ਅਣਹੋਂਦ ਕਾਰਨ ਅੱਡੀਆਂ ਰਗੜ ਰਹੇ ਹੋਣ ਇਹ ਕਦੀ ਨਾ ਬਖਸਿਆ ਜਾਣ ਵਾਲਾ ਗੁਨਾਹ ਹੈ।

*- ਨਾਨਕ ਸਿੰਘ*



Sri Satguru Jagjit Singh Ji eLibrary NamdhariElibrary@gmail.com

# ਭਰੋਸਾ, ਵਿਸ਼ਵਾਸ਼

ਸੰਪੂਰਨ ਵਿਸ਼ਵ ਦਾ ਇਤਿਹਾਸ ਅਜਿਹੇ ਵਿਅਕਤੀਆਂ ਦੀਆਂ ਉਦਾਹਰਣਾਂ ਨਾਲ ਭਰਿਆ ਪਿਆ ਹੈ ਜਿਹੜੇ ਆਪਣੇ ਆਤਮ ਵਿਸ਼ਵਾਸ, ਹੌਸਲੇ ਅਤੇ ਦ੍ਰਿੜਤਾ ਦੀ ਸ਼ਕਤੀ ਨਾਲ ਅਗਵਾਈ ਦੇ ਸਿਖਰ ਤੇ ਪਹੁੰਚੇ।

*- ਮਹਾਤਮਾ ਗਾਂਧੀ*

ਜਿਸ ਨੂੰ ਆਪਣੇ ਆਪ ਵਿਚ ਵਿਸ਼ਵਾਸ ਨਹੀਂ ਉਸਨੂੰ ਭਗਵਾਨ ਵਿਚ ਵਿਸ਼ਵਾਸ ਕਦੇ ਵੀ ਨਹੀਂ ਹੋ ਸਕਦਾ।

*- ਸਵਾਮੀ ਵਿਵੇਕਾਨੰਦ*

ਮੈਨੂੰ ਸਮਝ ਨਹੀਂ ਆਉਂਦੀ ਵਿਸ਼ਵਾਸ ਤੋਂ ਸੱਖਣਾ ਮਨੁੱਖ ਕਿਵੇਂ ਜਿਓ ਸਕਦਾ ਹੈ। ਜਿਵੇਂ ਕੋਈ ਵੀ ਬੈਲ ਗੱਡੀ ਬੈਲਾਂ ਨੂੰ ਪੰਜਾਲੀ ਪਾਏ ਬਿਨਾਂ ਚੱਲ ਨਹੀਂ ਸਕਦੀ। ਇਸੇ ਤਰ੍ਹਾਂ ਕੋਈ ਵੀ ਵਿਸ਼ਵਾਸ ਤੋਂ ਬਗੈਰ ਸਮਾਜ ਹੋਂਦ ਵਿਚ ਨਹੀਂ ਆ ਸਕਦਾ ਤਾਂ ਰਾਜ ਕਿਵੇਂ ਹੋਂਦ ਵਿਚ ਆ ਸਕਦਾ ਹੈ।

*- ਚੀਨੀ ਸੰਤ ਕਨਫਿਓਸ਼ਸ*

ਤਜਰਬਾ ਰਾਹ ਦਰਸਾਉਂਦਾ ਹੈ ਅਤੇ ਭਰੋਸੇ ਵਿਚੋਂ ਪਹਿਲਕਦਮੀ ਕਰਨ ਦਾ ਹੌਸਲਾ ਮਿਲਦਾ ਹੈ।

*- ਟੌਮ ਵਾਸਟਨ*

ਸ਼ਹਿਰੀਆਂ ਦੇ ਅਮਨ ਪਸੰਦ ਤਾਲਮੇਲ ਨਾਲ ਹੀ ਦੁਵੱਲਾ ਵਿਸ਼ਵਾਸ ਪੈਦਾ ਹੋ ਸਕਦਾ ਹੈ ਜਦੋਂ ਕਿ ਪੁਲਿਸ ਤੇ ਅਦਾਲਤਾਂ ਦੀ ਭੂਮਿਕਾ ਦੂਜੇ ਨੰਬਰ ਤੇ ਹੁੰਦੀ ਹੈ।

*- ਅਲਬਰਟ ਆਈਨ ਸਟਾਈਨ*

ਮੇਰਾ ਵਿਸ਼ਵਾਸ ਹੈ ਕਿ ਅੱਤਿਆਚਾਰ ਦੀਆਂ ਸਾਰੀਆਂ ਕਿਸਮਾਂ ਵਿਚੋਂ ਇਕ ਕੌਮ ਦਾ ਦੂਜੀ ਕੌਮ ਉਤੇ ਅੱਤਿਆਚਾਰ ਸਭ ਤੋਂ ਬੁਰਾ ਹੈ।

*- ਮੈਕਾਲੇ*

ਸਾਰੀਆਂ ਜਿੱਤਾਂ ਨਾਲੋਂ ਵਿਸ਼ਵਾਸ ਦੀ ਜਿੱਤ ਮਨੁੱਖ ਲਈ ਉਤਸ਼ਾਹਜਨਕ ਹੁੰਦੀ ਹੈ।

*- ਨਾਨਕ ।ਸਿਘ*

ਜਿਸਨੇ ਇਕ ਵਾਰੀ ਵਿਸ਼ਵਾਸ਼ਘਾਤ ਕੀਤਾ ਹੋਵੇ ਉਸ ਦਾ ਕਦੀ ਭਰੋਸਾ ਨਾ ਕਰੋ।

*- ਸ਼ੈਕਸਪੀਅਰ*

ਮਹਾਨ ਕੰਮ ਕਰਨ ਲਈ ਪਹਿਲੀ ਜ਼ਰੂਰੀ ਚੀਜ਼ ਹੈ ਆਤਮ ਵਿਸ਼ਵਾਸ।

*- ਜਾਹਨਸਨ*

ਵਿਸ਼ਵਾਸ ਵਿਚ ਵਿਸ਼ਵਾਸ, ਆਪਣੇ ਆਪ ਵਿਚ ਵਿਸ਼ਵਾਸ, ਪ੍ਰਮਾਤਮਾ ਵਿਚ ਵਿਸਵਾਸ, ਇਹੀ ਮਹਾਨਤਾ ਦਾ ਭੇਦ ਹੈ। *- ਸ਼ੈਕਸਪੀਅਰ*

ਸ਼ੱਕ ਦੇ ਘੇਰੇ ਵਿਚ ਅਸੀਂ ਭੁੱਲ ਜਾਂਦੇ ਹਾਂ ਕਿ ਵਿਸ਼ਵਾਸ ਇਸੇ ਦਾ ਪੂਰਾ ਪਹਿਲੂ ਹੈ। *- ਖਲੀਲ ਜਿਬਰਾਨ*



Sri Satguru Jagjit Singh Ji eLibrary NamdhariElibrary@gmail.com

ਉਸ ਵਿਸ਼ਵਾਸ ਦਾ ਕੀ ਮਹੱਤਵ ਜੇਕਰ ਉਸ ਤੇ ਕਾਰਵਾਈ ਨਾ ਕੀਤੀ ਜਾਵੇ।

*- ਮਹਾਤਮਾ ਗਾਂਧੀ*

ਜੇਕਰ ਤੁਸੀਂ ਆਪਣੇ ਉੱਪਰ ਵਿਸ਼ਵਾਸ ਕਰ ਸਕਦੇ ਹੋ ਤਾਂ ਦੂਜੇ ਲੋਕ ਵੀ ਤੁਹਾਡੇ ਤੇ ਵਿਸ਼ਵਾਸ ਕਰਨ ਲੱਗਣਗੇ।

*- ਗੇਟੇ*

ਧਨ ਵਿਚ ਵਿਸ਼ਵਾਸ ਨਾ ਰੱਖੋ, ਵਿਸ਼ਵਾਸ ਵਿਚ ਸਾਰਾ ਧਨ ਲਾ ਦਿਓ।

*- ਹੋਮਜ਼*

ਕੋਈ ਵੀ ਰਾਜ ਭਾਗ ਭੋਜਨ, ਪੈਸੇ ਅਤੇ ਹਥਿਆਰਾਂ ਦੀ ਅਣਹੋਂਦ ਵਿਚ ਕੁਝ ਦੇਰ ਤੱਕ ਤਾਂ ਚੱਲ ਸਕਦਾ ਹੈ ਪ੍ਰੰਤੂ ਜਾਨ ਵਿਸਵਾਸ ਖਤਮ ਹੋਣ ਤੇ ਇਸ ਦਾ ਇੱਕ ਪਲ ਵੀ ਟਿਕ ਸਕਣਾ ਅਸੰਭਵ ਹੈ।

*- ਕਨਫਿਊਸੀਅਸ*

ਜ਼ਿਆਦਾ ਭਰੋਸਾ ਕਰਨ ਵਿਚ ਧੋਖਾ ਖਾਣ ਦਾ ਡਰ ਰਹਿੰਦਾ ਹੈ ਪ੍ਰੰਤੂ ਬਗੈਰ ਭਰੋਸਾ ਕੀਤਿਆਂ ਜਿਊਣਾ ਵੀ ਅਸੰਭਵ ਹੈ।

*- ਰੈਕ ਕਰੈਨ*

ਜਿਸ ਨੂੰ ਆਪਣੇ ਆਪ ਉੱਤੇ ਵਿਸ਼ਵਾਸ ਨਹੀਂ ਹੁੰਦਾ ਉਹੀ ਟਪੂਸੀਆਂ ਮਾਰਦਾ ਹੈ ਆਤਮ ਵਿਸ਼ਵਾਸ ਵਾਲਾ ਹਮੇਸ਼ਾ ਛੋਟੇ ਛੋਟੇ ਪਰ ਮਜ਼ਬੂਤ ਕਦਮ ਰੱਖਦਾ ਹੈ।

*- ਕਾਰ ਲਾਈਲ*

ਤੁਸੀਂ ਉਦੋਂ ਹੀ ਧੋਖਾ ਖਾਂਦੇ ਹੋ ਜਦੋਂ ਕਿਸੇ ਉਪਰ ਵਿਸ਼ਵਾਸ ਕਰਦੇ ਹੋ ਜੇਕਰ ਕਿਸੇ ਤੇ ਵਿਸ਼ਵਾਸ ਨਹੀਂ ਕਰੋਗੇ ਤਾਂ ਧੋਖਾ ਕਿਵੇਂ ਖਾਓਗੇ।

*- ਅਗਿਆਤ*

ਅੱਗੇ ਵਧਣ ਲਈ ਜ਼ਰੂਰੀ ਹੈ ਕਿ ਪਹਿਲਾ ਆਪਣੇ ਆਪ ਤੇ ਭਰੋਸਾ ਹੋਵੇ ਫਿਰ ਪ੍ਰਮਾਤਮਾ ਤੇ ਜਿਸਨੂੰ ਆਪਣੇ ਆਪ ਤੇ ਵਿਸ਼ਵਾਸ ਨਹੀਂ ਉਸਨੂੰ ਪਰਮਾਤਮਾ ਤੇ ਕਦੇ ਵਿਸ਼ਵਾਸ ਨਹੀਂ ਹੋ ਸਕਦਾ।

*- ਸਵਾਮੀ ਵਿਵੇਕਾਨੰਦ*

ਜੇ ਤੁਸੀਂ ਵਿਸ਼ਵਾਸ, ਉਮੀਦ ਤੇ ਪਿਆਰ ਨੂੰ ਇੱਕ ਥਾਂ ਇਕੱਠਿਆਂ ਕਰ ਲਵੋਂ ਤਾਂ ਤੁਸੀਂ ਨਾਂਹ ਮੁਖੀ ਸੰਸਾਰ ਵਿਚ ਵੀ ਹਾਂ ਮੁਖੀ ਲੋਕ ਪੈਦਾ ਕਰ ਸਕਦੇ ਹੋ।

*- ਬਰਨਾਰਡ ਸ਼ਾਹ*

ਦੂਸਰਿਆਂ ਦੇ ਭਰੋਸੇ ਉਤੇ ਨਾ ਰਹਿਣ ਦੀ ਆਦਤ ਬਣਾ ਲੈਣ ਨਾਲ ਆਦਮੀ ਦੀ ਸ਼ਕਤੀ ਵੱਧ ਜਾਂਦੀ ਹੈ।

*- ਸਵੇਟ ਮਾਰਡਨ*

ਭਰੋਸਾ ਬੰਦੇ ਨੂੰ ਆਪਣੇ ਕੰਮ ਉਤੇਂ ਅਤੇ ਜਾਂ ਫਿਰ ਖੁਦਾ ਉੱਪਰ ਕਰਨਾ ਚਾਹੀਦਾ ਹੈ ਕਿਸੇ ਹੋਰ ਤੇ ਭਰੋਸਾ ਕਰਨਾ ਮੂਰਖਤਾ ਹੈ।

*- ਮੌਲਾਨਾ ਰੂਮੀ*



Sri Satguru Jagjit Singh Ji eLibrary NamdhariElibrary@gmail.com

# ਆਦਮੀ, ਮਨੁੱਖ, ਵਿਅਕਤੀ, ਲੋਕ

ਮਾਨਸਿਕ ਹਿੰਸਾ ਵਿੱਚ ਸ਼ਕਤੀ ਨਹੀਂ ਹੁੰਦੀ। ਉਹ ਤਾਂ ਉਸੇ ਇਨਸਾਨ ਨੂੰ ਨੁਕਸਾਨ ਪਹੁੰਚਾਉਂਦੀ ਹੈ ਜਿਸ ਦੇ ਵਿਚਾਰ ਹਿੰਸਾ ਪੂਰਨ ਹਨ।

*- ਮਹਾਤਮਾ ਗਾਂਧੀ*

ਜਦ ਬੰਦੇ ਵਸਤ ਹੋਏ ਤਾਂ ਵਤ ਵਸਤਾਂ ਪੁੱਛਦੀਆਂ, ਦੱਸਦੀਆਂ ਤੇ ਕੁਝ ਨਹੀਂ, ਬੱਸ ਵਰਤਣ ਹਾਰ ਦੇ ਹੱਥ ਵਿਚ ਪਈਆਂ ਵਰਤੀ ਦੀਆਂ ਹਨ।

*- ਨਜਮ ਹੁਸੈਨ ਸਯਦ*

ਦੁਨੀਆਂ ਵਿਚ ਜਿਨ੍ਹਾਂ ਲੋਕਾਂ ਨੇ ਕੋਈ ਮਹਾਨ ਕਾਰਨਾਮੇ ਕੀਤੇ ਜਾਂ ਜਿਨ੍ਹਾਂ ਨੇ ਮਨੁੱਖਤਾ ਲਈ ਕੋਈ ਨਵੇਂ ਤੇ ਅਛੂਤ ਰਾਹ ਉਲੀਕੇ, ਲੋਕਾਈ ਉਨ੍ਹਾਂ ਨੂੰ ਅਵਤਾਰ ਪੈਗੰਬਰ ਕਹਿਕੇ ਯਾਦ ਕਰਦੀ ਹੈ।

*- ਨਾਨਕ ਸਿੰਘ*

ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਦੁਸ਼ਮਣ ਨੂੰ ਹਰਾਉਣਾ ਅਤੇ ਉਹਦੇ ਇਲਾਕੇ ਮਲਣਾ ਨਹੀਂ ਸੀ ਇੱਕ ਨਵਾਂ ਮਨੁੱਖ ਸਿਰਜਣਾ ਸੀ।

*- ਨਰਿੰਦਰ ਸਿੰਘ ਕਪੂਰ*

ਮਨੁੱਖ ਵਲੋਂ ਮਨੁੱਖ ਉੱਤੇ ਜ਼ਿਆਦਤੀ ਜਗਤ ਵਿੱਚ ਹੋਰ ਸਾਰੀ ਖੂਖਾਰੀ ਨਾਲੋਂ ਜ਼ਿਆਦਾ ਭਿਆਨਕ ਹੈ।

*- ਰਾਬਿੰਦਰ ਨਾਥ ਟੈਗੋਰ*

ਮਨੁੱਖ ਦਾ ਮਰ ਜਾਣਾ ਓਨਾ ਦੁੱਖ ਨਹੀਂ ਪਹੁੰਚਾਉਂਦਾ ਜਿੰਨਾ ਮਨੁੱਖਤਾ ਦੀ ਮੌਤ ਨਾਲ ਪਹੁੰਚਦਾ ਹੈ।

*- ਸਰਤ ਚੰਦਰ*

ਹਰ ਚੰਗੇ ਨੇਕ ਇਨਸਾਨ ਲਈ ਸਭ ਤੋਂ ਵੱਡੀ ਪ੍ਰਾਪਤੀ ਹੈ ਕਿ ਉਹ ਮੁਸ਼ਕਲ ਆਉਣ ਤੇ ਕਰਤਵ ਅਤੇ ਧਰਮ ਤੋਂ ਕਦੇ ਵੀ ਨਾ ਡੋਲੇ।

*- ਸੁਕਰਾਤ*

ਸਫ਼ਲ ਇਨਸਾਨ ਬਣਨ ਦੀ ਕੋਸ਼ਿਸ਼ ਕਰਨ ਦੀ ਥਾਂ ਚੰਗੇ ਸਿਧਾਂਤਾਂ ਵਾਲੇ ਇਨਸਾਨ ਬਣਨ ਦੀ ਕੋਸ਼ਿਸ਼ ਕਰੋ।

*- ਆਇਨ ਸਟਾਈਨ*

ਉਹ ਇਨਸਾਨ ਆਪਣੀ ਕਿਸੇ ਵਿਗੜੀ ਹੋਈ ਆਦਤ ਉੱਤੇ ਕਾਬੂ ਨਹੀਂ ਪਾ ਸਕਦੇ ਜਿਹੜੇ ਦ੍ਰਿੜ ਸੰਕਲਪ ਦੀ ਪੂਰੇ ਤੌਰ 'ਤੇ ਵਰਤੋਂ ਨਹੀਂ ਕਰਦੇ।

*- ਨਾਨਕ ਸਿੰਘ*

ਸੰਸਾਰ ਦੇ ਸਾਰੇ ਮਹਾਨ ਲੋਕ ਮਨੁੱਖ ਮਾਤਰ ਦੀ ਸਮਾਨਤਾ ਭਾਈਚਾਰਾ ਅਤੇ ਆਪਸੀ ਸਹਿਯੋਗ ਦਾ ਸੰਦੇਸ਼ ਦਿੰਦੇ ਹਨ।

*- ਮਹਾਤਮਾ ਗਾਂਧੀ*



Sri Satguru Jagjit Singh Ji eLibrary NamdhariElibrary@gmail.com

ਲੋਕਾਂ ਦੀ ਸੰਤੁਸ਼ਟੀ ਹੀ ਮਹਾਨ ਸਮਾਜ ਦੀ ਨੀਂਹ ਬਣਦੀ ਹੈ।

*- ਵਰਡਜ਼ ਵਰਥ*

ਆਦਮੀ ਤੋਂ ਵੱਧ ਜ਼ਹਿਰੀਲਾ ਜੀਵ ਕੋਈ ਨਹੀਂ ਹੈ।

*- ਸੁਕਰਾਤ*

ਕੋਈ ਬੰਦਾ ਏਨਾ ਯੋਗ ਨਹੀਂ ਕਿ ਉਹ ਦੂਜਿਆਂ ਦੀ ਸਹਿਮਤੀ ਤੋਂ ਬਿਨਾਂ ਰਾਜ ਕਰੇ।

*- ਇਬਰਾਹਿਮ ਲਿੰਕਨ*

ਮਨੁੱਖ ਆਪੇ ਨੂੰ ਰੰਗਾਂ, ਨਸਲਾਂ, ਕੌਮਾਂ ਦੇ ਵਿਵਾਦ ਵਿਚ ਵੰਡ ਕੇ ਬਹੁਤ ਪਛਤਾਇਆ ਹੈ। ਮਨੁੱਖੀ ਸਾਂਝ ਦਾ ਰਿਸ਼ਤਾ ਮੁੱਢ ਹੈ, ਬਾਕੀ ਸਭ ਡਾਲਾਂ।

*- ਜਸਵੰਤ ਸਿਘ ਕਵਲ*

ਨੇਕ ਬੰਦੇ ਨਾਪਾਕ ਢੰਗ ਨਾਲ ਬੇਇਨਸਾਫ਼ੀ ਨੂੰ ਖਤਮ ਕਰਨ ਦੀ ਥਾਂ ਹਾਰ ਪਸੰਦ ਕਰਦੇ ਹਨ।

*- ਸੈਲਸਟ*

ਬਿਨਾਂ ਮਿਹਨਤ ਦਾ ਪੈਸਾ ਚੇਤਨਾ ਸੱਖਣਾ ਆਨੰਦ, ਕਿਰਦਾਰ ਵਿਹੂਣਾ ਗਿਆਨ, ਨੈਤਿਕਤਾ ਰਹਿਤ, ਵਪਾਰ, ਮਾਨਵਤਾ ਤੋਂ ਨਿਖੜਿਆ ਵਿਗਿਆਨ ਅਤੇ ਸਿਧਾਂਤ ਸੱਖਣੀ ਸਿਆਸਤ ਹਿੰਸਾ ਦੀਆਂ ਜੜ੍ਹਾਂ ਹਨ।

*- ਮਹਾਤਮਾ ਗਾਂਧੀ*

ਕਦੇ-ਕਦੇ ਇੱਕ ਵਿਅਕਤੀ ਦੇ ਦਿਖਾਈ ਨਾ ਦੇਣ ਜਾਂ ਨਜ਼ਰ ਨਾ ਆਉਣ ਉੱਤੇ ਸਾਰਾ ਸੰਸਾਰ ਸੁੰਨਾ ਸੁੰਨਾ ਲੱਗਦਾ ਹੈ।

*- ਲਾ ਮਾਰਟਨ*

ਤਿਕੜਮ ਅਤੇ ਚਾਲਬਾਜੀ ਉਹ ਲੋਕ ਕਰਦੇ ਹਨ ਜਿਨ੍ਹਾਂ ਦੇ ਅੰਦਰ ਇਮਾਨਦਾਰੀ ਦੀ ਸਮਝ ਨਹੀਂ ਹੁੰਦੀ।

*- ਬੈਂਜਾਮਿਨ ਫਰੈਂਕਲਿਨ*

ਰਾਜਨੀਤਿਕ ਬਿਰਤੀ ਕਾਰਨ ਮਨੁੱਖ ਸਮਝੌਤੇ ਅਤੇ ਗੱਠਜੋੜ ਕਰਕੇ ਇੱਕ ਦੂਜੇ ਨੂੰ ਪੌੜੀ ਬਣਾਕੇ ਉੱਪਰ ਚੜ੍ਹਦੇ ਹਨ।

*- ਅਗਿਆਤ*

ਜੇਕਰ ਕੋਈ ਵਿਅਕਤੀ ਆਪਣਾ ਕੰਮ ਇਮਾਨਦਾਰੀ ਨਾਲ ਕਰਦਾ ਹੈ ਤਾਂ ਮੈਂ ਉਸਦੀ ਕਾਰਜ ਕੁਸ਼ਲਤਾ ਦਾ ਦੀਵਾਨਾ ਹਾਂ।

*- ਨੈਪੋਲੀਅਨ ਬੋਨਾ ਪਾਰਟ*

ਕੱਟੜ ਉਹ ਇਨਸਾਨ ਹੁੰਦਾ ਹੈ ਜਿਹੜਾ ਆਪਣਾ ਦਿਮਾਗ ਨਹੀਂ ਬਦਲ ਸਕਦਾ ਅਤੇ ਆਪਣਾ ਮੁੱਦਾ ਨਹੀਂ ਬਦਲਣਾ ਚਾਹੁੰਦਾ।

*- ਵਿਸਟਨ ਚਰਚਿਲ*

ਜੋ ਵਿਅਕਤੀ ਸੰਕਲਪ ਕਰ ਸਕਦਾ ਹੈ, ਉਸ ਲਈ ਕੁਝ ਵੀ ਅਸੰਭਵ ਨਹੀਂ।

*- ਐਮਰਸਨ*

ਆਪਣਾ ਨਾਮ ਸਦਾ ਕਾਇਮ ਰੱਖਣ ਲਈ ਆਦਮੀ ਵੱਡੇ ਤੋਂ ਵੱਡਾ ਕਸ਼ਟ ਉਠਾਉਣ ਲਈ ਤਿਆਰ ਹੋ ਜਾਂਦਾ ਹੈ ਇਸ ਵਾਸਤੇ ਉਹ ਅੰਨ੍ਹੇਵਾਹ ਧਨ ਖਰਚ ਕਰਨ



Sri Satguru Jagjit Singh Ji eLibrary NamdhariElibrary@gmail.com

ਅਤੇ ਹਰ ਤਰ੍ਹਾਂ ਦੀ ਕੁਰਬਾਨੀ ਦੇਣ, ਇੱਥੋਂ ਤੱਕ ਕਿ ਮਰਨ ਲਈ ਵੀ ਤਿਆਰ ਹੋ ਜਾਂਦਾ ਹੈ।

*- ਸੁਕਰਾਤ*

ਅੱਜ ਤੱਕ ਕੋਈ ਆਦਮੀ ਨਕਲ ਕਰਕੇ ਮਹਾਨ ਨਹੀਂ ਬਣਿਆ।

*- ਮਹਾਤਮਾ ਗਾਂਧੀ*

ਵੱਡੇ ਲੋਕ ਉਹ ਹੁੰਦੇ ਹਨ ਜੋ ਨੇੜੇ ਬੈਠੇ ਛੋਟਿਆਂ ਨੂੰ ਛੋਟੇ ਹੋਣ ਦਾ ਅਹਿਸਾਸ ਨਾ ਹੋਣ ਦੇਣ।

*- ਕਬੀਰ*

ਰਾਜੇ ਦੇ ਵਾਸਤੇ ਢੁਕਵਾਂ ਇਹ ਹੈ ਕਿ ਉਸ ਦੇ ਸ਼ਾਸਨ ਵਿਚ ਕੋਈ ਵੀ ਆਦਮੀ ਠੰਢ ਅਤੇ ਭੁੱਖ ਤੋਂ ਪੀੜਤ ਨਾ ਰਹੇ। ਆਦਮੀ ਦੇ ਕੋਲ ਜਦੋਂ ਜਿਉਣ ਦੇ ਮਾਮੂਲੀ ਸਾਧਨ ਵੀ ਨਹੀਂ ਤਾਂ ਉਹ ਆਪਣੇ ਨੈਤਿਕ ਮਿਆਰ ਨੂੰ ਬਰਕਰਾਰ ਨਹੀਂ ਰੱਖ ਸਕਦਾ।

*- ਕੌਕੋ ਹਾਸੀ*

ਦੁਨੀਆਂ ਵਿਚ ਉਹ ਲੋਕ ਕਾਮਯਾਬ ਹੁੰਦੇ ਹਨ ਜਿਹੜੇ ਆਪਣੀ ਮਰਜ਼ੀ ਦੇ ਹਾਲਾਤ ਪੈਦਾ ਕਰ ਲੈਂਦੇ ਹਨ।

*- ਜਾਰਜ ਬਰਨਾਰਡ ਸ਼ਾਅ*

ਯੋਜਨਾਵਾਂ ਦੇ ਢਾਂਚੇ ਵਿਚ ਮਨੁੱਖ ਨੂੰ ਨਹੀਂ ਢਲਣਾ ਹੈ। ਮਨੁੱਖ ਦੇ ਆਦਰਸ਼ ਉਪਰ ਯੋਜਨਾਵਾਂ ਨੂੰ ਮੋੜਨਾ ਹੈ।

*- ਹਜਾਰੀ ਪ੍ਰਸਾਦ ਦਿਵੇਦੀ*

ਉਸ ਇਨਸਾਨ ਤੋਂ ਜ਼ਿਆਦਾ ਭੈੜਾ ਕੋਈ ਨਹੀਂ ਹੁੰਦਾ ਜਿਹੜਾ ਦੂਜਿਆਂ ਦੀ ਕਮਜ਼ੋਰੀ ਨੂੰ ਆਪਣੇ ਹਥਿਆਰ ਵਜੋਂ ਵਰਤਦਾ ਹੈ।

*- ਆਇਨ ਰੈਂਡ*

ਲਾਚਾਰੀ ਦਾ ਲਾਭ ਕੌਣ ਨਹੀਂ ਉਠਾਉਂਦਾ, ਜਿਹੜਾ ਨਹੀਂ ਉਠਾਉਂਦਾ ਉਹ ਹੀ ਸੱਚਾ ਮਨੁੱਖ ਹੈ।

*- ਸਾਗੇ*

ਇਨਸਾਨ ਜੋ ਕੁਝ ਵੀ ਕਰਦਾ ਦਿਖਾਈ ਦਿੰਦਾ ਹੈ ਉਹ ਉਸ ਦੇ ਵਿਚਾਰਾਂ ਦਾ ਹੀ ਰੂਪ ਹੁੰਦਾ ਹੈ।

*- ਜੌਹਨ ਲਾਕ*

ਜੇ ਧਰਤੀ ਉੱਤੇ ਕੋਈ ਨਰਕ ਹੈ ਤਾਂ ਉਹ ਮਨੁੱਖ ਦੇ ਜਿਹਨ ਦੇ ਅੰਦਰੋਂ ਲੱਭ ਸਕਦਾ ਹੈ।

*- ਰੌਬਰਟ ਬਰਟਨ*

ਕਰਤੱਵ ਦਾ ਪਾਲਨ ਕਰਨ ਵਾਲਾ ਵਿਅਕਤੀ ਕਦੇ ਨਿਰਾਸ਼ ਨਹੀਂ ਹੁੰਦਾ।

*- ਸਰਦਾਰ ਪਟੇਲ*

ਆਪਣੇ ਜੀਵਨ ਦੇ ਇਨ੍ਹਾਂ ਦੁਸ਼ਮਣਾਂ ਨੂੰ ਪਹਿਚਾਣ ਲੈ-ਆਲਸ, ਚਿੰਤਾ, ਦੂਸਰੇ ਤੇ ਨਿਰਭਰਤਾ, ਸਮੇਂ ਦਾ ਦੁਰਉਪਯੋਗ। ਆਪਣੇ ਇਨ੍ਹਾਂ ਚਾਰ ਦੁਸ਼ਮਣਾਂ ਉੱਤੇ ਤੂੰ ਜਿੱਤ ਪ੍ਰਾਪਤ ਕਰ ਲਵੇਂਗਾ ਤਾਂ ਇਹ ਗੱਲ ਪੱਲੇ ਬੰਨ੍ਹ ਲੈ ਕਿ ਉਹ ਸਭ ਪਾ ਜਾਵੇਂਗਾ



Sri Satguru Jagjit Singh Ji eLibrary NamdhariElibrary@gmail.com

ਜੋ ਤੂੰ ਚਾਹੁੰਦਾ ਹੈਂ। ਮਨੁੱਖ ਬਣ।

*- ਸੰਤ ਪੀਟਜ*

ਪਾਗਲ ਹਨ ਉਹ ਲੋਕ ਜੋ ਕਿਸਮਤਵਾਦੀ ਹਨ।

*- ਜਾਰਜ ਬਰਨਾਰਡ ਸ਼ਾਅ*

ਸਭ ਤੋਂ ਕਿਸਮਤ ਵਾਲਾ ਉਹ ਵਿਅਕਤੀ ਹੈ ਜਿਸਦਾ ਸ਼ੁਗਲ ਹੀ ਉਸਦੀ ਕਮਾਈ ਦਾ ਸਾਧਨ ਵੀ ਹੁੰਦਾ ਹੈ।

*- ਬਰਨਾਰਡ ਸ਼ਾਅ*

ਮਨੁੱਖ ਲਈ ਸਭ ਤੋਂ ਵੱਡੀ ਬਦਦੁਆ ਇਹ ਕਹਿਣ ਵਿਚ ਹੈ ਕਿ ਜਾਹ ਤੈਨੂੰ ਆਪਣੀ ਮਾਂ ਬੋਲੀ ਭੁੱਲ ਜਾਵੇ।

*- ਰਸੂਲਾ ਹਮਜਾ ਤੋਵ*

ਉਹ ਆਦਮੀ ਖੁਸ਼ ਨਹੀਂ ਹੋ ਸਕਦਾ ਜਿਸ ਨੂੰ ਪਤਾ ਨਹੀਂ ਕਿ ਉਸਨੇ ਅਗਲੀ ਸਵੇਰ ਕੀ ਕਰਨਾ ਹੈ।

*- ਮੈਕਸਿਸ ਗੋਰਕੀ*

ਵਿਅਕਤੀ ਨੂੰ ਕਤਲ ਕਰਨਾ ਸੌਖਾ ਹੈ ਪਰ ਤੁਸੀਂ ਉਸ ਦੇ ਵਿਚਾਰਾਂ ਨੂੰ ਕਤਲ ਨਹੀਂ ਕਰ ਸਕਦੇ।

*- ਸ. ਭਗਤ ਸਿੰਘ*

ਸਮਾਜ ਵਿਚ ਇਨਸਾਨ ਬਣਕੇ ਰਿਹਾ ਜਾ ਸਕਦਾ ਹੈ ਸ਼ੈਤਾਨ ਬਣਕੇ ਨਹੀਂ।

*- ਅਗਿਆਤ*

ਉਸ ਇਨਸਾਨ ਤੋਂ ਭੈੜਾ ਕੋਈ ਨਹੀਂ ਜਿਹੜਾ ਦੂਜਿਆਂ ਦੀ ਕਮਜ਼ੋਰੀ ਨੂੰ ਆਪਣੇ ਹਥਿਆਰ ਵਜੋਂ ਵਰਤਦਾ ਹੈ।

*- ਆਇਨਰੈਂਡ*

ਸਹੀ ਦਿਸ਼ਾ ਬਾਰੇ ਸੋਚਣਾ ਹੀ ਮਨੁੱਖ ਨੂੰ ਭਟਕਣ ਤੋਂ ਬਚਾ ਸਕਦਾ ਹੈ।

ਵੱਡਾ ਆਦਮੀ ਉਹ ਹੈ ਜੋ ਆਪਣੀ ਸਹਿਣ ਸ਼ਕਤੀ ਤੇ ਖ਼ੂਨ ਨਾਲ ਦੂਜਿਆਂ ਦਾ ਰਾਹ ਤਿਆਰ ਕਰਦਾ ਹੈ।

*- ਅਗਿਆਤ*

ਆਪਣੇ ਸਿਧਾਂਤਾਂ ਉੱਤੇ ਦ੍ਰਿੜਤਾ ਨਾਲ ਖੜ੍ਹਾ ਰਹਿਣ ਵਾਲਾ ਹੀ ਇਨਸਾਨ ਹੈ।

*- ਤੁਲਸੀ*

ਮੌਕੇ ਨੂੰ ਦੇਖ ਕੇ ਅਸੀਂ ਪਛਾਣ ਨਹੀਂ ਪਾਉਂਦੇ ਜਿਹੜਾ ਮੌਕੇ ਨੂੰ ਪਛਾਣ ਕੇ ਉਸ ਦੀ ਯੋਗ ਵਰਤੋਂ ਕਰੇ ਉਹੀ ਠੀਕ ਇਨਸਾਨ ਹੈ।

*- ਗੇਟੇ*

ਕੋਈ ਨਵਾਂ ਕਦਮ ਚੁੱਕਣ ਅਤੇ ਕਿਸੇ ਕਿਸਮ ਦੀ ਤਬਦੀਲੀ ਤੋਂ ਲੋਕ ਸਭ ਤੋਂ ਵਧ ਡਰਦੇ ਹਨ।

*- ਦੋਸਤੋਂ ਵਸਕੀ*

ਹਰ ਇਨਸਾਨ ਨੂੰ ਜ਼ਰੂਰਤ ਮੰਦਾਂ ਦੀ ਜ਼ਰੂਰਤ ਪੂਰੀ ਕਰਨੀ ਚਾਹੀਦੀ ਹੈ। ਕਿਉਂਕਿ ਆਖਰ ਉਹ ਵੀ ਤਾਂ ਜ਼ਰੂਰਤਾਂ ਰੱਖਦਾ ਹੈ। *- ਸਵਾਮੀ ਰਾਮ ਤੀਰਥ*



Sri Satguru Jagjit Singh Ji eLibrary NamdhariElibrary@gmail.com

ਜਿਸ ਮਨੁੱਖ ਨੇ ਆਪਣਾ ਕਰਤਵ ਨਿਭਾਉਣਾ ਸਿੱਖ ਲਿਆ ਉਹ ਆਪਣੇ ਸਾਰੇ ਕੰਮ ਦਿਆਨਤਦਾਰੀ ਨਾਲ ਨਿਭਾਵੇਗਾ।

*- ਰੂਸੋ*

ਸੰਸਾਰ ਵਿਚ ਸਭ ਕੁਝ ਬਦਲ ਰਿਹਾ ਹੈ ਅਤੇ ਜੇਕਰ ਕੁਝ ਥਾਏਂ ਖਲੋਤਾ ਹੈ ਤਾਂ ਉਹ ਹੈ ਮਨੁੱਖ ਦੀ ਸੋਚ।

*- ਆਈਨ ਸਟਾਈਨ*

ਜਿੱਥੇ ਕਿਤੇ ਵੀ ਮੈਂ ਕਿਸੇ ਮਨੁੱਖ ਨੂੰ ਇਨਸਾਨੀਅਤ ਤੋਂ ਗਿਰਿਆ ਹੋਇਆ ਤੇ ਵਹਿਸ਼ੀ ਤੱਕਦਾ ਹਾਂ, ਮੈਂ ਸਰਮਸ਼ਾਰ ਹੁੰਦਾ ਹਾਂ ਜਿਵੇਂ ਇਸ ਵਿਚ ਮੇਰਾ ਹੱਥ ਹੈ।

*- ਵਿਲੀਅਮ ਸੋਰਸ*

ਕਸ਼ਟ ਮਨੁੱਖ ਨੂੰ ਸੋਚਣ ਲਾਉਂਦਾ ਹੈ ਸੋਚ ਮਨੁੱਖ ਨੂੰ ਸਿਆਣਾ ਬਣਾਉਂਦੀ ਹੈ ਸਿਆਣਪ ਜ਼ਿੰਦਗੀ ਨੂੰ ਸੁਖਾਵੀਂ ਬਣਾਉਂਦੀ ਹੈ।

*- ਜਾਹਨ ਪੈਟਰਿਕ*

ਮੇਰੀ ਰਾਇ ਵਿਚ ਜਿਸ ਮਨੁੱਖ ਕੋਲ ਕਾਰਜ ਸਮਰੱਥਾ ਇਮਾਨਦਾਰੀ ਤੇ ਸਿਹਤ ਹੈ ਉਸ ਨੂੰ ਕਿਸੇ ਗੱਲ ਵਿਚ ਵੀ ਦਬਾਇਆ ਨਹੀਂ ਜਾ ਸਕਦਾ ਉਹ ਉੱਪਰ ਹੀ ਉਠੇਗਾ।

*- ਡ੍ਰੀਡਲੀ*

ਮਹਾਨ ਪੁਰਸ਼ ਉਹੀ ਹੈ ਜੋ ਨਾ ਕਿਸੇ ਦਾ ਦਬਾਅ ਮੰਨਦਾ ਹੈ ਅਤੇ ਨਾ ਹੀ ਕਿਸੇ ਨੂੰ ਦਬਾਉਂਦਾ ਹੈ।

*- ਖਲੀਲ ਜਿਬਰਾਨ*

ਚੰਗਾ ਇਨਸਾਨ ਉਹੀ ਹੈ ਜੋ ਕਿ ਹੋਰਨਾਂ ਅੰਦਰੋਂ ਬੁਰਾਈਆਂ ਲੱਭਣ ਦੀ ਥਾਂ ਚੰਗਿਆਈਆਂ ਲੱਭੇ।

*- ਸੁਕਰਾਤ*

ਜਿਹੜਾ ਇਨਸਾਨ ਕਿਸੇ ਵੀ ਮਾਮਲੇ ਦਾ ਸਿਰਫ਼ ਇੱਕ ਪੱਖ ਹੀ ਸਮਝਦਾ ਹੈ ਇਉ ਸਮਝੋ ਬਹੁਤ ਘੱਟ ਸਮਝਦਾ ਹੈ।

*- ਜਾਹਨ ਸਟੂਅਰਟ ਮਿਲ*

ਕਦੇ ਕਦੇ ਮਨੁੱਖ ਉਨ੍ਹਾਂ ਵਸਤਾਂ ਦੀ ਵੀ ਬਹੁਤ ਵੱਡੀ ਕੀਮਤ ਚੁਕਾਉਂਦਾ ਹੈ ਜੋ ਉਸ ਨੂੰ ਮੁਫ਼ਤ ਵਿਚ ਹੀ ਮਿਲ ਜਾਂਦੀਆਂ ਹਨ।

*- ਆਇਨ ਸਟਾਇਨ*

ਮਨੁੱਖ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਅੰਤ ਵੇਲੇ ਉਸ ਦਾ ਕੋਈ ਸਾਕ ਸਬੰਧੀ ਤੇ ਸੰਸਾਰ ਦਾ ਐਸ਼ੋ ਅਰਾਮ ਉਸ ਦਾ ਸਾਥੀ ਨਹੀਂ ਹੋਵੇਗਾ ਦੁਨੀਆਂ ਵਿਚ ਕੀਤੇ ਚੰਗੇ ਮੰਦੇ ਕੰਮਾਂ ਦਾ ਫਲ ਉਸਨੂੰ ਭੁਗਤਣਾ ਪਵੇਗਾ।

*- ਅਗਿਆਤ*

ਜਿਹੜੇ ਇਨਸਾਨ ਵਾਰ ਵਾਰ ਦੀਆਂ ਠੋਕਰਾਂ ਨਾਲ ਚੇਤੰਨ ਨਹੀਂ ਹੁੰਦੇ ਉਹ ਆਪਣਾ ਭਵਿੱਖ ਖੁਦ ਹੀ ਤਬਾਹ ਕਰ ਲੈਂਦੇ ਹਨ।

*- ਅਗਿਆਤ*

ਹਰ ਉਹ ਮਨੁੱਖ ਜੋ ਦੂਸਰੇ ਤੇ ਅੱਤਿਆਚਾਰ ਕਰਦਾ ਹੈ ਉਸ ਨੂੰ ਬਿਨਾਂ ਕਿਸੇ



Sri Satguru Jagjit Singh Ji eLibrary NamdhariElibrary@gmail.com

ਲਿੰਗ ਭੇਦ ਕੀਤਿਆਂ ਸਜ਼ਾ ਮਿਲਣੀ ਚਾਹੀਦੀ ਹੈ।

*- ਅਗਿਆਤ*

ਆਪਣੇ ਆਪ ਨੂੰ ਬਿਲਕੁਲ ਸਹੀ ਮੰਨਣ ਵਾਲੇ ਉਹ ਲੋਕ ਹੀ ਹੁੰਦੇ ਹਨ ਜਿਨ੍ਹਾਂ ਨੇ ਕੁਝ ਹਾਸਲ ਕਰ ਲਿਆ ਹੁੰਦਾ ਹੈ।

*- ਹਕਸਲੇ*

ਕੁਝ ਬੰਦੇ ਦੂਸਰਿਆਂ ਤੋਂ ਹਮੇਸ਼ਾ ਉੱਪਰ ਹੀ ਰਹਿਣਗੇ ਅੱਜ ਨਾ ਬਰਾਬਰੀ ਖਤਮ ਕਰ ਦਿਓ ਇਹ ਕੱਲ ਨੂੰ ਫਿਰ ਪ੍ਰਗਟ ਹੋ ਆਵੇਗੀ।

*- ਐਮਰਸਨ*

ਮਨੁੱਖ ਨੂੰ ਪਰਮਾਤਮਾ ਤੇ ਭਰੋਸਾ ਰੱਖਦਿਆਂ ਕਿਰਤ ਕਮਾਈ ਕਰਨੀ, ਸਮਾਜਕ ਤੇ ਰਾਜਸੀ ਖਰਾਬੀਆਂ ਵਿਰੁੱਧ ਘੋਲ ਕਰਨਾ, ਜ਼ੁਲਮਾਂ ਅਤੇ ਅਤਿਆਚਾਰਾਂ ਦੀ ਵਿਰੋਧਤਾ ਅਤੇ ਸਚਾਈ ਤੇ ਨਿਆਂ ਦੀ ਹਮਾਇਤ ਕਰਨੀ ਚਾਹੀਦੀ ਹੈ।

*- ਅਗਿਆਤ*

ਜੋ ਆਦਮੀ ਕਿਸੇ ਮਨਮੱਤੀਏ ਅਤੇ ਬਦਮਿਜਾਜ ਆਦਮੀ ਨੂੰ ਨਸੀਹਤ ਦਿੰਦਾ ਹੈ ਉਸ ਨੂੰ ਖੁਦ ਨਸੀਹਤ ਦੀ ਜ਼ਰੂਰਤ ਹੈ।

*- ਸ਼ੇਖ ਸਾਅਦੀ*

ਸਵਾਰਥ ਇਨਸਾਨ ਨੂੰ ਅਪਰਾਧ ਵੱਲ ਲੈ ਜਾਂਦੇ ਹਨ।

*- ਅਗਿਆਤ*

ਚੁਸਤ ਤੇ ਸਿਆਣੇ ਮਨੁੱਖ ਵਿਚ ਇਹ ਅੰਤਰ ਹੁੰਦਾ ਹੈ ਕਿ ਚੁਸਤ ਜਾਣਦਾ ਹੈ ਕਿ ਕੀ ਕਿਹਾ ਜਾਵੇ ਅਤੇ ਸਿਆਣਾ ਬੰਦਾ ਉਹ ਹੁੰਦਾ ਹੈ ਜੋ ਜਾਣਦਾ ਹੈ ਕਿ ਕੀ ਨਾ ਕਿਹਾ ਜਾਵੇ।

*- ਅਮਰੀਕਨ ਕਹਾਵਤ*

ਦੁੱਖਾਂ ਵਿਚ ਫਸਿਆ ਬੰਦਾ ਸੁੱਖਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਦਾ ਹੈ ਤੇ ਬਹੁਤ ਉਸਾਰੂ ਕੰਮ ਕਰ ਜਾਂਦਾ ਹੈ ਜਦੋਂਕਿ ਹਰ ਵੇਲੇ ਸੁੱਖ ਭੋਗਣ ਵਾਲੇ ਬੰਦੇ ਦੀ ਅਵਸਥਾ ਖੜੇ ਪਾਣੀ ਵਰਗੀ ਹੁੰਦੀ ਹੈ ਜੋ ਬਦਬੂ ਛੱਡਦਾ ਰਹਿੰਦਾ ਹੈ।

*- ਸ੍ਰੀ ਗੁਰੂ ਨਾਨਕ ਦੇਵ ਜੀ*

ਉਹ ਸੁਖੀ ਹੈ ਜਿਸ ਦੇ ਹਾਲਾਤ ਉਸ ਦੇ ਸੁਭਾਅ ਦੇ ਅਨੁਕੂਲ ਹਨ ਪਰ ਉਹ ਹੋਰ ਵੀ ਸੁਖੀ ਹੈ ਜੋ ਆਪਣੇ ਸੁਭਾਅ ਨੂੰ ਹਾਲਾਤ ਦੇ ਅਨੁਸਾਰ ਬਣਾ ਲੈਂਦਾ ਹੈ।

*- ਹਯੂਮ*

ਮਨੁੱਖ ਜਨਮ ਤੋਂ ਨਾ ਚੰਗਾ ਹੁੰਦਾ ਹੈ ਨਾ ਬੁਰਾ, ਪ੍ਰਸਥਿਤੀਆਂ ਹੀ ਉਸ ਨੂੰ ਚੰਗਾ ਜਾਂ ਬੁਰਾ ਬਣਾ ਦਿੰਦੀਆਂ ਹਨ।

*- ਕਾਰ ਲਾਈਲ*

ਬਾਹਰ ਤੋਂ ਬੁਰਾ ਦਿਸਣ ਵਾਲਾ ਵਿਅਕਤੀ ਅੰਦਰੋਂ ਚੰਗਾ ਹੁੰਦਾ ਹੈ ਬਾਹਰ ਦੀ ਚੰਗਿਆਈ ਤੋਂ ਮੈਨੂੰ ਨਫ਼ਰਤ ਹੈ।

*- ਜਾਰਜ ਬਰਨਾਰਡ ਸ਼ਾਹ*



Sri Satguru Jagjit Singh Ji eLibrary NamdhariElibrary@gmail.com

ਮਨੁੱਖ ਦੀ ਮਨੁੱਖ ਦੇ ਪ੍ਰਤੀ ਕਰੂਰਤਾ ਅਣਗਿਣਤ ਲੋਕਾਂ ਨੂੰ ਰੁਆਉਂਦੀ ਹੈ।

*- ਬਰਨਸ*

ਜਿਹੜਾ ਵਿਅਕਤੀ ਬਗੈਰ ਸੋਚੇ ਸਮਝੇ ਹੀ ਆਪਣੀ ਸ਼ਕਤੀ ਦੀ ਦੁਰਵਰਤੋਂ ਕਰਦਾ ਹੈ ਉਹ ਉਸੇ ਰਾਹ ਤੇ ਖਤਮ ਹੋ ਜਾਂਦਾ ਹੈ।

*- ਮਹਾਂਭਾਰਤ*

ਸੱਜਣ ਮਨੁੱਖ ਦਾ ਕੀਤਾ ਹੋਇਆ ਹਲਕਾ ਜਿਹਾ ਵਾਅਦਾ ਪੱਥਰ ਤੇ ਲਕੀਰ ਹੁੰਦਾ ਹੈ ਜਦੋਂਕਿ ਘਟੀਆ ਸੋਚ ਵਾਲੇ ਦਾ ਕਸਮ ਖਾ ਕੇ ਕੀਤਾ ਹੋਇਆ ਵਾਅਦਾ ਵੀ ਪਾਣੀ ਤੇ ਖਿੱਚੀ ਲਕੀਰ ਵਾਂਗ ਹੁੰਦਾ ਹੈ।

*- ਸੈਕਸਪੀਅਰ*

ਸਧਾਰਨ ਲੋਕਾਂ ਨਾਲ ਗੱਲ ਕਰੇ ਪਰ ਆਪਣੀ ਖਾਸੀਅਤ ਨਾ ਛੱਡੇ ਬਾਦਸ਼ਾਹਾਂ ਨਾਲ ਗੱਲ ਕਰੇ ਪਰ ਆਪਣੀ ਸਾਧਾਰਨਤਾ ਨਾ ਛੱਡੇ।

*- ਰਾਬਰਟ ਫ੍ਰਰਸਟ*

ਅਕਲਮੰਦ ਨਾਲ ਬਹਿਸ ਨਹੀਂ, ਬੇਵਕੂਫ਼ ਤੇ ਪ੍ਰਭਾਵ ਨਹੀਂ, ਵੱਡਿਆਂ ਅੱਗੇ ਸ਼ਾਨ ਨਹੀਂ, ਬੱਚਿਆਂ ਤੇ ਧੌਂਸ ਨਹੀਂ, ਬੀਵੀ ਨਾਲ ਲੜਾਈ ਨਹੀਂ, ਜਿਸ ਆਦਮੀ 'ਚ ਇਹ ਗੁਣ ਹਨ ਉਹ ਯਕੀਨਨ ਬਾਦਸ਼ਾਹਾਂ ਤੋਂ ਵੀ ਜ਼ਿਆਦਾ ਚੰਗਾ ਹੈ।

*- ਨਸੀਰੂਦੀਨ*

ਸੰਸਾਰ ਉਤੇ ਉਸ ਇਨਸਾਨ ਵਰਗਾ ਦੁਖੀ ਕੋਈ ਨਹੀਂ ਜੋ ਚਾਹੁੰਦਾ ਤਾਂ ਸਭ ਕੁਝ ਹੈ ਕਰਦਾ ਕੁਝ ਨਹੀਂ।

*- ਕਵਾਰ ਮਲਸ*

ਇਨਸਾਨ ਦੀ ਅਸਲੀ ਪਛਾਣ ਦਾ ਮਾਪਦੰਡ ਉਸ ਵਿਚ ਹੁੰਦਾ ਹੈ ਕਿ ਉਹ ਭਲਾ ਉਸ ਬੰਦੇ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਦਾ ਹੈ ਜਿਹੜਾ ਉਸ ਨਾਲ ਕੋਈਂ ਚੰਗਿਆਈ ਨਹੀਂ ਕਰਦਾ।

*- ਏ ਲੈਡ ਰਜ*

ਮਨੁੱਖਤਾ ਵਿਚ ਵਿਸ਼ਵਾਸ ਖ਼ਤਮ ਨਹੀਂ ਹੋਣਾ ਚਾਹੀਦਾ ਮਨੁੱਖਤਾ ਇਕ ਸਾਗਰ ਹੈ ਜੇ ਸਾਗਰ ਦੇ ਕੁਝ ਤੁਪਕੇ ਗੰਦੇ ਹਨ ਤਾਂ ਇਸਦਾ ਅਰਥ ਇਹ ਨਹੀਂ ਲੈਣਾ ਚਾਹੀਦਾ ਕਿ ਸਾਰਾ ਸਾਗਰ ਹੀ ਗੰਦਾ ਹੋ ਗਿਆ ਹੈ।

*- ਮਹਾਤਮਾ ਗਾਂਧੀ*

ਮਨੁੱਖ ਅਜ਼ਾਦ ਜੰਮਿਆ ਸੀ ਪਰ ਹੁਣ ਜੰਜੀਰਾਂ ਵਿਚ ਜਕੜਿਆ ਹੋਇਆ ਹੈ।

*- ਰੂਸੋ*

ਬਹੁਤ ਥੋੜ੍ਹੇ ਹੀ ਐਸੇ ਪੁਰਸ਼ ਹੁੰਦੇ ਹਨ ਜਿਨ੍ਹਾਂ ਕੋਲ ਧਨ, ਚੰਗੀ ਔਲਾਦ, ਗਿਆਨ ਤੇ ਪ੍ਰਮਾਤਮਾ ਹੋਵੇ। ਜੀਵਨ ਕਿਉਂਕਿ ਬਹੁਪੱਖੀ ਹੈ ਇਸ ਦੇ ਫਲ ਵੀ ਬਹੁ ਪੱਖੀ ਹਨ ਪੂਰਨ ਤੌਰ ਤੇ ਜਦੋਂ ਕੋਈ ਪ੍ਰਫੁੱਲਤ ਹੁੰਦਾ ਹੈ ਤਾਂ ਉਸ ਨੂੰ ਆਖਿਆ ਜਾਂਦਾ ਕਿ ਇਹ ਪੂਰਨ ਪੁਰਖ ਹੈ।

*- ਗਿਆਨੀ ਸੰਤ ਸਿਘ ਮਸਕੀਨ*

ਜੋ ਵਿਅਕਤੀ ਹਿੰਸਾ ਕਰਨ ਦਾ ਬਲ ਨਹੀਂ ਰੱਖਦਾ ਉਸ ਦੀ ਅਹਿੰਸਾ ਕੋਈ



Sri Satguru Jagjit Singh Ji eLibrary NamdhariElibrary@gmail.com

ਅਰਥ ਨਹੀਂ ਰੱਖਦੀ।

*- ਮਹਾਤਮਾ ਗਾਂਧੀ*

ਮਨੁੱਖ ਦਾ ਸਮਾਜਕ ਜਗਤ ਆਕਾਸ ਦੇ ਉਸ ਧੁੰਦ ਗੋਲੇ ਵਾਂਗ ਹੈ ਜਿਸ ਵਿਚ ਭਾਵ ਵਾਚਕਤਾ ਦੀ ਧੁੰਦ ਵਿਆਪਕ ਹੈ ਅਤੇ ਜੋ ਸਮਾਜ ਰਾਜ ਰਾਸ਼ਟਰ ਵਪਾਰ ਰਾਜਨੀਤੀ ਅਤੇ ਯੁੱਧ ਵਰਗੀਆਂ ਵਸਤਾਂ ਨਾਲ ਭਰਪੂਰ ਹੈ ਇਨ੍ਹਾਂ ਦੀ ਸੰਘਣੀ ਧੁੰਦ ਵਿਚ ਮਨੁੱਖ ਦਾ ਵਿਅਕਤੀਤਵ ਲੁਕ ਗਿਆ ਹੈ ਤੇ ਸੱਚ ਫਿਕਾ ਪੈ ਗਿਆ ਹੈ।

*- ਰਬਿੰਦਰ ਨਾਥ ਟੈਗੋਰ*

ਆਦਮੀ ਕੇਵਲ ਉਸ ਸਮੇਂ ਹੀ ਸਹੀ ਤੌਰ ਤੇ ਅਜ਼ਾਦ ਹੁੰਦਾ ਹੈ ਜਦੋਂ ਉਹ ਨਿਰਵੇਗ ਹੋ ਜਾਂਦਾ ਹੈ ਤੇ ਸਾਰੇ ਕੰਮ ਸੁਆਰਥ ਦੀ ਲਾਗ ਤੋਂ ਬਿਨਾਂ ਕਰਦਾ ਹੈ।

*- ਡਾ. ਰਾਧਾ ਕ੍ਰਿਸ਼ਨਨ*

ਵਧੀਆ ਮਨੁੱਖ ਸਿਰਫ਼ ਪੱਕਾ ਹੀ ਨਹੀਂ ਹੁੰਦਾ ਸਗੋਂ ਸਹੀ ਢੰਗ ਨਾਲ ਪੱਕਾ ਹੁੰਦਾ ਹੈ।

*- ਕਨਫਿਊਸਿਸ*

ਕੋਈ ਵੀ ਗੁਣ ਨਾ ਹੋਣ ਦੀ ਸੂਰਤ ਵਿਚ ਜੇ ਬੰਦਾ ਅਮਰ ਹੋਣਾ ਚਾਹੇ ਤਾਂ ਉਸ ਕੋਲ ਇਕੋ ਇਕ ਰਾਹ ਸ਼ਹੀਦੀ ਦਾ ਹੀ ਰਹਿ ਜਾਂਦਾ ਹੈ।

*- ਜਾਰਜ ਬਰਨਾਰਡ ਸ਼ਾਅ*

ਨਾ ਸ਼ੁਕਰੇ ਆਦਮੀ ਨਾਲੋਂ ਇੱਕ ਵਫ਼ਾਦਾਰ ਕੁੱਤਾ ਵੀ ਚੰਗਾ ਹੈ।

*- ਸ਼ੇਖ ਸਾਅਦੀ*

ਸਭ ਤੋਂ ਵਧੀਆ ਗੱਲ ਜਿਹੜੀ ਮਨੁੱਖਾਂ ਨਾਲ ਵਾਪਰੀ ਉਹ ਇਹ ਹੈ ਕਿ ਉਹ ਪੈਦਾ ਹੋਏ।

*- ਐਚ. ਜੀ. ਵੇਲਜ਼*

ਆਦਮੀ ਦਾ ਸਭ ਤੋਂ ਵੱਡਾ ਔਗੁਣ ਆਪਣੇ ਕਿਸੇ ਔਗੁਣ ਤੋਂ ਜਾਣੂ ਨਾ ਹੋਣਾ ਹੈ।

*- ਐਸ. ਐਚ. ਹੇਜ*

ਵੱਡਾ ਮਨੁੱਖ ਉਹ ਬਣ ਸਕਦਾ ਹੈ ਜੋ ਵੱਡੀਆਂ ਗੱਲਾਂ ਸੋਚੇ।

*- ਜਵਾਹਰ ਲਾਲ ਨਹਿਰੂ*

ਮਨੁੱਖ ਦੀ ਉਤਸੁਕਤਾ ਨੇ ਸਾਡੀ ਸੜੀ ਝੁਲਸੀ ਧਰਤੀ ਨੂੰ ਅੱਜ ਦੁਲਹਨ ਬਣਾ ਦਿੱਤਾ ਹੈ।

*- ਗੁਰਬਖਸ਼ ਸਿੰਘ*

ਸ਼ਖਸੀਅਤ ਇੱਕ ਬੰਦੇ ਵਾਸਤੇ ਉਹ ਕੁੱਝ ਹੈ ਜੋ ਇੱਕ ਫੁੱਲ ਵਾਸਤੇ ਖੁਸ਼ਬੂ।

*- ਚਾਰਲਸ ਸ਼ਵਾਬ*

ਭਵਿੱਖ ਵਿਚ ਇਤਿਹਾਸ ਦੇ ਪੰਨੇ ਉਨ੍ਹਾਂ ਲੋਕਾਂ ਨਾਲ ਭਰੇ ਹੋਣੇ ਚਾਹੀਦੇ ਹਨ ਜਿਨ੍ਹਾਂ ਨੇ ਜ਼ਿੰਦਗੀ ਨੂੰ ਸੁਹਜ ਅਤੇ ਖੂਬਸੂਰਤੀ ਬਖਸ਼ੀ ਹੈ।

*- ਅਚਾਰੀਆ ਰਜਨੀਸ਼*

ਜੋ ਮਨੁੱਖ ਕਿਸੇ ਪ੍ਰਾਣੀ ਦੇ ਸੁਖ ਦੁਖ ਨੂੰ ਆਪਣਾ ਸੁਖ ਦੁਖ ਸਮਝਦਾ ਹੈ ਉਹ ਯੋਗੀ ਹੈ।

*- ਗੀਤਾ*



Sri Satguru Jagjit Singh Ji eLibrary NamdhariElibrary@gmail.com

ਜੇ ਤੁਸੀਂ ਸੌ ਬੰਦਿਆਂ ਨੂੰ ਖਾਣਾ ਨਹੀਂ ਦੇ ਸਕਦੇ ਤਾਂ ਸਿਰਫ਼ ਇਕ ਨੂੰ ਹੀ ਦੇ ਦੇਵੋ।

*- ਮਦਰ ਟਰੇਸਾ*

ਜਿਹੜਾ ਮਨੁੱਖ ਨਾਪ ਤੋਲ ਕੇ ਗੱਲਾਂ ਨਹੀਂ ਕਰਦਾ ਉਸ ਨੂੰ ਕਠੋਰ ਗੱਲਾਂ ਸੁਣਨੀਆਂ ਪੈਂਦੀਆਂ ਹਨ।

*- ਸ਼ੇਖ ਸਾਅਦੀ*

ਪੜ੍ਹੇ-ਲਿਖੇ ਇਨਸਾਨ ਦੀ ਪਛਾਣ ਇਹ ਹੁੰਦੀ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੇ ਵਿਚਾਰ ਸੁਣਨ ਦੀ ਸਮਰਥਾ ਰੱਖਦਾ ਹੈ ਬੇਸ਼ੱਕ ਉਹ ਉਸ ਵਿਚਾਰ ਨਾਲ ਸਹਿਮਤ ਵੀ ਨਾ ਹੋਵੇ।

*- ਅਰਸਤੂ*

ਜਿਹੜਾ ਮਨੁੱਖ ਆਪਣਾ ਕਰਤਵ ਨਿਭਾਉਣਾ ਸਿੱਖ ਚੁੱਕਿਆ ਹੈ ਉਹ ਆਪਣੇ ਹਿੱਸੇ ਆਉਂਦੇ ਸਾਰੇ ਕੰਮ ਦਿਆਨਤਦਾਰੀ ਨਾਲ ਕਰੇਗਾ।

*- ਰੂਸੋ*

ਜਿੱਤ ਹਾਸਲ ਕਰਨ ਦੀ ਅਸਲੀ ਖੁਸ਼ੀ ਉਹੋ ਇਨਸਾਨ ਦੱਸ ਸਕਦਾ ਹੈ ਜਿਸਨੇ ਹਾਰ ਦਾ ਸਵਾਦ ਵੀ ਚੱਖਿਆ ਹੋਵੇ।

*- ਡ੍ਰੈਡਰ ਹੈਨ ਫੋਰਡ*

ਅਜਿਹਾ ਕੋਈ ਅੱਖਰ ਨਹੀਂ ਜੋ ਮੰਤਰ ਨਾ ਹੋਵੇ, ਅਜਿਹਾ ਕੋਈ ਪੌਦਾ ਨਹੀਂ ਜੋ ਦਵਾਈ ਨਾ ਹੋਵੇ, ਅਜਿਹਾ ਕੋਈ ਵਿਅਕਤੀ ਨਹੀਂ ਜੋ ਕੰਮ ਦਾ ਨਾ ਹੋਵੇ। ਸਿਰਫ਼ ਉਸਨੂੰ ਉਸ ਦੇ ਕੰਮ ਅਨੁਸਾਰ ਵਰਤਣ ਦੀ ਜਾਂਚ ਆਉਣੀ ਚਾਹੀਦੀ ਹੈ।

*- ਪੰਚਤੰਤਰ*

ਮਨੁੱਖ ਨੂੰ ਆਪਣੀ ਤਾਕਤ ਦਾ ਅੰਦਾਜ਼ਾ ਤਾਂ ਹੁੰਦਾ ਹੀ ਹੈ ਉਸਨੂੰ ਆਪਣੀਆਂ ਕਮਜ਼ੋਰੀਆਂ ਬਾਰੇ ਵੀ ਸੁਚੇਤ ਹੋਣਾ ਚਾਹੀਦਾ ਹੈ।

*- ਮਹਾਤਮਾ ਬੁਧ*

ਭਲੇ ਆਦਮੀ ਤੋਂ ਚੰਗਾ ਮਿੱਤਰ ਹੋਰ ਕੋਈ ਨਹੀਂ ਹੋ ਸਕਦਾ।

*- ਜੈਰੇਮੀ ਫੇਅਲਰ*

ਮਨੁੱਖ ਦੇ ਚਰਿਤਰ ਦੀ ਪਹਿਚਾਣ ਉਸ ਦੇ ਸਾਥੀਆਂ ਤੋਂ ਨਹੀਂ ਬਲਕਿ ਗੱਲਬਾਤ ਕਰਨ ਤੇ ਉਸ ਦੇ ਲਹਿਜੇ ਤੋਂ ਹੋ ਜਾਂਦੀ ਹੈ।

*- ਜੇਮਜ਼ ਸ਼ਰਮਨ*

ਜੇ ਧਰਤੀ ਉਤੇ ਕੋਈ ਨਰਕ ਹੈ ਤਾਂ ਉਹ ਮਨੁੱਖ ਦੇ ਜਿਹਨ ਦੇ ਅੰਦਰੋਂ ਲੱਭਿਆ ਜਾ ਸਕਦਾ ਹੈ।

*- ਰੌਬਰਟ ਬਰਟਨ*

ਜਿਸ ਮਨੁੱਖ ਵਿਚ ਸ਼ਰਾਫ਼ਤ ਤੇ ਇਮਾਨਦਾਰੀ ਨਹੀਂ ਉਸਦਾ ਗਿਆਨਵਾਨ ਹੋਣਾ ਵੀ ਦੁਨੀਆਂ ਲਈ ਤਕਲੀਫ਼ ਦੇਹ ਸਾਬਤ ਹੋ ਸਕਦਾ ਹੈ।

*- ਨੈਪੋਲੀਅਨ ਬੋਨਾ ਪਾਰਟ*

ਮਹਾਨ ਲੋਕ ਵਿਚਾਰਾਂ ਬਾਰੇ ਗੱਲਾਂ ਕਰਦੇ ਹਨ ਔਸਤ ਦਰਜੇ ਦੇ ਲੋਕ ਚੀਜ਼ਾਂ



Sri Satguru Jagjit Singh Ji eLibrary NamdhariElibrary@gmail.com

ਬਾਰੇ ਗੱਲਾਂ ਕਰਦੇ ਹਨ ਛੋਟੇ ਲੋਕ ਦੂਜਿਆਂ ਬਾਰੇ ਗੱਲਾਂ ਕਰਦੇ ਹਨ।

*- ਪ੍ਰਿੰਸੀਪਲ ਲਾਇਲਪੁਰ ਕਾਲਜ ਪਾਕਿਸਤਾਨ ਦੇ ਦਫ਼ਤਰ ਲਿਖੇ ਹੋਏ*

ਜੋ ਧਿਆਨ ਲਾ ਕੇ ਸੁਣਦਾ ਹੈ, ਧੀਰਜ ਨਾਲ ਬੋਲਦਾ ਹੈ, ਠੰਢੇ ਦਿਮਾਗ ਨਾਲ ਜਵਾਬ ਦਿੰਦਾ ਹੈ ਅਤੇ ਜਦੋਂ ਕਹਿਣ ਲਈ ਕੁਝ ਨਾ ਹੋਵੇ ਉਦੋਂ ਚੁੱਪ ਕਰ ਜਾਂਦਾ ਹੈ, ਉਹ ਆਦਮੀ ਹੋਣ ਦੀਆਂ ਸਭ ਸ਼ਰਤਾਂ ਪੂਰੀਆਂ ਕਰਦਾ ਹੈ।

*- ਜੋਹਾਨਨ ਕਾਸਪਰ ਲਾਵੇਟਰ*

ਮਨੁੱਖ ਬਹੁਤ ਹੁੰਦੇ ਹਨ, ਪਰ ਮਨੁੱਖਤਾ ਵਿਰਲਿਆਂ ਵਿੱਚ ਹੀ ਹੁੰਦੀ ਹੈ।

*- ਮੁਨਸ਼ੀ ਪ੍ਰੇਮ ਚੰਦ*

ਜਿੰਨੀ ਕਿਸੇ ਮਨੁੱਖੀ ਸਮਾਜ ਵਿਚ ਤਰਕ ਅਤੇ ਵਿਵੇਕਤਾ ਦੀ ਚਮਕ ਦਮਕ ਵਧੇਰੇ ਹੋਵੇਗੀ ਉਨੀ ਹੀ ਉਸ ਉਤੇ ਬੇਅਰਥ ਅੰਧਵਿਸਵਾਸ਼ਤਾ। ਬੇਲੋੜੇ ਪਖੰਡ ਕਰਮ ਕਾਂਡਾਂ ਦਾ ਮਾਰੂ ਤੇ ਗੁੰਮਰਾਹਕੁੰਨ ਅੰਧਰਾਤਾ ਘੱਟ ਤੇ ਬੇਅਸਰ ਹੋਵੇਗਾ।

*- ਗੁਰਦਾਸ ਸਿੰਘ ਨਿਰਮਾਣ ਦੀ ਪੁਸਤਕ ਸਫਲ ਜੀਵਨ ਦਾ ਰਾਜ਼ ਵਿਚੋਂ*

ਵਹਿਮੀ ਲੋਕਾਂ ਦੇ ਜੀਵਨ ਵਿੱਚ ਘਟਨਾਵਾਂ ਦੇ ਮੁਕਾਬਲੇ ਦੁਰਘਟਨਾਵਾਂ ਵਧੇਰੇ ਵਾਪਰਦੀਆਂ ਹਨ। ਵਹਿਮੀ ਜ਼ਮੀਨ ਤੇ ਨਹੀਂ ਸਮੁੰਦਰ ਦੇ ਤਲ ਤੇ ਚਲਦੇ ਹਨ ਜਿਸ ਦੇ ਫਲਸਰੂਪ ਹਰ ਪਲ ਗੋਤੇ ਖਾਣਾ ਉਨ੍ਹਾਂ ਦੀ ਹੋਣੀ ਹੋ ਨਿਬੜਦਾ ਹੈ। ਆਸਤਿਕ ਲੋਕ ਦੁਰਘਟਨਾਵਾਂ ਨੂੰ ਮਿੱਠਾ ਭਾਣਾ ਮੰਨਕੇ ਸਬਰ ਕਰ ਲੈਂਦੇ ਹਨ। ਨਾਸਤਿਕ ਹਾਲਾਤ ਨਾਲ ਜੂਝਦੇ ਹਨ ਪਰ ਵਹਿਮੀ ਲੋਕ ਹਨੇਰੇ ਦੀ ਬੁੱਕਲ ਮਾਰਕੇ ਦਰ ਦਰ ਭਟਕਦੇ ਰਹਿੰਦੇ ਹਨ। ਵਹਿਮ ਦੀਰਘ ਰੋਗ ਵਾਂਗ ਸਿਵਿਆਂ ਤੱਕ ਸਾਥ ਦਿੰਦੇ ਹਨ। ਵਹਿਮਾਂ ਭਰਮਾਂ ਦੀਆਂ ਜੜ੍ਹਾਂ ਪੁੱਟਣ ਲਈ ਕਈ ਪੀੜ੍ਹੀਆਂ ਦਾ ਸਮਾਂ ਲੱਗ ਜਾਂਦਾ ਹੈ।

*- ਵਰਿੰਦਰ ਵਾਲੀਆ*

ਮਨੁੱਖ ਦੀ ਸੋਚ ਬਦਲਣ ਲਈ ਸਮਾਜਿਕ ਜਾਗਰੂਕਤਾ ਲਾਜ਼ਮੀ ਹੈ।

*- ਅਬਰਾਹਿਮ ਮਾਸਲੋ*

ਸਖਤ ਤੋਂ ਸਖਤ ਸੱਟ ਲੱਗਣ ਨਾਲ ਵੀ ਤੱਤੇ ਘਾਓ ਆਦਮੀ ਨੂੰ ਉਸਦੀ ਬਹੁਤੀ ਪੀੜ ਮਹਿਸੂਸ ਨਹੀਂ ਹੁੰਦੀ ਪਰ ਜਿਉਂ ਜਿਉਂ ਜ਼ਖ਼ਮ ਠੰਡਾ ਤੇ ਪੁਰਾਣਾ ਹੁੰਦਾ ਜਾਂਦਾ ਹੈ ਉਸ ਦੀ ਪੀੜ ਬਰਾਬਰ ਵਧਦੀ ਜਾਂਦੀ ਹੈ।

*- ਨਾਨਕ ਸਿੰਘ*



Sri Satguru Jagjit Singh Ji eLibrary NamdhariElibrary@gmail.com

# ਨਸ਼ੇ ਤੇ ਸ਼ਰਾਬ

ਗੁੜ ਕਰ ਗਿਆਨ ਧਿਆਨ ਕਰ ਧਾਵਾ ਕਰ ਕਰਨੀ, ਕਸ ਪਾਈਐ॥ ਭਾਠੀ ਭਾਓ ਪ੍ਰੇਮ ਕਾ ਪੋਚਾ ਇਤ ਰਸ ਅਮਿਓ ਚੁਆਈਐ॥

*- ਗੁਰੂ ਨਾਨਕ*

ਕਹਿ ਕਬੀਰ ਕਿਛੁ ਗੁਨੁ ਬੀਚਾਰਿ॥
ਚਲੇ ਜੁਆਰੀ ਦੁਇ ਹਥ ਝਾਰਿ॥

*- ਕਬੀਰ*

ਜਿਨ੍ਹਾਂ ਪ੍ਰੀਤ ਲਾਈ ਹੋਈ ਰਾਤ ਦਿਨ ਜੂਏ ਨਾਲ,
ਉਨ੍ਹਾਂ ਸੰਦੇ ਘਰ ਕਦੀ ਧਨ ਥੀਨਾ ਹੋਵਦਾ।
ਘਰ ਚੋ ਚੁਰਾਇ ਧਨ ਲਾਂਵਦੇ ਨੇ ਦਾਵ ਉਤੇ।
ਗਹਿਣਾ ਗੱਟਾ ਆਦਿ ਸਭ ਘਰ ਵਿਚੋਂ ਖੋਵਦਾ
ਘਰ ਬਾਰ ਵੇਚ ਹੱਥ ਲਾਂਵਦਾ ਹੈ ਨੂਠੇ ਤਾਈ
ਮੰਗ ਮੰਗ ਖਾਣੇ ਫਿਰੇ ਕਰਮਾਂ ਨੂੰ ਰੋਵਦਾ।
ਤਾਤੇ ਹੇ ਭਗਤ ਬੁਰੇ ਕੰਮ ਦਾ ਤਿਆਗ ਕਰੋ
ਕਰਕੇ ਭਗਤਿ ਜੀਵ ਪਾਰ ਜਗ ਹੋਵਦਾ।

*- ਭਗਤ ਸਿਘ*

ਸ਼ਰਾਬ ਦੇ ਨਸ਼ੇ ਵਿਚ ਆ ਕੇ ਮੂਰਖ ਲੋਕ ਬੁਰੇ ਕੰਮ ਕਰਦੇ ਹਨ।

*- ਮਹਾਤਮਾ ਬੁੱਧ*

ਜੱਟਾ ਬੋਤਲ ਇਕ ਸ਼ਰਾਬ ਦੀ ਤੈਨੂੰ ਪੈਂਦੀ ਮਹਿੰਗੇ ਮੁੱਲ। ਜਾਂ ਪੁਆਵੇ ਬੇੜੀਆਂ ਜਾਂ ਪਾਉਂਦੀ ਗੰਗਾ ਫੁੱਲ। ਜਾਂ ਵਿਕਾਵੇ ਗੋਹੜੀਆਂ ਜਾਂ ਦੀਵਾ ਕਰਦੇ ਗੁੱਲ। ਜਾਂ ਕਰਾਵੇ ਚਾਕਰੀ ਜਾਂ ਕਰਦੀ ਮੋਇਆਂ ਤੁੱਲ। ਜਾਂ ਮੰਗਾਵੇ ਭੀਖ ਨੂੰ ਜਾਂ ਗਲੀਏਂ ਮਰਦਾ ਰੁਲ। ਜਾਂ ਗਲੀ ਸਰ੍ਹਾਣੇ ਗੋਦੜੀ ਜਾਂ ਟੁੱਟੇ ਫੁੱਟੇ ਜੁੱਲ। ਤੂੰ ਹੀਰਾ ਕੁੱਲ ਜਹਾਨ ਦਾ ਅੱਜ ਕੌਡੀ ਤੇਰਾ ਮੁੱਲ। ਇਹ ਭਰੀ ਪਿਆਲੀ ਜ਼ਹਿਰ ਦੀ ਨਾ ਪੀ ਪ੍ਰਵਾਨੇ ਭੁੱਲ।

*- ਦਿਆਲ ਸਿਘ ਪ੍ਰਵਾਨਾ*

ਨਸ਼ਿਆਂ ਕਾਰਨ ਘਰ, ਸੰਸਾਰ ਬਰਬਾਦ ਹੋ ਜਾਂਦਾ ਹੈ। ਨਸ਼ਿਆਂ ਨੇ ਸੋਚਣੀ ਤੇ ਯਾਦਾਸ਼ਤ ਘੱਟ ਕਰ ਦਿੱਤੀ ਹੈ। ਮਿਹਨਤ ਦੀ ਕਮਾਈ ਬਰਬਾਦ ਕਰ ਦਿੱਤੀ ਹੈ। ਨਸ਼ੇ ਸਿਹਤ ਅਤੇ ਪਰਿਵਾਰ ਦੇ ਦੁਸ਼ਮਣ ਹਨ। ਜਿਸ ਘਰ ਵਿੱਚ ਨਸ਼ੇ ਵੜ ਜਾਣ ਉਸ ਘਰ ਦੇ ਭਾਂਡੇ ਵੀ ਵਿਕ ਜਾਂਦੇ ਹਨ। ਨਸ਼ਈ ਦਾ ਸਰੀਰ ਕਈ ਰੋਗਾਂ ਦਾ ਘਰ ਬਣ ਜਾਂਦਾ ਹੈ। ਨਸ਼ਿਆਂ ਤੇ ਖਰਚ ਹੋਣ ਵਾਲਾ ਪੈਸਾ ਤੁਹਾਡੇ ਪਰਿਵਾਰ ਦੇ ਕਿਸੇ ਕੰਮ ਆ ਸਕਦਾ ਹੈ। ਇਸ ਧਰਤੀ ਤੇ ਨਸ਼ਈ ਦੀ ਕੋਈ ਇੱਜ਼ਤ ਨਹੀਂ ਕੋਈ ਸਤਿਕਾਰ ਨਹੀਂ। ਅੱਜ ਹੀ ਨਸ਼ਿਆਂ ਨੂੰ ਛੱਡ ਕੇ ਆਪਣਾ ਜੀਵਨ ਸੰਵਾਰੋ।

*- ਮਦਰ ਟਰੇਸਾ*

ਸਮੁੰਦਰਾਂ ਤੇ ਦਰਿਆਵਾਂ ਦੀ ਨਿਸਬਤ, ਸ਼ਰਾਬ ਦੀ ਪਿਆਲੀ ਨੇ ਜ਼ਿਆਦਾ ਮਨੁੱਖਾਂ ਨੂੰ ਡੋਬਿਆ ਹੈ।

*- ਟੈਗੋਰ*



Sri Satguru Jagjit Singh Ji eLibrary NamdhariElibrary@gmail.com

ਜੇ ਤੁਸੀਂ ਕੱਚ ਦੀ ਬੋਤਲ ਵਿੱਚ ਬੰਦ ਰਹਿ ਕੇ ਸਮਾਂ ਗੁਜ਼ਾਰਨਾ ਹੈ, ਤਾਂ ਦੁਨੀਆਂ ਨੂੰ ਤੁਹਾਡੀ ਲੋੜ ਨਹੀਂ। ਚੰਗਾ ਹੈ ਕਿ ਤੁਸੀਂ ਸੰਸਾਰ ਤੋਂ ਛੇਤੀ ਮਿਟ ਜਾਓ।

*- ਗੋਇਟੇ*

ਜੇ ਤੁਹਾਨੂੰ ਪੀਣ ਦਾ ਜ਼ਿਆਦਾ ਸ਼ੌਕ ਹੈ ਤਾਂ ਕ੍ਰੋਧ ਪੀ ਕੇ ਪਿਆਸ ਬੁਝਾਓ।

*- ਸੁਕਰਾਤ*

ਸ਼ਰਾਬ ਗ਼ਮ ਗਲਤ ਨਹੀਂ ਕਰ ਸਕਦੀ, ਕਿਉਂਕਿ ਇਹ ਮਿਹਦੇ ਵਿੱਚ ਪ੍ਰਵੇਸ਼ ਕਰਦੀ ਹੈ। ਗ਼ਮ ਤਾਂ ਮਨ ਅਤੇ ਦਿਲ ਦੀਆਂ ਅੰਤ੍ਰੀਵ ਡੂੰਘਾਣਾਂ 'ਚ ਡੂੰਘਾ ਲਹਿ ਗਿਆ ਹੁੰਦਾ ਹੈ।

*- ਮੁਸਾਫ਼ਰ*

ਸ਼ਰਾਬੀ ਦਾ ਮੂੰਹ ਤਾਂ ਉਸ ਦੀ ਮਾਂ ਨੂੰ ਵੀ ਸੋਹਣਾ ਨਹੀਂ ਲੱਗਦਾ।

*- ਅਗਿਆਤ*

ਘੋਰ ਨਸ਼ਈ ਲੋਕ ਵਿਸਕੀ ਦੀ ਬੋਤਲ ਵਾਂਗ ਹੁੰਦੇ ਹਨ। ਜਿਨ੍ਹਾਂ ਦਾ ਧੜ ਵੀ ਹੁੰਦਾ ਹੈ, ਗਲ ਵੀ ਹੁੰਦਾ, ਪਰ ਸਿਰ ਨਹੀਂ ਹੁੰਦਾ। *- ਮੈਲੇ*

ਸ਼ਰਾਬੀ ਹੋਣਾ ਇੱਕ ਕਿਸਮ ਦੀ ਵਕਤੀ ਖੁਦਕੁਸ਼ੀ ਹੈ।

*- ਬਰਟੰਡ ਰਸਲ*

ਸ਼ਰਾਬ ਤੁਹਾਨੂੰ ਤੁਹਾਡੀ ਆਪਣੀ ਸੋਚਣ ਸ਼ਕਤੀ ਉੱਤੇ ਕਾਬੂ ਨੂੰ ਢਿੱਲਾ ਕਰਦੀ ਹੈ।

*- ਡੇਵਿਡ*

ਸ਼ਰਾਬ ਵਿੱਚ ਗੁੱਟ ਹੋ ਕੇ ਮਨੁੱਖ ਆਪਣੀਆਂ ਅਸਫਲਤਾਵਾਂ ਤੋਂ ਕਬੂਤਰ ਵਾਂਗ ਅੱਖਾਂ ਮੀਟਣਾ ਚਾਹੁੰਦਾ ਹੈ, ਅਤੇ ਹੋਰ ਵੀ ਬਹੁਤ ਪੀ ਕੇ ਜ਼ਮਾਨੇ ਵਿੱਚ ਆਪਣੀ ਬੇਵਕੂਫ਼ੀ ਦੇ ਇਸ਼ਤਿਹਾਰ ਵੰਡਦਾ ਹੈ।

*- ਜਸਵੰਤ ਸਿੰਘ ਕੰਵਲ*

ਸੰਸਾਰ ਦੀਆਂ ਸਾਰੀਆਂ ਸੈਨਾਵਾਂ ਮਿਲ ਕੇ ਇੰਨੇ ਮਨੁੱਖਾਂ ਅਤੇ ਐਨੀ ਜਾਇਦਾਦ ਨੂੰ ਤਬਾਹ ਨਹੀਂ ਕਰ ਸਕਦੀਆਂ, ਜਿੰਨੀ ਕਿ ਨਸ਼ੇ ਕਰਨ ਦੀ ਆਦਤ।

*- ਮਿਲਟਨ*

ਹਰ ਤਰ੍ਹਾਂ ਦੀ ਹੱਦ ਨੂੰ ਟੱਪਣਾ ਮਾੜਾ ਹੁੰਦਾ ਹੈ ਪਰ ਸਭ ਤੋਂ ਵੱਧ ਸ਼ਰਾਬ ਪੀਤੀ ਮਾੜੀ ਹੈ। ਇਹ ਸਿਹਤ ਖਰਾਬ ਕਰਦੀ ਹੈ। ਮਨ ਨੂੰ ਅਸਾਵਾਂ ਬਣਾਉਂਦੀ ਹੈ ਤੇ ਮਨੁੱਖ ਨੂੰ ਪਸ਼ੂ ਬਣਾਉਂਦੀ ਹੈ। ਇਹ ਭੇਤ ਉਗਲਣ ਲਈ ਮਜ਼ਬੂਰ ਕਰਦੀ ਹੈ। ਬਾਬਰ ਬਾਦਸ਼ਾਹ ਨੇ ਗੁਰੂ ਨਾਨਕ ਦੇਵ ਜੀ ਨੂੰ ਅੰਗੂਰਾਂ ਦੀ ਬਣੀ ਵਧੀਆ ਸ਼ਰਾਬ ਜਦੋਂ ਪੇਸ਼ ਕੀਤੀ ਤਾਂ ਗੁਰੂ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਤਾਂ ਨਾਮ ਦੀ ਖੁਮਾਰੀ ਹਮੇਸ਼ਾ ਚੜ੍ਹੀ ਰਹਿੰਦੀ ਹੈ।

*- ਵਿਲਅਮ ਪੈਨ*

ਜਿਤ ਪੀਤੈ ਮਤਿ ਦੂਰਿ ਹੋਇ ਬਰਲ ਪਵੈ ਵਿਚਿ ਆਇ॥ ਝੂਠਾ ਮਦ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥ *- ਗੁਰੂ ਅਮਰਦਾਸ ਜੀ*

ਜਿੰਨੇ ਮਨੁੱਖ ਸ਼ਰਾਬ ਵਿੱਚ ਡੁੱਬੇ ਹਨ ਉਨੇ ਮਨੁੱਖ ਦਰਿਆਵਾਂ, ਨਦੀਆਂ, ਨਾਲਿਆਂ ਵਿੱਚ ਆਏ ਪਾਣੀ ਨਾਲ ਨਹੀਂ ਡੁੱਬੇ।



Sri Satguru Jagjit Singh Ji eLibrary NamdhariElibrary@gmail.com

ਸ਼ਰਾਬ ਇੱਕ ਆਰਜੀ ਤੌਰ 'ਤੇ ਆਤਮਘਾਤ ਹੈ। ਇਹ ਇੱਕ ਅਜਿਹੀ ਖੁਸ਼ੀ ਹੈ ਜੋ ਨਿਖੇਧਾਤਮਿਕ ਹੈ। ਇਹ ਕੁਝ ਪਲ ਲਈ ਗ਼ਮਾਂ ਨੂੰ ਭੁੱਲਣਾ ਹੈ। ਮਨੁੱਖ ਦੇ ਬਣਾਏ ਹੋਏ ਸ਼ਰਾਬ ਤੇ ਹੋਰ ਨਸ਼ੇ ਮਨੁੱਖ ਨੂੰ ਵਿੰਗੇ ਟੇਢੇ ਰਸਤਿਆਂ ਤੇ ਤੋਰਦੇ ਹੋਏ ਸਿੱਧੇ ਸਮਸ਼ਾਨ ਭੂਮੀ ਵੱਲ ਲਿਜਾਂਦੇ ਹਨ। ਸ਼ਰਾਬੀਆਂ ਨੂੰ ਆਪਣੇ ਘਰਾਂ ਨੂੰ ਰਾਖ ਕਰਨ ਲਈ ਮਾਚਿਸ ਦੀ ਤੀਲੀ ਨਾਲ ਅੱਗ ਲਾਉਣ ਦੀ ਲੋੜ ਨਹੀਂ ਹੁੰਦੀ।

*- ਬਰੱਟਡ ਰੱਸਲ*

ਅੰਗੂਰ ਦੇ ਹਰ ਇੱਕ ਦਾਣੇ ਵਿੱਚ ਸ਼ੈਤਾਨ ਦਾ ਵਾਸਾ ਹੈ।

*- ਕੁਰਾਨ ਸ਼ਰੀਫ਼*

ਸ਼ਰਾਬ ਖੁਦ ਸਹੇੜੇ ਪਾਗਲਪਨ ਤੋਂ ਸਿਵਾ ਹੋਰ ਕੁਝ ਨਹੀਂ। ਗੰਭੀਰ ਰੂਪ ਵਿੱਚ ਰੋਗੀ ਸ਼ਰਾਬੀ ਦੀ ਮਾਂ ਮਾਂ ਨਹੀਂ ਹੁੰਦੀ, ਭੈਣ ਭੈਣ ਨਹੀਂ ਹੁੰਦੀ, ਧੀ ਧੀ ਨਹੀਂ ਹੁੰਦੀ ਉਸ ਦੀ ਰਿਸ਼ਤੇਦਾਰੀ ਕੇਵਲ ਬੋਤਲ ਨਾਲ ਹੁੰਦੀ ਹੈ। ਇਸ ਬੋਤਲ ਵਿੱਚ ਛੁਪੀ ਲਾਲ ਪਰੀ ਦੀਆਂ ਚੰਚਲ ਅਦਾਵਾਂ ਦੀ ਖਾਤਰ ਉਹ ਸਭ ਦੀ ਇੱਜਤ ਦਾਅ ਤੇ ਲਗਾ ਦਿੰਦਾ ਹੈ। ਬੀਵੀ ਦੇ ਗਹਿਣੇ ਵੇਚ ਸਕਦਾ ਹੈ। ਧਨ, ਜਾਇਦਾਦ, ਜ਼ਮੀਨ ਸਭ ਕੁੱਝ ਸ਼ਰਾਬ ਦੀ ਭੇਟਾ ਚੜ੍ਹਾ ਦਿੰਦਾ ਹੈ। ਤੇ ਆਪ ਨੰਗ ਹੋ ਕੇ ਬਹਿ ਜਾਂਦਾ ਹੈ। ਤੇ ਰਾਹ ਜਾਂਦਿਆਂ ਦੀਆਂ ਲਿਲਕੜੀਆਂ ਕੱਢਦਾ ਹੈ ਕਿ ਉਸ ਨੂੰ ਸ਼ਰਾਬ ਦੀ ਬੋਤਲ ਲਈ ਪੈਸੇ ਚਾਹੀਦੇ ਹਨ।

*- ਸੈਲਿਕਾ*

ਸ਼ਰਾਬ ਦੇ ਗੁਣਗਾਨ ਨੇ ਅਨੇਕਾਂ ਵਸਦੇ ਰਸਦੇ ਘਰਾਂ ਦੇ ਦੀਵੇ ਗੁੱਲ ਕੀਤੇ ਹਨ। ਸ਼ਰਾਬ ਤੇ ਨਸ਼ਿਆਂ ਦਾ ਸੇਵਨ ਕਰਨ ਵਾਲਿਆਂ ਨੂੰ ਨਸੀਬਾਂ ਵਾਲੇ ਜਾਂ ਖੋਟੇ ਨਸੀਬਾਂ ਵਾਲੇ ਕਹਿਣਾ ਚਾਹੀਦਾ ਹੈ।

*- ਵਰਿੰਦਰ ਵਾਲੀਆ*

ਨਸ਼ੇ ਥੱਕੇ ਹੋਏ ਸਰੀਰ ਨੂੰ ਵਕਤੀ ਤੌਰ ਤੇ ਕੁਝ ਤੇਜੀ ਦਿੰਦੇ ਹਨ ਪਰ ਸ਼ਕਤੀ ਅਤੇ ਤਾਕਤ ਨਹੀਂ। ਇਸ ਕਰਕੇ ਇਨ੍ਹਾਂ ਦੀ ਵਰਤੋਂ ਸਰੀਰ ਮਨ ਦਿਮਾਗ ਲਈ ਖਤਰਨਾਕ ਹੁੰਦੀ ਹੈ।

*- ਕਿਰਪਾਲ ਦਤਾਰੀਏ ਵਾਲਾ*

ਐਸੇ ਮਨੁੱਖ ਦੀ ਸੰਗਤ ਹੀ ਨਹੀਂ ਕਰਨੀ ਚਾਹੀਦੀ ਜਿਸ ਨੂੰ ਨਸ਼ੇ ਵਰਤਣ ਦੀ ਆਦਤ ਲੱਗੀ ਹੋਵੇ। ਉਸ ਦੇ ਨਾਲ ਜ਼ਿਆਦਾ ਸਮਾਂ ਗੁਜਾਰ ਕੇ ਉਸ ਨਾਲ ਗੱਲਾਂ ਕਰਨੀਆਂ ਗੱਲਾਂ ਗੱਲਾਂ ਵਿਚ ਹੀ ਉਹ ਤੁਹਾਨੂੰ ਨਸ਼ੇ ਦਾ ਸੁਆਦ ਦੇਖਣ ਦੀ ਜਿਦ ਕਰੇਗਾ। ਫਿਰ ਇਹੋ ਹੀ ਸੁਆਦ ਤੁਹਾਨੂੰ ਸਾਰੀ ਉਮਰ ਲਈ ਚਿੰਬੜ ਜਾਏਗਾ। ਸਾਰੀ ਉਮਰ ਹੀ ਤੁਸੀਂ ਉਸ ਨਸ਼ੇ ਦੀ ਕੈਦ ਵਿਚੋਂ ਛੁੱਟ ਨਹੀਂ ਸਕੋਗੇ ਅਤੇ ਆਪਣੀ ਬਰਬਾਦੀ ਦਾ ਕਾਰਨ ਆਪ ਹੀ ਬਣੋਗੇ।

ਜੇਕਰ ਤੁਸੀਂ ਇਕੱਲੇ ਹੋ ਆਪਣਾ ਇਕੱਲਾਪਣ ਦੂਰ ਕਰਨ ਲਈ ਜਾਂ ਟਾਈਮ ਪਾਸ ਕਰਨ ਲਈ ਨਸ਼ੇ ਦੀ ਵਰਤੋਂ ਨਾ ਕਰੋ। ਸਗੋਂ ਟਾਈਮ ਪਾਸ ਕਰਨ ਵਾਸਤੇ ਕੋਈ ਕਿਤਾਬ ਜਾਂ ਮੈਗਜ਼ੀਨ ਲੈ ਕੇ ਪੜ੍ਹਨ ਲੱਗ ਜਾਵੋ। ਅਖ਼ਬਾਰ ਪੜ੍ਹਨਾ ਵੀ ਬਹੁਤ ਵਧੀਆ ਤਰੀਕਾ ਹੈ।

*- ਮਾਸਟਰ ਸੁਖਦੇਵ ਸਿੰਘ*



Sri Satguru Jagjit Singh Ji eLibrary NamdhariElibrary@gmail.com

# ਉਧਾਰ, ਕਰਜ਼ਾ, ਭੀਖ, ਮੰਗਣਾ

ਮੈਂ ਆਪਣੇ ਜੀਵਨ ਕਾਲ ਅੰਦਰ ਕਿਸੇ ਪਸ਼ੂ ਨੂੰ ਪਸ਼ੂ ਕੋਲੋਂ ਮੰਗਦੇ ਨਹੀਂ ਵੇਖਿਆ। ਪੰਛੀ ਨੂੰ ਪੰਛੀ ਕੋਲੋਂ ਮੰਗਦੇ ਨਹੀਂ ਵੇਖਿਆ। ਕੇਵਲ ਮਨੁੱਖ ਹੀ ਹੈ ਜੋ ਆਪਣੇ ਆਪ ਨੂੰ ਸਾਰਿਆਂ ਦਾ ਸਰਦਾਰ ਕਹਿੰਦਾ ਹੈ ਤੇ ਬੰਦਿਆਂ ਦੇ ਅੱਗੇ ਤਲੀਆਂ ਅੱਡ ਕੇ ਖਲੋਤਾ ਹੈ।

*- ਭਾਈ ਗੁਰਦਾਸ ਜੀ*

ਰਿਣੀ ਕੁਮਾਰੀ ਕੋ ਪਿਤਾ ਜਿਹ ਸਿਰ ਵੈਰੀ ਹੋਏ। ਇਹ ਤੀਨੋ ਕੇ ਨੈਨ ਮਹਿ ਨਿੰਦਰਾ ਭੀ ਨਾ ਹੋਏ।

*- ਚਣਾਕਾ ਰਾਜਨੀਤੀ*

ਹਮੇਸ਼ਾ ਸੁਤੰਤਰ ਤੇ ਨਿਰਪੱਖ ਵਰਕਰ ਅਤੇ ਦਾਨੀ ਬਣੋ। ਆਪਣੇ ਮਨ ਨੂੰ ਕਦੇ ਵੀ ਮੰਗਣ ਦੀ ਹਾਲਤ ਵਿਚ ਨਾ ਪਾਓ।

*- ਸਵਾਮੀ ਰਾਮ ਤੀਰਥ*

ਜਦੋਂ ਤੁਸੀਂ ਕਿਸੇ ਨਾਲ ਵਾਅਦਾ ਕਰਦੇ ਹੋ ਤਾਂ ਆਪਣੇ ਉਪਰ ਇਕ ਕਰਜ਼ ਚੜ੍ਹਾ ਲੈਂਦੇ ਹੋ।

*- ਟਾਲਮਡ*

ਕਿਸਾਨ ਕਰਜ਼ੇ ਵਿਚ ਜਨਮ ਲੈਂਦਾ ਹੈ ਕਰਜ਼ੇ ਵਿਚ ਜਿਉਂਦਾ ਹੈ ਅਤੇ ਅੰਤ ਕਰਜ਼ੇ ਵਿਚ ਹੀ ਮਰ ਜਾਂਦਾ ਹੈ।

*- ਅਗਿਆਤ*

ਸਿਰਫ਼ ਆਪਣੇ ਲਈ ਮੰਗਣ ਵਾਲਾ ਭਿਖਾਰੀ ਅਖਵਾਉਂਦਾ ਹੈ ਸਾਰਿਆਂ ਲਈ ਮੰਗਣ ਵਾਲਾ ਸਵਾਮੀ ਅਖਵਾਉਂਦਾ ਹੈ।

*- ਮਹਾਦੇਵੀ ਵਰਮਾ*

ਕਿਸੇ ਦੀ ਮਿਹਰਬਾਨੀ ਮੰਗਣਾ ਆਪਣੀ ਅਜ਼ਾਦੀ ਖਤਮ ਕਰਨਾ ਹੈ।

*- ਕਹਾਵਤ*

ਉਹ ਮਨੁੱਖ ਹਮੇਸ਼ਾ ਦੁਖੀ ਰਹਿੰਦਾ ਹੈ ਤੇ ਕਦੇ ਵੀ ਆਪਣਾ ਭਲਾ ਨਹੀਂ ਕਰ ਸਕਦਾ ਜੋ ਦੂਜਿਆਂ ਸਹਾਰੇ ਜਿਊਂਦਾ ਹੈ।

*- ਸੁਭਾਸ਼ ਬੋਸ*

ਕਰਜ਼ਾ ਇਕ ਅਜਿਹਾ ਮਹਿਮਾਨ ਹੈ ਜੋ ਇਕ ਵਾਰ ਘਰ ਆ ਜਾਵੇ ਤਾਂ ਫਿਰ ਜਾਣ ਦਾ ਨਾਂ ਨਹੀਂ ਲੈਂਦਾ।

*- ਸਵੇਤ ਮਾਰਟਿਨ*

ਨਾ ਉਧਾਰ ਲਵੋ ਨਾ ਦੇਵੋ ਕਿਉਂਕਿ ਉਧਾਰ ਰਾਹੀ ਪੈਸਾ ਤਾਂ ਗੁਆਚਦਾ ਹੀ ਹੈ ਮਿੱਤਰ ਖੁੱਸ ਜਾਣ ਦਾ ਡਰ ਵੀ ਬਣਿਆ ਰਹਿੰਦਾ ਹੈ।

*- ਸੈਕਸਪੀਅਰ*



Sri Satguru Jagjit Singh Ji eLibrary NamdhariElibrary@gmail.com

# ਪਾਣੀ, ਹਵਾ, ਧਰਤੀ, ਪ੍ਰਦੂਸ਼ਣ

ਮਨੁੱਖ ਦਾ ਧਰਤੀ ਤੇ ਰਹਿਣਾ ਮਨੁੱਖ ਨੇ ਹੀ ਅਸੰਭਵ ਬਣਾਇਆ ਹੈ, ਪ੍ਰਮਾਤਮਾ ਨੇ ਨਹੀਂ।

*- ਤੋਮਰ*

ਫਰਜ ਕਦੇ ਅੱਗ ਅਤੇ ਪਾਣੀ ਦੀ ਪ੍ਰਵਾਹ ਨਹੀਂ ਕਰਦਾ ਫਰਜ ਦੀ ਪੂਰਤੀ ਹੀ ਜ਼ਿਹਨੀ ਸ਼ਾਂਤੀ ਦਾ ਮੂਲ ਮੰਤਰ ਹੈ।

*- ਬੈਜਾਮਿਨ ਫਰੈਕਲਿਨ*

ਸਾਰੀ ਧਰਤੀ ਇੱਕ ਹੀ ਦੇਸ਼ ਹੈ ਅਤੇ ਮਨੁੱਖ ਕੇਵਲ ਇਸਦੇ ਨਾਗਰਿਕ ਹਨ।

*- ਬਹਾਊਲਾ*

ਸਾਡਾ ਹਵਾ ਭੂਚਾਲਾਂ, ਤੂਫ਼ਾਨਾਂ, ਸੋਕਿਆਂ, ਆਫ਼ਤਾਂ, ਬਿਮਾਰੀਆਂ ਅਤੇ ਪੀੜਾਂ ਉਤੇ ਜੋਰ ਨਹੀਂ ਹੁੰਦਾ।

*- ਥਾਮਸ ਐਲਵਾ ਐਡੀਸਨ*

ਜਦੋਂ ਪਾਣੀ ਦੇ ਸਰੋਤ ਸੁੱਕ ਜਾਂਦੇ ਹਨ, ਉਦੋਂ ਸਾਨੂੰ ਪਾਣੀ ਦੀ ਕੀਮਤ ਦਾ ਪਤਾ ਚਲਦਾ ਹੈ।

*- ਬੇਜਾਮਿਨ ਫਰੈਕਲਿਨ*

ਪਾਣੀ ਕੁਦਰਤ ਦੀ ਚਾਲਕ ਸ਼ਕਤੀ ਹੈ।

*- ਲੀਨਾਰਡੋ ਦੀਵਿਨਸੀ*

ਅੱਜ ਕੱਲ੍ਹ ਪ੍ਰਦੂਸ਼ਣ ਇੰਨਾ ਵਧ ਗਿਆ ਹੈ ਕਿ ਜੇਕਰ ਸਾਡੇ ਫੇਫੜੇ ਨਾ ਹੁੰਦੇ ਤਾਂ ਸਮੱਸਿਆ ਹੋ ਜਾਂਦੀ ਕਿ ਇਸ ਨੂੰ ਕਿੱਥੇ ਜਮਾਂ ਕੀਤਾ ਜਾਵੇ।

*- ਰਾਬਰਟ ਆਰਬਨ*

ਪੁਣ ਕੇ ਪਾਣੀ ਪੀਣ ਵਾਲੇ ਲੋਕ ਗਰੀਬਾਂ ਦਾ ਖੂਨ ਅਣਪੁਣਿਆ ਹੀ ਪੀ ਜਾਂਦੇ ਹਨ।

*- ਨਾਨਕ ਸਿੰਘ*

ਕਿਸੇ ਵਿਸ਼ੇਸ਼ ਨਦੀ ਦੇ ਪਾਣੀ ਵਿਚ ਇਸ਼ਨਾਨ ਕਰਕੇ ਮਨੁੱਖ ਦੀ ਸੁੱਧੀ ਨਹੀਂ ਹੁੰਦੀ।

*- ਮਹਾਤਮਾ ਬੁੱਧ*

ਛੋਟੇ ਝਰਨਿਆਂ ਦਾ ਪਾਣੀ ਸ਼ੋਰ ਪਾਉਂਦਾ ਹੈ ਜਦਕਿ ਡੂੰਘੇ ਝਰਨਿਆ ਦਾ ਪਾਣੀ ਖਾਮੋਸ਼ ਰਹਿੰਦਾ ਹੈ।

*- ਫਲਿਪਸਿਡਨੇ*

ਪਾਣੀ ਦੀ ਇਕ ਇਕ ਬੂੰਦ ਤੇ ਅੰਨ ਦਾ ਇਕ ਇਕ ਦਾਣਾ ਕੀਮਤੀ ਹੈ। ਇਸਨੂੰ ਬਰਬਾਦ ਨਾ ਹੋਣ ਦਿਓ।

*- ਅਚਾਰੀਆ ਵਿਨੋਬਾ ਭਾਵੇ*



Sri Satguru Jagjit Singh Ji eLibrary NamdhariElibrary@gmail.com

ਸਿਆਣੇ ਮਨੁੱਖ ਲਈ ਪਾਣੀ ਸਭ ਤੋਂ ਵਧੀਆ ਡਰਿੰਕਸ ਹੈ।

*- ਅਮਰੀਕੀ ਲੇਖਕ ਥੌਰ*

ਪ੍ਰਦੂਸ਼ਣ ਫੈਲਾਉਣ ਵਾਲਿਆਂ ਉੱਪਰ ਪਾਬੰਦੀਆਂ ਕਮਜ਼ੋਰ ਹਨ ਅਤੇ ਪੁਰਾਣੀਆਂ ਪੈ ਚੁੱਕੀਆਂ ਹਨ ਆਮ ਤੌਰ ਤੇ ਸਰਕਾਰਾਂ ਉਨ੍ਹਾਂ ਨੂੰ ਠੀਕ ਢੰਗ ਨਾਲ ਲਾਗੂ ਨਹੀਂ ਕਰਦੀਆਂ।

*- ਰਾਲਫ ਨਾ ਡਾਰ*

ਮਨੁੱਖ ਨੂੰ ਪਾਣੀ ਕੁਦਰਤ ਰਾਹੀ ਦਿੱਤਾ ਗਿਆ ਮੁਫ਼ਤ ਤੋਹਫ਼ਾ ਹੈ। ਮਨੁੱਖ ਦੇ ਸਵਾਰਥੀਪਣ ਕਰਕੇ ਪਾਣੀ ਵਰਗੀਆਂ ਕੁਦਰਤ ਦੀਆਂ ਅਮੋਲ ਦਾਤਾਂ ਪਿੱਛੇ ਵੱਡੇ ਮਸਲੇ ਲੜਾਈ ਦਾ ਰੂਪ ਧਾਰ ਰਹੇ ਹਨ। ਮਨੁੱਖ ਦੇ ਜਿਉਂਦਾ ਰਹਿਣ ਲਈ ਪਾਣੀ ਮੁੱਖ ਲੋੜ ਹੈ ਪਾਣੀ ਤੋਂ ਬਿਨਾਂ ਇਹ ਧਰਤੀ ਵੀ ਹਰੀ ਭਰੀ ਨਹੀਂ ਰਹਿ ਸਕਦੀ। ਪਾਣੀ ਤੋਂ ਬਿਨਾਂ ਜੀਵਨ ਸੰਭਵ ਨਹੀਂ ਹੈ। ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭ ਕੋਇ।

*- ਸੁਰਿੰਦਰ ਕੌਰ*



Sri Satguru Jagjit Singh Ji eLibrary NamdhariElibrary@gmail.com

# ਅਰਾਮ, ਆਲਸ, ਸਤਿਕਾਰ, ਆਦਰ

ਆਲਸ 'ਚ ਜੀਵਨ ਬਤੀਤ ਕਰਨਾ ਆਤਮ ਹੱਤਿਆ ਏ।

*- ਸੁਕਰਾਤ*

ਆਪਣਾ ਭਲਾ ਚਾਹੁੰਦਾ ਹੈਂ ਤਾਂ ਚਲ ਕੁਝ ਕੰਮ ਕਰ ਆਲਸ ਤਿਆਗ, ਤੂੰ ਸਭ ਕੁਝ ਪਾ ਜਾਵੇਂਗਾ।

*- ਟਿਗਸਨ*

ਜਿਹੜਾ ਕਿਸੇ ਦਾ ਕੰਮ ਕਰਨ ਤੋਂ ਭੱਜੇ ਉਹ ਆਲਸੀ ਹੈ। ਕੰਮ ਨਾ ਕਰਨਾ ਆਪਣਾ ਆਪ ਗੁਆ ਦੇਣ ਦੇ ਸਮਾਨ ਹੈ।

*- ਅਚਾਰੀਆ ਵਿਨੋਭਾ*

ਮੈਲੇ ਕੱਪੜੇ ਪਾਉਣ ਵਾਲਾ ਮੈਲੇ ਦੰਦਾਂ ਵਾਲਾ, ਭੁੱਖੜ, ਨੀਰਸ ਗੱਲਾਂ ਕਰਨ ਵਾਲਾ, ਸੂਰਜ ਚੜ੍ਹਨ ਤੇ ਛਿਪਣ ਵੇਲੇ ਸੌਣ ਵਾਲਾ ਜੇ ਸਵਰਗ ਦਾ ਰਾਜਾ ਇੰਦਰ ਵੀ ਹੈ ਤਾਂ ਉਸ ਨੂੰ ਵੀ ਲੱਛਮੀ ਛੱਡ ਦਿੰਦੀ ਹੈ।

*- ਚਾਣਕਿਆ*

ਗੁਣ ਸਭ ਥਾਂ ਆਪਣਾ ਆਦਰ ਕਰਵਾ ਲੈਂਦਾ ਹੈ।

*- ਕਾਲੀਦਾਸ*

ਅਪਮਾਨ ਹੋਣਾ ਅਤੇ ਮਰ ਜਾਣਾ ਇੱਕ ਬਰਾਬਰ ਹੈ।

*- ਚਾਣਕਯ*

ਦੋ ਬਹਾਦਰਾਂ ਵਿਚੋਂ ਅਸਲੀ ਬਹਾਦਰ ਉਹੀ ਹੈ ਜੋ ਆਪਣੇ ਦੁਸ਼ਮਣਾਂ ਦਾ ਵੀ ਆਦਰ ਕਰੇ।

*- ਰਸ਼ਰਟ ਬਲੂ ਮੇਲ*

ਆਪਣੇ ਮਾਤਾ-ਪਿਤਾ ਦਾ ਆਦਰ ਕਰੋ ਅਤੇ ਆਪਣੇ ਗੁਆਂਢੀ ਨਾਲ ਵੀ ਆਦਰ ਨਾਲ ਪੇਸ਼ ਆਉ ਅਤੇ ਪ੍ਰੇਮ ਭਰਿਆ ਵਰਤਾਉ ਕਰੋ।

*- ਬਾਈਬਲ*



Sri Satguru Jagjit Singh Ji eLibrary NamdhariElibrary@gmail.com

# ਅਤੀਤ, ਵਰਤਮਾਨ, ਭਵਿੱਖ

ਕੱਲ੍ਹ ਦੀ ਸਾਡੀ ਸੋਚ ਅੱਜ ਉਪਰ ਸਾਡੀ ਸ਼ੰਕਾ ਵਿਚੋਂ ਉਪਜਦੀ ਹੈ। ਚੰਗੇ ਭਵਿੱਖ ਲਈ ਜ਼ਰੂਰੀ ਹੈ ਕਿ ਅੱਜ ਉੱਪਰ ਵਿਸ਼ਵਾਸ ਨੂੰ ਵਧਾਇਆ ਜਾਵੇ।

*- ਫਰੈਂਕਲਿਨ ਡੀ ਰੂਜ਼ ਵੈਲਟ*

ਭਵਿੱਖ ਨੂੰ ਸੁਰੱਖਿਅਤ ਕਰ ਦੇਣਾ ਹੀ ਸਭ ਤੋਂ ਵਧੀਆ ਯੋਗਦਾਨ ਹੁੰਦਾ ਹੈ।

*- ਜੋਸਲ ਕਾਫ ਮੈਨ*

ਅੱਜ ਪਿਆਂ ਮੁਆਮਲਿਆਂ ਬਾਰੇ ਜੇ ਅਸਾਡੀ ਸਮਝ ਥੋਥੀ ਪਤਲੀ ਹੈ ਤਾਂ ਬੀਤੀ ਨੂੰ ਘੋਖਣ ਵਾਲੀ ਅੱਖ ਅਸਾਨੂੰ ਕਿਥੇ ਮਿਲ ਸਕਦੀ ਹੈ।

*- ਨਜਮ ਹੁਸੈਨ ਸੱਯਦ*

ਭਵਿੱਖ ਨੂੰ ਸਾਕਾਰ ਕਰ ਦੇਣਾ ਹੀ ਸਭ ਤੋਂ ਵਧੀਆ ਪੇਸ਼ੀਨ ਗੋਈ ਹੁੰਦੀ ਹੈ।

*- ਜੋਸਲ ਕਾਫ ਮੈਨ*

ਸੰਸਾਰ ਲਈ ਭਵਿੱਖ ਦਾ ਮੁੱਖ ਨਿਸ਼ਾਨਾ ਹਿੰਸਾ ਰੋਕਣਾ ਹੈ।

*- ਬਿਲ ਕੌਸਬੀ*

ਵਰਤਮਾਨ ਵਿਚ ਸੱਚ ਦੇ ਕਰਤਵ ਦੀ ਪਾਲਣਾ ਨਾਲ ਆਉਣ ਵਾਲੇ ਯੁੱਗਾਂ ਦਾ ਸੁਧਾਰ ਹੋ ਜਾਂਦਾ ਹੈ।

*- ਐਮਰਸਨ*

ਵਰਤਮਾਨ ਹੀ ਸਭ ਕੁਝ ਹੈ, ਭਵਿੱਖ ਦੀ ਚਿੰਤਾ ਸਾਨੂੰ ਕਾਇਰ ਬਣਾ ਦਿੰਦੀ ਹੈ ਅਤੇ ਅਤੀਤ ਦਾ ਭਾਰ ਸਾਡਾ ਲੱਕ ਤੋੜ ਦਿੰਦਾ ਹੈ।

*- ਅਗਿਆਤ*

ਭਵਿੱਖ ਉਨ੍ਹਾਂ ਲੋਕਾਂ ਦਾ ਹੈ ਜੋ ਪਿਸ ਰਹੀ ਮਨੁੱਖਤਾ ਦੇ ਭਲੇ ਲਈ ਕੁਝ ਕਰਦੇ ਹਨ।

*- ਲੂਈਸ ਪਾਸਚਰ*

ਨੇਤਾ ਅਗਲੀਆਂ ਚੋਣਾਂ ਬਾਰੇ ਸੋਚਦਾ ਹੈ ਅਤੇ ਰਾਜਨੇਤਾ ਅਗਲੀ ਪੀੜ੍ਹੀ ਬਾਰੇ।

*- ਜੇਮਜ਼ ਫਰੀਮੈਨ ਕਲਾਰਕ*

ਆਉਣ ਵਾਲੇ ਕੱਲ੍ਹ ਵਾਸਤੇ ਡੀਗਾਂ ਮਾਰਨੀਆਂ ਮੂਰਖਤਾ ਹੈ, ਆਪਣੇ ਅੱਜ ਨੂੰ ਮਾਣ ਕਰਨ ਯੋਗ ਬਣਾਓ।

*- ਐਡ ਵਰਡ ਯੰਗ*

ਜਰਾ ਸੋਚੋ ਜਿਸ ਚੀਜ ਤੇ ਅੱਜ ਤੁਹਾਡਾ ਕਬਜ਼ਾ ਹੈ। ਉਹ ਬੀਤੇ ਕੱਲ੍ਹ ਕਿਸੇ ਹੋਰ ਦੀ ਸੀ ਅਤੇ ਆਉਂਦੇ ਕੱਲ੍ਹ ਕਿਸੇ ਹੋਰ ਦੀ ਹੋਵੇਗੀ। ਅੱਜ ਦਾ ਸੰਘਰਸ਼ ਹੀ ਆਉਣ ਵਾਲੇ ਕੱਲ੍ਹ ਦੀ ਕਾਮਯਾਬੀ ਹੈ।

*- ਟੈਗੋਰ*



Sri Satguru Jagjit Singh Ji eLibrary NamdhariElibrary@gmail.com

ਕੱਲ੍ਹ ਕਰਾਂਗਾ, ਕੱਲ੍ਹ ਕਰਾਂਗਾ ਅਜਿਹੀ ਗੱਲ ਮਨੁੱਖ ਨੂੰ ਨਹੀਂ ਕਰਨੀ ਚਾਹੀਦੀ ਮਨੁੱਖ ਦੇ ਕੱਲ੍ਹ ਨੂੰ ਕੌਣ ਜਾਣਦਾ ਹੈ।

*- ਅਗਿਆਤ*

ਆਪਣੀਆਂ ਮੌਜੂਦਾ ਖੁਸ਼ੀਆਂ ਨੂੰ ਇਸ ਪ੍ਰਕਾਰ ਭੋਗੋ ਕਿ ਭਵਿੱਖ ਦੀਆਂ ਖੁਸ਼ੀਆਂ ਨੂੰ ਨੁਕਸਾਨ ਨਾ ਪਹੁੰਚੇ।

*- ਸੈਨੈਕਾ*

ਅੱਜ ਦਾ ਮੌਕਾ ਇਧਰ ਉਧਰ ਘੁੰਮਕੇ ਗੁਆ ਦੇਵੋ ਕੱਲ੍ਹ ਨੂੰ ਵੀ ਉਹੀ ਗੱਲ ਹੋਵੇਗੀ ਅਤੇ ਫਿਰ ਹੋਰ ਜ਼ਿਆਦਾ ਸੁਸਤੀ ਆਏਗੀ।

*- ਸ਼ੈਕਸਪੀਅਰ*

ਸਾਡਾ ਭਵਿੱਖ ਕਿਸ ਪ੍ਰਕਾਰ ਦਾ ਹੋਵੇਗਾ, ਇਹ ਸਾਡਾ ਵਰਤਮਾਨ ਸਾਨੂੰ ਦੱਸਦਾ ਹੈ ਅਤੇ ਉਹ ਭੂਤਕਾਲ ਵੀ ਜਿਹੜਾ ਅਸੀਂ ਬਿਤਾ ਚੁੱਕੇ ਹਾਂ।

*- ਸਵਾਮੀ ਵਿਵੇਕਾਨੰਦ*

ਤੁਸੀਂ ਕਦੇ ਵੀ ਚੰਗੇ ਕੱਲ੍ਹ ਦੀ ਕਾਮਨਾ ਨਹੀਂ ਕਰ ਸਕਦੇ ਜੇਕਰ ਤੁਸੀਂ ਸਿਰਫ਼ ਬੀਤੇ ਹੋਏ ਕੱਲ੍ਹ ਬਾਰੇ ਹੀ ਸੋਚਦੇ ਰਹੋਗੇ।

*- ਚਾਰਲਸ ਐਫ ਰਿਗ*

ਬੀਤੇ ਦਾ ਤਜਰਬਾ ਭਵਿੱਖ ਲਈ ਚੰਗੇਰੀ ਰਾਹ ਬਣਾਉਣ ਲਈ ਹੁੰਦਾ ਹੈ ਨਾ ਕਿ ਭੂਤ ਨਾਲ ਹੀ ਮੁੜਕੇ ਖੜ ਜਾਣ ਲਈ।

*- ਡਾ. ਮਨਮੋਹਨ ਸਿੰਘ*

ਭਵਿੱਖ ਪ੍ਰਤੀ ਸਹੀ ਖੁੱਲ ਦਿਲੀ ਇਹ ਹੈ ਕਿ ਸਭ ਕੁਝ ਹੀ ਵਰਤਮਾਨ ਨੂੰ ਦੇ ਦਿੱਤਾ ਜਾਵੇ।

*- ਅਲਬਰਟ ਕਾਮੂ*

ਜਿਹੜੇ ਲੋਕ ਆਪਣਾ ਅਤੀਤ ਯਾਦ ਨਹੀਂ ਰੱਖਦੇ ਉਨ੍ਹਾਂ ਕੋਲੋਂ ਵਾਰ ਵਾਰ ਉਹ ਭੁੱਲ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ।

*- ਜਾਰਜ ਸਾਂਤਇਨ*

ਜੇ ਤੁਸੀਂ ਬੀਤੇ ਕੱਲ੍ਹ ਬਾਰੇ ਹੀ ਸੋਚਦੇ ਰਹੋਗੇ ਤਾਂ ਕਦੀ ਵੀ ਆਉਣ ਵਾਲੇ ਚੰਗੇ ਕੱਲ੍ਹ ਨੂੰ ਨਹੀਂ ਚਿਤਵ ਸਕੋਗੇ।

*- ਚਾਰਲਸ ਐਫ ਕੇਟਰਿਕ*

ਜਿਸਦਾ ਬੀਤੇ ਉੱਪਰ ਨਿਯੰਤਰਣ ਰਿਹਾ ਹੋਵੇ ਉਹੀ ਭਵਿੱਖ ਨੂੰ ਕੰਟਰੋਲ ਕਰਦਾ ਹੈ ਅਤੇ ਜਿਹੜਾ ਵਰਤਮਾਨ ਨੂੰ ਕੰਟਰੋਲ 'ਚ ਰੱਖਦਾ ਹੋਵੇ ਉਹ ਬੀਤੇ ਤੇ ਕੰਟਰੋਲ ਰੱਖਦਾ ਹੈ।

*- ਜਾਰਜ ਆਰ ਵੈਲ*

ਆਉਣ ਵਾਲੀਆਂ ਨਸਲਾਂ ਦੇ ਹਿਤਾਂ ਬਾਰੇ ਸੋਚੇ ਸਮਝੇ ਬਿਨਾਂ ਧਰਤੀ ਨੂੰ ਖਾਤਮੇ ਦੇ ਕੰਢੇ ਤੇ ਪਹੁੰਚਾ ਦੇਣਾ ਵੀ ਸ਼ਰੇਆਮ ਹਿੰਸਾ ਦਾ ਹੀ ਪ੍ਰਦਰਸ਼ਨ ਹੈ।

*- ਮਹਾਤਮਾ ਗਾਂਧੀ*

ਭਵਿੱਖ ਦਾ ਮਤਲਬ ਇਹ ਹੈ ਕਿ ਅਣਗਿਣਤ ਸੰਭਾਵਨਾਵਾਂ ਮੌਜੂਦ ਹਨ ਪਰ ਇਨ੍ਹਾਂ ਸੰਭਾਵਨਾਵਾਂ ਨੂੰ ਅਮਲ ਵਿਚ ਲਿਆਉਣ ਲਈ ਮਨੁੱਖ ਦੀ ਕਲਪਨਾ ਦੀ



Sri Satguru Jagjit Singh Ji eLibrary NamdhariElibrary@gmail.com

ਲੋੜ ਹੈ।

*- ਲੇ ਲੈਂਡ ਕੈਸਰ*

ਮੇਰੀ ਰਾਏ ਹੈ ਜੋ ਅੱਜ ਕੀਤਾ ਜਾ ਸਕਦਾ ਹੈ ਉਸਨੂੰ ਕੱਲ੍ਹ ਉਤੇ ਨਾ ਛੱਡੋ ਕੱਲ੍ਹ ਉਤੇ ਕੰਮ ਪਾਉਣ ਦਾ ਮਤਲਬ ਹੈ ਸਮੇਂ ਦੀ ਚੋਰੀ।

*- ਚਾਰਲਸ ਲੈਂਬ*

ਗਿਆਨੀ ਉਹ ਹੈ ਜੋ ਵਰਤਮਾਨ ਨੂੰ ਠੀਕ ਤਰ੍ਹਾਂ ਪੜ੍ਹ ਸਕੇ ਅਤੇ ਪ੍ਰਸਥਿਤੀਆਂ ਅਨੁਸਾਰ ਚੱਲ ਸਕੇ ਗਿਆਨੀ ਕਿਸੇ ਚੀਜ਼ ਦੇ ਨਾ ਮਿਲਣ ਦਾ ਅਫ਼ਸੋਸ ਨਹੀਂ ਕਰਦਾ।

*- ਹੋਮਰ ਅੰਗਰੇਜੀ ਫਿਲਾਸਫਰ*

ਅਤੀਤ ਕਿੰਨਾ ਵੀ ਦੁਖਦਾਈ ਰਿਹਾ ਹੋਵੇ ਉਸ ਦੀਆਂ ਯਾਦਾਂ ਹਮੇਸ਼ਾ ਮਿੱਠੀਆਂ ਹੁੰਦੀਆਂ ਹਨ।

*- ਮਹਾਤਮਾ ਗਾਂਧੀ*

ਗੱਡੀ ਉਮਰ ਪਿਆਰਿਆ ਤੇਰੀ ਤੇਜ ਰਫ਼ਤਾਰ ਚਲਦੀ, ਕਈ ਟੇਸ਼ਨ ਪਿੱਛੇ ਛੱਡ ਆਈ ਅੱਖੀਆਂ ਨੂੰ ਖੋਲ ਗਾਫਲਾ, ਨਿਆਣੀ ਉਮਰ ਗੁਜਰ ਗਈ ਤੇਰੀ ਉਦੋਂ ਕੁਝ ਸੁੱਝਿਆ ਨਹੀਂ, ਹੋਸ਼ ਨਹੀਂ ਸੀ ਸਰੀਰ ਦੀ ਤੈਨੂੰ ਮਾਤਾ ਪਿਤਾ ਪਾਲਦੇ ਰਹੇ, ਸੁੱਕੀ ਜਗ੍ਹਾ ਤੇ ਸਵਾਇਆ ਤੈਨੂੰ, ਗਿੱਲੀ ਜਗ੍ਹਾ ਮਾਈ ਮੱਲ ਦੀ ਬੜੀ। ਕਰੜੀ ਘਾਲਣਾ ਘਾਲੀ ਭਾਗਾਂ ਭਰੀ ਅੰਮੜੀ ਨੇ, ਦੱਸੇ ਜਾਂਦੇ ਨੀ ਜੋ ਖਾਤਰ ਤੇਰੀ ਜਿਹੜੇ ਦੁੱਖ ਮਾਤਾ ਨੇ ਸਹੇ। ਅੱਜ ਜਿਸ ਦਾ ਨਿਰਾਦਰ ਕਰਦੈਂ ਕਿੱਥੇ ਭਲਾ ਹੋਊ ਗਾਫਲਾ। ਫੇਰ ਕਹਿਰ ਦੀ ਜਵਾਨੀ ਆਈ, ਚਾਲਾਂ ਬਦਲ ਗਈਆਂ, ਧੌਣ ਆਕੜੀ ਸੀਸ ਨਹੀਂ ਨਿਉਂਦਾ ਤਿੰਨ ਤਿੰਨ ਟੌਰੇ ਛੱਡਕੇ, ਮਾਈ ਬਾਪ ਨੂੰ ਬੁਰੇ ਬੋਲ ਬੋਲਦਾ ਕਿੱਥੇ ਰਹਿਗੀ ਸੇਵਾ ਕਰਨੀ, ਗੁਰੂ ਪੀਰ ਤੇ ਸਿਆਣੇ ਬੰਦੇ ਜਿਹੜੇ, ਉਹ ਨਾ ਨੂੰ ਮਖੌਲ ਕਰਦਾ, ਨੇਕੀ ਕੋਈ ਨਾ ਜਵਾਨੀ ਵਿਚ ਕੀਤੀ ਜੋਬਨ ਬੀਤ ਗਿਆ, ਵਿਸ਼ੇ ਠੱਗਾਂ ਨੇ ਜਵਾਨੀ ਠੱਗਲੀ ਹੋਸ਼ ਨਾ ਸੰਭਾਲੀ ਮੂਰਖਾ, ਜੋਰ ਘਟਿਆ ਜਿਸਮ ਚੋਂ ਸਾਰੇ ਅੱਖੀਆਂ ਦੀ ਰੋਸ਼ਨੀ ਘਟੀ, ਕਾਲੇ ਕੇਸ ਵੀ ਚਿੱਟੇ ਹੋ ਗਏ ਸਾਰੇ ਪੈਰਾਂ ਨੇ ਵੀ ਚਾਲ ਛੱਡਤੀ। ਟੁੱਟੇ ਵੇਲ ਤੋਂ ਕਵਲ ਫੁੱਲ ਵਾਂਗੂ ਚਿਹਰੇ ਉਤੋਂ ਨੂਰ ਉੱਡ ਗਿਆ। ਨੇੜੇ ਦਿਸਦਾ ਨਿਸ਼ਾਨਾ ਅਗਲਾ ਪਿੱਛੇ ਪਿੱਛਾ ਦੂਰ ਰਹਿ ਗਿਆ। ਖੱਟੀ ਖੱਟਲੈ ਧਰਮ ਦੀ ਕੋਈ ਲੇਖੇ ਲਾ ਲੈ ਰੈਹਿੰਦੀ ਰਾਸ ਨੂੰ, ਕਵੀ ਆਲਮ ਕਹੇ ਇਹ ਵੇਲਾ ਮੁੜਕੇ ਫੇਰ ਨਹੀਂ ਥਿਔਣਾ ਪਊ ਵੇਲੇ ਬੀਤ ਗਏ ਤੋਂ ਪਛਤੌਣਾ।

*- ਕਵੀ ਨਿਧਾਨ ਸਿੰਘ ਆਲਮ*

ਵਿਰਾਸਤ ਦੀ ਸੰਭਾਲ ਕਰਨੀ ਹੀ ਸਭਿਅਤਾ ਦੀ ਨਿਸ਼ਾਨੀ ਹੈ।

*- ਲੀ ਕਾਰ ਬੂਜੀਏ*

ਜੇਕਰ ਤੁਸੀਂ ਬੀਤੇ ਸਮੇਂ ਤੇ ਪਿਸਤੌਲ ਨਾਲ ਗੋਲੀ ਚਲਾਉਗੇ ਤਾਂ ਭਵਿੱਖ ਤੁਹਾਨੂੰ ਤੋਪਾਂ ਨਾਲ ਉਡਾਏਗਾ।

*- ਰਸੂਲ ਹਮਜਾ ਤੋਵ*

ਜਿਹੜੇ ਲੋਕ ਪਿੱਛਾਂਹ ਆਪਣੇ ਵੱਡੇ ਵਡੇਰਿਆਂ ਵੱਲ ਨਹੀਂ ਦੇਖਦੇ ਉਹ ਆਪਣੀਆਂ ਅਗਲੀਆਂ ਨਸਲਾਂ ਦਾ ਭਵਿੱਖ ਨਹੀਂ ਸੋਚ ਸਕਦੇ।

*- ਐਡਿ ਮੰਡ ਬਰਕ*



Sri Satguru Jagjit Singh Ji eLibrary NamdhariElibrary@gmail.com

ਬੀਤੇ ਦੀਆਂ ਹੰਢਾਈਆਂ ਗਲਤੀਆਂ ਤੇ ਮੁਸੀਬਤਾਂ ਨੂੰ ਝੂਰਦੇ ਰਹਿਣ ਅਤੇ ਭਵਿੱਖ ਦੀ ਅਨਿਸਚਿਤਤਾ ਦਾ ਸੰਤਾਪ ਹੰਢਾਉਂਦੇ ਰਹਿਣ ਨਾਲ ਵਰਤਮਾਨ ਨੂੰ ਚੰਗੇਰਾ ਬਣਾਉਣ ਲਈ ਜੂਝੋ।

*- ਗੁਰਦਾਸ ਸਿੰਘ ਨਿਰਮਾਣ ਦੀ ਪੁਸਤਕ ਸਫਲ ਜੀਵਨ ਦਾ ਰਾਜ਼ ਵਿਚੋਂ*

ਦੁਨੀਆਂ ਭਰ ਦੇ ਜੋਤਸ਼ੀ ਅਤੇ ਨਜੂਮੀ ਦੂਜਿਆਂ ਦੀ ਪੇਸੀਨ ਗੋਈ ਕਰਕੇ ਆਪਣਾ ਪੇਟ ਪਾਲਦੇ ਹਨ ਹੱਡ ਪੈਰ ਚਲਾਕੇ ਨਹੀਂ। ਫੁੱਟਪਾਥ ਤੇ ਬੋਰੀ ਵਿਛਾਕੇ ਬੈਠਾ ਜੋਤਸੀ ਆਪਣੀ ਰੇਖ ਵਿਚ ਮੇਖ ਮਾਰਨ ਜੋਗਾ ਨਹੀਂ ਹੁੰਦਾ। ਨਿੱਕੇ ਜਿਹੇ ਪਿੰਜਰੇ ਵਿਚ ਕੈਦ ਤੋਤਾ ਥੋੜੀ ਦੇਰ ਲਈ ਉਦੋਂ ਹੀ ਬਾਹਰ ਨਿਕਲਦਾ ਹੈ ਜਦੋਂ ਕਿਸੇ ਦੀ ਭਵਿੱਖਬਾਣੀ ਕਰਨ ਲਈ ਪਰਚੀ ਚੁੱਕਣੀ ਹੋਵੇ। ਜਿਸ ਤੋਤੇ ਦੀ ਆਪਣੀ ਕਿਸਮਤ ਪਿੰਜਰੇ ਵਿੱਚ ਕੈਦ ਹੋਵੇ ਉਹ ਭਲਾ ਦੂਜਿਆਂ ਦੀ ਭਵਿੱਖਬਾਣੀ ਕੀ ਕਰੇਗਾ।

*- ਵਰਿੰਦਰ ਵਾਲੀਆ ਸੰਪਾਦਕ ਪੰ. ਟ੍ਰਿਬਿਊਨ*

ਅੱਜ ਦੀ ਨਵੀਂ ਪੀੜ੍ਹੀ ਨੂੰ ਬਾਪੂ, ਵੱਡਾ ਬਾਪੂ, ਚਾਚਾ, ਵੱਡਾ ਚਾਚਾ, ਤਾਇਆ ਤਾਈ ਆਦਿ ਸਾਡੇ ਪੁਰਾਣੇ ਰਿਸ਼ਤਿਆਂ ਦਾ ਪਤਾ ਹੀ ਨਹੀਂ ਰਿਹਾ ਸਿਰਫ ਆਂਟੀ ਅੰਕਲ ਤੱਕ ਸਿਮਟ ਗਈ ਹੈ ਸਾਡੀ ਪੀੜ੍ਹੀ। ਨਵੀਂ ਪੀੜ੍ਹੀ ਨੂੰ ਆਪਣੇ ਦਾਦੇ ਦਾਦੀ, ਨਾਨੀ ਨਾਨਾ ਤੱਕ ਦੇ ਨਾਂ ਯਾਦ ਨਹੀਂ ਸਭਿਆਚਾਰ ਕਿੱਥੋਂ ਪਤਾ ਕਰਨਗੇ। ਸਾਨੂੰ ਆਪਣੇ ਪੁਰਖਿਆਂ ਚਾਚਿਆਂ, ਤਾਇਆਂ, ਦਾਦਿਆਂ, ਪੜਦਾਦਿਆਂ, ਨਾਨੀ ਨਾਨਿਆਂ ਆਦਿ ਦੀ ਬੰਸਾਵਲੀ ਬਣਾਕੇ ਘਰ ਰੱਖਣੀ ਚਾਹੀਦੀ ਹੈ ਤਾਂ ਕਿ ਨਵੀਂ ਪੀੜ੍ਹੀ ਨੂੰ ਸਾਡੇ ਪੁਰਖਿਆਂ ਬਾਰੇ ਜਾਣਕਾਰੀ ਮਿਲਦੀ ਰਹੇ। ਲੋੜ ਹੈ ਅਜਿਹੇ ਲੁਪਤ ਹੁੰਦੇ ਜਾ ਰਹੇ ਸਰੋਕਾਰਾਂ ਤੇ ਸਭਿਆਚਾਰ ਨੂੰ ਬਚਾਉਣ ਦੀ।

*- ਗੁਰਜੰਟ ਕਲਸੀ ਲੰਡੇ*

ਲੋਕ ਚਿੰਤਾ ਕਰਦੇ ਹਨ ਕਲ੍ਹ ਕੀ ਹੋਵੇਗਾ ਚਿੰਤਾ ਇਹ ਕਰਨੀ ਚਾਹੀਦੀ ਹੈ ਕਿ ਜੋ ਅੱਜ ਕਰ ਰਹੇ ਹਾਂ ਉਸ ਦੇ ਕਲ੍ਹ ਕੀ ਸਿੱਟੇ ਨਿਕਲਣਗੇ। ਜਦੋਂ ਤੱਕ ਕਿਸੇ ਸਮਾਜ ਵਿਚ ਲਿਖਣ ਦੀ ਸਹੂਲਤ ਨਹੀਂ ਉਪਜਦੀ ਉਦੋਂ ਤੱਕ ਉਸ ਸਮਾਜ ਵਿਚ ਇਤਿਹਾਸ ਹੋਂਦ ਵਿਚ ਨਹੀਂ ਆਉਂਦਾ।

*- ਨਰਿੰਦਰ ਸਿੰਘ ਕਪੂਰ*



Sri Satguru Jagjit Singh Ji eLibrary NamdhariElibrary@gmail.com

# ਜ਼ਿੰਦਗੀ, ਜੀਵਨ

ਸਾਡਾ ਜੀਵਨ ਉਸ ਦਿਨ ਖਤਮ ਹੋਣ ਲੱਗਦਾ ਹੈ ਜਿਸ ਦਿਨ ਅਸੀਂ ਮਹੱਤਵਪੂਰਨ ਮਸਲਿਆਂ ਉੱਪਰ ਚੁੱਪੀ ਸਾਧ ਲੈਂਦੇ ਹਾਂ।

*- ਮਾਰਟਿਨ ਲੂਥਰ ਕਿੰਗ*

ਜਿੰਦਾ ਰਹਿਣ ਨੂੰ ਤਾਂ ਕੀਟ ਪਤੰਗੇ ਵੀ ਰਹਿੰਦੇ ਹਨ ਪਰ ਮਨੁੱਖ ਨੂੰ ਕੀਟ ਪਤੰਗਿਆਂ ਦੀ ਤਰ੍ਹਾਂ ਨਹੀਂ ਜਿਉਣਾ ਚਾਹੀਦਾ।

*- ਹਰਕ੍ਰਿਸਨ ਪ੍ਰੇਮੀ*

ਅਸੀਂ ਜਿਸ ਤਰ੍ਹਾਂ ਮਰਜੀ ਜਿੰਦਾ ਰਹੀਏ ਪਰ ਆਖਿਰ ਵਿਚ ਅਸੀਂ ਮੌਤ ਦੀ ਅਗੋਸ਼ ਵਿਚ ਹੀ ਗੁਆਚਣਾ ਹੈ।

*- ਸ਼ੈਕਸਪੀਅਰ*

ਦੂਜੇ ਵਿਅਕਤੀ ਖਾਣ ਲਈ ਜਿਉਂਦੇ ਹਨ ਮੈਂ ਜਿਉਣ ਲਈ ਖਾਂਦਾ ਹਾਂ।

*- ਸੁਕਰਾਤ*

ਜ਼ਿੰਦਗੀ ਨੂੰ ਸਹਿਜ ਰੂਪ ਅਤੇ ਸਮੁੱਚਤਾ ਵਿਚ ਦੇਖੋ।

*- ਮੈਥਊ ਅਰਨੋਲਡ*

ਸਚਾਈ ਵਡਮੁੱਲੀ ਹੈ ਪਰ ਸਚਾਈ ਨਾਲ ਜਿਊਣਾ ਉਸ ਤੋਂ ਵੀ ਵੱਡਮੁੱਲਾ ਹੈ।

*- ਸ੍ਰੀ ਗੁਰੂ ਨਾਨਕ ਦੇਵ ਜੀ*

ਸੱਚ ਤੇ ਭਲਾਈ ਉਪਰ ਉਸਰਿਆ ਜੀਵਨ ਹੀ ਦੂਜਿਆਂ ਨੂੰ ਅਗਵਾਈ ਦੇਣ ਵਾਲਾ ਤੇ ਮਾਣ ਮੱਤਾ ਹੁੰਦਾ ਹੈ।

*- ਸਵੇਟ ਮਾਰਡਨ*

ਜ਼ਿੰਦਗੀ ਦੀ ਸਟੇਜ ਉਤੇ ਸਭ ਤੋਂ ਵੱਡਾ ਦੁਖਾਂਤ ਉਦੋਂ ਹੁੰਦਾ ਹੈ ਜਦੋਂ ਆਦਮੀ ਅੱਖਾਂ ਹੁੰਦਿਆਂ ਤੱਕ ਨਹੀਂ ਸਕਦਾ, ਕੰਨ ਹੁੰਦਿਆਂ ਸੁਣ ਨਹੀਂ ਸਕਦਾ ਤੇ ਦਿਮਾਗ ਹੁੰਦਿਆਂ ਸੋਚ ਨਹੀਂ ਸਕਦਾ।

*- ਨਾਨਕ ਸਿੰਘ*

ਦੂਜਿਆਂ ਦਾ ਖਿਆਲ ਰੱਖਣਾ ਅਤੇ ਉਨ੍ਹਾਂ ਦੀ ਚਿੰਤਾ ਕਰਨੀ ਇਕ ਚੰਗੇ ਸਮਾਜ ਅਤੇ ਜੀਵਨ ਦਾ ਮੁਢਲਾ ਸਿਧਾਂਤ ਹੈ।

*- ਕਨਫਿਊਸ਼ੀਅਸ*

ਜੀਵਨ ਵਿਚ ਅਜਿਹੀ ਕੋਈ ਚੀਜ਼ ਨਹੀਂ ਜਿਸ ਤੋਂ ਡਰਿਆ ਜਾਵੇ ਸਿਰਫ਼ ਸਮਝਣ ਦੀ ਲੋੜ ਹੁੰਦੀ ਹੈ।

*- ਮੇਰੀ ਕਿਊਰੀ*

ਜਦੋਂ ਤੁਸੀਂ ਆਪਣੇ ਜੀਵਨ ਦਾ ਮਹੱਤਵ ਸਮਝੋਗੇ ਤਾਂ ਦੂਜਿਆਂ ਨੂੰ ਵੀ ਮਹੱਤਵ ਦਿਓਗੇ।

*- ਅਗਿਆਤ*

ਜੀਵਨ ਛੋਟੇ ਜੀਵਾਂ ਦੀ ਰੱਖਿਆ ਕਰਨ ਨਾਲ ਸਫਲ ਹੁੰਦਾ ਹੈ ਉਨ੍ਹਾਂ ਦੀ



Sri Satguru Jagjit Singh Ji eLibrary NamdhariElibrary@gmail.com

ਤਬਾਹੀ ਨਾਲ ਨਹੀਂ।

*- ਜੇਮਜ਼ੀ ਐਲਨ*

ਆਤਮਾ ਅਮਰ ਹੈ ਪਰ ਜੀਵਨ ਚੱਕਰ ਥੋੜਾ ਹੈ ਇਸ ਲਈ ਆਪਣੇ ਅੱਗੇ ਇਕ ਆਦਰਸ਼ ਖੜਾ ਕਰੋ ਅਤੇ ਉਸ ਪ੍ਰਤੀ ਆਪਣਾ ਜੀਵਨ ਸਮਰਪਿਤ ਕਰ ਦਿਓ।

*- ਸਵਾਮੀ ਵਿਵੇਕਾਨੰਦ*

ਜਿਹੜੇ ਲੋਕ ਹੋਰਨਾਂ ਦੀ ਜ਼ਿੰਦਗੀ ਵਿਚ ਖੁਸ਼ੀਆਂ ਦੀ ਰੌਸ਼ਨੀ ਲਿਆਉਂਦੇ ਹਨ, ਉਨ੍ਹਾਂ ਦੀ ਆਪਣੀ ਦੁਨੀਆਂ ਵਿਚ ਕਦੇ ਹਨੇਰਾ ਨਹੀਂ ਹੋ ਸਕਦਾ।

*- ਨਾਵਲਿਸਟ ਨਾਨਕ ਸਿੰਘ*

ਸ਼ੱਕ ਦੀ ਇਕ ਨਿੱਕੀ ਜਿਹੀ ਚੰਗਿਆੜੀ ਸਾਡੇ ਜੀਵਨ ਨੂੰ ਤਬਾਹ ਕਰ ਦਿੰਦੀ ਹੈ।

*- ਨਾਵਲਿਸਟ ਨਾਨਕ ਸਿੰਘ*

ਜੋ ਦੂਜਿਆਂ ਦੇ ਜੀਵਨ ਦੇ ਹਨੇਰੇ ਵਿਚ ਆਸ ਦਾ ਚਾਨਣਾ ਕਰਦੇ ਹਨ। ਉਨ੍ਹਾਂ ਦਾ ਕਦੇ ਵੀ ਨਾਸ਼ ਨਹੀਂ ਹੋਵੇਗਾ। ਉਹ ਸਦਾ-ਸਦਾ ਦੇ ਲਈ ਅਮਰ ਹਨ। ਉਨ੍ਹਾਂ ਦਾ ਨਾਂ ਸਦਾ ਜਿਉਂਦਾ ਜਾਗਦਾ ਰਹੇਗਾ।

*- ਸਵੇਟ ਮਾਰਡਨ*

ਜੀਵਨ ਇਕ ਬਾਜ਼ੀ ਵਾਂਗ ਹੈ। ਹਾਰ ਜਿੱਤ ਤਾਂ ਸਾਡੇ ਹੱਥ ਨਹੀਂ ਪਰ ਬਾਜ਼ੀ ਖੇਡਣਾ ਸਾਡੇ ਹੱਥ ਵਿਚ ਹੈ।

*- ਅਗਿਆਤ*

ਸਾਡਾ ਜੀਵਨ ਅਜਿਹਾ ਹੋਵੇ ਜਿਸ ਨਾਲ ਸਾਨੂੰ ਵੀ ਸੰਤੁਸ਼ਟੀ ਮਿਲੇ ਤੇ ਹੋਰਨਾਂ ਨੂੰ ਵੀ।

*- ਮਹਾਤਮਾ ਗਾਂਧੀ*

ਜੀਣਾ ਹੀ ਜ਼ਿੰਦਗੀ ਹੈ ਭਾਵੇ ਕਣ ਕਣ ਮੁਕਾਇਆਂ ਜੀਣਾ ਪਵੇ। ਜ਼ਿੰਦਗੀ ਪਿਆਰ ਦੀ ਆਸ਼ਕ ਹੈ ਪਰ ਜਵਾਨੀ ਪਿਆਰ ਵਿਚ ਕਤਲ ਹੋ ਜਾਂਦੀ ਹੈ ਫਿਤਰਤ ਜ਼ਿੰਦਗੀ ਨੂੰ ਉਸ ਦੀਆਂ ਲੋੜਾਂ ਅਨੁਸਾਰ ਹਸਾਂਦੀ ਅਤੇ ਜ਼ਖਮੀ ਕਰਦੀ ਹੈ।

*- ਜਸਵੰਤ ਸਿੰਘ ਕੰਵਲ*

ਵਰਤਮਾਨ ਦੌਰ ਦਾ ਬੁਨਿਆਦੀ ਤੱਥ ਇਹ ਹੈ ਕਿ ਮਨੁੱਖੀ ਜੀਵਨ ਤੇਜੀ ਨਾਲ ਬਦਲ ਰਿਹਾ ਹੈ।

*- ਪੰ. ਜਵਾਹਰ ਲਾਲ ਨਹਿਰੂ*

ਤੁਸੀਂ ਆਪਣਾ ਜੀਵਨ ਖੁਦ ਬਣਾ ਵਿਗਾੜ ਸਕਦੇ ਹੋ। ਸੋਚੋ ਅਤੇ ਕਰੋ।

*- ਅਲਵਾ ਐਡੀਸਨ*

ਮੈਂ ਜੋ ਕੁਝ ਚਾਹਿਆ ਸੋ ਪਾਇਆ ਇਸ ਲਈ ਮੈਨੂੰ ਕੀ ਕੀ ਕਰਨਾ ਪਿਆ ਇਸ ਗੱਲ ਨੂੰ ਸਿਰਫ਼ ਮੈਂ ਜਾਣਦਾ ਹਾਂ ਮੇਰਾ ਜੀਵਨ ਇਸਦਾ ਪ੍ਰਮਾਣ ਹੈ।

*- ਰੂਜਵੇਲਟ*

ਜੀਵਨ ਨਿਯਮਾਂ ਅਤੇ ਆਦਰਸ਼ਾਂ ਨਾਲ ਬੰਨ੍ਹਿਆ ਹੋਇਆ ਹੈ ਜਦੋਂ ਤੱਕ ਸਾਹ ਹੈ ਉਦੋਂ ਤੱਕ ਹਰ ਮਨੁੱਖ ਨੂੰ ਇਨ੍ਹਾਂ ਦੀ ਪਾਲਣਾ ਪੂਰਨਤਾ ਨਾਲ ਕਰਨੀ ਚਾਹੀਦੀ ਹੈ।

*- ਰਾਮ ਪ੍ਰਸਾਦ ਬਿਸਮਿਲ*



Sri Satguru Jagjit Singh Ji eLibrary NamdhariElibrary@gmail.com

ਜ਼ਿੰਦਗੀ ਦਾ ਦੀਵਾ ਉਸ ਸਮੇਂ ਬੁੱਝ ਜਾਂਦਾ ਏ ਜਦੋਂ ਹਾਸੇ ਰੂਪੀ ਤੇਲ ਮੁੱਕ ਜਾਂਦਾ ਹੈ।

*- ਵਾਲ ਟੇਅਰ*

ਜ਼ਿੰਦਗੀ ਦਾ ਇਕ ਪਲ ਕਰੋੜਾਂ ਰੁਪਏ ਖਰਚ ਕਰਨ ਤੇ ਵੀ ਨਹੀਂ ਮਿਲਦਾ।

*- ਚਾਣਿਕਿਆ*

ਆਪਣੀ ਜ਼ਿੰਦਗੀ ਵਿਚ ਨੇਮਬੱਧ ਅਤੇ ਸਲੀਕੇਦਾਰ ਬਣੋ ਤਾਂ ਜੋ ਤੁਸੀਂ ਆਪਣੇ ਕੰਮ ਵਿਚ ਵੇਗ ਪੂਰਨ ਅਤੇ ਸਹੀ ਸਿੱਧ ਹੋ ਸਕੋ।

*- ਫਲਾਬਰਟ*

ਜ਼ਿੰਦਗੀ ਭਰ ਆਪਣੇ ਗੋਡਿਆਂ ਭਾਰ ਰੀਂਗਦੇ ਹੋਏ ਜਿਉਂਦੇ ਰਹਿਣ ਨਾਲੋਂ ਆਪਣੇ ਪੈਰਾਂ ਤੇ ਖੜਕੇ ਮਰ ਜਾਣਾ ਕਿਤੇ ਚੰਗਾ ਹੁੰਦਾ ਹੈ।

*- ਐਮੀਲੀਆਨੋ ਜਾਪਤਾ*

ਸੁਪਨਿਆਂ ਨਾਲ ਰਾਤ ਗੁਜਾਰੀ ਜਾ ਸਕਦੀ ਹੈ ਸਾਰੀ ਜ਼ਿੰਦਗੀ ਨਹੀਂ।

ਨੇਕ ਬਣਨ ਲਈ ਜ਼ਿੰਦਗੀ ਲੱਗ ਜਾਂਦੀ ਹੈ ਪਰ ਬਦਨਾਮ ਹੋਣ ਵਿਚ ਇਕ ਪਲ।

*- ਅਗਿਆਤ*

ਜ਼ਿੰਦਗੀ ਦੀਆਂ ਬਹੁਤ ਸਾਰੀਆਂ ਮਹੱਤਵਪੂਰਨ ਚੀਜ਼ਾਂ ਨੂੰ ਅਸੀਂ ਉਦੋਂ ਹੀ ਪਛਾਣਦੇ ਹਾਂ ਜਦੋਂ ਅਸੀਂ ਉਨ੍ਹਾਂ ਨੂੰ ਖੋ ਦਿੰਦੇ ਹਾਂ।

*- ਸਰਤ ਚੰਦਰ*

ਜ਼ਿੰਦਗੀ ਜਿੰਨੀ ਵੀ ਵੱਡੀ ਹੋਵੇ ਸਮੇਂ ਦੀ ਬਰਬਾਦੀ ਨਾਲ ਤੁਸੀਂ ਜਿੰਨੀ ਚਾਹੋ ਛੋਟੀ ਬਣਾਈ ਜਾ ਸਕਦੀ ਹੈ।

*- ਜਾਹਨਸਨ*

ਆਮ ਆਦਮੀ ਦਾ ਜੀਵਨ ਦੁੱਖਾਂ ਅਤੇ ਸੁੱਖਾਂ ਦਾ ਗੁਲਦਸਤਾ ਹੈ ਚੰਗਾ ਵਿਅਕਤੀ ਉਹੀ ਹੈ ਜੋ ਦੁੱਖਾਂ ਤੋਂ ਹਾਰ ਨਾ ਮੰਨੇ।

*- ਅਗਿਆਤ*

ਜੋ ਸਾਨੂੰ ਹਾਸਲ ਹੁੰਦਾ ਹੈ ਉਸ ਨਾਲ ਅਸੀਂ ਜਿਊਂਦੇ ਹਾਂ ਜੋ ਅਸੀਂ ਦਿੰਦੇ ਹਾਂ ਉਸ ਨਾਲ ਅਸੀਂ ਜ਼ਿੰਦਗੀ ਸਿਰਜਦੇ ਹਾਂ।

*- ਵਿੰਸਟਨ ਚਰਚਲ*

ਜਿਹੜੇ ਸਿਆਣੇ ਹੁੰਦੇ ਹਨ ਉਹ ਜ਼ਿੰਦਗੀ ਜੋ ਕੁਝ ਦਿੰਦੀ ਹੈ ਲੈ ਲੈਂਦੇ ਹਨ ਮੂਰਖ ਕੁਝ ਨਹੀਂ ਲੈਂਦੇ।

*- ਮੈਕਸਿਮ ਗੋਰਕੀ*

ਜ਼ਿੰਦਗੀ ਸੱਤ ਰੰਗੀ ਹੈ ਪਰ ਇਹ ਨਹੀਂ ਭੁੱਲਣਾ ਚਾਹੀਦਾ ਕਿ ਇਸ ਵਿਚ ਕਾਲਾ ਰੰਗ ਵੀ ਹੁੰਦਾ ਹੈ।

*- ਯਾਵਤ੍ਰੀ ਸੇਕੂ*

ਜੀਵਨ ਖਤਮ ਹੁੰਦਾ ਜਾਂਦਾ ਹੈ ਜਦੋਂਕਿ ਅਸੀਂ ਜਿਉਣ ਦੀ ਤਿਆਰੀ ਕਰਦੇ ਰਹਿੰਦੇ ਹਾਂ।

*- ਐਮਰਸਨ*



Sri Satguru Jagjit Singh Ji eLibrary NamdhariElibrary@gmail.com

ਮੁਕਾਬਲਾ ਹੀ ਜੀਵਨ ਹੈ ਉਸ ਵਿਚ ਪਿੱਛੇ ਰਹਿਣਾ ਜੀਵਨ ਉਨਤੀ ਨੂੰ ਰੋਕਣਾ ਹੈ।

*- ਨਰਾਇਣ ਪੰਡਤ*

ਸਭਿਆਚਾਰ ਸ਼ਬਦ ਦੇ ਅਰਥ ਦਾ ਸੰਚਾਰ ਏਨਾ ਕੁ ਸਰਲ ਹੋਣਾ ਚਾਹੀਦਾ ਹੈ ਕਿ ਉਹ ਜੀਵਨ ਨੂੰ ਜਿਊਣ-ਜੋਗਾ ਬਣਾ ਦੇਵੇ।

*- ਟੀ. ਐਸ. ਈਲੀਅਟ*

ਜ਼ਿੰਦਗੀ ਦੀ ਸਭ ਤੋਂ ਕੀਮਤੀ ਗੱਲ ਇਹ ਨਹੀਂ ਹੁੰਦੀ ਕਿ ਤੁਹਾਨੂੰ ਕੀ ਹਾਸਲ ਹੋਇਆ ਹੈ ਸਗੋਂ ਇਹ ਹੁੰਦੀ ਹੈ ਕਿ ਤੁਸੀਂ ਖੁਦ ਕੀਮਤੀ ਤੋਹਫ਼ੇ ਹੋ ਗਏ ਹੋ।

*- ਇਹਸਟੀਫਨ*

ਮੌਤ ਇਕ ਅਜਿਹੀ ਰੰਗੀਨ ਜਿੱਤ ਹੈ ਜਿਸ ਨੂੰ ਜਿੱਤਣ ਤੋਂ ਬਾਅਦ ਸਭ ਕੁਝ ਹਾਰ ਜਾਈਦਾ ਹੈ।

*- ਅਗਿਆਤ*

ਕੌਮ ਦੀ ਕੌਮ ਹੀ ਤਦ ਲਾਸ਼ ਬਣ ਜਾਂਦੀ ਹੈ ਜਦ ਆਦਰਸ਼ ਦੀ ਤੀਬਰਤਾ ਜ਼ਿੰਦਗੀ ਦੇ ਦੁੱਖ ਤੇ ਦਰਦ ਦੀਆਂ ਡੂੰਘਾਈਆਂ ਦੀ ਸਾਦਗੀ ਨੂੰ ਛੱਡ ਦੇਵੇ।

*- ਅਗਿਆਤ*

ਜ਼ਿੰਦਗੀ ਭਰ ਆਪਣੇ ਗੋਡਿਆਂ ਭਾਰ ਲੰਘਦੇ ਹੋਏ ਜਿਉਂਦੇ ਰਹਿਣ ਨਾਲੋਂ ਪੈਰਾਂ ਤੇ ਖੜਕੇ ਮਰ ਜਾਣਾ ਚੰਗਾ ਹੁੰਦਾ ਹੈ।

*- ਡਿਜਰੇਲੀ*

ਸਾਨੂੰ ਅਜਿਹਾ ਜੀਵਨ ਜਿਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਜਦੋਂ ਸਾਡੀ ਮੌਤ ਦੀ ਘੜੀ ਆਵੇ ਤਾਂ ਦਫਨਾਉਣ ਵਾਲੇ ਨੂੰ ਅਫਸੋਸ ਨਾ ਹੋਵੇ।

*- ਮਾਰਕ ਟਵੈਨ*

ਜ਼ਿੰਦਗੀ ਬੜੀ ਖੁਸ਼ਗਵਾਰ ਹੈ ਮੌਤ ਬੜੀ ਚੈਨ ਵਾਲੀ ਹੈ ਬਸ ਵਿਚਕਾਰਲਾ ਸਮਾਂ ਹੀ ਔਖਾ ਹੈ।

*- ਆਈ ਜੈਕ ਐਸੀ ਮੌਵ*

ਜੀਵਨ ਦੀਆਂ ਦੋ ਸਥਿਤੀਆਂ ਹੀ ਦੁਖਦਾਈ ਹੁੰਦੀਆਂ ਹਨ ਇਕ ਆਸ਼ਾਵਾਂ ਦਾ ਪੂਰਾ ਹੋ ਜਾਣਾ ਦੂਜਾ ਇਨ੍ਹਾਂ ਦਾ ਪੂਰਾ ਨਾ ਹੋਣਾ।

*- ਬਰਨਾਰਡ ਸ਼ਾਹ*

ਤੇਰੀ ਕਿਸਮਤ ਜਾਂ ਤੇਰਾ ਜੀਵਨ ਭਾਗ ਤੈਨੂੰ ਢੂੰਡਦਾ ਰਹਿੰਦਾ ਹੈ ਸੋ ਇਸ ਦੇ ਮਗਰ ਮਗਰ ਭਟਕਣ ਨਾਲੋਂ ਟਿਕਕੇ ਬਹਿਜਾ।

*- ਐਮਰਸਨ*

ਜੇ ਤੁਹਾਨੂੰ ਆਪਣੇ ਜੀਵਨ ਨਾਲ ਪਿਆਰ ਹੈ ਤਾਂ ਸਮੇਂ ਨੂੰ ਵਿਅਰਥ ਨਾ ਗਵਾਉ ਕਿਉਂਕਿ ਜੀਵਨ ਇਸ ਦੇ ਨਾਲ ਹੀ ਬਣਿਆ ਹੈ।

*- ਬੈਜਾਮਿਨ ਫਰੈਂਕਲਿਨ*

ਜ਼ਿੰਦਗੀ ਬਹੁਤ ਨਿੱਕੀ ਹੈ ਇਸਨੂੰ ਨਸ਼ਟ ਨਾ ਕਰੋ।

*- ਐਮਰਸਨ*

ਜ਼ਿੰਦਗੀ ਕੁਝ ਕਰ ਗੁਜ਼ਰਨ ਅਤੇ ਸਮੇਂ ਦੀ ਹਿੱਕ ਤੇ ਪੈੜਾਂ ਪਾਉਣ ਦਾ ਨਾਂ



Sri Satguru Jagjit Singh Ji eLibrary NamdhariElibrary@gmail.com

ਹੈ ਸੋ ਸਵਾਲ ਇਹ ਨਹੀਂ ਹੈ ਕਿ ਅਸੀਂ ਕਿੰਨਾ ਚਿਰ ਜਿਊਂਦੇ ਹਾਂ ਸਵਾਲ ਇਹ ਹੈ ਕਿ ਅਸੀਂ ਸਮਾਜ ਅਤੇ ਇਨਸਾਨੀਅਤ ਦੀ ਬਿਹਤਰੀ ਲਈ ਕੀ ਕਰਦੇ ਹਾਂ।

*-ਡਾ. ਹਰਚੰਦ ਸਿੰਘ ਸਰਹਿੰਦੀ*

ਜ਼ਿੰਦਗੀ ਦਾ ਕੋਈ ਮਹੱਤਵ ਨਹੀਂ ਕੋਈ ਕਿੰਨਾ ਜੀਵਿਆ ਗੱਲ ਇਹ ਹੈ ਕਿ ਕੋਈ ਕਿਵੇਂ ਜੀਵਿਆ। ਜ਼ਿੰਦਗੀ ਨੂੰ ਸਾਲਾਂ ਦੀ ਮੁਟਾਈ ਨਾਲ ਨਾਪਣਾ ਠੀਕ ਸੋਚਣੀ ਦਾ ਪ੍ਰਤੀਕ ਨਹੀਂ।

*- ਜੋਹਨਸਨ*

ਇਕ ਚੰਗੀ ਜ਼ਿੰਦਗੀ ਉਹ ਹੈ ਜੋ ਪਿਆਰ ਅਤੇ ਗਿਆਨ ਤੋਂ ਕੁਝ ਸਿੱਖਦੀ ਹੈ।

*- ਰਬਿੰਦਰ ਨਾਥ ਟੈਗੋਰ*

ਹੋਰਾਂ ਲਈ ਜੀਵੀ ਗਈ ਜ਼ਿੰਦਗੀ ਹੀ ਜਿਓਣ ਯੋਗ ਜ਼ਿੰਦਗੀ ਹੈ।

*- ਆਈਨ ਸਟਾਈਨ*

ਜੋ ਲੋਕ ਹੋਰਾਂ ਦੀਆਂ ਜ਼ਿੰਦਗੀਆਂ ਵਿਚ ਸੂਰਜ ਦੀ ਰੌਸ਼ਨੀ ਲਿਆਉਂਦੇ ਹਨ ਉਹ ਆਪਣੀਆਂ ਜ਼ਿੰਦਗੀਆਂ ਤੋਂ ਇਸ ਨੂੰ ਦੂਰ ਨਹੀਂ ਰੱਖ ਸਕਦੇ।

*- ਸਕਾਇਸ ਨਾਵਲਕਾਰ ਜੇਮਸ ਮੋਕੀਊ*

ਜਿਸ ਦੀ ਔਲਾਦ ਆਗਿਆਕਾਰੀ ਹੋਵੇ, ਇਸਤਰੀ ਕਹਿਣਾ ਮੰਨੇ, ਮਨ 'ਚ ਲੋਭ ਨਾ ਹੋਵੇ ਉਹ ਜੀਵਨ 'ਚ ਸਵਰਗ ਭੋਗਦਾ ਹੈ।

*- ਚਾਣਕਿਆ*

ਜ਼ਿੰਦਗੀ ਇਕ ਮਿਹਨਤ ਤੇ ਮੁਸ਼ੱਕਤ ਦਾ ਨਾਮ ਹੈ ਵਿਹਲੇ ਨਿਕੰਮੇ ਤੇ ਹੱਡ ਹਰਾਮੀ ਬਣਨ ਦਾ ਨਾਮ ਨਹੀਂ।

*- ਚਾਣਕਿਆ*

ਅਸੀਂ ਤਰਕ ਲਈ ਹੀ ਜਿਉਂਦੇ ਹਾਂ ਮੇਰਾ ਵਿਸ਼ਵਾਸ ਹੈ ਕਿ ਲੋਕਾਂ ਨੂੰ ਹਨੇਰੇ ਵਿਚੋਂ ਬਾਹਰ ਨਿਕਲਣ ਵਿਚ ਮੱਦਦ ਕਰਨ ਲਈ ਥੋੜੇ ਤਰਕ ਦੀ ਲੋੜ ਹੁੰਦੀ ਹੈ।

*- ਹੈਨਰੀ ਡੇਵਿਡ ਥੋਰੋਓ*

ਇਹ ਵਿਸ਼ਵਾਸ ਕਰ ਲਵੋ ਕਿ ਜ਼ਿੰਦਗੀ ਜਿਓਣ ਜੋਗੀ ਹੈ ਅਤੇ ਤੁਹਾਡੇ ਵਿਸ਼ਵਾਸ ਨਾਲ ਹੀ ਜ਼ਿੰਦਗੀ ਜਿਉਣ ਜੋਗੀ ਹੋ ਜਾਵੇਗੀ।

*- ਵਿਲੀਅਮ ਜੇਮਜ਼*

ਸਮੱਸਿਆਵਾਂ ਜ਼ਿੰਦਗੀ ਦਾ ਹਿੱਸਾ ਹਨ ਅਤੇ ਜੇ ਤੁਸੀਂ ਤੁਹਾਨੂੰ ਪਿਆਰ ਕਰਨ ਵਾਲੇ ਬੰਦੇ ਨਾਲ ਇਸ ਬਾਰੇ ਗੱਲ ਨਹੀਂ ਕਰਦੇ ਤਾਂ ਤੁਸੀਂ ਉਸ ਨੂੰ ਓਨਾ ਪਿਆਰ ਕਰਨ ਦਾ ਮੌਕਾ ਨਹੀਂ ਦਿੰਦੇ ਜਿੰਨਾ ਉਹ ਤੁਹਾਨੂੰ ਕਰਨਾ ਚਾਹੁੰਦਾ ਹੈ।

*- ਦੀਨਾਹ ਸ਼ੋਰ*

ਜਿਸ ਜ਼ਿੰਦਗੀ ਦੀ ਅਸੀਂ ਯੋਜਨਾ ਬਣਾਈ ਹੈ ਉਸ ਦਾ ਤਿਆਗ ਕਰਨਾ ਜ਼ਰੂਰੀ ਹੈ ਤਾਂ ਕਿ ਉਸ ਜ਼ਿੰਦਗੀ ਨੂੰ ਹਾਸਲ ਕਰ ਸਕੀਏ ਜਿਹੜੀ ਸਾਨੂੰ ਉਡੀਕ ਰਹੀ ਹੈ।

*- ਈ. ਐਮ. ਫੋਸਟਰ*

ਹੋਰਾਂ ਲਈ ਕੰਮ ਕਰਨ ਨਾਲ ਜ਼ਿੰਦਗੀ ਕੁਝ ਕੁ ਕਸ਼ਟਦਾਇਕ ਤਾਂ ਜ਼ਰੂਰ



Sri Satguru Jagjit Singh Ji eLibrary NamdhariElibrary@gmail.com

ਹੋ ਜਾਂਦੀ ਹੈ ਪਰ ਇਹ ਭਰਪੂਰ ਅਤੇ ਖੁਸ਼ੀਆਂ ਭਰੀ ਵੀ ਹੁੰਦੀ ਹੈ।

- *ਅਲਬਰਟ ਸਵੀਜ਼ਰ*

ਜ਼ਿੰਦਗੀ ਦਾ ਸਭ ਤੋਂ ਵੱਡਾ ਭੇਤ ਇਹ ਹੈ ਕਿ ਇਸ ਵਿਚ ਕੋਈ ਭੇਤ ਨਹੀਂ ਨਿਸ਼ਾਨਾ ਕੋਈ ਵੀ ਹੋਵੇ ਜੇ ਉਸ ਦੀ ਪੂਰਤੀ ਦਾ ਇਰਾਦਾ ਹੈ ਤਾਂ ਉਸਨੂੰ ਜ਼ਰੂਰ ਹੀ ਪੂਰਾ ਕਰ ਲਵੋਗੇ।

- *ਓਪਰਾ ਵਿਨਫਰੀ*

ਜ਼ਿੰਦਗੀ ਚੰਗੇ ਪੱਤੇ ਲੈ ਕੇ ਖੇਡਣ ਦਾ ਨਹੀਂ ਸਗੋਂ ਹੱਥ ਵਿਚਲੇ ਪੱਤਿਆਂ ਨਾਲ ਚੰਗਾ ਖੇਡਣ ਦਾ ਨਾਮ ਹੈ।

- *ਜੌਸ ਬਿਲਗਜ*

ਆਪਣੇ ਸੁਪਨਿਆਂ ਨੂੰ ਸੰਜੋਅ ਕੇ ਰੱਖੋ ਕਿਉਂਕਿ ਜੇ ਸੁਪਨੇ ਹੀ ਮਰ ਗਏ ਤਾਂ ਜ਼ਿੰਦਗੀ ਇੱਕ ਐਸੇ ਪੰਛੀ ਵਰਗੀ ਬਣ ਜਾਵੇਗੀ ਜਿਸ ਦੇ ਖੰਭ ਟੁੱਟੇ ਹੋਏ ਹਨ ਅਤੇ ਜਿਹੜਾ ਉਡ ਨਹੀਂ ਸਕਦਾ।

- *ਲੈ ਗੈਸਟਨ ਹਿਊਜ*

ਕੰਮ ਕਰਨ ਦੇ ਮਾਮਲੇ ਵਿਚ ਹਮੇਸ਼ਾ ਇਸ ਤਰ੍ਹਾਂ ਸੋਚੋ ਜਿਵੇਂ ਤੁਸਾਂ ਅੱਜ ਹੀ ਮਰ ਜਾਣਾ ਹੈ ਪਰ ਜ਼ਿੰਦਗੀ ਜਿਉਣ ਵੇਲੇ ਇਸ ਤਰ੍ਹਾਂ ਸੋਚੋ ਜਿਵੇਂ ਤੁਸਾਂ ਕਦੇ ਵੀ ਨਹੀਂ ਮਰਨਾ।

- *ਅਗਿਆਤ*

ਖਬਰਦਾਰ ਰਹੋ ਤੇ ਲਾਲਚ ਤੋਂ ਬਚੋ ਕਿਉਂਕਿ ਮਨੁੱਖਾਂ ਦਾ ਜੀਵਨ ਉਨ੍ਹਾਂ ਵਸਤਾਂ ਦੀ ਬਹੁਤਾਤ ਨਹੀਂ ਹੁੰਦਾ ਜੋ ਉਸ ਕੋਲ ਹਨ।

- *ਈਸਾ ਮਸੀਹ*

ਤੁਹਾਡੇ ਜੀਵਨ ਪੰਧ ਵਿਚ ਪਹਿਲਾਂ ਹੀ ਬੜੀਆਂ ਰੁਕਾਵਟਾਂ ਹਨ ਤੁਸੀਂ ਆਪ ਰੋੜਾ ਬਣਕੇ ਇਹਨਾਂ ਵਿਚ ਵਾਧਾ ਨਾ ਕਰੋ।

- *ਰੈਲਫ ਮਾਰਸਟਨ*

ਜ਼ਿੰਦਗੀ ਇਕ ਡੂੰਘੀ ਹੌਦੀ ਦੀ ਤਰ੍ਹਾਂ ਹੈ ਤੁਸੀਂ ਇਸ ਵਿਚੋਂ ਉਹੋ ਕੁਝ ਹੀ ਕੱਢ ਸਕੋਗੇ ਜੋ ਇਸ ਵਿਚ ਪਾਉਂਦੇ ਜਾਉਗੇ।

- *ਮਲੇਹਰਰ*

ਜ਼ਰੂਰੀ ਨਹੀਂ ਕਿ ਜ਼ਿੰਦਗੀ ਉਵੇਂ ਹੀ ਚੱਲੇ ਜਿਵੇਂ ਤੁਸੀਂ ਚਾਹੋ ਤੁਹਾਡਾ ਕੰਮ ਸਿਰਫ਼ ਏਨਾ ਹੈ ਕਿ ਤੁਸਾਂ ਪਿੱਛੇ ਮੁੜਕੇ ਨਹੀਂ ਵੇਖਣਾ।

- *ਅਗਿਆਤ*

ਅਸੂਲਾਂ ਲਈ ਲੜਨਾ ਸੌਖਾ ਹੈ ਪਰ ਉਨ੍ਹਾਂ ਅਨੁਸਾਰ ਜਿਉਣਾ ਔਖਾ ਹੈ।

- *ਐਲਫਰੈਡ ਐਡਲਰ*

ਆਪਣੇ ਜੀਵਨ ਨੂੰ ਸਮੇਂ ਦੇ ਕੰਢੇ ਤੇ ਤੈਰਦੇ ਪੱਤੇ ਉੱਪਰ ਤ੍ਰੇਲ ਵਾਂਗ ਨੱਚਣ ਦਿਓ।

- *ਰਬਿੰਦਰਾ ਨਾਥ ਟੈਗੋਰ*

ਜਿਹੜਾ ਬੰਦਾ ਉਗਦੇ ਸੂਰਜ ਦੀ ਕੋਸੀ ਧੁੱਪ ਦਾ ਅਨੰਦ ਨਹੀਂ ਲੈ ਸਕਦਾ ਉਹ ਜ਼ਿੰਦਗੀ ਦੀਆਂ ਖੁਸ਼ੀਆਂ ਨੂੰ ਕਦੇ ਵੀ ਨਹੀਂ ਸਮਝ ਸਕਦਾ। - *ਸਟੀਫਨ ਪੋਟਰ*



Sri Satguru Jagjit Singh Ji eLibrary NamdhariElibrary@gmail.com

ਜ਼ਿੰਦਗੀ ਵਿਚ ਸੁਰੱਖਿਆ ਨਹੀਂ ਮਿਲਦੀ ਸਿਰਫ਼ ਮੌਕੇ ਹੀ ਮਿਲਦੇ ਹਨ ਇਨ੍ਹਾਂ ਮੌਕਿਆਂ ਦਾ ਲਾਭ ਲੈਣਾ ਸਿੱਖੋ।

*- ਡਗਲਸ ਮੈਕਰਰ ਯੁਰ*

ਜਿਉਣ ਤੋਂ ਡਰੋ ਨਾ ਵਿਸ਼ਵਾਸ ਰੱਖੋ ਕਿ ਇਹ ਜੀਵਨ ਜਿਉਣ ਦੇ ਕਾਬਲ ਹੈ ਅਤੇ ਤੁਹਾਡਾ ਇਹੀ ਵਿਸ਼ਵਾਸ ਤੱਥਾਂ ਲਈ ਸਹਾਇਕ ਸਿੱਧ ਹੋਵੇਗਾ।

*- ਵਿਲੀਅਮ ਜੇਮਸ*

ਚੰਗੀ ਸਿਹਤ ਤੇ ਚੰਗੀ ਸਮਝ ਜੀਵਨ ਦੇ ਦੋ ਸਰਬੋਤਮ ਵਰਦਾਨ ਹਨ।

*- ਲਾਰਡ ਬਾਇਰਨ*

ਸੰਸਾਰ ਦੇ ਮੰਦਰ ਇਹ ਤਾਂ ਦੱਸਦੇ ਹਨ ਕਿ ਅਮੀਰਾਂ ਲਈ ਸਵਰਗ ਜਾਣਾ ਕਿੰਨਾ ਔਖਾ ਹੈ ਪਰ ਉਹ ਨਹੀਂ ਦੱਸਦੇ ਗਰੀਬਾਂ ਲਈ ਸੰਸਾਰ ਵਿੱਚ ਜੀਣਾ ਕਿੰਨਾ ਔਖਾ ਹੈ।

*- ਮਿਲਟਨ*

ਜ਼ਿੰਦਗੀ ਕੁਝ ਕਰਦੇ ਰਹਿਣ ਦਾ ਨਾਮ ਹੈ।

*- ਡਾ. ਰਾਮਾ ਮੂਰਥੀ*

ਬਹੁਤ ਅਰਾਮ ਇੱਕ ਰੋਗ ਬਣ ਜਾਂਦਾ ਹੈ।

*- ਪ੍ਰਸਿੱਧ ਫਿਲਾਸਫਰ ਹੋਮਰ*

ਜਿਹੜੇ ਜ਼ਿੰਦਗੀ ਨੂੰ ਪਿਆਰ ਕਰਦੇ ਹਨ, ਉਨ੍ਹਾਂ ਨੂੰ ਹਰ ਸਮੇਂ ਕੁਝ ਕਰਦੇ ਰਹਿਣ ਦਾ ਇਰਾਦਾ ਅਤੇ ਇਰਾਦੇ ਦੀ ਬੁਲੰਦੀ ਦਿਮਾਗ ਨੂੰ ਜ਼ੰਗਾਲ ਲੱਗਣ ਤੋਂ ਬਚਾਉਂਦੀ ਹੈ।

*- ਅਰਸਤੂ*

ਸੋਚ ਵਿਚ ਉਚਾਈ ਅਮਲ ਵਿਚ ਸਫ਼ਾਈ ਲਗਨ ਵਿਚ ਸਚਾਈ ਇਰਾਦੇ ਦ੍ਰਿੜਤਾ ਤੇ ਮਿਹਨਤ ਵਿਚ ਸਿਰੜਤਾ ਕਿਸੇ ਕਾਰਜ ਜਾਂ ਜੀਵਨ ਸੰਘਰਸ਼ ਦੀ ਸਫ਼ਲਤਾ ਦਾ ਰਾਜ਼ ਹਨ। ਇਨ੍ਹਾਂ ਨੂੰ ਅਪਣਾਏ ਤੇ ਨਿਭਾਏ ਬਿਨਾਂ ਵੱਡੀ ਤੋਂ ਵੱਡੀ ਤਪੱਸਿਆ ਵੀ ਸਫ਼ਲ ਤੇ ਸਾਰਥਿਕ ਨਹੀਂ ਹੋ ਸਕਦੀ।

*- ਗੁਰਦਾਸ ਸਿਂਘ ਨਿਰਮਾਣ ਦੀ ਪੁਸਤਕ ਸਫਲ ਜੀਵਨ ਦਾ ਰਾਜ਼ ਵਿਚੋਂ*

ਗਲੀਜ਼ ਤੇ ਜਲੀਲ ਜ਼ਿੰਦਗੀ ਆਪਾ ਮਾਰੂ ਹੀ ਨਹੀਂ ਮਨੁੱਖਤਾ ਮਾਰੂ ਵੀ ਹੁੰਦੀ ਹੈ। ਅਜਿਹੀ ਜ਼ਿੰਦਗੀ ਦੇ ਸੌ ਸਾਲ ਜਿਉਣ ਨਾਲੋਂ ਚੰਗੇ ਤੇ ਸੁਚੱਜੇ ਅਮਲਾਂ ਦੀ ਹੈਰਤ ਤੇ ਗੈਰਤ ਵਾਲੀ ਜ਼ਿੰਦਗੀ ਦੇ ਸੌ ਦਿਨ ਕਿਤੇ ਬਿਹਤਰ ਹੁੰਦੇ ਹਨ। ਸਵੈਕੇਂਦਰਿਤ ਬਣਨ ਨਾਲੋਂ ਸਰਬ ਕੇਂਦਰਿਤ ਬਣਨਾ ਹੀ ਉਤਮ ਤੇ ਉਚਤਮ ਜੀਵਨ ਦਾ ਕਿਰਦਾਰ ਹੈ। ਇਹ ਕੁਦਰਤ ਦਾ ਉਦੇਸ਼ ਆਦੇਸ਼ ਤੇ ਸੰਦੇਸ਼ ਵੀ ਹੈ।

*- ਗੁਰਦਾਸ ਸਿਂਘ ਨਿਰਮਾਣ ਦੀ ਪੁਸਤਕ ਸਫਲ ਜੀਵਨ ਦਾ ਰਾਜ਼ ਵਿਚੋਂ*

ਜੀਵਨ ਵਿੱਚ ਸਫਲਤਾ ਹਾਸਲ ਕਰਨ ਲਈ ਵਧੀਆ ਮੌਕਿਆਂ ਦੇ ਨਾਲ ਨਾਲ ਸਵੈ ਵਿਸ਼ਵਾਸ, ਮਿਹਨਤ, ਦ੍ਰਿੜ ਇਰਾਦਾ ਤੇ ਵਿਗਿਆਨਕ ਸੋਚ ਦੀ ਲੋੜ ਹੁੰਦੀ ਹੈ ਲੋਕ ਅੰਧ ਵਿਸ਼ਵਾਸਾਂ, ਮਾਨਸਿਕ ਰੋਗਾਂ ਤੇ ਬਾਬਿਆਂ ਦੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਇਸ ਲਈ ਅੱਜ ਲੋੜ ਹੈ ਕਿ ਅਸੀਂ ਅੰਧ ਵਿਸ਼ਵਾਸੀ ਤੇ ਬਿਮਾਰ



Sri Satguru Jagjit Singh Ji eLibrary NamdhariElibrary@gmail.com

ਮਾਨਸਿਕਤਾ ਛੱਡ ਕੇ ਵਿਗਿਆਨਕ ਚੇਤਨਾ ਦਾ ਰਸਤਾ ਅਪਨਾਈਏ।

*- ਸਮੀਤ ਸਿਘ*

ਮਨੁੱਖੀ ਜ਼ਿੰਦਗੀ ਏਡੀ ਸਸਤੀ ਚੀਜ਼ ਨਹੀਂ ਕਿ ਜਿਸਨੂੰ ਜਰਾ ਜਿੰਨੀ ਕਿਸੇ ਵਲੋਂ ਕੀਤੀ ਗਈ ਜਿਆਦਤੀ ਦੇ ਬਦਲੇ ਖਤਮ ਕਰ ਦਿੱਤਾ ਜਾਵੇ।

*- ਨਾਨਕ ਸਿਘ*

ਜ਼ਿੰਦਗੀ ਵਿਚ ਹਮੇਸ਼ਾ ਸਭ ਕੁਝ ਠੀਕ ਹੀ ਹੁੰਦਾ ਰਹੇ ਅਜਿਹਾ ਕੁਝ ਨਹੀਂ ਹੁੰਦਾ। ਜੇ ਤੁਹਾਡਾ ਕੋਈ ਵਿਰੋਧ ਨਹੀਂ ਕਰ ਰਿਹਾ ਤਾਂ ਇਸ ਦਾ ਮਤਲਬ ਹੈ ਤੁਸੀਂ ਕੋਈ ਕੰਮ ਕੀਤਾ ਹੀ ਨਹੀਂ। ਜੇ ਕੋਈ ਕੰਮ ਕੀਤਾ ਹੈ ਤਾਂ ਵਿਰੋਧ ਹੋਣਾ ਲਾਜਮੀ ਹੈ। ਯਾਦ ਰੱਖਣ ਦੀ ਗੱਲ ਹੈ ਦੂਜੇ ਤੁਹਾਡੇ ਨਾਲ ਨਫ਼ਰਤ ਕਰਦੇ ਰਹਿਣ, ਉੱਕਾ ਘਬਰਾਉਣ ਦੀ ਲੋੜ ਨਹੀਂ ਕਿਉਂਕਿ ਇਸ ਤਰ੍ਹਾਂ ਉਹ ਜਿੱਤ ਨਹੀਂ ਸਕਦੇ ਪਰ ਜਿਸ ਦਿਨ ਆਪਣੇ ਕੰਮ ਕਰਨ ਦੀ ਤਾਕਤ ਅਤੇ ਹਿੰਮਤ ਦੂਜੇ ਨੂੰ ਨਫ਼ਰਤ ਕਰਨ ਉਤੇ ਤੁਸੀਂ ਲਾਉਣੀ ਸ਼ੁਰੂ ਕਰ ਦਿਓ, ਤੁਹਾਡੀ ਹਾਰ ਨਿਸ਼ਚਤ ਹੈ ਕਿਉਂਕਿ ਸਾਰੀ ਤਾਕਤ ਤਾਂ ਤੁਸੀਂ ਸੜਨ ਕੁੜ੍ਹਨ ਵਿਚ ਲਾ ਦਿੱਤੀ।

*- ਡਾ. ਹਰਸ਼ਿੰਦਰ ਕੌਰ*

ਸਮਰਪਣ ਉਨ੍ਹਾਂ ਨੌਜਵਾਨ ਵੀਰਾਂ ਅਤੇ ਭੈਣਾਂ ਨੂੰ ਜਿਨ੍ਹਾਂ ਨੇ ਆਪਣੀ ਜ਼ਿੰਦਗੀ ਦੀ ਪਵਿੱਤਰ ਰਸਮ ਵਿਆਹ ਨੂੰ ਆਪਣੀਆਂ ਵਿਅਕਤੀਗਤ ਰੁਚੀਆਂ ਦੇ ਰਸ ਭਿੰਨੇ ਮਾਹੌਲ ਦੀ ਸੁਗੰਧੀ ਨਾਲ ਸੁਖਾਵਾਂ ਪੱਧਰਾ ਬਣਾਉਣਾ ਹੈ ਤੇ ਇਸ ਪਵਿੱਤਰ ਰਸਮ ਨੂੰ ਆਪਣੇ ਬਾਪੂਆਂ ਦੇ ਵਿਆਹ ਭਾਵ ਅਖੌਤੀ ਸਮਾਜਕ ਗੱਠਜੋੜ ਹੋਣ ਤੋਂ ਪੂਰੀ ਵਾਹ ਨਾਲ ਰੋਕਣਾ ਹੈ ਤੇ ਥਾਲਾਂ ਤੇ ਮੋਹਰਾਂ ਦੇ ਲੇਖ ਨੂੰ ਵਿਗਿਆਨਕ ਦ੍ਰਿਸ਼ਟੀ ਦੇ ਗਾੜ੍ਹੇ ਤੇਜ਼ਾਬ ਨਾਲ ਸਾਫ਼ ਸੁਥਰਾ ਤੇ ਮਨੋਵਿਗਿਆਨਕ ਗੁੰਝਲਾਂ ਤੋਂ ਮੁਕਤ ਕਰਨਾ ਹੈ।

*- ਸਵਰਗੀ ਮਾਸਟਰ ਸੁਰਜੀਤ ਸਿਘ ਸੁਹਿਰਦ ਕੱਟੂ*



Sri Satguru Jagjit Singh Ji eLibrary NamdhariElibrary@gmail.com

# ਬਦਲਾ, ਬੀਜਣਾ, ਬੀਜ

ਅੱਗ ਲਗਾਉਣ ਵਾਲੇ ਹਜ਼ਾਰਾਂ ਹਨ ਬੁਝਾਉਣ ਵਾਲਾ ਹਜ਼ਾਰਾਂ ਵਿਚੋਂ ਕੋਈ ਹੀ ਹੁੰਦਾ ਹੈ।

*- ਗਾਲਬ*

ਢੁਕਵੇ ਵਿਕਲਪ ਤੋਂ ਬਿਨਾ ਕੇਵਲ ਵਿਰੋਧ ਦੀਆਂ ਲਹਿਰਾਂ ਇਛੁੱਕ ਨਤੀਜੇ ਨਹੀਂ ਕੱਢ ਸਕਦੀਆਂ।

*- ਅਗਿਆਤ*

ਬਦਲਾ ਲੈਣ ਨਾਲ ਮਨੁੱਖ ਆਪਣੇ ਦੁਸ਼ਮਣ ਦੇ ਤੁੱਲ ਹੋ ਜਾਂਦਾ ਹੈ ਨਾ ਲੈਣ ਕਾਰਨ ਉਹ ਉਸ ਨਾਲੋ ਸ੍ਰੇਸਠ ਹੋ ਜਾਂਦਾ ਹੈ।

*- ਬੇਕਨ*

ਬੇਸਕ ਲੋਹਾ ਲੋਹੇ ਨੂੰ ਕੱਟਦਾ ਹੈ ਪਰ ਅੱਗ ਨਾਲ ਅੱਗ ਕਦੇ ਨਹੀਂ ਬੁਝਦੀ।

*- ਨੀਤੀ ਵਿਗਿਆਨ*

ਸੰਸਾਰ ਬਹੁਤ ਵਿਸ਼ਾਲ ਹੈ ਅਤੇ ਮੈਂ ਆਪਣਾ ਜੀਵਨ ਟਕਰਾਓ ਵਿਚ ਖਤਮ ਨਹੀਂ ਕਰਨਾ ਚਾਹਾਂਗਾ ਜਦੋਂ ਕਿ ਇਸ ਦੀ ਰਫ਼ਤਾਰ ਵਧਾਈ ਜਾ ਸਕਦੀ ਹੈ।

*- ਫਰਾਂਸਿਸ ਵਿਲਾਰਡ*

ਜਿਹੜਾ ਬਦਲੇ ਬਾਰੇ ਸੋਚਦਾ ਹੈ ਉਹ ਆਪਣੇ ਜ਼ਖ਼ਮ ਹਰੇ ਰੱਖਦਾ ਹੈ।

*- ਫਰਾਂਸਿਸ ਬੇਕਨ*

ਬਦਲਾ ਲੈਣ ਦੀ ਖਾਹਿਸ਼ ਮਨ ਦਾ ਸਾਰਾ ਚੈਨ ਉਡਾ ਦਿੰਦੀ ਹੈ।

*- ਗੁਰਬਖਸ਼ ਸਿਘ*

ਕਬੀਰ ਐਸਾ ਬੀਜੁ ਬੋਇ ਬਾਰਹ ਮਾਸ ਫਲੰਤ॥
ਸੀਤਲ ਛਾਇਆ ਗਹਿਰ ਫਲ ਪੰਖੀ ਕੇਲ ਕਰੰਤ॥

*- ਕਬੀਰ*

ਨਰਕ ਦੇ ਬੀਜ ਬੀਜ ਕੇ ਸਵਰਗ ਦੇ ਫਲ ਦੀ ਆਸ ਕਰਨਾ ਮੂਰਖਤਾ ਹੈ।

*- ਅਗਿਆਤ*

ਅੱਜ ਦੀ ਪੈਦਾਵਾਰ ਤੋਂ ਕੋਈ ਅਨੁਮਾਨ ਨਾ ਲਗਾਓ ਉਸ ਬੀਜ ਤੋਂ ਅਨੁਮਾਨ ਲਗਾਓ ਜਿਹੜਾ ਅੱਜ ਬੀਜਿਆ ਹੈ।

*- ਰਾਬਰਟ ਲੁਈਸ ਸਟੀਵੇਨ ਸਨ*

ਕੋਈ ਫਾਇਦਾ ਨਹੀਂ ਹੈ ਫਸਲ ਬੀਜਣ ਦਾ ਜ਼ਮੀਨ ਦਾ ਜੀਵਨ ਦਾ ਜੇਕਰ ਅਜ਼ਾਦੀ ਨਹੀਂ ਮਿਲਦੀ।

*- ਰਾਲਫ ਡਬਲਿਊ ਐਮਰਸਨ*

ਪਾਪਾਂ ਦੇ ਨਾਲ ਹੀ ਸਜ਼ਾ ਦੇ ਬੀਜ ਵੀ ਬੀਜ ਦਿੱਤੇ ਜਾਂਦੇ ਹਨ।

*- ਹੈਸੀਓਡ*

ਉਹ ਮਨੁੱਖ ਜੋ ਫਲ ਖਾਂਦਾ ਹੈ, ਨੂੰ ਘੱਟੋ ਘੱਟ ਇੱਕ ਬੀਜ ਜ਼ਰੂਰ ਬੀਜਣਾ ਚਾਹੀਦਾ ਹੈ।

*- ਹੈਨਰੀ ਡੇਵਿਡ ਥੋਰੋਓ*



Sri Satguru Jagjit Singh Ji eLibrary NamdhariElibrary@gmail.com

# ਵੈਦ, ਦਵਾਈ, ਬੀਮਾਰੀ, ਰੋਗ, ਤੰਦਰੁਸਤੀ

ਵਡੇ ਵਡੇ ਜੋ ਦੀਸਹਿ ਲੋਗ॥ ਤਿਨ ਕਉ ਬਿਆਪੈ ਚਿੰਤਾ ਰੋਗ॥

*- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*

ਇਲਾਜ ਕਰਵਾਉਣ ਦੀ ਰੀਝ ਉਨ੍ਹਾਂ ਅਹਿਮ ਲੱਛਣਾਂ ਵਿਚੋਂ ਹੈ ਜੋ ਮਨੁੱਖ ਨੂੰ ਜਾਨਵਰ ਤੋਂ ਵੱਖ ਕਰਦੇ ਹਨ।

*- ਵਿਲੀਅਮ ਓਸਕਰ*

ਬਿਮਾਰੀ ਦੀ ਅਣਹੋਂਦ ਹੀ ਸਿਹਤ ਯਾਬੀ ਨਹੀਂ ਹੁੰਦੀ।

*- ਹੈਨਾ ਗਰੀਨ*

ਖੁਰਾਕ ਮਨੁੱਖ ਦਾ ਪਹਿਲਾ ਸਕੂਨ ਹੈ।

*- ਸੈਲਾ ਗ੍ਰਾਹਮ*

ਜਿੱਥੇ ਹਕੀਮ ਨਹੀਂ ਉਹ ਥਾਂ ਰਹਿਣ ਲਾਇਕ ਨਹੀਂ।

*- ਯਹੂਦੀ ਅਖਾਣ*

ਤੰਦਰੁਸਤ ਸਰੀਰ ਵਿਚ ਤੰਦਰੁਸਤ ਦਿਮਾਗ ਦਾ ਵਾਸ ਹੁੰਦਾ ਹੈ।

*- ਅਰਸਤੂ*

ਜਿਹੜਾ ਵੈਦ ਆਪਣੀ ਨਿੰਦਿਆ ਦੀ ਦੁਰਵਰਤੋਂ ਕਰਦਾ ਹੈ ਉਸ ਤੋਂ ਬੁਰਾ ਕੋਈ ਨਹੀਂ ਹੈ। ਇਸਦੇ ਬਿਲਕੁਲ ਉਲਟ ਚੱਲਣ ਵਾਲਾ ਹੀ ਮਹਾਨ ਅਖਵਾਉਂਦਾ ਹੈ।

*- ਪਤੰਜਲੀ*

ਸੁੰਦਰਤਾ ਸਰੀਰ ਦਾ ਗੁਣ ਹੈ ਜਿਸ ਤਰ੍ਹਾਂ ਗੁਣ ਰੂਹ ਦੀ ਸੁੰਦਰਤਾ ਹੈ।

*- ਐਮਰਸਨ*

ਜਦੋਂ ਕਿਸੇ ਬਿਮਾਰ ਨੂੰ ਵੇਖਣ ਜਾਓ ਤਾਂ ਉਸਨੂੰ ਇਹੀ ਕਹੋ ਤੁਸੀਂ ਜਲਦੀ ਠੀਕ ਹੋ ਜਾਓਗੇ ਤੁਹਾਡੀ ਉਮਰ ਬੜੀ ਲੰਮੀ ਹੋਵੇਗੀ ਤੁਹਾਡੇ ਇਹ ਕਹਿਣ ਨਾਲ ਭਾਵੇਂ ਉਸਦੀ ਹੋਣੀ ਤਾਂ ਨਹੀਂ ਬਦਲਣੀ ਪਰ ਉਸਦੀ ਰੂਹ ਨੂੰ ਰਾਹਤ ਜ਼ਰੂਰ ਮਿਲੇਗੀ।

*- ਹਜਰਤ ਮੁਹੰਮਦ*

ਜਦੋਂ ਕਿਸੇ ਬਿਮਾਰੀ ਦੇ ਕਈ ਇਲਾਜ ਸੁਝਾਏ ਜਾਣ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਇਹ ਬਿਮਾਰੀ ਠੀਕ ਨਹੀਂ ਹੋਵੇਗੀ।

*- ਚੇਖੋਵ*

ਅਜਵਾਇਣ ਇਕ ਅਜਿਹੀ ਬਨਸਪਤੀ ਹੈ ਜਿਸਦਾ ਉਪਯੋਗ ਪ੍ਰਚੀਨ ਕਾਲ ਤੋਂ ਹੀ ਘਰ ਘਰ ਵਿਚ ਤਕਰੀਬਨ ਹਰ ਕਿਸਮ ਦੀ ਦਾਲ ਸਬਜੀ ਅਤੇ ਕਈ ਪ੍ਰਕਾਰ ਦੇ ਖਾਣਿਆਂ ਵਿਚ ਕੀਤਾ ਜਾਂਦਾ ਹੈ ਇਸ ਨਾਲ ਖਾਣਾ ਸਵਾਦ ਲੱਗਣ ਦੇ ਨਾਲ ਨਾਲ ਪਾਚਨ ਸੰਸਥਾਨ ਨੂੰ ਵੀ ਦਰੁਸਤ ਕਰਦਾ ਹੈ। ਇਸਦੇ ਸੇਵਨ ਨਾਲ ਪੇਟ ਗੈਸ ਕਬਜ ਐਸੀਡਿਟੀ ਆਦਿ ਅਲਾਮਤਾਂ ਤੋਂ ਰਾਹਤ ਮਿਲਦੀ ਹੈ। ਪੇਟ ਦੀ ਕੀੜੇ ਨਸ਼ਟ ਹੁੰਦੇ ਹਨ। ਇਹ ਪੇਟ ਅਤੇ ਅੰਤੜੀਆਂ ਦੀ ਸੋਜ ਲਈ ਬਹੁਤ ਲਾਹੇਵੰਦ ਹੁੰਦੀ ਹੈ। ਗਰਭਵਤੀ ਔਰਤਾਂ ਵਿਚ ਹੋਣ ਵਾਲੀ ਬਦ ਹਜਮੀ ਕਾਰਨ ਉਲਟੀ ਵਿਚ ਇਸ ਦਾ ਸੇਵਨ ਬਹੁਤ ਲਾਹੇਵੰਦ ਹੁੰਦਾ ਹੈ। ਬੱਚਿਆਂ ਵਿਚ ਮਿੱਟੀ, ਕੋਲਾ, ਚਾਕ ਆਦਿ ਖਾਣ



Sri Satguru Jagjit Singh Ji eLibrary NamdhariElibrary@gmail.com

ਦੀ ਆਦਤ ਵਿਚ ਅਜਵਾਇਣ ਦਾ ਸੇਵਨ ਚੂਨੇ ਦੇ ਪਾਣੀ ਨਾਲ ਇੱਕ ਇੱਕ ਚਮਚ ਸਵੇਰੇ ਸ਼ਾਮ ਪਿਲਾਉਣ ਨਾਲ ਬਹੁਤ ਲਾਭ ਹੁੰਦਾ ਹੈ। ਅਜਵਾਇਣ ਵਿਚ ਫਾਸਫੋਰਸ, ਕੈਲਸ਼ੀਅਮ, ਲੋਹਾ, ਪੋਟਾਸ਼ੀਅਮ, ਸੋਡੀਅਮ ਆਦਿ ਖੁਰਾਕੀ ਤੱਤ ਮੌਜੂਦ ਹੁੰਦੇ ਹਨ। ਇਸ ਲਈ ਇਸ ਦੇ ਸੇਵਨ ਨਾਲ ਕਈ ਰੋਗਾਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਪ੍ਰਾਪਤ ਹੁੰਦੀ ਹੈ। ਇਸ ਦਾ ਅਰਕ ਸੇਵਨ ਗੁਰਦੇ ਦੀ ਪੱਥਰੀ ਤੋਂ ਛੁਟਕਾਰਾ ਦਿਵਾਉਂਦਾ ਹੈ।

*- ਪੰਡਤ ਹਰਦਿਆਲ*

ਭੋਜਨ ਕਰਕੇ ਇੱਕ ਮਹੂਰਤ ਤੱਕ, ਵਰਜਿਸ, ਸੰਭੋਗ, ਦੌੜ, ਜਲ ਪਾਨ, ਘੋਲ, ਗਾਉਣ ਅਤੇ ਪੜ੍ਹਨਾ ਨਹੀਂ ਚਾਹੀਦਾ।

*- ਆਤਰੇਯ*

ਚਿੰਤਾ, ਸ਼ੋਕ, ਭੈ, ਕ੍ਰੋਧ, ਦੁੱਖ, ਦਿਨੇ ਸੌਣਾ, ਰਾਤ ਨੂੰ ਜਾਗਣਾ ਇਨ੍ਹਾਂ ਕਾਰਨਾਂ ਕਰਕੇ ਉਚਿਤ ਮਾਤਰਾ ਵਿੱਚ ਅਤੇ ਪੱਥਕਾਰੀ ਭੋਜਨ ਵੀ ਚੰਗੀ ਤਰ੍ਹਾਂ ਹਜ਼ਮ ਨਹੀਂ ਹੁੰਦਾ।

*- ਚਰਕ*

ਭੋਜਨ ਦੇ ਅੰਤ ਤੇ ਮਿਠਾ, ਲੱਸੀ ਸੇਵਨ ਕਰੋ। ਦਿਨ ਦੇ ਅੰਤ ਤੇ ਦੁੱਧ ਪੀਵੋ। ਰਾਤ ਦੇ ਅੰਤ ਤੇ ਪਾਣੀ ਪੀਵੋ ਇਨ੍ਹਾਂ ਦਾ ਸਮੇਂ ਅਨੁਸਾਰ ਸੇਵਨ ਕਰਨ ਤੇ ਰੋਗ ਨਹੀਂ ਹੁੰਦੇ।

*- ਸੰਤ ਬਚਨ*

ਖੱਬੀ ਵੱਖੀ ਪਰਨੇ ਸੌਣ ਵਾਲਾ, ਦੋ ਵਾਰ ਭੋਜਨ ਕਰਨ ਵਾਲਾ, ਛੇ ਵਾਰ ਮੂਤਰ ਕਰਨ ਵਾਲਾ, ਦੋ ਵਾਰ ਪਖਾਨਾ ਕਰਨ ਵਾਲਾ ਅਤੇ ਅਲਪ ਸੰਭੋਗ ਕਰਨ ਵਾਲਾ ਮਨੁੱਖ ਸੌ ਵਰ੍ਹੇ ਦੀ ਉਮਰ ਭੋਗਦਾ ਹੈ।

*- ਵੈਦ ਪ੍ਰੀਤਮ ਸਿਘ ਰਾਹੀ*

ਜਿਸ ਦਾ ਜੋ ਦੇਸ਼ ਅੰਨੁਕੂਲ ਹੈ ਉਸ ਲਈ ਉਸ ਦੇਸ਼ ਵਿੱਚ ਜਾਂ ਕਿਸੇ ਹੋਰ ਦੇਸ਼ ਵਿੱਚ ਜਾ ਕੇ ਵਾਸਾ ਕਰਨ ਤੇ ਵੀ ਆਪਣੇ ਦੇਸ਼ ਵਿੱਚ ਪੈਦਾ ਹੋਈ ਔਸ਼ਧੀ ਹੀ ਹਿਤਕਾਰੀ ਹੁੰਦੀ ਹੈ ਜਾਂ ਫਿਰ ਜਿੱਥੇ ਆਪਣੇ ਦੇਸ਼ ਦੇ ਅਨੁਸਾਰ ਗੁਣ ਧਰਮ ਵਾਲਾ ਵਾਤਾਵਰਨ ਹੋਵੇ।

*- ਸੰਤ ਬਚਨ*

ਜਿਸ ਨੂੰ ਹਰੜ ਆਪਣੀ ਸ਼ਕਤੀ ਨਾਲ ਜਿੱਤ ਨਹੀਂ ਸਕਦੀ। ਅਜਿਹਾ ਕੋਈ ਰੋਗ ਇਸ ਸੰਸਾਰ ਵਿਚ ਨਹੀਂ। ਇਸ ਲਈ ਬੁੱਧੀਮਾਨ ਮਨੁੱਖ ਅੰਮ੍ਰਿਤ ਤੋਂ ਪੈਦਾ ਹੋਈ ਹਰੜ ਸਾਰੇ ਰੋਗਾਂ ਵਿਚ ਪ੍ਰਯੋਗ ਕਰੇ।

*- ਅਸਟਾਂਗ ਹਿਰਦੇਯੇ*

ਉਹ ਔਸ਼ਧੀ ਠੀਕ ਨਹੀਂ ਜੋ ਇੱਕ ਰੋਗ ਦੂਰ ਕਰਕੇ ਦੂਜੇ ਨੂੰ ਪੈਦਾ ਕਰਦੀ ਹੈ। ਸਗੋਂ ਸਹੀ ਔਸ਼ਧੀ ਉਹ ਹੈ ਜੋ ਰੋਗ ਨੂੰ ਸ਼ਾਂਤ ਕਰੇ ਅਤੇ ਨਵਾਂ ਰੋਗ ਪੈਦਾ ਨਾ ਕਰੇ।

*- ਚਰਕ*

ਸਦਾ ਲਈ ਹਿਤਕਾਰੀ ਅਹਾਰ ਵਿਹਾਰ ਸੇਵਨ ਕਰਨ ਵਾਲਾ, ਵਿਚਾਰ ਕਰਕੇ



Sri Satguru Jagjit Singh Ji eLibrary NamdhariElibrary@gmail.com

ਕਾਰਜ ਕਰਨ ਵਾਲਾ, ਵਿਸ਼ਿਆਂ ਦੇ ਪ੍ਰਤੀ ਅਨੁਰਾਗ ਨਾ ਰੱਖਣ ਵਾਲਾ, ਮਨੋਵਿਰਤੀ ਨੂੰ ਟਿਕਾਣੇ ਰੱਖਣ ਵਾਲਾ, ਸੱਤਵਾਦੀ, ਖਿਮਾਸ਼ੀਲ, ਦੁਖੀਆਂ ਦੀ ਸੇਵਾ ਕਰਨ ਵਾਲਾ ਮਨੁੱਖ ਨਿਰੋਗ ਰਹਿੰਦਾ ਹੈ।

*- ਚਰਕ*

ਬਹੁਤ ਜ਼ਿਆਦਾ ਪਾਣੀ ਪੀਣਾ, ਟੇਡਾ ਮੇਡਾ ਲੇਟਣਾ, ਬੈਠਣਾ, ਦਿਨੇ ਸੌਣਾ, ਰਾਤ ਨੂੰ ਜਾਗਣਾ, ਪਿਸ਼ਾਬ ਅਤੇ ਪਾਖਾਨੇ ਨੂੰ ਰੋਕਕੇ ਰੱਖਣਾ, ਇਨ੍ਹਾਂ ਕਾਰਜਾਂ ਨਾਲ ਰੋਗ ਹੁੰਦੇ ਹਨ।

*- ਵਿਕ੍ਰਮ ਚਰਿਤ*

ਜੋ ਰੋਗੀ ਆਪਣੇ ਰੋਗ ਉਸਦੇ ਕਾਰਨਾਂ ਅਤੇ ਦਵਾ ਬਾਰੇ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਸਿਆਣੇ ਵੈਦਾਂ ਤੋਂ ਇਲਾਜ ਕਰਵਾਉਣ ਵਾਲਾ ਛੇਤੀ ਹੀ ਅਰੋਗਤਾ ਪ੍ਰਾਪਤ ਕਰਦਾ ਹੈ।

*- ਸੌਦਰਾ ਨੰਦ*

ਚੌਲਾਂ ਤੋਂ ਕਈ ਗੁਣਾ ਕਣਕ ਦਾ ਆਟਾ, ਆਟੇ ਤੋਂ ਕਈ ਗੁਣਾ ਦੁੱਧ, ਦੁੱਧ ਤੋਂ ਕਈ ਗੁਣਾ ਮਾਸ ਅਤੇ ਮਾਸ ਤੋਂ ਕਈ ਗੁਣਾ ਦੁੱਧ ਪੁਸ਼ਟੀ ਕਰਨ ਹੁੰਦਾ ਹੈ।

*- ਬਿਰਧ ਚਾਣਕ*

ਸਰਦ ਰੁੱਤ ਵੈਦਾਂ ਦੀ ਮਾਤਾ, ਬਸੰਤ ਰੁੱਤ ਵੈਦਾਂ ਦਾ ਪਿਤਾ, ਕੱਤੇ ਮੱਘਰ ਦਾ ਸੰਧੀ ਕਾਲ ਵੈਦਾਂ ਦੀ ਭੈਣ ਅਤੇ ਹਿਤਕਾਰਨ ਭੋਜਨ ਕਰਨ ਵਾਲਾ ਵੈਦਾਂ ਦਾ ਸ਼ਤਰੂ ਹੁੰਦਾ ਹੈ।

*- ਸੰਤ ਬਚਨ*

ਉੱਚਿਤ ਮਾਤਰਾ ਵਿੱਚ ਭੋਜਨ ਕਰਨ ਵਾਲੇ ਨੂੰ ਅਰੋਗਤਾ, ਲੰਬੀ ਉਮਰ, ਬਲ ਅਤੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਉਸਦੀ ਸੰਤਾਨ ਵੀ ਨਿਰੋਗ ਹੁੰਦੀ ਹੈ ਅਤੇ ਲੋਕ ਉਸਨੂੰ ਭੁੱਖੜ ਕਹਿਕੇ ਨਿਰਾਦਰ ਨਹੀਂ ਕਰਦੇ ਇਹ ਛੇ ਗੁਣ ਉਸਨੂੰ ਪ੍ਰਾਪਤ ਹੁੰਦੇ ਹਨ।

*- ਮਹਾਂਭਾਰਤ*

ਜਿਸ ਵਿਅਕਤੀ ਦੇ ਕੋਸ਼ ਅਗਨੀ ਧਾਤੂਆਂ ਅਤੇ ਮਲ ਦੀ ਕ੍ਰਿਆ ਸਮ ਹੋਵੇ ਅਤੇ ਜਿਸਦੇ ਆਤਮਾ ਮਨ ਅਤੇ ਇੰਦਰੀਆਂ ਪ੍ਰਸੰਨ ਹੋਣ ਉਹ ਸੁਵਸਥ ਤੰਦਰੁਸਤ ਹੁੰਦਾ ਹੈ।

*- ਸੁਸ਼ਰੁਤ*

ਸਭ ਕੁੱਝ ਛੱਡ ਕੇ ਸਰੀਰ ਦੀ ਰੱਖਿਆ ਕਰੋ ਕਿਉਂਕਿ ਜੇ ਸਰੀਰ ਹੀ ਨਾ ਰਹੇ ਸਭ ਕੁਝ ਨਸ਼ਟ ਹੋ ਜਾਂਦਾ ਹੈ।

*- ਚਾਣਕ ਨੀਤੀ*

ਧਰਮ, ਅਰਥ ਅਤੇ ਅਨੇਕਾਂ ਪ੍ਰਕਾਰ ਦੇ ਸੁੱਖਾਂ ਦਾ ਸਾਧਨ ਲੰਬੀ ਉਮਰ ਦੀ ਇੱਛਾ ਰੱਖਣ ਵਾਲੇ ਨੂੰ ਆਯੁਰਵੇਦ ਸ਼ਾਸਤਰ ਦੇ ਉਪਦੇਸ਼ਾਂ ਦਾ ਪਾਲਣ ਕਰਨਾ ਚਾਹੀਦਾ ਹੈ।

*- ਅਸਟਾਂਗ ਹਿਰਦਯੇ*



Sri Satguru Jagjit Singh Ji eLibrary NamdhariElibrary@gmail.com

ਅਜੀਰਨ ਵਿਚ ਖਾਲੀ ਪੇਟ ਪਾਣੀ ਪੀਤਾ ਔਸ਼ਧੀ ਦਾ ਕੰਮ ਕਰਦਾ ਹੈ, ਭੋਜਨ ਪਚ ਜਾਣ ਤੇ (ਭਾਵ ਤਿੰਨ ਘੰਟੇ ਪਿੱਛੋਂ) ਪੀਤਾ ਪਾਣੀ ਸ਼ਕਤੀ ਪ੍ਰਦਾਨ ਕਰਦਾ ਹੈ। ਭੋਜਨ ਵਿਚਕਾਰ ਘੁੱਟ ਘੁੱਟ ਕਰਕੇ ਪੀਤਾ ਪਾਣੀ ਅੰਮ੍ਰਿਤ ਸਮਾਨ ਹੁੰਦਾ ਹੈ। ਪਰੰਤੂ ਭੋਜਨ ਕਰਨ ਵੇਲੇ ਸਾਰਾ ਪੀਤਾ ਜਲ ਬਿਖ ਸਮਾਨ ਹੁੰਦਾ ਹੈ।

*- ਬਿਰਧ ਚਾਣਕੀਆ*

ਲੱਸੀ (ਤੱਕਰ) ਸੇਵਨ ਕਰਨ ਵਾਲਾ ਕਦੇ ਵੀ ਰੋਗਾਂ ਦਾ ਸ਼ਿਕਾਰ ਨਹੀਂ ਹੁੰਦਾ। ਲੱਸੀ ਰਾਹੀ ਨਸ਼ਟ ਕੀਤੇ ਗਏ ਰੋਗ (ਪੇਟ ਦੇ ਰੋਗ) ਫੇਰ ਪੈਦਾ ਨਹੀਂ ਹੁੰਦੇ ਜਿਵੇਂ ਸਵਰਗ ਵਾਸੀਆਂ ਦੀ ਸਿਹਤ ਯਾਬੀ ਲਈ ਅੰਮ੍ਰਿਤ ਪ੍ਰਮੁੱਖ ਹੈ ਇਉਂ ਹੀ ਧਰਤ ਵਾਸੀਆਂ ਲਈ ਲੱਸੀ ਬਿਹਤਰ ਹੁੰਦੀ ਹੈ।

ਜੋ ਪੱਥ ਰੱਖਕੇ ਖਾਂਦਾ ਪੀਂਦਾ ਹੈ ਉਸਨੇ ਔਸਧੀ ਤੋਂ ਕੀ ਲੈਣਾ ਹੈ ਅਤੇ ਪੱਥ ਰੱਖੇ ਬਿਨਾਂ ਔਸਧੀ ਸੇਵਨ ਕਰਨ ਵਾਲੇ ਨੂੰ ਵੀ ਕੋਈ ਲਾਭ ਨਹੀਂ ਹੁੰਦਾ ਹੈ।

*- ਅਗਿਆਤ*

ਜੋ ਅਰੋਗਤਾ ਪ੍ਰਦਾਨ ਕਰੇ ਅਸਲ ਵਿਚ ਉਹ ਹੀ ਔਸ਼ਧੀ (ਦਵਾਈ ਹੈ) ਇਸ ਤਰ੍ਹਾਂ ਵੈਦ ਵੀ ਉਹ ਸ੍ਰੇਸਟ ਹੈ ਜੋ ਰੋਗੀ ਨੂੰ ਰੋਗ ਮੁਕਤ ਕਰਦਾ ਹੈ।

*- ਚਰਕ*

ਜੇਕਰ ਖਾਣਾ ਤਿਆਰ ਕਰਨ ਵਾਲੀ ਦਾ ਮੂਡ ਠੀਕ ਨਹੀਂ ਤਾਂ ਉਹਦੇ ਹੱਥ ਦੀ ਰੋਟੀ ਕਦੇ ਨਹੀਂ ਖਾਣੀ ਚਾਹੀਦੀ ਕਿਉਂਕਿ ਉਸ ਰੋਟੀ ਵਿਚ ਪਿਆਰ ਨਹੀਂ, ਸਤਿਕਾਰ ਨਹੀਂ। ਤਾਹੀਓ ਤਾਂ ਲੰਗਰ ਦਾ ਪ੍ਰਸਾਦਾ ਐਨਾ ਸੁਆਦ ਹੁੰਦਾ ਹੈ ਕਿਉਂਕਿ ਲੰਗਰ ਵਿਚ ਹਰੇਕ ਚੀਜ ਸ਼ਰਧਾ ਨਾਲ ਤਿਆਰ ਕੀਤੀ ਹੁੰਦੀ ਹੈ। ਜੇ ਤੁਹਾਨੂੰ ਰੋਟੀ ਖੁਆਉਣ ਵਾਲੇ ਦੀ ਤੁਹਾਡੇ ਵਿਚ ਸ਼ਰਧਾ ਨਹੀਂ ਤਾਂ ਉਹ ਭੋਜਨ ਤੁਹਾਨੂੰ ਖਰਾਬ ਕਰੇਗਾ। ਖਾਣਾ ਇਕਾਂਤ ਵਿਚ ਬੈਠ ਕੇ ਖਾਓ। ਖਾਣਾ ਖਾਣ ਤੋਂ ਪਹਿਲਾਂ ਅਤੇ ਬਾਅਦ ਵਿਚ ਪ੍ਰਮਾਤਮਾ ਦਾ ਸ਼ੁਕਰ ਕਰੋ। ਜਿਸਨੇ ਤੁਹਾਨੂੰ ਇਹ ਬਖਸ਼ਿਸ ਕੀਤੀ ਹੈ। ਜੇਕਰ ਤੁਸੀਂ ਉਪਰੋਕਤ ਗੱਲਾਂ ਵੱਲ ਧਿਆਨ ਦਿਓ ਅਤੇ ਸਵੇਰ ਦੀ ਸੈਰ ਕਰੋ ਤਾਂ ਮੈਂ ਸ਼ਰਤੀਆ ਕਹਿ ਸਕਦਾ ਹਾਂ ਕਿ ਪੇਟ ਦੀਆਂ ਬਿਮਾਰੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

*- ਡਾ. ਅਮਨਦੀਪ ਸਿੰਘ ਟੱਲੇਵਾਲੀਆ*

ਸੁਗੰਧੀ ਨਾਲੋਂ ਦਵਾਈ ਬਣਨਾ ਚੰਗਾ ਹੈ। ਸੁਗੰਧੀ ਸਿਰਫ਼ ਮਹਿਕ ਦਿੰਦੀ ਹੈ ਪਰ ਦਵਾਈ ਜੀਵਨ ਦਿੰਦੀ ਹੈ।

*- ਨਾਨਕ ਸਿੰਘ*



Sri Satguru Jagjit Singh Ji eLibrary NamdhariElibrary@gmail.com

# ਕਲਮ, ਤਲਵਾਰ, ਤਾਕਤ, ਸ਼ਕਤੀ, ਹਥਿਆਰ

ਮਾੜਾ ਵਰਤਾਓ ਖਲਨਾਇਕਾਂ ਦਾ ਹਥਿਆਰ ਹੁੰਦਾ ਹੈ।

*- ਸੈਮੁਅਲ ਜੀ ਗੁਡਰਿਕ*

ਮੇਰੇ ਕੋਲ ਮਨੁੱਖੀ ਸ਼ਕਤੀ ਦੁਨੀਆਂ ਵਿਚ ਸਭ ਤੋਂ ਵੱਡੀ ਸ਼ਕਤੀ ਹੈ ਅਤੇ ਇਸ ਦੇ ਸਾਹਮਣੇ ਹੋਰ ਸਾਰੀਆਂ ਸ਼ਕਤੀਆਂ ਕਮਜ਼ੋਰ ਹੁੰਦੀਆਂ ਹਨ।

*- ਵਿਨੋਬਾ ਭਾਵੇ*

ਜੇਕਰ ਸਭਿਅਤਾ ਦਾ ਕੋਈ ਵੀ ਅਰਥ ਹੋਵੇ ਤਾਂ ਇਹ ਉਹੀ ਹੈ ਕਿ ਅਸਮਰੱਥ ਅਤੇ ਮਜਲੂਮਾਂ ਦੇ ਬਣਦੇ ਉੱਚਿਤ ਦਾਅਵੇ ਬਾਹੂਬਲ ਦੇ ਜੋਰ ਨਾਲ ਦਬਾਏ ਨਾ ਜਾਣ।

*- ਸਰਤ ਚੰਦਰ ਚੈਟਰਜੀ*

ਦੁਨੀਆਂ ਨੇ ਸਿਆਣਪ ਵਿਹੂਣੀ ਮੁਹਾਰਤ ਅਤੇ ਵਿਵੇਕਹੀਣ ਤਾਕਤ ਹਾਸਲ ਕੀਤੀ ਹੈ। ਸਾਡੀ ਦੁਨੀਆਂ ਪ੍ਰਮਾਣੂ ਮਾਮਲਿਆਂ ਵਿਚ ਦੈਂਤ ਸਮਾਨ ਹੈ ਪਰ ਨੈਤਿਕਤਾ ਪੱਖੋਂ ਬੌਣੀ ਹੈ।

*- ਉਮਰ ਬਰੈਡ ਲੈਅ*

ਸੰਸਾਰ ਵਿਚ ਦੋ ਹੀ ਸ਼ਕਤੀਆਂ ਹਨ ਤਲਵਾਰ ਅਤੇ ਕਲਮ।

*- ਨੈਪੋਲੀਅਨ*

ਤੇਲ ਦੀ ਪੀਪੀ ਤਲਵਾਰ ਨਾਲੋਂ ਜ਼ਿਆਦਾ ਸ਼ਕਤੀਸ਼ਾਲੀ ਹੈ।

*- ਬੇਰਾਟ ਡਰਕਸਨ*

ਸ਼ਕਤੀ ਨਾਲ ਸਭ ਕੁਝ ਜਿੱਤਿਆ ਜਾਂਦਾ ਹੈ ਪਰ ਇਸ ਦੀਆਂ ਜਿੱਤਾਂ ਥੋੜ ਚਿਰੀਆਂ ਹੁੰਦੀਆਂ ਹਨ।

*- ਅਬਰਾਹਿਮ ਲਿੰਕਨ*

ਕਮਜ਼ੋਰੀ ਦਾ ਇਲਾਜ ਕਮਜ਼ੋਰੀ ਦੀ ਚਿੰਤਾ ਕਰਨੀ ਨਹੀਂ ਬਲਕਿ ਸ਼ਕਤੀ ਦੀ ਵਿਚਾਰ ਕਰਨਾ ਹੈ।

*- ਸਵਾਮੀ ਵਿਵੇਕਾਨੰਦ*

ਦੁਨੀਆਂ ਦੀ ਹੋਂਦ ਹਥਿਆਰਾਂ ਦੀ ਸ਼ਕਤੀ ਉਪਰ ਨਹੀਂ ਸਗੋਂ ਮਹਾਤਮਾ ਦੀ ਸ਼ਕਤੀ ਉੱਪਰ ਟਿਕੀ ਹੋਈ ਹੈ।

*- ਮਹਾਤਮਾ ਗਾਂਧੀ*

ਸੱਤਾ ਅਤੇ ਸਮਝਦਾਰੀ ਦਾ ਮਿਲਾਪ ਬਹੁਤ ਮੁਸ਼ਕਲ ਹੈ। ਇਹ ਸੰਭਵ ਹੁੰਦਾ ਹੈ ਤਾਂ ਬਹੁਤ ਥੋੜੇ ਸਮੇਂ ਲਈ।

*- ਅਲਬਰਟ ਆਈਨ ਸਟਾਈਨ*

ਸੱਤਾਧਾਰੀਆਂ ਨੂੰ ਗਰੀਬਾਂ ਦੇ ਉਥਾਨ ਬਾਰੇ ਸੋਚਣਾ ਚਾਹੀਦਾ ਹੈ।

*- ਮਹਾਤਮਾ ਗਾਂਧੀ*

ਤਾਕਤ ਮਨੁੱਖ ਨੂੰ ਇਸ ਕਰਕੇ ਭ੍ਰਿਸ਼ਟ ਬਣਾਉਂਦੀ ਹੈ ਕਿਉਂਕਿ ਤਾਕਤ ਦੀ ਦੁਰਵਰਤੋਂ ਕਰਕੇ ਮਨੁੱਖ ਵਿਚ ਆਪਣਿਆਂ ਨੂੰ ਲਾਭ ਪਹੁੰਚਾਉਣ ਅਤੇ ਦੂਜਿਆਂ ਦਾ ਨੁਕਸਾਨ ਕਰਨ ਦੀ ਸਮਰਥਾ ਵਧ ਜਾਂਦੀ ਹੈ।

*- ਅਗਿਆਤ*



Sri Satguru Jagjit Singh Ji eLibrary NamdhariElibrary@gmail.com

ਜਿਹੜਾ ਕੰਮ ਉਪਾਆਂ ਨਾਲ ਹੋ ਸਕਦਾ ਹੈ ਉਹ ਤਾਕਤ ਨਾਲ ਨਹੀਂ ਹੋ ਸਕਦਾ।

- *ਨਰੈਣ ਪੰਡਤ*

ਅਜਿਹਾ ਹਰ ਵਿਅਕਤੀ ਮਨੁੱਖਤਾ ਦਾ ਦੁਸ਼ਮਣ ਹੈ ਜਿਹੜਾ ਦਹਿਸ਼ਤ ਨਾਲ ਜਿੱਤ ਪ੍ਰਾਪਤ ਕਰਨੀ ਚਾਹੁੰਦਾ ਹੈ।

- *ਅਲਬਰਟ ਆਈਨ ਸਟਾਈਨ*

ਜਦੋਂ ਸਾਰੇ ਸਾਧਨ ਫੇਲ ਹੋ ਜਾਣ ਤਾਂ ਤਲਵਾਰ ਉਠਾਉਣੀ ਜਾਇਜ ਹੈ।

- *ਸ੍ਰੀ ਗੁਰੂ ਗੋਬਿੰਦ ਸਿਘ ਜੀ*

ਸੱਤਾ ਵਿਚ ਰਹਿੰਦਿਆਂ ਗੈਰ ਜ਼ਿੰਮੇਵਾਰਾਨਾ ਵਿਵਹਾਰ ਸਬੰਧਤ ਲੋਕਾਂ ਨੂੰ ਭ੍ਰਿਸ਼ਟ ਬਣਾ ਦਿੰਦਾ ਹੈ।

- *ਜੇਸੀ ਕਾਲ ਬਾਊਲ*

ਫੌਜਾਂ ਅਤੇ ਹਥਿਆਰਾਂ ਉਪਰ ਵਿਸ਼ਵਾਸ ਕਰਨਾ ਬਹੁਤ ਵੱਡਾ ਰੋਗ ਹੈ। ਇਸ ਰੋਗ ਨੇ ਸੰਸਾਰ ਨੂੰ ਬਹੁਤ ਦੁੱਖ ਪਹੁੰਚਾਇਆ ਹੈ ਅਤੇ ਲੋਕਾਂ ਨੂੰ ਭੈ ਭੀਤ ਕਰ ਦਿੱਤਾ ਹੈ।

- *ਬਰੂਕ ਆਸਟਰ*

ਤਾਕਤ ਦਾ ਅਰਥ ਦੂਜਿਆਂ ਦੀ ਬਿਹਤਰੀ ਲਈ ਕੰਮ ਕਰ ਸਕਣ ਦੀ ਸਮਰਥਾ ਹੋਣਾ ਚਾਹੀਦਾ ਹੈ।

- *ਬਰੂਕ ਆਸਟਰ*

ਇੱਕ ਦਿਓ ਜਿੰਨੀ ਤਾਕਤ ਰੱਖਣਾ ਕਮਾਲ ਦੀ ਗੱਲ ਹੈ ਪਰ ਦਿਓ ਵਾਂਗ ਇਸ ਨੂੰ ਵਰਤਣਾ ਜੁਲਮ ਹੈ।

- *ਸੈਕਸਪੀਅਰ*

ਤੁਹਾਡੇ ਵਿਚ ਸ਼ਕਤੀ ਦਾ ਅਪੂਰਨ ਭੰਡਾਰ ਹੈ ਤੁਸੀਂ ਆਪਣੀ ਸ਼ਕਤੀ ਨੂੰ ਇੱਕ ਵਾਰ ਪਛਾਣੋ ਤਾਂ ਸਹੀ।

- *ਸਵੇਟ ਮਾਰਡਨ*

ਜਿਹੜਾ ਦੁਸ਼ਮਣ ਹੱਥ ਵਿਚ ਹਥਿਆਰ ਲੈ ਕੇ ਆਉਂਦਾ ਹੈ ਉਸ ਨੂੰ ਤਲਵਾਰ ਨਾਲ ਖਤਮ ਕਰਨਾ ਚਾਹੀਦਾ ਹੈ।

- *ਸੰਤ ਤੁੱਕਾ ਰਾਮ*

ਇਨਕਲਾਬ ਦੀ ਤਲਵਾਰ ਅਕਲ ਦੀ ਸਾਣ ਤੇ ਤਿੱਖੀ ਹੁੰਦੀ ਹੈ।

- *ਸ. ਭਗਤ ਸਿਘ*

ਦਹਿਸ਼ਤ ਨਾਲ ਕਿਸੇ ਨੂੰ ਥੋੜੇ ਸਮੇਂ ਲਈ ਤਾਂ ਕਾਬੂ ਵਿਚ ਕੀਤਾ ਜਾ ਸਕਦਾ ਹੈ। ਸਦਾ ਲਈ ਨਹੀਂ।

- *ਸੇਖ ਹਾਰੂਨ*

ਲੋੜ ਇਕ ਬਹੁਤ ਵੱਡੀ ਤਾਕਤ ਹੈ ਜੋ ਫੌਲਾਦ ਨੂੰ ਵੀ ਮਰੋੜ ਕੇ ਸਪਰਿੰਗ ਬਣਾ ਸਕਦੀ ਹੈ।

- *ਮੈਕਸਿਮ ਗੋਰਕੀ*

ਤਾਕਤ ਦੀ ਵਰਤੋਂ ਸਿਰਫ਼ ਆਰਜ਼ੀ ਲਾਭ ਸੰਭਵ ਬਣਾ ਸਕਦੀ ਹੈ ਇਹ



Sri Satguru Jagjit Singh Ji eLibrary NamdhariElibrary@gmail.com

ਵਿਰੋਧ ਨੂੰ ਦਬਾਅ ਤਾਂ ਸਕਦੀ ਹੈ ਕੁਚਲ ਨਹੀਂ ਸਕਦੀ।

- ਐਥਨੀ ਬਰਗੈਸ

ਵਿਚਾਰਾਂ ਨੂੰ ਦਬਾਉਣ ਲਈ ਰਾਜ ਨੂੰ ਸ਼ਕਤੀ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਵਿਚਾਰਾਂ ਦਾ ਟਾਕਰਾ ਕੇਵਲ ਵਿਚਾਰਾਂ ਨਾਲ ਹੋ ਸਕਦਾ ਹੈ ਅਤੇ ਕੇਵਲ ਇਸ ਤਰ੍ਹਾਂ ਹੀ ਸੱਚ ਦਾ ਪਤਾ ਲੱਗ ਸਕਦਾ ਹੈ।

- ਮੈਕਵਾਈਅਰ

ਇਕ ਚੰਗਾ ਦਿਮਾਗ ਸੌ ਹਥਿਆਰਾਂ ਦੇ ਬਰਾਬਰ ਹੁੰਦਾ ਹੈ।

- ਅਗਿਆਤ

ਤਾਕਤ ਬੜੀ ਮਿੱਠੀ ਹੁੰਦੀ ਹੈ ਇਹ ਇਕ ਨਸ਼ਾ ਹੈ ਇਹ ਇਕ ਐਸੀ ਇੱਛਾ ਹੈ ਜਿਹੜੀ ਆਦਤ ਪੈਣ ਨਾਲ ਵਧਦੀ ਹੀ ਜਾਂਦੀ ਹੈ।

- ਬਰਟਰਡ ਰਸਲ

ਸਾਧੂ ਦੀ ਜਾਤ ਨਾ ਪੁੱਛੋ ਤਲਵਾਰ ਦਾ ਮੁੱਲ ਕਰੋ ਮਿਆਨ ਪਿਆ ਰਹਿਣ ਦਿਓ।

- ਕਬੀਰ

ਜੇ ਤੁਹਾਡੇ ਵਿਚ ਇਨੀ ਸ਼ਕਤੀ ਨਹੀਂ ਕਿ ਤੁਸੀਂ ਸੰਸਾਰ ਤੋਂ ਆਪਣੀਆਂ ਸ਼ਰਤਾਂ ਮਨਵਾ ਸਕੋ ਤਾਂ ਸੰਸਾਰ ਵਲੋਂ ਲਾਈਆਂ ਸ਼ਰਤਾਂ ਨੂੰ ਮੰਨ ਲਵੋ।

- ਟੀ. ਐਸ. ਈਲੀਅਟ

ਕਲਮ ਤਲਵਾਰ ਨਾਲੋਂ ਕਿਤੇ ਵੱਧ ਤਾਕਤਵਰ ਤਾਂ ਹੁੰਦੀ ਹੀ ਹੈ ਵਧ ਜ਼ਾਲਮ ਵੀ ਹੁੰਦੀ ਹੈ।

- ਰੌਬਰਟ ਬਰਟਨ

ਜੋ ਕੁਝ ਤੁਸੀਂ ਤਲਵਾਰ ਨਾਲ ਹਾਸਲ ਕਰਦੇ ਹੋ ਉਹ ਖ਼ਤਮ ਵੀ ਤਲਵਾਰ ਨਾਲ ਹੀ ਹੋਵੇਗਾ।

- ਬਾਈਬਲ

ਅਹਿੰਸਾ ਤੇ ਸ਼ਾਂਤੀ ਮਨੁੱਖ ਲਈ ਅਤੀ ਲੋੜਵੰਦ ਗੁਣ ਹਨ ਪਰ ਕੀ ਉਦੋਂ ਵੀ ਬੰਦਾ ਇਨ੍ਹਾਂ ਦੋਹਾਂ ਦੇ ਚੱਕਰ ਵਿਚ ਫਸਿਆ ਰਹੇ ਜਦੋਂ ਦੁਸ਼ਮਣ ਦੀ ਤਲਵਾਰ ਉਸ ਦੇ ਸਿਰ ਤੇ ਦਨਦਨਾ ਰਹੀ ਹੋਵੇ।

- ਨਾਨਕ ਸਿੰਘ



Sri Satguru Jagjit Singh Ji eLibrary NamdhariElibrary@gmail.com

# ਝੁਕਣਾ, ਹਾਰਨਾ, ਡਰ, ਤੋਹਫ਼ਾ

ਝੁਕਦਾ ਉਹੀ ਹੈ ਜਿਸ ਵਿਚ ਜਾਨ ਹੁੰਦੀ ਹੈ ਮੁਰਦਾ ਕਦੇ ਨਹੀਂ ਝੁਕਦਾ।

*- ਅਗਿਆਤ*

ਖੌਫ ਉਹ ਲੁਟੇਰਾ ਹੈ ਜੋ ਮਨ ਤੇ ਦਿਮਾਗ ਕੋਲੋਂ ਬੁੱਧੀ ਅਤੇ ਤਰਕ ਵਰਗੀ ਸ਼ਕਤੀ ਖੋਹ ਇਨਸਾਨ ਨੂੰ ਡੌਰ ਭੌਰ ਕਰ ਦਿੰਦਾ ਹੈ।

*- ਐਡ ਮੰਡ ਬਰਕ*

ਮੰਗਣ ਤੇ ਕੋਈ ਚੀਜ਼ ਦੇਣੀ ਚੰਗੀ ਗੱਲ ਹੈ ਪਰ ਦੂਜੇ ਦੀ ਲੋੜ ਮਹਿਸੂਸ ਹੋਣ ਤੇ ਉਸ ਵੱਲ ਬਿਨਾ ਮੰਗੇ ਕੋਈ ਚੀਜ਼ ਦੇਣੀ ਹੋਰ ਵੀ ਵਧੀਆ ਗੱਲ ਹੈ।

*- ਖਲੀਲ ਜਿਬਰਾਨ*

ਜਿੰਨਾ ਚਿਰ ਤੁਹਾਡੀ ਪਿੱਠ ਨਹੀਂ ਝੁਕਦੀ, ਉਨੀ ਦੇਰ ਤੁਹਾਡੇ ਤੇ ਕੋਈ ਆਦਮੀ ਸਵਾਰ ਨਹੀਂ ਹੋ ਸਕਦਾ।

*- ਮਾਰਟਿਨ ਲੂਥਰ ਕਿੰਗ*

ਤੋਹਫ਼ੇ ਦੇ ਮਹੱਤਵ ਨਾਲੋਂ ਉਸ ਨੂੰ ਦੇਣ ਦਾ ਸਲੀਕਾ ਜ਼ਿਆਦਾ ਮਹੱਤਵਪੂਰਨ ਹੈ।

*- ਕਨਫਿਊਸ਼ਿਅਸ*

ਤੋਹਫ਼ਾ ਲੈਣ ਨਾਲ ਵਿਅਕਤੀ ਦੇ ਅੰਦਰੋਂ ਕੁਝ ਬੁਝ ਜਾਂਦਾ ਹੈ ਤੋਹਫ਼ੇ ਦਾ ਆਉਣਾ ਕਿਸੇ ਆਫ਼ਤ ਦੇ ਆਉਣ ਦਾ ਸੰਕੇਤ ਹੁੰਦਾ ਹੈ ਤੋਹਫ਼ਾ ਲੈਣਾ ਸੱਪ ਨੂੰ ਛੇੜਨ ਵਾਂਗ ਹੈ ਜੋ ਬਦਲੇ ਵਿਚ ਜ਼ਹਿਰ ਹੀ ਦਿੰਦਾ ਹੈ।

*- ਡਾ. ਅਬਦੁਲ ਕਲਾਮ*



Sri Satguru Jagjit Singh Ji eLibrary NamdhariElibrary@gmail.com

# ਸਮਾਂ

17ਵੀਂ ਸਦੀ ਨੂੰ ਪੂਰਨ ਜਾਗਰਨ ਕਾਲ ਕਿਹਾ ਜਾਂਦਾ ਸੀ। 18ਵੀਂ ਸਦੀ ਨੂੰ ਬੋਧਿਕ ਕਾਲ ਅਤੇ 19ਵੀਂ ਨੂੰ ਪ੍ਰਗਤੀ ਕਾਲ ਪਰ 20ਵੀਂ ਸਦੀ ਨੂੰ ਚਿੰਤਾਵਾਂ ਦਾ ਕਾਲ ਕਿਹਾ ਜਾਂਦਾ ਹੈ ਜੋ ਕਿ ਬਿਲਕੁਲ ਠੀਕ ਹੈ।

*- ਪ੍ਰੋ. ਜੇਮਜ ਸੀਲਾਡ ਮੈਨ*

ਹਮੇਸ਼ਾ ਸਭ ਤੋਂ ਚੰਗੇ ਸਾਧਨ ਨੂੰ ਅਪਣਾਉਣਾ ਜ਼ਰੂਰੀ ਨਹੀਂ ਹੁੰਦਾ ਅਕਸਰ ਉਹ ਕਰਨਾ ਪੈਂਦਾ ਹੈ ਜਿਹੜਾ ਸਮੇਂ ਦੀ ਜ਼ਰੂਰਤ ਹੋਵੇ।

*- ਵਿਸਟਨ ਚਰਚਿਲ*

ਸਾਰੇ ਮੌਕਿਆਂ ਤੇ ਦਰਵਾਜੇ ਖੋਲ੍ਹਣੇ ਚਾਹੀਦੇ ਹਨ ਪ੍ਰੰਤੂ ਲੋਕਾਂ ਨੂੰ ਇਸ ਯੋਗ ਵੀ ਬਣਾਉਣਾ ਚਾਹੀਦਾ ਹੈ ਕਿ ਉਹ ਇਨ੍ਹਾਂ ਦੀ ਵਰਤੋਂ ਕਰ ਸਕਣ।

*- ਐਲ ਜਾਹਨ ਸਨ*

ਬਾਦਸ਼ਾਹ ਹੋਣ ਦੇ ਨਾਤੇ ਮੈਂ ਦੇਸ਼ ਦਾ ਪਹਿਰੇਦਾਰ ਸੀ। ਪ੍ਰੰਤੂ ਮੈਂ ਅਰਾਮ ਦੀ ਨੀਂਦ ਸੌਂਦਾ ਰਿਹਾ। ਸਮੇਂ ਦੇ ਰਹਿੰਦੇ ਨਾ ਮੈਂ ਜਾਗਿਆ ਤੇ ਨਾ ਹੀ ਦੁਸ਼ਮਣ ਨੂੰ ਲਲਕਾਰਿਆ। ਇਸ ਤੋਂ ਵੱਡਾ ਅਪਰਾਧ ਹੋਰ ਕੀ ਹੋ ਸਕਦਾ ਹੈ।

*- ਬਹਾਦਰ ਸ਼ਾਹ ਜ਼ਫ਼ਰ*

ਹਮੇਸ਼ਾ ਸਮੇਂ ਦੇ ਨਾਲ ਚੱਲਣ ਦੀ ਕੋਸ਼ਿਸ਼ ਕਰੋ ਅਤੇ ਅੱਜ ਦਾ ਕੰਮ ਕੱਲ੍ਹ ਤੇ ਨਾ ਛੱਡੋ। ਸਮਾਂ ਲੰਘ ਜਾਣ ਤੇ ਪਛਤਾਉਣ ਨਾਲ ਕੁਝ ਵੀ ਹੱਥ ਨਹੀਂ ਲੱਗਦਾ।

*- ਭਗਤ ਕਬੀਰ ਜੀ*

ਸਮਾਂ ਹੱਥੋਂ ਨਿਕਲ ਜਾਵੇ ਤਾਂ ਕੇਵਲ ਪਛਤਾਵਾ ਹੀ ਹੱਥ ਲੱਗਦਾ ਹੈ।

*- ਸਵੇਟ ਮਾਰਡਨ*

ਬੀਤਿਆ ਹੋਇਆ ਸਮਾਂ ਨਸੀਹਤ ਦੇ ਸਕਦਾ ਹੈ ਪ੍ਰੰਤੂ ਤੁਹਾਡਾ ਅੱਜ, ਕੱਲ੍ਹ ਤੈਅ ਕਰਦਾ ਹੈ।

*- ਐਡ ਮੰਡ ਬਰਕ*

ਤੂੰ ਆਪਣੇ ਪੈਰਾਂ ਤੇ ਖੁਦ ਉਸ ਸਮੇਂ ਕੁਹਾੜੀ ਮਾਰਦਾ ਹੈਂ, ਜਦੋਂ ਆਪਣਾ ਸਮਾਂ ਬਰਬਾਦ ਕਰਦਾ ਹੈਂ। ਬਾਅਦ ਵਿਚ ਤੈਨੂੰ ਉਸਦੇ ਲਈ ਪਛਤਾਵਾ ਹੋਵੇਗਾ। ਇਸ ਲਈ, ਹੁਣੇ ਸਾਵਧਾਨ ਹੋ ਜਾ।

*- ਅਰਸਤੂ*

ਜੋ ਹੋ ਗਿਆ ਉਸ ਨੂੰ ਭੁੱਲ ਜਾਉ। ਕੰਮ ਕਰੋ, ਹਾਲੇ ਵੀ ਸਮਾਂ ਹੈ।

*- ਏਡਗਰ ਏਲਨ*

ਲੰਘਿਆ ਸਮਾਂ ਕਦੇ ਪਿੱਛੇ ਨਹੀਂ ਪਰਤਦਾ ਤੇ ਨਾ ਹੀ ਸਮਾਂ ਉਨ੍ਹਾਂ ਦੀ ਪਰਵਾਹ ਕਰਦਾ ਹੈ, ਜੋ ਉਸ ਨਾਲ ਨਹੀਂ ਚੱਲ ਸਕਦੇ।

*- ਸਵੇਟ ਮਾਰਡਨ*

ਸਮੇਂ ਦਾ ਮੁੱਲ ਤਾਂ ਜ਼ਰੂਰ ਹੈ ਪ੍ਰੰਤੂ ਆਦਰਸ਼ਾਂ ਨੂੰ ਨਿਭਾਉਣ ਦਾ ਮੁੱਲ ਉਸ ਤੋਂ ਵੀ ਜ਼ਿਆਦਾ ਹੈ ਫਜ਼ੂਲ ਖਰਚੀ ਕਰਨਾ ਮੇਰੇ ਸਿਧਾਂਤਾਂ ਦੇ ਵਿਰੁੱਧ ਹੈ।

*- ਮਹਾਤਮਾ ਗਾਂਧੀ*



Sri Satguru Jagjit Singh Ji eLibrary NamdhariElibrary@gmail.com

ਸਮਾਂ ਜਦੋਂ ਆਉਂਦਾ ਹੈ ਤਾਂ ਲੋਕ ਇਸਨੂੰ ਪਛਾਣਦੇ ਨਹੀਂ ਅਤੇ ਜਦੋਂ ਪਛਾਣ ਕੇ ਫੜਨ ਦਾ ਯਤਨ ਕਰਦੇ ਹਨ ਉਦੋਂ ਤੱਕ ਇਹ ਉਨ੍ਹਾਂ 'ਚੋਂ ਨਿਕਲ ਚੁੱਕਿਆ ਹੁੰਦਾ ਹੈ।

*- ਅਗਿਆਤ*

ਸਮੇਂ ਨੂੰ ਮਹੱਤਵ ਦੇਣਾ ਚਾਹੀਦਾ ਹੈ ਇਸ ਨੂੰ ਧਿਆਨ ਵਿਚ ਰੱਖਦੇ ਹੀ ਨੀਤੀਆਂ ਬਣਾਉਣੀਆਂ ਤੇ ਲਾਗੂ ਕਰਨੀਆਂ ਚਾਹੀਦੀਆਂ ਹਨ।

*- ਅਗਿਆਤ*

ਕਿਸੇ ਕੰਮ ਉਤੇ ਜਿਹੜਾ ਸਮਾਂ ਲਗਾਇਆ ਜਾਂਦਾ ਹੈ ਉਸਦਾ ਫਲ ਕਦੇ ਨਾ ਕਦੇ ਜ਼ਰੂਰ ਮਿਲਦਾ ਹੈ।

*- ਐਮਰਸਨ*

ਔਖਾ ਸਮਾਂ ਤਾਂ ਹਰ ਵੇਲੇ ਹੋ ਸਕਦਾ ਹੈ ਪਰ ਬਹੁਤ ਔਖੀਆਂ ਘੜੀਆਂ ਕਦੇ ਕਦੇ ਆਉਂਦੀਆਂ ਹਨ।

*- ਅਗਿਆਤ*

ਮੌਕਾ ਉਨ੍ਹਾਂ ਲੋਕਾਂ ਲਈ ਹੈ ਜੋ ਇਸ ਨੂੰ ਲੈਣ ਲਈ ਹਰ ਵਕਤ ਤਿਆਰ ਰਹਿੰਦੇ ਹਨ।

*- ਲੁਈਸ ਪਾਸਚਰ*

ਸਮਾਂ ਨਿਰਪੱਖ ਹੈ ਇਸ ਨੂੰ ਉਸਾਰੂ ਤੇ ਢਾਹੂ ਦੋਹਾਂ ਢੰਗਾਂ ਨਾਲ ਵਰਤਿਆ ਜਾ ਸਕਦਾ ਹੈ ਅਤੇ ਇਸ ਨੂੰ ਚੰਗੇ ਲੋਕਾਂ ਨਾਲੋਂ ਬੁਰੇ ਲੋਕਾਂ ਨੇ ਜ਼ਿਆਦਾ ਅਸਰਦਾਇਕ ਢੰਗ ਨਾਲ ਵਰਤਿਆ ਹੈ।

*- ਮਾਰਟਿਨ ਲੂਥਰ ਕਿੰਗ*

ਜਿਸਨੇ ਵੀ ਆਪਣਾ ਸਮਾਂ ਬਰਬਾਦ ਕੀਤਾ, ਸਮਝੋ ਉਸਦੀ ਇਕ ਵੀ ਇੱਛਾ ਪੂਰਤੀ ਨਹੀਂ ਹੋ ਸਕਦੀ ਉਹ ਹਮੇਸ਼ਾ ਆਪਣੇ ਜੀਵਨ ਦਾ ਰੋਣਾ ਧੋਣਾ ਰੋਂਦਾ ਹੈ ਹਮੇਸ਼ਾ ਉਸਦਾ ਜੀਵਨ ਦੁਖਦਾਈ ਬਣਿਆ ਰਹੇਗਾ।

*- ਬਰਟ ਰੈਂਡ ਰਸਲ*

ਆਪਣੀ ਉਮਰ ਨੂੰ ਚੰਗੇ ਤੋਂ ਚੰਗੇਰਾ ਬਣਨ ਲਈ ਮਿਲਿਆ ਸਮਾਂ ਸਮਝੋ।

*- ਵੈਬਸਟਰ*

ਇਸ ਬਾਰੇ ਗੱਲਾਂ ਕਰਕੇ ਸਮਾਂ ਬਰਬਾਦ ਨਾ ਕਰੋ ਕਿ ਮਹਾਨ ਆਤਮਾਵਾਂ ਨੇ ਕੀ ਕੀਤਾ ਸੀ ਸਗੋਂ ਖੁਦ ਇਸ ਤਰ੍ਹਾਂ ਦਾ ਮਹਾਨ ਬਣਨ ਦੀ ਕੋਸ਼ਿਸ਼ ਕਰੋ।

*- ਰੋਮਨ ਰਾਜਾ ਮਾਰਕਸਾ ਅਰਲੀਅਸ*

ਜੇਕਰ ਤੁਹਾਨੂੰ ਆਪਣੀ ਜ਼ਿੰਦਗੀ ਨਾਲ ਪਿਆਰ ਹੈ ਤਾਂ ਸਮਾਂ ਨਸ਼ਟ ਨਾ ਕਰੋ ਕਿਉਂਕਿ ਜ਼ਿੰਦਗੀ ਸਮੇਂ ਤੋਂ ਹੀ ਬਣੀ ਹੈ।

*- ਫਰੈਂਕਲਿਨ*

ਸਮਾਂ ਉਹ ਦਵਾਈ ਹੈ ਜੋ ਸਾਰੇ ਰੋਗਾਂ ਦਾ ਇਲਾਜ ਕਰ ਦਿੰਦਾ ਹੈ।

*- ਫਰੈਂਕਲਿਨ*

ਸਮੇਂ ਦਾ ਪਾਲਨ ਕਰਨ ਨਾਲ ਲਾਭ ਹੁੰਦਾ ਹੈ ਅਤੇ ਸਮਾਂ ਗੁਆਉਣ ਨਾਲ ਹਾਨੀ, ਇਹੀ ਜ਼ਿੰਦਗੀ ਦੀ ਅਸਲੀਅਤ ਹੈ। *- ਪਲੂਟੋ*



Sri Satguru Jagjit Singh Ji eLibrary NamdhariElibrary@gmail.com

ਜ਼ਿੰਦਗੀ ਦਾ ਇਕ ਪਲ ਕਰੋੜਾਂ ਰੁਪਏ ਖਰਚ ਕਰਨ ਤੇ ਵੀ ਨਹੀਂ ਮਿਲਦਾ।

*- ਚਾਣਕਿਆ*

ਜਿਹੜਾ ਸਮਾਂ ਅਸੀਂ ਐਵੇਂ ਗਵਾ ਦਿੰਦੇ ਹਾਂ ਉਹ ਸਾਡੀ ਬਦਕਿਸਮਤੀ ਦੇ ਖਜ਼ਾਨੇ ਵਿਚ ਜਮ੍ਹਾਂ ਹੁੰਦਾ ਹੈ।

*- ਨੈਪੋਲੀਅਨ*

ਸ਼ੋਹਰਤ ਵੀ ਕੱਚੀ ਕੰਧ ਹੈ ਸਮਾਂ ਇਸਨੂੰ ਖੋਰ ਕੇ ਭੋਏਂ ਰਲਾ ਦਿੰਦਾ ਹੈ।

*- ਗੁਰਬਖਸ਼ ਸਿੰਘ*

ਸਮੇਂ ਦੇ ਪਾਬੰਦ ਰਹਿਣ ਨਾਲ ਹਮੇਸ਼ਾ ਲਾਭ ਹੁੰਦਾ ਹੈ ਅਤੇ ਸਮਾਂ ਉਕਾਉਣ ਨਾਲ ਹਮੇਸ਼ਾ ਹਾਨੀ।

*- ਪਲੈਟੋ*

ਸਮਾਂ ਨਿਰੰਤਰ ਵਹਾਉ ਦਾ ਨਾਂ ਹੈ। ਮਨੁੱਖੀ ਜੀਵ ਵੀ ਸਮੇਂ ਦੇ ਚੱਕਰ ਵਿੱਚ ਨਿਰੰਤਰ ਬੱਝਾ ਰਹਿੰਦਾ ਹੈ। ਸਮਾਂ ਆਪਣੀ ਚਾਲੇ ਚਲਦਾ ਰਹਿੰਦਾ ਹੈ ਅਤੇ ਕਦੇ ਵੀ ਟਿਕ ਕੇ ਨਹੀਂ ਬੈਠਦਾ। ਇਹ ਠਹਿਰਣ ਜਾਚ ਨਾ ਜਾਣਦਾ ਲੰਘ ਗਿਆ ਨਾ ਮੁੜਕੇ ਆਂਵਦਾ।

*- ਭਾਈ ਵੀਰ ਸਿੰਘ*



Sri Satguru Jagjit Singh Ji eLibrary NamdhariElibrary@gmail.com

# ਉਮੀਦ, ਆਸ਼ਾ, ਨਿਰਾਸ਼ਾ

ਕੁਝ ਲੋਕ ਸੋਚਦੇ ਹਨ ਕਿ ਆਪਣੀ ਜਗ੍ਹਾ ਡਟੇ ਰਹਿਣ ਨਾਲ ਮਜ਼ਬੂਤੀ ਮਿਲਦੀ ਹੈ ਜਦੋਂਕਿ ਮਜ਼ਬੂਤੀ ਸਦਾ ਅੱਗੇ ਵਧਣ ਨਾਲ ਮਿਲਦੀ ਹੈ।

*- ਮਿਲਵਿਆ ਰਾਬਿਨਸਨ*

ਆਖਰੀ ਫੈਸਲੇ ਦੀ ਉਡੀਕ ਨਾ ਕਰੋ। ਇਹ ਤਾਂ ਇਥੇ ਹਰ ਰੋਜ਼ ਹੀ ਹੁੰਦਾ ਹੈ।

*- ਅਲਬਰਟ ਕਾਮੂ*

ਆਸ਼ਾਵਾਦੀ ਲੋਕਾਂ ਦਾ ਵਿਚਾਰ ਹੈ ਕਿ ਮਨੁੱਖ ਬੁਨਿਆਦੀ ਤੌਰ ਤੇ ਚੰਗਾ ਹੈ।

*- ਐਲਬਰਟਸ*

ਕਰਤਵ ਦਾ ਪਾਲਣ ਕਰਨ ਵਾਲਾ ਵਿਅਕਤੀ ਕਦੇ ਨਿਰਾਸ਼ ਨਹੀਂ ਹੁੰਦਾ।

*- ਸਰਦਾਰ ਪਟੇਲ*

ਸਭ ਤੋਂ ਵੱਧ ਭਾਗਾਂ ਵਾਲਾ ਉਹ ਇਨਸਾਨ ਹੁੰਦਾ ਹੈ ਜਿਹੜਾ ਕੁਝ ਪ੍ਰਾਪਤ ਕਰਨ ਦੀ ਉਮੀਦ ਨਹੀਂ ਕਰਦਾ। ਉਸਨੂੰ ਇਸ ਦਾ ਇਹ ਲਾਭ ਹੁੰਦਾ ਹੈ ਕਿ ਉਹ ਕਦੇ ਵੀ ਨਿਰਾਸ਼ ਨਹੀਂ ਹੁੰਦਾ।

*- ਜਨਾਥਨ ਸਾਵਿਸਟ*

ਜੇ ਤੁਸੀਂ ਸੁਪਨਾ ਲੈ ਸਕਦੇ ਹੋ ਤਾਂ ਉਸਨੂੰ ਪੂਰਾ ਵੀ ਕਰ ਸਕਦੇ ਹੋ।

*- ਵਿਲੀਅਮ ਆਰਥਰ ਵਰਡ*

ਸੁਪਨੇ ਜ਼ਰੂਰ ਪੂਰੇ ਹੁੰਦੇ ਹਨ ਜ਼ਰੂਰਤ ਸਿਰਫ਼ ਇਸ ਗੱਲ ਦੀ ਹੁੰਦੀ ਹੈ ਕਿ ਅਸੀਂ ਇਨ੍ਹਾਂ ਨੂੰ ਪੂਰੇ ਕਰਨ ਦੀ ਇੱਛਾ ਵੀ ਰੱਖੀਏ ਅਤੇ ਇਨ੍ਹਾਂ ਦੀ ਖਾਤਰ ਜ਼ਿੰਦਗੀ ਦਾ ਹੋਰ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋਈਏ।

*- ਜੇਮਜ਼ ਐਮ ਬੈਰੀ*

ਜੇਕਰ ਮੈਦਾਨੇ ਜੰਗ ਵਿਚ ਜਿੱਤਣ ਦੀ ਆਸ ਹੋਵੇ ਤਾਂ ਜਰਨੈਲ ਖੁਦ ਮੈਦਾਨ ਵਿਚ ਨਿੱਤਰਦੇ ਹਨ ਜੇ ਪ੍ਰਤੱਖ ਹਾਰ ਦਿਸਦੀ ਹੋਵੇ ਫੇਰ ਜਰਨੈਲ ਮੈਦਾਨ ਵਿਚ ਆ ਕੇ ਹਾਰ ਦਾ ਕੰਗਣ ਕਿਉਂ ਪੁਆਏ।

*- ਅਗਿਆਤ*

ਆਸ਼ਾਵਾਦੀ ਲੋਕ ਕਹਿੰਦੇ ਹਨ ਕਿ ਸਾਡਾ ਸੰਸਾਰ ਬਿਹਤਰੀਨ ਹੈ ਨਿਰਾਸ਼ਾਵਾਦੀ ਸਦਾ ਇਸ ਗੱਲ ਤੋਂ ਡਰਦੇ ਰਹਿੰਦੇ ਹਨ ਕਿ ਖਬਰੇ ਇਹ ਗੱਲ ਸੱਚ ਵੀ ਹੈ।

*- ਜੇਮਜ਼ ਬਰਾਚ ਕੈਵਲ*

ਆਸ ਇਕ ਹਲਕੀ ਖੁਰਾਕ ਹੈ ਪਰ ਬੜੀ ਉਤੇਜਕ, ਆਪਣੀ ਉਨਤੀ ਲਈ ਪੌੜੀ ਅਸੀਂ ਆਪ ਬਣਾਉਂਦੇ ਹਾਂ।

*- ਜੋਸੀ ਆਹ ਹਾਲੈਂਡ*

ਜਿਸ ਮਨੁੱਖ ਕੋਲ ਆਸ ਹੈ ਉਸ ਮਨੁੱਖ ਪਾਸ ਸਭ ਕੁਝ ਹੈ।

*- ਐਮਰਸਨ*



Sri Satguru Jagjit Singh Ji eLibrary NamdhariElibrary@gmail.com

ਕੇਵਲ ਮਨੁੱਖ ਹੀ ਰੋਂਦਾ ਹੋਇਆ ਪੈਦਾ ਹੁੰਦਾ ਹੈ ਸ਼ਿਕਾਇਤਾਂ ਕਰਕੇ ਜਿਊਂਦਾ ਹੈ ਅਤੇ ਨਿਰਾਸ਼ਾ ਵਿਚ ਮਰ ਜਾਂਦਾ ਹੈ।

*- ਸਵਾਮੀ ਪ੍ਰਮਹੰਸ*

ਘੋਰ ਨਿਰਾਸ਼ਾ 'ਚ ਵੀ ਆਸ਼ਾ ਦਾ ਪੱਲਾ ਨਾ ਛੱਡੋ।

*- ਸੰਤ ਬਾਣੀ*

ਜਿਹੜਾ ਵਿਅਕਤੀ ਕਿਸੇ ਤੋਂ ਕੋਈ ਉਮੀਦ ਨਹੀਂ ਰੱਖਦਾ ਉਹੀ ਅਸਲ ਵਿਚ ਅਮੀਰ ਤੇ ਅਜ਼ਾਦ ਹੁੰਦਾ ਹੈ।

*- ਹਜਰਤ ਮੁਹੰਮਦ*

ਲਾਲਚ ਹੀ ਗਰੀਬੀ ਹੈ ਅਤੇ ਕਿਸੇ ਤੋਂ ਉਮੀਦ ਨਾ ਕਰਨਾ ਅਮੀਰੀ।

*- ਅਗਿਆਤ*

ਸਮਝਦਾਰ ਆਦਮੀ ਹਰ ਗੱਲ ਦੀ ਉਮੀਦ ਆਪਣੇ ਤੋਂ ਰੱਖਦਾ ਹੈ। ਮੂਰਖ ਦੂਜਿਆਂ ਵੱਲ ਦੇਖਦਾ ਰਹਿੰਦਾ ਹੈ।

*- ਸਵੇਟ ਮਾਰਟਨ*



Sri Satguru Jagjit Singh Ji eLibrary NamdhariElibrary@gmail.com

# ਮੂਰਖ, ਵਿਦਵਾਨ, ਸੂਝਵਾਨ, ਸੋਝੀ, ਸੂਝ, ਸਮਝ ਸੋਚ

ਜੰਗ ਦਾ ਸਵਾਲ ਮੂਰਖਾਨਾ ਅਤੇ ਅਮਨ ਦਾ ਸਵਾਲ ਰਹੱਸਮਈ ਅੰਦਾਜ ਵਿਚ ਪੇਸ਼ ਹੁੰਦਾ ਹੈ।

*- ਆਂਦਰੇ ਮਾਲ ਰੌਕਸ*

ਜੋ ਵਕਤ ਨਾਲ ਬਦਲਦੇ ਨਹੀਂ। ਉਹ ਜਾਂ ਤਾਂ ਸਭ ਤੋਂ ਸਿਆਣੇ ਮਨੁੱਖ ਹੁੰਦੇ ਹਨ ਜਾਂ ਸਭ ਤੋਂ ਵਧ ਬੇਵਕੂਫ।

*- ਕਨਫਿਊਸਸ ਚੀਨੀ ਸੰਤ*

ਬੇਵਕੂਫ ਨਾਲ ਕਦੇ ਬਹਿਸ ਨਾ ਕਰੋ ਕਿਉਂਕਿ ਉਹ ਪਹਿਲਾਂ ਤੁਹਾਨੂੰ ਆਪਣੀ ਨੀਵੀਂ ਪੱਧਰ ਦੀ ਸੋਚ ਉਤੇ ਲੈ ਜਾਂਦੇ ਹਨ ਤੇ ਫਿਰ ਆਪਣੀ ਬੇਵਕੂਫ਼ੀ ਦੇ ਤਜਰਬੇ ਨਾਲ ਤੁਹਾਨੂੰ ਹਰਾ ਦਿੰਦੇ ਹਨ।

*- ਬਿਲ ਗੇਟਸ*

ਦੁਖਿਆਰਿਆਂ ਅਤੇ ਜਲਾਦਾਂ ਦੀ ਦੁਨੀਆਂ ਵਿਚ ਸੋਚਵਾਨਾ ਦਾ ਫਰਜ ਹੈ ਕਿ ਉਹ ਜਲਾਦਾਂ ਵਾਲੀ ਧਿਰ ਵਿਚ ਨਾ ਹੋਣ।

*- ਅਲਬਰਟ ਕਾਮੂ*

ਸਿਆਣਪ ਹਾਸਲ ਕਰ ਲੈਣਾ ਸਮਝਦਾਰੀ ਹੈ ਪਰ ਸਿਰਫ਼ ਇਹ ਕਲਪਣਾ ਕਰੀ ਜਾਣਾ ਕਿ ਮੈਂ ਸਿਆਣਾ ਹੋ ਗਿਆ ਹਾਂ ਮੂਰਖਤਾ ਹੈ।

*- ਲਾਰਡ ਚੈਸਟਰ ਫੀਲਡ*

ਵਿਦਵਤਾ ਜੋਰ ਜ਼ਬਰਦਸਤੀ ਨਾਲ ਨਹੀਂ, ਸੱਚੀ ਸੁਚੀ ਦਿਲਚਸਪੀ ਜਗਾ ਕੇ ਪੈਦਾ ਕੀਤੀ ਜਾ ਸਕਦੀ ਹੈ।

*- ਐਮਰਸਨ*

ਪ੍ਰਤਿਭਾਸ਼ਾਲੀ ਵਿਅਕਤੀ ਨਵੇਂ ਰਸਤਿਆਂ ਦੀ ਤਲਾਸ਼ ਵਿਚ ਹੁੰਦੇ ਹਨ ਜਦੋਂ ਕਿ ਆਮ ਲੋਕ ਪਗਡੰਡੀਆਂ ਤੇ ਹੀ ਤੁਰਨਾ ਪਸੰਦ ਕਰਦੇ ਹਨ ਪਰ ਪਗਡੰਡੀਆਂ ਜਾਂ ਘਿਸੇ ਪਿਟੇ ਰਸਤਿਆਂ ਤੇ ਤੁਰਨ ਵਾਲਿਆਂ ਤੋਂ ਕਿਸੇ ਠੋਸ ਪ੍ਰਾਪਤੀ ਦੀ ਆਸ ਨਹੀਂ ਕੀਤੀ ਜਾ ਸਕਦੀ। ਕਿਉਂਕਿ ਇਹ ਉਹ ਲੋਕ ਹੁੰਦੇ ਹਨ ਜੋ ਜੀਵਨ ਭਰ ਭੇਡਾਂ ਵਾਂਗ ਬਾਂ ਬਾਂ ਕਰਦੇ ਇਕ ਦੂਜੇ ਦੇ ਮਗਰ ਤੁਰਦੇ ਰਹਿੰਦੇ ਹਨ।

*- ਰਾਮਧਾਰੀ ਸਿੰਘ ਦਿਨਕਰ*

ਜਿਹੜਾ ਆਪਣੇ ਅਨੁਭਵਾਂ ਤੋਂ ਲਾਭ ਨਾ ਉਠਾ ਸਕੇ ਉਹ ਮੂਰਖ ਹੈ ਜਿਹੜਾ ਅਨੁਭਵਾਂ ਤੋਂ ਪਹਿਲਾਂ ਹੀ ਦੂਜੀਆਂ ਉਦਾਹਰਣਾਂ ਤੋਂ ਕੰਮ ਦੀ ਗੱਲ ਸਿੱਖ ਲਵੇ ਉਹੀ ਇਨਸਾਨ ਬੁੱਧੀਮਾਨ ਹੈ।

*- ਸੁਕਰਾਤ*

ਅੱਜ ਦੇ ਸੰਸਾਰ ਵਿਚ ਇਹ ਅਟੱਲ ਨਿਯਮ ਹੈ ਕਿ ਜਿਹੜੀ ਕੌਮ ਬੁੱਧੀਮਤਾ ਦੀ ਕਦਰ ਨਹੀਂ ਕਰਦੀ ਉਹ ਪਛੜਦੀ ਪਛੜਦੀ ਪਛੜ ਜਾਂਦੀ ਹੈ।

*- ਵਾਈਟ ਹੈਡ*



Sri Satguru Jagjit Singh Ji eLibrary NamdhariElibrary@gmail.com

ਜ਼ਰੂਰਤਾਂ ਨੂੰ ਹੱਦ ਵਿਚ ਰੱਖੋ ਇਹ ਇਮਾਨਦਾਰ ਆਦਮੀ ਨੂੰ ਵੀ ਮੂਰਖ ਬਣਾ ਦਿੰਦੀਆਂ ਹਨ।

*- ਡੇਨੀਅਲ ਡਿਫ*

ਗਿਆਨਵਾਨ, ਚਲਾਕੀ ਅਤੇ ਬੁੱਧੀਮਾਨੀ ਦੀ ਗੱਲ ਇਹ ਹੈ ਕਿ ਮਨੁੱਖ ਆਪਣੀ ਆਮਦਨ ਤੋਂ ਘੱਟ ਖਰਚ ਕਰੇ।

*- ਅਗਿਆਤ*

ਮਹੱਤਵਪੂਰਨ ਚੀਜ਼ਾਂ ਵੱਲ ਧਿਆਨ ਕੇਂਦਰਿਤ ਕਰਨ ਦੀ ਸਮਰਥਾ ਅਸਲ ਵਿਚ ਸੂਝ ਦੀ ਲਖਾਇਕ ਹੁੰਦੀ ਹੈ।

*- ਰੋਬਰਟ ਸਿੱਲਰ*

ਸਿਆਣੇ ਦੇ ਹੱਥਾਂ ਵਿਚ ਸੱਪ ਦੀ ਜ਼ਹਿਰ ਵੀ ਭਲਾ ਕਰ ਸਕਦੀ ਹੈ ਮੂਰਖ ਦੇ ਹੱਥ ਵਿਚ ਸ਼ਹਿਦ ਵੀ ਨੁਕਸਾਨ ਪਹੁੰਚਾ ਸਕਦਾ ਹੈ।

*- ਰਸੂਲ ਹਮਜ਼ਾ ਤੋਵ*

ਗਿਆਨੀ ਉਹੀ ਹੈ ਜੋ ਵਰਤਮਾਨ ਨੂੰ ਠੀਕ ਤਰ੍ਹਾਂ ਪੜ੍ਹ ਸਕੇ ਅਤੇ ਪ੍ਰਸਥਿਤੀਆਂ ਅਨੁਸਾਰ ਚੱਲ ਸਕੇ।

*- ਤੋਮਰ*

ਚਾਪਲੂਸੀ ਮੂਰਖਾਂ ਦੀ ਖੁਰਾਕ ਹੈ, ਚਾਪਲੂਸੀ ਇਕ ਨਕਲੀ ਸਿੱਕਾ ਹੈ, ਇਹ ਇੱਕ ਮਿੱਠਾ ਜ਼ਹਿਰ ਹੈ।

*- ਅਗਿਆਤ*

ਮੂਰਖਾਂ ਤੋਂ ਗੁਣਵਾਨਾਂ ਨੂੰ ਭੈਅ ਲੱਗਦਾ ਹੀ ਹੈ ਕਿਉਂਕਿ ਉਹ ਕੁਝ ਸੋਚਣ ਦੀ ਕੋਸ਼ਿਸ਼ ਨਹੀਂ ਕਰਦੇ।

*- ਨਰਾਇਣ ਪੰਡਤ*

ਇਕ ਦੁਸ਼ਮਣ ਤੋਂ ਮੈਂ ਆਪਣਾ ਬਚਾਅ ਕਰ ਸਕਦਾ ਹਾਂ। ਪਰ ਇਕ ਮੂਰਖ ਮਿੱਤਰ ਤੋਂ ਮੈਨੂੰ ਰੱਬ ਬਚਾਏ।

*- ਡੀ. ਆਰ. ਸੀ ਥਾਮਸਨ*

ਦੁਸ਼ਟ ਨੂੰ ਮੂਰਖ ਨੂੰ ਅਤੇ ਬਹਿਕੇ ਹੋਏ ਨੂੰ ਸਮਝਾ ਪਾਉਣਾ ਮੁਸ਼ਕਲ ਹੈ ਅਸੰਭਵ ਨਹੀਂ।

*- ਸਤਨਾਂਰ*

ਮੂਰਖ ਨਾਲ ਬਹਿਸ ਕਰਕੇ ਦਿਮਾਗ ਵਿਚ ਕੁਝ ਭਰਦਾ ਹੈ ਇੱਕ ਚੁੱਪ ਸੌ ਸੁੱਖ।

*- ਅਗਿਆਤ*

ਮੂਰਖ ਦਾ ਦਿਲ ਉਸਦੇ ਮੂੰਹ ਵਿਚ ਹੁੰਦਾ ਹੈ। ਜਦੋਂ ਕਿ ਸਿਆਣੇ ਵਿਅਕਤੀ ਦਾ ਮੂੰਹ ਉਸ ਦੇ ਦਿਲ ਵਿਚ ਹੁੰਦਾ ਹੈ।

*- ਫਰੈਂਕਲਿਨ*

ਕੋਈ ਵੀ ਮੂਰਖ ਇਤਿਹਾਸ ਬਣਾ ਸਕਦਾ ਹੈ ਪਰ ਇਸਨੂੰ ਕਲਮਬੰਦ ਕਰਨਾ ਕਿਸੇ ਪ੍ਰਤਿਭਾਸ਼ਾਲੀ ਵਿਅਕਤੀ ਦਾ ਹੀ ਕੰਮ ਹੈ।

*- ਆਸਕਰ ਵਾਈਲਡ*



Sri Satguru Jagjit Singh Ji eLibrary NamdhariElibrary@gmail.com

ਬੁੱਧੀ ਦੀ ਸੀਮਾ ਹੋ ਸਕਦੀ ਹੈ ਪਰ ਮੂਰਖਤਾ ਦੀ ਸੀਮਾ ਨਹੀਂ।

*- ਐਮਰਸਨ*

ਵਾਦ ਵਿਵਾਦ ਵਿਚ ਹੱਠ ਤੇ ਗੁੱਸਾ ਮੂਰਖਤਾ ਦੇ ਚਿੰਨ੍ਹ ਹਨ।

*- ਮਾਨਟੇਨ*

ਮਨੁੱਖ ਲੋਭ ਦਾ ਪਿਆਲਾ ਪੀਕੇ ਮੂਰਖ ਤੇ ਦੀਵਾਨਾ ਹੋ ਜਾਂਦਾ ਹੈ।

*- ਸ਼ੇਖ ਸਾਅਦੀ*

ਗਿਆਨੀ ਹਰ ਗੱਲ ਦੀ ਆਪਣੇ ਤੋਂ ਆਸ ਰੱਖ ਸਕਦਾ ਹੈ ਮੂਰਖ ਦੂਜਿਆਂ ਵੱਲ ਤੱਕਦਾ ਹੈ।

*- ਜਾਨ ਪਾਲ*

ਇਸ ਸੰਸਾਰ ਨੂੰ ਬਾਜ਼ਾਰ ਸਮਝੋ। ਇਥੇ ਸਾਰੇ ਆਦਮੀ ਵਪਾਰੀ ਹਨ ਜੋ ਜੈਸਾ ਵਪਾਰ ਕਰਦਾ ਹੈ ਵੈਸਾ ਫਲ ਪਾਉਂਦਾ ਹੈ ਮੂਰਖ ਅਤ ਗਵਾਰ ਵਿਅਰਥ ਹੀ ਮਰ ਜਾਂਦੇ ਹਨ।

*- ਵਿੱਦਿਆਵਤੀ*

ਇਕ ਮੂਰਖ ਤੋਂ ਉਸ ਦੀ ਮੂਰਖਤਾ ਮੁਤਾਬਕ ਕੰਮ ਲਓ।

*- ਅਗਿਆਤ*

ਮੂਰਖਾਂ ਸਾਹਮਣੇ ਦੇਵਤਿਆਂ ਦੀ ਵੀ ਪੇਸ਼ ਨਹੀਂ ਜਾਂਦੀ।

*- ਫਰੈਡਿਕ ਸਿਲਰ*

ਸਿਆਣੇ ਦੂਜਿਆਂ ਦੀਆਂ ਗਲਤੀਆਂ ਤੋਂ ਸਿੱਖਦੇ ਹਨ ਅਤੇ ਮੂਰਖ ਆਪਣੀ ਗਲਤੀ ਤੋਂ।

*- ਸਾਲੋਮਨ*

ਅਸੰਭਵ ਇਕ ਸ਼ਬਦ ਹੈ ਜਿਹੜਾ ਮੂਰਖਾਂ ਦੇ ਸ਼ਬਦਕੋਸ਼ ਤੋਂ ਮਿਲਦਾ ਹੈ।

*- ਐਮਰਸਨ*

ਬੁੱਧੀਮਾਨ ਦੀ ਉਦਾਸੀਨਤਾ ਦੀ ਬਜਾਏ ਉਤਸ਼ਾਹੀ ਇਨਸਾਨ ਦੀਆਂ ਗਲਤੀਆਂ ਬਿਹਤਰ ਹਨ।

*- ਅਨਾਤੋਲੇ ਫਰਾਂਜ*

ਬੁੱਧੀਮਾਨ ਆਪਣੇ ਅਨੁਭਵਾਂ ਤੋਂ ਸਿੱਖਦਾ ਹੈ ਵਧੇਰੇ ਬੁੱਧੀਮਾਨ ਦੂਜਿਆਂ ਦੇ ਅਨੁਭਵਾਂ ਤੋਂ ਸਿੱਖਦਾ ਹੈ।

*- ਚੀਨੀ ਕਹਾਵਤ*

ਗਿਆਨੀ ਉਹ ਹੈ ਜੋ ਵਰਤਮਾਨ ਨੂੰ ਠੀਕ ਤਰ੍ਹਾਂ ਪੜ੍ਹ ਸਕੇ ਅਤੇ ਪ੍ਰਸਥਿਤੀਆਂ ਅਨੁਸਾਰ ਚੱਲ ਸਕੇ।

*- ਹੋਮਰ*

ਤੁਸੀਂ ਕੁਝ ਲੋਕਾਂ ਨੂੰ ਸਦਾ ਵਾਸਤੇ ਮੂਰਖ ਬਣਾ ਸਕਦੇ ਹੋ ਤੇ ਸਾਰੇ ਲੋਕਾਂ ਨੂੰ ਕੁਝ ਸਮੇਂ ਲਈ ਮੂਰਖ ਬਣਾ ਸਕਦੇ ਹੋ ਪਰ ਸਾਰੇ ਲੋਕਾਂ ਨੂੰ ਸਦਾ ਲਈ ਮੂਰਖ ਨਹੀਂ ਬਣਾ ਸਕਦੇ।

*- ਅਬਰਾਹਿਮ ਲਿੰਕਨ*

ਉਹ ਮਨੁੱਖ ਸੱਚਮੁਚ ਬੁੱਧੀਮਾਨ ਹੈ ਜਿਹੜਾ ਗੁੱਸੇ ਦੀ ਹਾਲਤ ਵਿਚ ਵੀ ਬੁਰੀ



Sri Satguru Jagjit Singh Ji eLibrary NamdhariElibrary@gmail.com

ਗੱਲ ਮੂੰਹ ਵਿਚੋਂ ਨਹੀਂ ਕੱਢਦਾ।

*- ਸਾਅਦੀ*

ਉਮਰ 'ਚ ਵੱਡਾ ਹੋਣ ਨਾਲ ਇਨਸਾਨ ਸਿਆਣਾ ਨਹੀਂ ਹੋ ਜਾਂਦਾ ਸਗੋਂ ਉਸ ਨੂੰ ਇਹ ਸਮਝ ਆ ਜਾਂਦੀ ਹੈ ਕਿ ਬਿਨਾਂ ਕੁਰਲਾਏ ਦਰਦ ਨੂੰ ਕਿਵੇਂ ਝੱਲਣਾ ਹੈ।

*- ਅਗਿਆਤ*

ਦੂਜਿਆਂ ਦੀ ਸੁਣੋ ਪਰ ਆਪਣਾ ਫੈਸਲਾ ਗੁਪਤ ਰੱਖੋ।

*- ਚਾਣਕਿਆ*

ਮੂਰਖੁ ਸਿਆਣਾ ਏਕੁ ਹੈ ਏਕ ਜੋਤਿ ਦੁਇ ਨਾਉ॥
ਮੂਰਖਾਂ ਸਿਰਿ ਮੂਰਖੁ ਹੈ ਜਿ ਮੰਨੇ ਨਾ ਹੀ ਨਾਉ॥ (1015)
ਮੂਰਖੁ ਹੋਵੈ ਸੋ ਸੁਣੈ ਮੂਰਖੁ ਕਾ ਕਹਣਾ॥
ਮੂਰਖੁ ਕੇ ਕਿਆ ਲਖਣ ਹੈ ਕਿਆ ਮੂਰਖੁ ਕਾ ਕਰਣਾ॥
ਮੂਰਖ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ॥ (953)

*- ਸ਼੍ਰੀ ਗੁਰੂ ਨਾਨਕ ਦੇਵ ਜੀ*

ਮੰਦਾ ਕਿਸੇ ਨਾ ਆਖੀਐ ਪੜਿ ਅਖਰੁ ਏਹੋ ਬੁਝੀਐ॥ ਮੂਰਖੈ ਨਾਲਿ ਨ ਲੁਝੀਐ॥

*- ਸ਼੍ਰੀ ਗੁਰੂ ਨਾਨਕ ਦੇਵ ਜੀ*

ਦੋ ਬਾਤਾਂ ਕਰਦਿਆ ਵਿਚ ਜਾਵੇ। ਬਿਨ ਪੁੱਛ ਆਪਣੀ ਬਾਤ ਚਲਾਵੇ। ਰਸਤੇ ਜਾਂਦਾ ਕੁਛ ਕੁਛ ਖਾਵੇ, ਵਿਤੋਂ ਵਧੇਰੇ ਖਰਚ ਵਧਾਵੇ, ਚਾਦਰ ਦੇਖ ਨਾ ਪੈਰ ਪਸਾਰੇ, ਹਰ ਕਾਰਜ ਵਿਚ ਮੂਰਖ ਹਾਰੇ, ਕੰਮ ਸ਼ੁਰੂ ਕਰ ਛੱਡੇ ਅਧੂਰਾ, ਦਿਲ ਢਾਹ ਬੈਠੇ ਮੂਰਖ ਪੂਰਾ, ਰੋਟੀਆਂ ਕਾਰਨ ਚੱਕਰਵਰਤੀ। ਸੌ ਮੂਰਖਾਂ ਵਿਚ ਉਸਦੀ ਭਰਤੀ। ਬਿਨਾ ਕਾਰਨ ਜੋ ਪਰ ਘਰ ਜਾਵੇ, ਪੱਕਾ ਮੂਰਖ ਗਿਣਿਆ ਜਾਵੇ।

*- ਕਵੀ ਨਿਧਾਨ ਸਿੰਘ ਆਲਮ*

ਕੁਦਰਤ ਜਦੋਂ ਮੁਸ਼ਕਲਾਂ ਵਧਾਉਂਦੀ ਹੈ ਤਾਂ ਸਮਝਦਾਰੀ ਵੀ ਵਧਾ ਦਿੰਦੀ ਹੈ।

*- ਐਮਰਸਨ*

ਜਿਸ ਵਿਚ ਸਰਾਫ਼ਤ ਤੇ ਇਮਾਨਦਾਰੀ ਨਹੀਂ ਉਸ ਦੇ ਸੂਝਵਾਨ ਹੋਣ ਦਾ ਕੋਈ ਮਹੱਤਵ ਨਹੀਂ।

*- ਸਟੀਫਨ ਪੋਟਰ*

ਜੋ ਦੂਸਰਿਆਂ ਦੇ ਅਨੁਭਵ ਤੋਂ ਲਾਭ ਉਠਾਏ ਉਹ ਸੱਚਮੁੱਚ ਹੀ ਬੁੱਧੀਮਾਨ ਹੈ ਜੋ ਸਿਰਫ਼ ਆਪਣੇ ਅਨੁਭਵਾਂ ਤੋਂ ਲਾਭ ਉਠਾਏ ਉਹ ਘੱਟ ਬੁੱਧੀਮਾਨ ਹੈ ਜੋ ਕਿਸੇ ਦੇ ਵੀ ਅਨੁਭਵ ਤੋਂ ਲਾਭ ਨਾ ਉਠਾਵੇ ਉਹ ਸਹੀ ਮਾਅਨਿਆਂ ਦਾ ਮੂਰਖ ਹੈ।

*- ਪੰਡਿਤ ਜਵਾਹਰ ਲਾਲ ਨਹਿਰੂ*

ਕੰਮ ਕਰਨ ਤੋਂ ਪਹਿਲਾਂ ਸੋਚਣਾ ਸਿਆਣਪ ਦੀ ਨਿਸ਼ਾਨੀ ਹੈ ਕੰਮ ਕਰਦਿਆਂ ਸੋਚਣਾ ਚੋਕਸੀ ਹੈ ਕੰਮ ਕਰ ਚੁੱਕਣ ਤੋਂ ਬਾਅਦ ਸੋਚਣਾ ਮੂਰਖਤਾ ਹੈ।

*- ਸਵਾਮੀ ਵਿਵੇਕਾਨੰਦ*



Sri Satguru Jagjit Singh Ji eLibrary NamdhariElibrary@gmail.com

ਸੂਝ ਵਰਗੀ ਹੋਰ ਕੋਈ ਸ਼ੈਅ ਨਹੀਂ। ਇਹ ਸਵਰਗ ਨੂੰ ਨਰਕ ਤੇ ਨਰਕ ਨੂੰ ਸਵਰਗ ਵਿਚ ਬਦਲ ਸਕਦੀ ਹੈ।

*- ਮਿਲਟਨ*

ਸੂਝਵਾਨ ਉਹੀ ਹੈ ਜੋ ਕਿ ਸੂਝਵਾਨ ਦੀ ਸੂਝ ਨੂੰ ਕਾਇਲ ਕਰੇ।

*- ਸਟੇਨਲੇ ਬਾਲਡ ਵਿਨ*

ਵਿਦਵਾਨ ਮੂਰਖ ਤੋਂ ਕੁਝ ਨਾ ਕੁਝ ਸਿੱਖ ਲੈਂਦਾ ਹੈ ਪਰ ਮੂਰਖ ਉਸ ਤੋਂ ਕੁਝ ਨਹੀਂ ਸਿੱਖ ਸਕਦਾ।

*- ਅਲੈਬੇਵਗੀ*

ਸਮਝਦਾਰ ਵਿਅਕਤੀ ਆਪਣੀ ਪੁੱਤਰੀ ਦਾ ਵਿਆਹ ਵਰ ਪੱਖ ਦੇ ਖਾਨਦਾਨ ਨੂੰ ਚੰਗੀ ਤਰ੍ਹਾਂ ਪਰਖ ਕੇ ਹੀ ਕਰਦਾ ਹੈ। ਉਹ ਆਪਣੇ ਪੁੱਤਰ ਨੂੰ ਚੰਗੀ ਅਤੇ ਉੱਚ ਸਿੱਖਿਆ ਪ੍ਰਦਾਨ ਕਰਦਾ ਹੈ ਜਾਂ ਕਰਾਉਂਦਾ ਹੈ। ਦੁਸ਼ਮਣ ਦੇ ਨੇੜੇ ਆ ਜਾਵੇ ਤਾਂ ਉਸਨੂੰ ਵਿਪਤਾ ਪਾ ਦਿੰਦਾ ਹੈ ਅਤੇ ਆਪਣੇ ਪਿਆਰੇ ਮਿੱਤਰ ਨੂੰ ਉਹ ਚੰਗੇ ਅਤੇ ਮਹੱਤਵਪੂਰਨ ਕਾਰਜਾਂ 'ਚ ਲਗਾਉਂਦਾ ਹੈ।

*- ਚਾਣਕਿਆ ਰਾਜਨੀਤੀ*

ਕਈ ਲੋਕ ਹੱਥਾਂ ਤੇ ਤਕਦੀਰ ਦੀਆਂ ਲਕੀਰਾਂ ਲੱਭਦੇ ਰਹਿੰਦੇ ਹਨ ਉਹ ਨਹੀਂ ਜਾਣਦੇ ਕਿ ਹੱਥ ਆਪ ਤਕਦੀਰ ਦੇ ਸਿਰਜਣਹਾਰ ਹੁੰਦੇ ਹਨ। ਸਿਆਣੇ ਬੰਦੇ ਤੇਜ ਪੁਲਾਂਘਾਂ ਪੁੱਟ ਕੇ ਦੁਚਿੱਤੀਆਂ ਪਿੱਛੇ ਛੱਡ ਜਾਂਦੇ ਹਨ।

ਸੁਣਨ ਨਾਲ ਅਸੀਂ ਸਿਆਣੇ ਹੁੰਦੇ ਹਾਂ ਬੇਲੋੜਾ ਬੋਲਣ ਨਾਲ ਅਕਸਰ ਇਸ ਸਿਆਣਪ ਨੂੰ ਅਜਾਈ ਗੁਆ ਦਿੰਦੇ ਹਾਂ।

*- ਨਰਿੰਦਰ ਸਿੰਘ ਕਪੂਰ*



Sri Satguru Jagjit Singh Ji eLibrary NamdhariElibrary@gmail.com

# ਰੁਤਬਾ, ਗ਼ਰੀਬੀ, ਅਮੀਰੀ

ਜਦੋਂ ਕਿਸੇ ਗਰੀਬ ਦੇ ਘਰ ਖੁਸ਼ੀਆਂ ਆਉਂਦੀਆਂ ਹਨ ਅਤੇ ਉਸਦਾ ਦਿਲ ਬਾਗੋ ਬਾਗ ਹੋ ਜਾਂਦਾ ਹੈ ਤਾਂ ਸਮਝੋ ਸਭ ਤੋਂ ਵੱਡਾ ਤਿਉਹਾਰ ਆ ਗਿਆ ਹੈ।

*- ਮਹਾਰਿਸ਼ੀ ਵਸਿਸਟ*

ਦੁਨੀਆਂ ਭਰ ਦੇ ਮਜ਼ਦੂਰੋ ਇਕ ਹੋ ਜਾਓ ਤੁਸੀਂ ਆਪਣੀਆਂ ਜੰਜੀਰਾਂ ਤੋਂ ਬਿਨਾਂ ਕੁਝ ਵੀ ਨਹੀਂ ਖੋਵੋਗੇ।

*- ਕਾਰਲ ਮਾਰਕਸ*

ਕੰਜੂਸ ਕੋਲ ਜਿਨਾ ਜ਼ਿਆਦਾ ਹੁੰਦਾ ਹੈ ਉਨਾ ਹੀ ਉਸ ਲਈ ਤਰਸਦਾ ਹੈ ਜੋ ਉਸ ਕੋਲ ਨਹੀਂ ਹੁੰਦਾ।

*- ਸਾਈ ਰਸ*

ਅਧਰਮ ਦੀ ਅਮੀਰੀ ਤੋਂ ਇੱਜਤ ਦੀ ਗਰੀਬੀ ਚੰਗੀ ਹੈ।

*- ਸੰਤ ਗਿਆਨੇਸ਼ਵਰ*

ਗਰੀਬ ਉਹ ਹੈ ਜਿਸ ਕੋਲ ਗਿਆਨ ਦੀ ਦੌਲਤ ਨਹੀਂ ਹੈ।

*- ਸ਼ੰਕਰਾਚਾਰੀਆ*

ਮੈਨੂੰ ਹਰ ਉਹ ਇਨਸਾਨ ਗਦਾਰ ਲੱਗਦਾ ਹੈ ਜਿਹੜਾ ਦੇਸ਼ ਦੇ ਹਜ਼ਾਰਾਂ ਗਰੀਬਾਂ ਦੀ ਕੀਮਤ ਤੇ ਉੱਚਾ ਰੁਤਬਾ ਹਾਸਲ ਕਰਕੇ ਮਗਰੋਂ ਉਨ੍ਹਾਂ ਦਾ ਕੁਝ ਨਹੀਂ ਸੰਵਾਰਦਾ।

*- ਸਵਾਮੀ ਵਿਵੇਕਾਨੰਦ*

ਜਦੋਂ ਅੱਲਾ ਤਾਅਲਾ ਕਿਸੇ ਨੂੰ ਰੁਤਬਾ ਦਿੰਦਾ ਹੈ ਤਾਂ ਉਹ ਉਸ ਦੀਆਂ ਜ਼ਰੂਰਤਾਂ ਵੀ ਆਪ ਹੀ ਪੂਰੀਆਂ ਕਰਦਾ ਹੈ।

*- ਡਾ. ਅਬਦੁਲ ਕਲਾਮ*



Sri Satguru Jagjit Singh Ji eLibrary NamdhariElibrary@gmail.com

# ਸਫਲਤਾ, ਅਸਫ਼ਲਤਾ, ਹਾਰ ਜਿੱਤ, ਮੰਜ਼ਿਲ, ਟੀਚਾ

ਮਨੁੱਖੀ ਜੀਵਨ ਵਿੱਚ ਸਫਲਤਾ ਦਾ ਭੇਦ ਹਰੇਕ ਆਉਣ ਵਾਲੇ ਮੌਕੇ ਲਈ ਸਦਾ ਤਿਆਰ ਰਹਿਣਾ ਹੈ।

*- ਡਿਜਰਾਇਲੀ*

ਸਫਲਤਾ ਦੀ ਕੋਈ ਸਿਖਰ ਨਹੀਂ ਹੁੰਦੀ ਅਤੇ ਅਸਫਲਤਾ ਕਦੇ ਜਾਨ ਲੇਵਾ ਨਹੀਂ ਹੋ ਸਕਦੀ। ਚਲਦੇ ਰਹਿਣ ਦਾ ਹੌਸਲਾ ਹੀ ਸਭ ਤੋਂ ਮਹੱਤਵਪੂਰਨ ਹੈ।

*- ਵਿੰਸਟਨ ਚਰਚਿਲ*

ਆਪਣੇ ਜੀਵਨ ਦਾ ਇੱਕ ਉਦੇਸ਼ ਬਣਾਓ ਤੇ ਉਸਦੀ ਪੂਰਤੀ ਲਈ ਜੁਟ ਜਾਓ।

*- ਕਾਰ ਲਾਈਲ*

ਸਫਲਤਾ ਕੁਝ ਵੀ ਨਹੀਂ ਹੈ। ਇਹ ਕੇਵਲ ਬਿਨਾਂ ਉਤਸ਼ਾਹ ਤਿਆਗੇ ਇਕ ਹਾਰ ਤੋਂ ਦੂਜੀ ਹਾਰ ਤੱਕ ਜਾਣਾ ਹੈ। ਸਾਡੇ ਨੌਜਵਾਨਾਂ ਨੂੰ ਮਾਯੂਸ ਹੋਣ ਦੀ ਥਾਂ ਸਵੈ ਭਰੋਸਾ ਅਤੇ ਕਿਰਤ ਦੇ ਸਤਿਕਾਰ ਨੂੰ ਅਪਨਾਉਣ ਦੀ ਲੋੜ ਹੈ। ਵੱਡੀਆਂ ਪ੍ਰਾਪਤੀਆਂ ਲਈ ਸਾਨੂੰ ਕੇਵਲ ਸੁਪਨੇ ਹੀ ਨਹੀਂ ਵੇਖਣੇ ਚਾਹੀਦੇ ਸਗੋਂ ਯਤਨ ਕਰਨੇ ਚਾਹੀਦੇ ਹਨ ਕੇਵਲ ਯੋਜਨਾ ਹੀ ਨਾ ਬਣਾਈਏ ਸਗੋਂ ਇਸ ਤੇ ਅਮਲ ਵੀ ਕਰੀਏ।

*- ਚਰਚਿਲ*

ਜੇਤੂ ਜਿਮਨੇਜੀਅਮ ਵਿਚ ਨਹੀਂ ਸਗੋਂ ਮਨੁੱਖ ਦੀ ਰੀਝ ਕਲਪਨਾ ਅਤੇ ਦ੍ਰਿਸ਼ਟੀ ਨਾਲ ਬਣਦੇ ਹਨ।

*- ਮੁਹੱਲ ਅਲੀ*

ਸਫਲਤਾ ਅਕਸਰ ਉਨ੍ਹਾਂ ਲੋਕਾਂ ਨੂੰ ਮਿਲਦੀ ਹੈ ਜੋ ਕਠਿਨਾਈ ਭਰੇ ਕੰਮ ਕਰਦੇ ਹਨ। ਇਹ ਉਨ੍ਹਾਂ ਆਲਸੀ ਲੋਕਾਂ ਕੋਲ ਨਹੀਂ ਜੋ ਨਤੀਜਿਆਂ ਤੋਂ ਡਰਦੇ ਹਨ।

*- ਅਗਿਆਤ*

ਜਿੰਨੇ ਤੁਹਾਡੇ ਨਿਸ਼ਾਨੇ ਉੱਚੇ ਤੇ ਸੁਚੇ ਹੋਣਗੇ ਓਨੇ ਹੀ ਖਰਚੇ ਤੁਹਾਡੇ ਕਾਬੂ ਵਿਚ ਰਹਿਣਗੇ।

*- ਐਲ ਬਰਟਸ*

ਆਦਰਸ਼ਾਂ ਅਤੇ ਉਦੇਸ਼ਾਂ ਨੂੰ ਵਿਸਾਰ ਦੇਣ ਨਾਲ ਨਾ ਕਾਮਯਾਬੀ ਹਾਸਲ ਹੁੰਦੀ ਹੈ।

*- ਜਵਾਹਰ ਲਾਲ ਨਹਿਰੂ*

ਅਮਨ ਕੋਈ ਔਖਾ ਟੀਚਾ ਨਹੀਂ ਹੈ ਸਗੋਂ ਇਹ ਉਹ ਰਾਹ ਹੈ ਜੋ ਹਰ ਟੀਚੇ ਵੱਲ ਜਾਂਦਾ ਹੈ।

*- ਮਾਰਟਿਨ ਲੂਥਰ ਕਿੰਗ*

ਉੱਚੀਆਂ ਪ੍ਰਾਪਤੀਆਂ ਦਾ ਰਸਤਾ ਕਠਿਨ ਜ਼ਰੂਰ ਹੈ ਅਸੰਭਵ ਨਹੀਂ।

*- ਐਲ ਬਰਟਸ*

ਆਪਣੀ ਯੋਗਤਾ ਤੇ ਮਿਹਨਤ ਨਾਲ ਹੀ ਅਸੀਂ ਆਪਣੇ ਟੀਚਿਆਂ ਨੂੰ ਪ੍ਰਾਪਤ



Sri Satguru Jagjit Singh Ji eLibrary NamdhariElibrary@gmail.com

ਕਰਦੇ ਹਾਂ।

- ਰਬਿੰਦਰ ਨਾਥ ਟੈਗੋਰ

ਵੱਡੀ ਗੱਲ ਇਹ ਨਹੀਂ ਹੈ ਕਿ ਤੁਸੀਂ ਕਿੱਥੇ ਖੜੇ ਹੋ ਵੱਡੀ ਗੱਲ ਇਹ ਹੈ ਕਿ ਤੁਸੀਂ ਕਿਸ ਦਿਸ਼ਾ ਵੱਲ ਵਿਚਰ ਰਹੇ ਹੋ।

- ਓਲੀਵਰ ਵੇਂਡੇਲ ਹੋਮਸ

ਜਿਹੜਾ ਪੱਕੇ ਇਰਾਦੇ ਨਾਲ ਕਿਸੇ ਕੰਮ ਦੇ ਪਿੱਛੇ ਪੈ ਜਾਵੇ। ਸਫਲਤਾ ਉਸਦੇ ਪੈਰ ਚੁੰਮਦੀ ਹੈ।

- ਗਿਆਨੀ ਪ੍ਰਤਾਪ ਸਿੰਘ

ਆਪਣੇ ਜੀਵਨ ਦਾ ਇਕ ਉਦੇਸ਼ ਬਣਾਓ ਅਤੇ ਉਸ ਪੂਰਤੀ ਲਈ ਤਨ ਅਤੇ ਮਨ ਨਾਲ ਜੁਟ ਜਾਓ।

- ਕਾਰ ਲਾਈਲ

ਅਮਨ ਸਾਡਾ ਅੰਤਿਮ ਨਿਸ਼ਾਨਾ ਨਹੀਂ ਸਗੋਂ ਅੰਤਿਮ ਨਿਸ਼ਾਨੇ ਵੱਲ ਜਾਂਦਾ ਰਾਹ ਹੈ।

- ਮਾਰਟਿਨ ਲੂਥਰ ਕਿੰਗ

ਜਿੱਤ ਹਮੇਸ਼ਾ ਹੀ ਸਵਾਗਤ ਯੋਗ ਹੁੰਦੀ ਹੈ, ਚਾਹੇ ਉਹ ਸੰਯੋਗ ਨਾਲ ਪ੍ਰਾਪਤ ਹੋਈ ਹੋਵੇ ਜਾਂ ਸਾਹਸ ਨਾਲ।

- ਅਰਸਤੂ

ਅਸੀਂ ਸਫਲ ਇਸ ਕਰਕੇ ਨਹੀਂ ਹੁੰਦੇ ਕਿਉਂਕਿ ਅਸੀਂ ਮੌਕੇ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ।

- ਲਾਲ ਲਾਜਪਤ ਰਾਏ

ਅਸੀਂ ਭਾਵੇ ਵੱਖ ਵੱਖ ਦਿਸ਼ਾਵਾਂ ਵਿਚੋਂ ਆਏ ਹਾਂ ਪਰ ਹੁਣ ਅਸੀਂ ਸਾਰੇ ਇਕ ਹੀ ਕਿਸ਼ਤੀ ਵਿਚ ਸਵਾਰ ਹਾਂ।

- ਮਾਰਟਿਨ ਲੂਥਰ ਕਿੰਗ

ਜਦੋਂ ਤੁਹਾਨੂੰ ਮੰਜ਼ਿਲ ਦਾ ਪਤਾ ਲੱਗ ਜਾਵੇ ਉਦੋਂ ਮੰਜ਼ਲ ਹੀ ਦੱਸ ਦੇਵੇਗੀ ਕਿ ਉਥੇ ਤੱਕ ਪਹੁੰਚਣ ਲਈ ਕੀ ਚਾਹੀਦਾ ਹੈ।

- ਕਲੀਮੈਂਟ ਸਟੋਨ

ਜੋ ਇਹੀ ਸੋਚ ਕੇ ਪ੍ਰੇਸ਼ਾਨ ਹੁੰਦਾ ਰਹੇ ਕਿ ਉਹ ਹਾਰ ਨਾ ਜਾਵੇ, ਉਹ ਨਿਸ਼ਚਤ ਰੂਪ ਵਿਚ ਹੀ ਹਾਰੇਗਾ।

- ਨੈਪੋਲੀਅਨ ਬੋਨਾ ਪਾਰਟ

ਜਦੋਂ ਸਾਨੂੰ ਟੀਚੇ ਦਾ ਸਪੱਸ਼ਟ ਪਤਾ ਹੋਵੇ ਤਾਂ ਅਸੀਂ ਦਿਲ ਲਗਾਕੇ ਉਸ ਕੰਮ ਨੂੰ ਕਰ ਸਕਦੇ ਹਾਂ।

- ਜਿਗ ਜਿਗਲਰ

ਸਫਲਤਾ ਅਕਸਰ ਉਨ੍ਹਾਂ ਲੋਕਾਂ ਨੂੰ ਮਿਲਦੀ ਹੈ ਜੋ ਮੁਸ਼ਕਲ ਭਰੇ ਕੰਮ ਕਰਦੇ ਹਨ ਇਹ ਉਨ੍ਹਾਂ ਆਲਸੀ ਲੋਕਾਂ ਕੋਲ ਨਹੀਂ ਹੁੰਦੀ ਜੋ ਨਤੀਜਿਆਂ ਤੋਂ ਡਰਦੇ ਹਨ।

- ਅਗਿਆਤ

ਰਣਨੀਤੀ ਕਿੰਨੀ ਵੀ ਖੂਬਸੂਰਤ ਕਿਉਂ ਨਾ ਹੋਵੇ ਤੁਹਾਨੂੰ ਕਦੇ ਕਦੇ



Sri Satguru Jagjit Singh Ji eLibrary NamdhariElibrary@gmail.com

ਨਤੀਜਿਆਂ ਦੇ ਬਾਰੇ ਵਿਚ ਵੀ ਸੋਚ ਲੈਣਾ ਚਾਹੀਦਾ ਹੈ।

*- ਸਰਵਿੰਸਟਨ ਚਰਚਿਲ*

ਜਿੱਤ ਦਾ ਪਲ ਜਿਉਣ ਦੇ ਲਿਹਾਜ ਨਾਲ ਬਹੁਤ ਛੋਟਾ ਹੈ। ਬੱਸ ਇਸ ਤੋਂ ਬਗੈਰ ਹੋਰ ਕੁੱਝ ਨਹੀਂ।

*- ਮਾਰਟਿਨਾ ਨਵਰਾਤੀ ਲੋਵਾ*

ਤੁਸੀਂ ਕਿਸੇ ਨੂੰ ਵੀ ਕੁਝ ਨਹੀਂ ਸਿਖਾ ਸਕਦੇ ਸਿਰਫ਼ ਉਨ੍ਹਾਂ ਨੂੰ ਰਸਤਾ ਦਿਖਾਉਣ ਵਿਚ ਮੱਦਦ ਕਰ ਸਕਦੇ ਹੋ।

*- ਗਲੀਲਿਓ*

ਜੇ ਤੁਹਾਡਾ ਕੋਈ ਆਪਣਾ ਤਰੀਕਾ ਸਫਲ ਨਹੀਂ ਹੁੰਦਾ ਤਾਂ ਉਹ ਅਸਫਲਤਾ ਸਵੀਕਾਰ ਕਰ ਲਵੋ ਪਰ ਹੋਰ ਤਰੀਕੇ ਲੱਭਣ ਦੀ ਕੋਸ਼ਿਸ਼ ਨਾ ਛੱਡੋ।

*- ਰੂਜ ਵੈਲਟ*

ਸਫਲਤਾ ਹਾਸਲ ਕਰਨੀ ਓਨੀ ਜ਼ਰੂਰੀ ਨਹੀਂ ਜਿੰਨਾ ਜ਼ਰੂਰੀ ਹੈ ਕਦਰਾਂ ਕੀਮਤਾਂ ਨੂੰ ਹਾਸਲ ਕਰਨਾ।

*- ਅਲਬਰਟ ਆਈਨ ਸਟਾਈਨ*

ਛੋਟੇ ਛੋਟੇ ਟੀਚਿਆਂ ਦੀ ਪੂਰਨਤਾ ਵੱਡੇ ਟੀਚਿਆਂ ਦੀ ਪ੍ਰਾਪਤੀ ਵਿਚ ਸਹਾਇਕ ਸਿੱਧ ਹੁੰਦੀ ਹੈ।

*- ਅਗਿਆਤ*

ਮਦਹੋਸ਼ੀ ਦੀ ਹਾਲਤ ਵਿਚ ਕੀਤੇ ਗਏ ਸੰਕਲਪਾਂ ਨੂੰ ਹੋਸ਼ ਵਿਚ ਆਉਣ ਉਪਰ ਤੋੜਿਆ ਜਾ ਸਕਦਾ ਹੈ।

*- ਸ਼ੈਕਸਪੀਅਰ*

ਜਿਸਨੂੰ ਹਾਰਨ ਦਾ ਡਰ ਹੋਵੇ ਉਹ ਜ਼ਰੂਰ ਹਾਰਦਾ ਹੈ ਜਿੱਤਣ ਵਾਲੇ ਕਦੇ ਵੀ ਆਪਣੀ ਹਾਰ ਦਾ ਡਰ ਨਹੀਂ ਮੰਨਦੇ।

*- ਨੈਪੋਲੀਅਨ*

ਬਿਨਾਂ ਟੀਚੇ ਦੇ ਜੀਵਨ ਕੇਵਲ ਤਰਸਯੋਗ ਨਹੀਂ ਹੁੰਦਾ ਸਗੋਂ ਸਮਾਜ ਲਈ ਹਾਨੀਕਾਰਕ ਵੀ ਹੁੰਦਾ ਹੈ।

*- ਹਜਾਰੀ ਪ੍ਰਸਾਦ ਦਿਵੇਦੀ*

ਰਸਤਿਆਂ ਦੇ ਪਿੱਛੇ ਨਾ ਚੱਲੋ ਸਗੋਂ ਉਥੇ ਜਾਓ ਜਿਥੇ ਕੋਈ ਰਾਹ ਨਾ ਲੱਭੇ ਅਤੇ ਆਪਣੇ ਪਿੱਛੇ ਇੱਕ ਲਕੀਰ ਛੱਡ ਜਾਓ।

*- ਰਾਲਫ ਐਮਰਸਨ*

ਜੀਵਨ ਦਾ ਸਭ ਤੋਂ ਵੱਡਾ ਪੁਰਸਕਾਰ ਜੀਵਨ ਦੀ ਸਭ ਤੋਂ ਵੱਡੀ ਜਾਇਦਾਦ ਹੈ-ਕਿਸੇ ਵਿਸੇਸ ਗੱਲ ਦੀ ਵਿਚਾਰਧਾਰਾ ਲੈ ਕੇ ਜਨਮ ਲੈਣਾ ਤੇ ਉਸਦੀ ਪੂਰਤੀ ਕਰਨ ਵਿਚ ਹੀ ਮਨੁੱਖ ਨੂੰ ਸੁੱਖ ਮਿਲਦਾ ਹੈ।

*- ਐਮਰਸਨ*

ਹਿੰਸਕ ਕਾਰਵਾਈਆਂ ਦੀ ਇੱਕੋ ਇਕ ਸੀਮਾ ਹੈ ਅਤੇ ਸੰਭਵ ਹੈ ਕਿ ਇਹ ਫੇਲ੍ਹ ਹੋ ਸਕਦੀਆਂ ਹਨ ਅਹਿੰਸਕ ਕਾਰਵਾਈਆਂ ਦੀ ਕੋਈ ਸੀਮਾ ਨਹੀਂ ਹੁੰਦੀ ਅਤੇ ਨਾ ਹੀ ਇਹ ਕਦੇ ਫੇਲ੍ਹ ਹੁੰਦੀਆਂ ਹਨ।

*- ਮਹਾਤਮਾ ਗਾਂਧੀ*



Sri Satguru Jagjit Singh Ji eLibrary NamdhariElibrary@gmail.com

ਮੰਜਿਲ ਦੀ ਭਾਲ ਵਿਚ ਰਾਹ ਲੱਭਣਾ ਪਹਿਲਾ ਪੜਾਅ ਹੈ ਰਾਹ ਲੰਬਾ ਵੀ ਹੋ ਸਕਦਾ ਹੈ ਪਰ ਜੇ ਰਾਹ ਸਹੀ ਹੋਵੇ ਮੰਜ਼ਿਲ ਜ਼ਰੂਰ ਮਿਲੇਗੀ।

*- ਅਗਿਆਤ*

ਮਹਾਨ ਉਦੇਸ਼ ਦੀ ਪੂਰਤੀ ਲਈ ਯਤਨਸ਼ੀਲ ਰਹਿਣ ਵਿਚ ਹੀ ਅਸਲੀ ਖੁਸ਼ੀ ਛੁਪੀ ਹੁੰਦੀ ਹੈ।

*- ਜਵਾਹਰ ਲਾਲ ਨਹਿਰੂ*

ਅੱਖੀਂ ਦੇਖੀ ਅਤੇ ਵਿਚਾਰ ਕੇ ਬਣਾਈ ਗਈ ਹਰ ਯੋਜਨਾ ਹਮੇਸ਼ਾ ਸਫਲ ਹੁੰਦੀ ਹੈ।

*- ਮਾਰਿਸਨ*

ਅੱਖਾਂ ਹੁੰਦੇ ਹੋਏ ਵੀ ਅੰਨ੍ਹਾ ਬਣੇ ਰਹਿਣ ਵਾਲੇ ਨੂੰ ਕੋਈ ਰਸਤਾ ਨਹੀਂ ਵਿਖਾ ਸਕਦਾ।

*- ਸਰਦਾਰ ਪਟੇਲ*

ਸਫ਼ਲਤਾ ਮਿਲਦੀ ਹੈ ਸਮਝਦਾਰੀ ਅਤੇ ਮਿਹਨਤ ਨਾਲ। ਜੇਕਰ ਇਸ ਨੂੰ ਪ੍ਰਾਪਤ ਕਰਨਾ ਹੈ ਤਾਂ ਦੋਵਾਂ ਨੂੰ ਅਪਨਾਉਣਾ ਪੈਣਾ ਹੈ।

*- ਮਾਘ*

ਸਫ਼ਲਤਾ ਉਨ੍ਹਾਂ ਲੋਕਾਂ ਨੂੰ ਸੁੰਦਰ ਲੱਗਦੀ ਹੈ ਜਿਨ੍ਹਾਂ ਨੇ ਇਸ ਨੂੰ ਆਪਣੇ ਜੀਵਨ ਵਿਚ ਕਦੇ ਦੇਖਿਆ ਨਾ ਹੋਵੇ ਅਤੇ ਜੋ ਇਸਦੀ ਡੂੰਘੀ ਇੱਛਾ ਕਰਦੇ ਹਨ।

*- ਏਮਲੀ ਡਿਕਸਨ*

ਗਿਆਨ ਪਾਪ ਹੋ ਜਾਂਦਾ ਹੈ ਜੇਕਰ ਉਦੇਸ਼ ਸ਼ੁਭ ਨਾ ਹੋਵੇ।

*- ਅਫਲਾਤੂਨ*

ਤੁਸੀਂ ਕਿਸੇ ਨੂੰ ਕੁਝ ਨਹੀਂ ਸਿਖਾ ਸਕਦੇ ਤੁਸੀਂ ਸਿਰਫ਼ ਉਨ੍ਹਾਂ ਨੂੰ ਰਸਤਾ ਦਿਖਾਉਣ 'ਚ ਮੱਦਦ ਕਰ ਸਕਦੇ ਹੋ।

*- ਗੈਲੀਲਿਓ*

ਸਾਡੇ ਵਿਚਾਰ ਲਚਕੀਲੇ ਹੋਣ ਹਾਲਾਤ ਦੇ ਨਾਲ ਤਾਲਮੇਲ ਕਰਕੇ ਚਲਣ ਪਰ ਸਾਡੇ ਆਦਰਸ਼ ਸਥਿਰ ਹੋਣ।

*- ਅਗਿਆਤ*

ਸਫ਼ਲਤਾ ਬਹੁਤ ਹੀ ਸੰਗਾਊ ਹੈ ਜੇ ਤੁਸੀਂ ਇਸ ਦੇ ਵੱਲ ਹੀ ਟਿਕਟਿਕੀ ਲਗਾਕੇ ਰੱਖੋਗੇ ਤਾਂ ਇਹ ਤੁਹਾਡੇ ਕੋਲ ਨਹੀਂ ਆਏਗੀ।

*- ਟੈਨੇਸੀ ਵਿਲੀਅਮਜ*

ਜਿੱਤ ਨਾਲੋਂ ਜ਼ਿਆਦਾ ਸਾਨੂੰ ਉਸ ਸੰਘਰਸ਼ ਵਿਚ ਸਵਾਦ ਆਉਂਦਾ ਹੈ। ਜਿਹੜਾ ਉਸ ਜਿੱਤ ਲਈ ਕਰਨਾ ਪੈਂਦਾ ਹੈ।

*- ਖਨਸ ਕਲ*

ਜਿੱਤ ਹਾਸਲ ਕਰਨਾ ਕੇਵਲ ਇਕ ਚੀਜ ਹੀ ਹੁੰਦੀ ਹੈ ਇਸ ਨੂੰ ਸਾਰਾ ਕੁਝ ਨਹੀਂ ਮੰਨਿਆ ਜਾ ਸਕਦਾ।

*- ਹੈਨਰੀ ਸਾਭਰਸ*

ਦੁਨੀਆਂ ਵਿਚ ਉਹ ਲੋਕ ਕਾਮਯਾਬ ਹੁੰਦੇ ਹਨ ਜਿਹੜੇ ਆਪਣੀ ਮਰਜੀ ਦੇ



Sri Satguru Jagjit Singh Ji eLibrary NamdhariElibrary@gmail.com

ਹਾਲਾਤ ਪੈਦਾ ਕਰ ਲੈਂਦੇ ਹਨ।

*- ਜਾਰਜ ਬਰਨਾਰਡ ਸ਼ਾਹ*

ਇਨਸਾਨ ਨੂੰ ਆਪਣੇ ਟੀਚੇ ਵੱਲ ਹਮੇਸ਼ਾ ਆਪਣੇ ਸਹਾਰੇ ਹੀ ਜਾਣਾ ਚਾਹੀਦਾ ਹੈ।

*- ਅਗਿਆਤ*

ਜਦੋਂ ਇਹ ਪਤਾ ਲੱਗ ਜਾਏ ਕਿ ਟੀਚੇ ਪ੍ਰਾਪਤ ਨਹੀਂ ਕੀਤੇ ਜਾ ਸਕਦੇ ਤਾਂ ਆਪਣੇ ਟੀਚੇ ਨਾ ਬਦਲੋ ਸਗੋਂ ਆਪਣੇ ਚੁੱਕੇ ਜਾਣ ਵਾਲੇ ਕਦਮਾਂ ਨੂੰ ਬਦਲ ਲਓ।

*- ਕਨਫਿਊਸ਼ਿਸ*

ਜਿਉਂ ਜਿਉਂ ਅਸੀਂ ਮੰਜਿਲ ਵੱਲ ਵਧਦੇ ਹਾਂ ਕਠਿਨਾਈਆਂ ਵਧਦੀਆਂ ਜਾਂਦੀਆਂ ਹਨ।

*- ਗੋਟੇ*

ਗੰਭੀਰ ਸੰਜੀਦਗੀ ਦੀ ਘਾਟ ਅਸਫਲਤਾ ਦੀ ਵਜ੍ਹਾ ਹੈ।

*- ਐਮਰਸਨ*

ਜਦੋਂ ਤੱਕ ਮੇਰੇ ਅੰਦਰ ਸਫਲਤਾ ਪ੍ਰਾਪਤ ਕਰਨ ਦੀ ਇੱਛਾ ਪ੍ਰਬਲ ਹੈ ਅਸਫਲਤਾ ਮੇਰੇ ਉੱਪਰ ਹਾਵੀ ਨਹੀਂ ਹੋ ਸਕਦੀ।

*-ਮਾਈਕਲ ਕਿਰਬੀ*

ਅਜੋਕੀ ਰਾਜਨੀਤੀ ਵਾਸਤਵ ਵਿਚ ਮਨੁੱਖਾਂ ਦਾ ਨਹੀਂ ਸਗੋਂ ਸ਼ਕਤੀਆਂ ਦਾ ਸੰਘਰਸ਼ ਹੈ।

*- ਹੈਨਰੀ ਐਡਮ*

ਜੇ ਸਿਆਸਤ ਧਰਮ ਅਤੇ ਜਾਤ-ਪਾਤ ਦੇ ਫ਼ਰਕਾਂ ਦੀ ਲੁੱਟ ਖਸੁੱਟ ਤੇ ਅਧਾਰਤ ਹੋਵੇ ਤਾਂ ਇਸ ਦਾ ਨਤੀਜਾ ਮਾੜਾ ਹੀ ਰਹੇਗਾ।

*- ਡਾ. ਮਨਮੋਹਨ ਸਿੰਘ*

ਜੀਵਨ ਦੇ ਕਿਸੇ ਪੜਾਅ 'ਚ ਹੋਈ ਹਾਰ ਵੀ ਅਗਲੀ ਜਿੱਤ ਲਈ ਸਬਕ ਹੈ।

*- ਅਗਿਆਤ*

ਸਫਲਤਾ ਦੀ ਕੋਈ ਸਿਖਰ ਨਹੀਂ ਹੁੰਦੀ ਅਤੇ ਅਸਫਲਤਾ ਕਦੇ ਜਾਨ ਲੇਵਾ ਨਹੀਂ ਹੋ ਸਕਦੀ ਚਲਦੇ ਰਹਿਣ ਦਾ ਹੌਸਲਾ ਹੀ ਸਭ ਤੋਂ ਮਹੱਤਵਪੂਰਨ ਹੁੰਦਾ ਹੈ।

*- ਵਿੰਸਟਨ ਚਰਚਲ*

ਸਫ਼ਲਤਾ ਦਾ ਮਤਲਬ ਸਫ਼ਰ ਨਹੀਂ ਸਗੋਂ ਮੰਜ਼ਿਲ ਹੈ ਅਕਸਰ ਹੀ ਹਰ ਪ੍ਰਾਪਤੀ ਨਾਲੋਂ ਕਾਰਜ ਵਧੇਰੇ ਮਹੱਤਵਪੂਰਨ ਹੁੰਦਾ ਹੈ।

*- ਆਰਥਰ ਐਸ*

ਕੁਝ ਲੋਕਾਂ ਵਲੋਂ ਅਸੀਮ ਸਫ਼ਲਤਾ ਹਾਸਲ ਕਰਨ ਦਾ ਮਤਲਬ ਇਹ ਹੈ ਕਿ ਹੋਰ ਲੋਕ ਵੀ ਅਜਿਹਾ ਕਰਨ ਦੀ ਸਮਰਥਾ ਰੱਖਦੇ ਹਨ।

*- ਅਬਰਾਹੀਮ ਲਿੰਕਨ*

ਜ਼ਿੰਦਗੀ ਵਿਚ ਸਫ਼ਲਤਾ ਇਸ ਗੱਲ ਵਿਚ ਨਹੀਂ ਮਾਪੀ ਜਾਂਦੀ ਕਿ ਤੁਸੀਂ ਆਪਣੇ ਲਈ ਕੀ ਹਾਸਲ ਕੀਤਾ ਸਗੋਂ ਇਸ ਵਿਚ ਮਾਪੀ ਜਾਂਦੀ ਹੈ ਕਿ ਤੁਸੀਂ ਹੋਰਾਂ ਲਈ ਕੀ ਕੀਤਾ।

*- ਡੈਨੀ ਥਾਮਸ*



Sri Satguru Jagjit Singh Ji eLibrary NamdhariElibrary@gmail.com

ਸਫਲ ਹੋਣ ਲਈ ਇਹ ਜ਼ਰੂਰੀ ਹੈ ਕਿ ਤੁਹਾਡੇ ਅੰਦਰ ਆਪਣੇ ਖੇਤਰ ਵਿਚ ਸਰਵੋਤਮ ਸਥਾਨ ਹਾਸਲ ਕਰਨ ਦੀ ਇੱਛਾ ਸ਼ਕਤੀ ਹੋਵੇ।

*- ਹਰਲਡ ਟੇਲਰ ਕਨੇਡੀਅਨ*

ਸੁਪਨਾ ਉਦੋਂ ਹੀ ਜ਼ਿੰਦਗੀ ਵਿਚ ਹਾਸਲ ਕੀਤੇ ਜਾਣ ਵਾਲੇ ਨਿਸ਼ਾਨੇ ਵਿਚ ਤਬਦੀਲ ਹੁੰਦਾ ਹੈ ਜਦੋਂ ਇਸ ਦੀ ਪੂਰਤੀ ਲਈ ਕਦਮ ਚੁੱਕੇ ਜਾਣ।

*- ਬੱਬੈਨੈਟ*

ਜਦੋਂ ਤੁਸੀਂ ਆਪਣਾ ਨਿਸ਼ਾਨਾ ਸਾਹਮਣੇ ਰੱਖਕੇ ਕੰਮ ਕਰਨਾ ਸ਼ੁਰੂ ਕਰ ਦਿੰਦੇ ਹੋ ਤਾਂ ਤੁਹਾਡਾ ਨਿਸ਼ਾਨਾ ਤੁਹਾਡੇ ਲਈ ਖੁਦ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ।

*- ਜਿਮ ਰਾਨ*

ਜਦੋਂ ਤੱਕ ਮੇਰੇ ਅੰਦਰ ਸਫ਼ਲਤਾ ਪ੍ਰਾਪਤ ਕਰਨ ਦੀ ਇੱਛਾ ਪ੍ਰਬਲ ਹੈ ਅਸਫ਼ਲਤਾ ਮੇਰੇ ਉੱਪਰ ਹਾਵੀ ਨਹੀਂ ਹੋ ਸਕਦੀ।

*- ਮਾਈਕਲ ਕਿਰਈ*

ਸਫ਼ਲਤਾ ਖੁਸ਼ੀ ਦੀ ਕੁੰਜੀ ਨਹੀਂ ਹੈ ਸਗੋਂ ਖੁਸ਼ੀ ਸਫ਼ਲਤਾ ਦੀ ਕੁੰਜੀ ਹੈ ਆਪਣੇ ਕੰਮ ਨਾਲ ਪਿਆਰ ਕਰਕੇ ਖੁਸ਼ ਰਹੋ ਸਫ਼ਲ ਹੁੰਦੇ ਜਾਓਗੇ।

*- ਅਲਬਰਟ ਸਵਿਟਸਰ*

ਜ਼ਿਆਦਾਤਰ ਲੋਕ ਇਸ ਲਈ ਵੀ ਸਫ਼ਲ ਹੋ ਜਾਂਦੇ ਹਨ ਕਿਉਂਕਿ ਉਹ ਦ੍ਰਿੜ ਨਿਸ਼ਚੇ ਦੇ ਧਨੀ ਹੁੰਦੇ ਹਨ।

*- ਜਾਰਜ ਏਲੇਨ*

ਖੁਸ਼ਕਿਸਮਤੀ ਸਖਤ ਮਿਹਨਤ ਤੇ ਜ਼ੋਰਦਾਰ ਤਿਆਰੀ 'ਚੋਂ ਹੀ ਜਨਮ ਲੈਂਦੀ ਹੈ।

*- ਅਗਿਆਤ*

ਅਸਫਲਤਾ ਇਹੀ ਦਰਸਾਉਂਦੀ ਹੈ ਕਿ ਸਫਲ ਹੋਣ ਦਾ ਯਤਨ ਪੂਰੀ ਲਗਨ ਨਾਲ ਨਹੀਂ ਕੀਤਾ ਗਿਆ।

*- ਮਦਰ ਟਰੇਸਾ*

ਅੱਖਾਂ ਖੁੱਲ੍ਹੀਆਂ ਹੋਣ ਤਾਂ ਸਾਫ਼ ਰਾਹ ਲੱਭ ਪੈਂਦੇ ਹਨ ਅਤੇ ਮੰਜ਼ਿਲ ਉੱਤੇ ਪਹੁੰਚਣਾ ਕਠਿਨ ਨਹੀਂ ਰਹਿੰਦਾ।

*- ਅਗਿਆਤ*

ਜੇਕਰ ਤੁਸੀਂ ਇਕੋ ਸਮੇਂ ਬਹੁਤ ਸਾਰੇ ਕੰਮ ਕਰਨੇ ਚਾਹੋਗੇ ਤਾਂ ਕਿਸੇ ਵੀ ਕੰਮ ਵਿਚ ਪੂਰਨ ਸਫ਼ਲਤਾ ਨਹੀਂ ਪ੍ਰਾਪਤ ਕਰ ਸਕੋਗੇ।

*- ਜੇਮਜ ਨਰਮਨ*

ਸਫ਼ਲਤਾ ਦੇ ਚਾਰ ਸਾਧਨ ਹਨ - ਵਿਵੇਕ, ਮਿਹਨਤ, ਚੰਗਾ ਚਰਿਤਰ ਅਤੇ ਵਿਵਹਾਰਕਤਾ।

*- ਮਹਾਤਮਾ ਗਾਂਧੀ*

ਸਫ਼ਲਤਾ ਆਪਣੇ ਆਪ ਵਿਚ ਸਭ ਕੁਝ ਨਹੀਂ ਇਸਨੂੰ ਸੂਝ ਬੂਝ ਦਾ ਇਕ ਮਾਪਦੰਡ ਨਹੀਂ ਮੰਨਿਆ ਜਾ ਸਕਦਾ।

*- ਬਰਤਾਨਵੀ ਐਡ ਮੰਡ ਬਰਕ*



Sri Satguru Jagjit Singh Ji eLibrary NamdhariElibrary@gmail.com

# ਕੋਸ਼ਿਸ਼, ਜਤਨ

ਵਗਦੇ ਪਾਣੀ ਨਿਰਮਲ ਹੁੰਦੇ ਹਨ ਖੜੇ ਜ਼ਿੰਦਗੀ ਦੀ ਸਮਾਪਤੀ ਇਸ ਲਈ ਦਰਿਆਵਾਂ ਵਰਗੀ ਰਵਾਨਗੀ ਤਾਂ ਜ਼ਿੰਦਗੀ ਵਿਚ ਜ਼ਰੂਰੀ ਹੈ।

*- ਬਰਨਾਰਡ ਸਾਅ*

ਜੋ ਇਸ ਦੁਨੀਆਂ ਤੋਂ ਅੱਗੇ ਨਿਕਲਦੇ ਹਨ ਉਹ ਐਸੇ ਲੋਕ ਹਨ ਜੇ ਆਪਣੀਆਂ ਮਨਚਾਹੀਆਂ ਪ੍ਰਸਥਿਤੀਆਂ ਦੀ ਤਲਾਸ਼ ਕਰਦੇ ਹਨ। ਜੇਕਰ ਅਜਿਹੀਆਂ ਪ੍ਰਸਥਿਤੀਆਂ ਉਨ੍ਹਾਂ ਨੂੰ ਹਾਸਲ ਨਹੀਂ ਹੁੰਦੀਆਂ ਤਾਂ ਉਹ ਇਨ੍ਹਾਂ ਨੂੰ ਪੈਦਾ ਕਰ ਲੈਂਦੇ ਹਨ ਭਾਵ ਜਿਨਾ ਕੁਝ ਕਰਨਾ ਹੁੰਦਾ ਹੈ ਉਹ ਇਹ ਨਹੀਂ ਵੇਖਦੇ ਕਿ ਉਨ੍ਹਾਂ ਕੋਲ ਕੀ ਸਾਧਨ ਹਨ ਸਗੋਂ ਉਹ ਆਪਣੀ ਮੰਜਲ ਮਿਥਕੇ ਲਗਾਤਾਰ ਨਿਰੰਤਰ ਸਾਧਨਾਂ ਵਿਚ ਜੁਟ ਜਾਂਦੇ ਹਨ।

*- ਜਾਰਜ ਬਰਨਾਰਡ ਸਾਅ*

ਮੋਤੀ ਸਮੁੰਦਰ ਦੇ ਕਿਨਾਰੇ ਤੇ ਪਏ ਨਹੀਂ ਮਿਲਦੇ ਅਗਰ ਤੁਸੀਂ ਲੱਭਣੇ ਹਨ ਤਾਂ ਸਮੁੰਦਰ ਵਿਚ ਗੋਤਾ ਲਾਉਣਾ ਪਵੇਗਾ।

*- ਇਕ ਚੀਨੀ ਕਹਾਵਤ*

ਪ੍ਰਭਾਵਸ਼ਾਲੀ ਕਦਮ ਨਿਸ਼ਚਿਤ ਰੂਪ ਨਾਲ ਨਤੀਜਾ ਜਨਕ ਹੋਣੇ ਚਾਹੀਦੇ ਹਨ।

*- ਜਵਾਹਰ ਲਾਲ ਨਹਿਰੂ*

ਸਾਰੇ ਸੰਗਠਨਾਂ ਵਿਚ ਵਿਗਾੜ ਦੀ ਨਵਿਰਤੀ ਲਾਜਮੀ ਤੌਰ ਤੇ ਹੁੰਦੀ ਹੈ। ਇਸ ਤੋਂ ਬਚਣ ਲਈ ਲਗਾਤਾਰ ਅਣਥੱਕ ਯਤਨ ਕਰਨੇ ਜ਼ਰੂਰੀ ਹਨ।

*- ਗੌਤਮ ਬੁੱਧ*

ਮਹਾਨ ਉਦੇਸ਼ ਦੀ ਪੂਰਤੀ ਲਈ ਯਤਨਸ਼ੀਲ ਰਹਿਣ ਵਿਚ ਹੀ ਅਸਲੀ ਖੁਸ਼ੀ ਛੁਪੀ ਹੁੰਦੀ ਹੈ।

*- ਜਵਾਹਰ ਲਾਲ ਨਹਿਰੂ*

ਤੇਜ ਪ੍ਰਤਾਪ ਵਾਲਾ ਅਤੇ ਕਿਰਿਆਸ਼ੀਲ ਇਨਸਾਨ ਇਕੱਲਾ ਹੀ ਸਮਾਜ ਵਿਚ ਸੈਂਕੜੇ ਬੁਰਾਈਆਂ ਨੂੰ ਖਤਮ ਕਰ ਸਕਦਾ ਹੈ ਲੋੜ ਹੈ ਤਾਂ ਸਿਰਫ਼ ਦ੍ਰਿੜ ਇੱਛਾ ਸ਼ਕਤੀ ਦੀ।

*- ਅਗਿਆਤ*

ਲਗਾਤਾਰ ਅਤੇ ਦ੍ਰਿੜ ਨਿਸਚੇ ਨਾਲ ਕੀਤੇ ਕੰਮ ਨਾਲ ਹੀ ਸਭ ਕਿਸਮ ਦੇ ਵਿਰੋਧ ਖਤਮ ਕੀਤੇ ਜਾ ਸਕਦੇ ਹਨ।

*- ਕਲਾਡ ਬਰਿਸਟਲ*

ਹਜ਼ਾਰਾਂ ਮੀਲਾਂ ਦੇ ਸਫ਼ਰ ਦੀ ਸ਼ੁਰੂਆਤ ਪਹਿਲੇ ਕਦਮ ਹੀ ਕਰਨੀ ਪੈਂਦੀ ਹੈ।

*- ਲਿਓ ਤਜੇ*

ਜਦੋਂ ਤੁਸੀਂ ਨਿਰੰਤਰ ਯਤਨਾਂ ਨਾਲ ਅਕਲਮੰਦ ਗਿਆਨਵਾਨ ਅਤੇ ਸਿਆਣੇ ਬਣ ਜਾਓਗੇ ਤਾਂ ਤੁਸੀਂ ਕਿਸੇ ਨੂੰ ਨਹੀਂ ਉਡੀਕੋਗੇ। ਦੂਜੇ ਤੁਹਾਨੂੰ ਉਡੀਕਣਗੇ, ਸੰਸਾਰ ਨੂੰ ਨਵੇਂ ਵਿਚਾਰਾਂ ਨਾਲ ਪਰਖੋ। ਦੁਨੀਆਂ ਨੂੰ ਨਵੀਆਂ ਅੱਖਾਂ ਨਾਲ ਵੇਖੋ। ਸੀਸ਼ੇ ਵਿਚ



Sri Satguru Jagjit Singh Ji eLibrary NamdhariElibrary@gmail.com

ਹੀ ਨਾ ਵੇਖੀ ਜਾਓ ਬਾਰੀ ਤੋਂ ਬਾਹਰ ਵੀ ਵੇਖੋ ਆਪਣਾ ਉਦੇਸ਼ ਮਿੱਥੋ ਕਿ ਅਸੀਂ ਆਟੋ ਗ੍ਰਾਫ਼ ਲੈਣ ਨਹੀਂ ਦੇਣ ਵਾਲੇ ਬਣਨਾ ਹੈ। ਤੁਹਾਡੀ ਸਖਸੀਅਤ ਰੰਗ ਰੂਪ ਕੱਪੜਿਆਂ ਅਤੇ ਨੈਣ ਨਕਸ਼ਾਂ ਨਾਲ ਕੋਈ ਦਰਵਾਜਾ ਖੁੱਲ ਤਾਂ ਜਾਵੇਗਾ। ਪਰ ਉਹ ਖੁੱਲਿਆ ਤੁਹਾਡੀ ਅਕਲ ਅਤੇ ਸਿਆਣਪ ਨਾਲ ਹੀ ਰਹੇਗਾ। ਗਿਆਨ ਦੇ ਮਾਰਗ ਤੇ ਇੱਕ ਪੜਾਓ ਆ ਜਾਂਦਾ ਹੈ। ਜਿੱਥੇ ਔਖ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਹਾਲਤ ਵਿਚ ਬਹੁਤ ਮਾਯੂਸ ਹੋ ਕੇ ਛੱਡ ਜਾਂਦੇ ਹਨ। ਉਹ ਇਕ ਵਾਰੀ ਫੇਲ੍ਹ ਹੁੰਦੇ ਹਨ ਅਤੇ ਪੜ੍ਹਾਈ ਤਿਆਗ ਦਿੰਦੇ ਹਨ। ਲੋੜ ਇਸ ਔਖ ਵਿਚ ਆਪਣੇ ਆਪ ਨੂੰ ਸੰਭਾਲਣ ਦੀ ਹੈ ਬਾਹਰ ਵੇਖੋ ਅਨੇਕਾਂ ਨਾਲ ਕਿਵੇਂ ਵਾਪਰਿਆ ਹੈ ਉਸਾਰੂ ਵਿਚਾਰਾਂ ਦੀ ਦੌਲਤ ਇਕੱਠੀ ਕਰੋ ਮੁੜ ਨਵੇਂ ਸਿਰਿਓਂ ਯਤਨ ਕਰੋ ਸਫਲਤਾ ਮਿਲੇਗੀ।

*- ਨਰਿੰਦਰ ਸਿੰਘ ਕਪੂਰ*

ਆਪਣੀ ਉਨਤੀ ਲਈ ਪੌੜੀ ਅਸੀਂ ਆਪ ਬਣਾਉਂਦੇ ਹਾਂ।

*- ਜੋਸੀਆਹ ਹਾਲੈਂਡ*

ਕੋਈ ਜਾਗੇ ਨਾ ਜਾਗੇ ਇਹ ਉਸ ਦਾ ਮੁਕੱਦਰ ਹੈ ਆਪਣਾ ਫਰਜ ਹੈ ਆਵਾਜ਼ ਦਿੰਦੇ ਰਹੋ।

*- ਸਾਕਿਰ ਅੰਸਟਰੀ*

ਓਨੀ ਦੇਰ ਤੱਕ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਕਿੰਨੀ ਘੱਟ ਰਫ਼ਤਾਰ ਨਾਲ ਚੱਲਦੇ ਹੋ ਜਿੰਨੀ ਦੇਰ ਤੱਕ ਤੁਸੀਂ ਚਲਦੇ ਹੀ ਜਾਂਦੇ ਹੋ।

*- ਕਨਫਿਊਸ਼ੀਅਸ*

ਅਕਲਮੰਦੀ ਦੀ ਗੱਲ ਇਹ ਹੈ ਕਿ ਕੋਈ ਢੰਗ ਲੱਭ ਕੇ ਉਸ ਉੱਤੇ ਅਮਲ ਕੀਤਾ ਜਾਵੇ ਜੇ ਇਹ ਢੰਗ ਅਸਫ਼ਲ ਰਹਿੰਦਾ ਹੈ ਤਾਂ ਖੁੱਲ੍ਹ ਕੇ ਮੰਨੋ ਅਤੇ ਕੋਈ ਹੋਰ ਢੰਗ ਲੱਭੋ। ਸਭ ਤੋਂ ਵੱਡੀ ਗੱਲ ਇਹ ਹੈ ਕਿ ਲਗਾਤਾਰ ਕੋਸ਼ਿਸ਼ ਕਰਦੇ ਰਹੋ।

*- ਫਰੈਂਕਲਿਨ ਰੂਜ਼ ਵੈਲਟ*

ਛੋਟੇ ਹੁੰਦਿਆਂ ਮੈਂ ਵੇਖਿਆ ਕਿ ਮੈਂ ਜੋ ਕੁਝ ਵੀ ਕਰਦਾ ਉਸ ਵਿਚ ਦਸਾਂ ਵਿਚੋਂ ਨੌ ਵਾਰੀ ਨਾਕਾਮ ਰਹਿ ਜਾਂਦਾ ਇਸ ਲਈ ਮੈਂ ਦਸ ਗੁਣਾ ਕੰਮ ਕਰਨ ਲੱਗ ਪਿਆ।

*- ਬਰਨਾਰਡ ਸ਼ਾਅ*

ਜੇ ਅਸੀਂ ਬਾਰ ਬਾਰ ਕੋਸ਼ਿਸ਼ ਕਰਨ ਦੇ ਬਾਵਜੂਦ ਅਸਫ਼ਲ ਰਹਿੰਦੇ ਹਾਂ ਤਾਂ ਕੋਈ ਗੱਲ ਨਹੀਂ ਕੋਸ਼ਿਸ਼ ਕਰਕੇ ਅਸਫ਼ਲ ਹੋ ਜਾਣ ਦੀ ਬਜਾਏ ਕੋਸ਼ਿਸ਼ ਨਾ ਕਰਨਾ ਵੱਧ ਅਪਮਾਨਜਨਕ ਹੈ।

*- ਸਵਾਮੀ ਵਿਵੇਕਾਨੰਦ*

ਰਿੜਦੇ ਪੱਥਰ ਤੇ ਮਿੱਟੀ ਨਹੀਂ ਜੰਮਦੀ ਕੰਮ ਆਉਣ ਵਾਲੇ ਲੋਹੇ ਨੂੰ ਜ਼ੰਗ ਨਹੀਂ ਲੱਗਦਾ ਅਤੇ ਵਾਰ ਵਾਰ ਕੋਸ਼ਿਸ਼ ਕਰਨ ਵਾਲਾ ਬੰਦਾ ਕਦੇ ਹਾਰ ਦਾ ਨਹੀਂ।

*- ਮਾਰਟੇਨ*

ਜਿਵੇਂ ਕੰਮ ਆਉਣ ਵਾਲੇ ਲੋਹੇ ਨੂੰ ਜ਼ੰਗਾਲ ਨਹੀਂ ਲੱਗਦਾ ਤਿਵੇਂ ਹੀ ਵਾਰ ਵਾਰ ਕੋਸ਼ਿਸ਼ ਕਰਨ ਵਾਲਾ ਵਿਅਕਤੀ ਪਰਾਜਿਤ ਨਹੀਂ ਹੁੰਦਾ।

*- ਸਵੇਟ ਮਾਰਟਿਨ*



Sri Satguru Jagjit Singh Ji eLibrary NamdhariElibrary@gmail.com

# ਅਸੂਲ, ਨਿਯਮ

ਜੋ ਆਪਦੇ ਲਈ ਨਿਯਮ ਨਹੀਂ ਬਣਾਉਂਦਾ ਉਸਨੂੰ ਦੂਜਿਆਂ ਦੇ ਨਿਯਮਾਂ ਤੇ ਚਲਣਾ ਪੈਂਦਾ ਹੈ।

*- ਓਸ਼ੋ*

ਭਾਵੇਂ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਸਾਨੂੰ ਕੋਈ ਨਾ ਵੀ ਦੇਖੇ ਪਰ ਇਹ ਉਲੰਘਣਾ ਤਾਂ ਹੁੰਦੀ ਹੈ ਅਤੇ ਸਾਡੀ ਆਤਮਾ ਸਾਨੂੰ ਦੋਸ਼ੀ ਮੰਨਦੀ ਹੈ।

*- ਰੇਮੰਡ ਡੇਕਰਕ*

ਲਾਲਚ ਵੱਡੇ ਤੋਂ ਵੱਡੇ ਅਕਲਮੰਦ ਦੀਆਂ ਅੱਖਾਂ ਬੰਦ ਕਰ ਦਿੰਦਾ ਹੈ ਇਹ ਲਾਲਚ ਹੀ ਹੁੰਦਾ ਹੈ ਜਿਹੜਾ ਪਰਿੰਦੇ ਦਰਿੰਦੇ ਤੇ ਮੱਛੀਆਂ ਨੂੰ ਜਾਲ ਵਿਚ ਫਸਾ ਦਿੰਦਾ ਹੈ।

*- ਸ਼ੇਖ ਸਾਅਦੀ*

ਨਿਯਮ ਤਾਂ ਸਾਰਿਆਂ ਲਈ ਇਕੋ ਜਿਹੇ ਹੋਣੇ ਚਾਹੀਦੇ ਹਨ ਇਨਸਾਨ ਚਾਹੇ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ ਨਿਯਮਾਂ ਦੀ ਪਾਲਨਾ ਨਾ ਕਰਨ ਤੇ ਉਸ ਨੂੰ ਵੀ ਸਜ਼ਾ ਮਿਲਣੀ ਚਾਹੀਦੀ ਹੈ।

*- ਮਹਾਤਮਾ ਗਾਂਧੀ*

ਔਖਿਆਈ ਸਮੇਂ ਮਰਿਯਾਦਾ ਦਾ ਵਿਚਾਰ ਨਹੀਂ ਕੀਤਾ ਜਾਂਦਾ।

*- ਅਗਿਆਤ*

ਅਨਿਆਂ ਅੰਤ ਵਿਚ ਅਜ਼ਾਦੀ ਨੂੰ ਜਨਮ ਦਿੰਦਾ ਹੈ।

*- ਵਾਲ ਟੇਅਰ*

ਕਾਨੂੰਨ ਉਨ੍ਹਾਂ ਲੋਕਾਂ ਦੇ ਤਜਰਬੇ ਉੱਪਰ ਅਧਾਰਤ ਹੋਣੇ ਚਾਹੀਦੇ ਹਨ ਜਿਨ੍ਹਾਂ ਨਾਲ ਉਹ ਸਬੰਧਤ ਹਨ।

*- ਲਾਸਕੀ*

ਨਿਯਮ ਜੇਕਰ ਇਕ ਛਿਣ ਲਈ ਵੀ ਟੁੱਟ ਜਾਣ ਤਾਂ ਪੂਰਾ ਬ੍ਰਹਿਮੰਡ ਅਸਤ ਵਿਅਸਤ ਹੋ ਸਕਦਾ ਹੈ।

*- ਅਲਬਰਟ ਆਇਨ ਸਟਾਇਨ*

ਅਸੂਲ ਉੱਤੇ ਬਹੁਤ ਸਖ਼ਤੀ ਨਾਲ ਪਹਿਰਾ ਦੇਣਾ ਵੀ ਘਾਟੇ ਦਾ ਸੌਦਾ ਹੁੰਦਾ ਹੈ। ਬੰਦਾ ਪਹਿਰਾ ਦਿੰਦਿਆਂ ਸਿਰਫ਼ ਅਸੂਲਾਂ ਨੂੰ ਹੀ ਵੇਖਦਾ ਰਹਿ ਜਾਂਦਾ ਹੈ ਹੋਰ ਬਹੁਤ ਕੁਝ ਉਸ ਨੂੰ ਨਜ਼ਰ ਨਹੀਂ ਆਉਂਦਾ।

*- ਅਗਾਥਾ ਕ੍ਰਿਸਟੀ*



Sri Satguru Jagjit Singh Ji eLibrary NamdhariElibrary@gmail.com

# ਲੋਕਤੰਤਰ, ਦੇਸ਼, ਨੇਤਾ, ਸਰਕਾਰ, ਸਾਸ਼ਨ, ਅਨੁਸਾਸ਼ਨ, ਲੋਕਰਾਜ

ਸਰਕਾਰ ਦੇ ਰੂਪਾਂ ਬਾਰੇ ਮੂਰਖ ਝਗੜਦੇ ਹਨ। ਜੋ ਸਭ ਪ੍ਰਬੰਧ ਕਰੇ ਉਹੀ ਸਭ ਤੋਂ ਮਹਾਨ ਹੈ।

*- ਪੋਪ*

ਕਿਸੇ ਰਾਸ਼ਟਰ ਦੀ ਤਾਕਤ ਇਸ ਗੱਲ ਵਿਚ ਹੁੰਦੀ ਹੈ ਕਿ ਉਹ ਖੁਦ ਕੀ ਕਰ ਸਕਦਾ ਹੈ। ਇਸ ਗੱਲ ਵਿਚ ਨਹੀਂ ਕਿ ਉਹ ਕੀ ਉਧਾਰ ਲੈ ਸਕਦਾ ਹੈ।

*- ਇੰਦਰਾ ਗਾਂਧੀ*

ਰਾਜਨੀਤਕ ਭਾਸ਼ਾ ਕੁਝ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਝੂਠ ਸੱਚ ਵਾਂਗ ਲੱਗੇ ਤੇ ਹੱਤਿਆ ਸਤਿਕਾਰ ਵਾਂਗ।

*- ਜਾਰਜ ਓਰਵੈਲ*

ਨੇਤਾ ਉਹੀ ਹੈ ਜੋ ਰਸਤੇ ਦੀ ਪਰਖ ਰੱਖਦਾ ਹੈ ਉਸ ਤੇ ਅੱਗੇ ਵਧਦਾ ਹੈ ਅਤੇ ਨਵਾਂ ਰਾਹ ਅਖਤਿਆਰ ਕਰਦਾ ਹੈ।

*- ਜੌਨਸੀ ਮੈਕਸ ਵੈਲ*

ਜਮਹੂਰੀਅਤ ਤਾਨਾਸ਼ਾਹੀ ਦੇ ਉਲਟ ਹੈ ਇਹ ਸਿਰਫ਼ ਹੱਕਾਂ ਦੀ ਮੰਗ ਨਹੀਂ ਕਰਦੀ ਸਗੋਂ ਜ਼ਿੰਮੇਵਾਰੀਆਂ ਵੀ ਪਾਉਂਦੀ ਹੈ।

*- ਜੈਨਭਰਾਈਡਨ*

ਕਿਸੇ ਨੇਤਾ ਦੀ ਸਮਰਥਾ ਵਿੱਚ ਉਦੋਂ ਤੱਕ ਭਰੋਸੇ ਦਾ ਕੋਈ ਮਹੱਤਵ ਨਹੀਂ ਹੈ ਜਦੋਂ ਤੱਕ ਭਰੋਸੇ ਵਿੱਚ ਉਸ ਦੀ ਨਿਆਂ ਪੂਰਨਤਾ ਦਾ ਖਿਆਲ ਨਾ ਰੱਖਿਆ ਜਾਵੇ।

*- ਜਾਰਜ ਗੱਟੇ ਬਲਸ ਬੌਲਸ*

ਸਾਰੀਆਂ ਸਿਆਸੀ ਪਾਰਟੀਆਂ ਆਪਣੇ ਝੂਠਾਂ ਦੇ ਬੋਲ ਹੇਠ ਹੀ ਮਰਦੀਆਂ ਹਨ।

*- ਫਿਸਰ ਐਮਸ*

ਰਾਜ ਅਜਿਹੇ ਲੋਕਾਂ ਦਾ ਹੋਣਾ ਚਾਹੀਦਾ ਹੈ ਜੋ ਦੌਲਤ ਅਤੇ ਸ਼ੁਹਰਤ ਦੀ ਥਾਂ ਲੋਕ ਕਲਿਆਣ ਅਤੇ ਸੇਵਾ ਨੂੰ ਤਰਜੀਹ ਦੇਣ।

*- ਬਰਿਗਮ ਯੰਗ*

ਜਮਹੂਰੀਅਤ ਇਸ ਧਾਰਨਾ ਉਤੇ ਦ੍ਰਿੜਤਾ ਨਾਲ ਪਹਿਰਾ ਦੇਣਾ ਹੈ ਕਿ ਆਮ ਲੋਕਾਂ ਵਿਚ ਅਸੀਮ ਸੰਭਾਵਨਾਵਾਂ ਹਨ।

*- ਹੈਰੀ ਐਮਰਸਨ ਫੋਸਡਿਕ*

ਲੋਕ ਆਪਣੇ ਦੇਸ਼ ਨਾਲ ਇਸ ਲਈ ਪਿਆਰ ਨਹੀਂ ਕਰਦੇ ਕਿ ਉਹ ਮਹਾਨ ਹੈ ਸਗੋਂ ਇਸ ਲਈ ਕਿ ਉਹ ਉਨ੍ਹਾਂ ਦਾ ਆਪਣਾ ਹੈ।

*- ਸੈਨੇਕਾ*

ਸੱਚਾ ਆਗੂ ਉਹ ਹੁੰਦਾ ਹੈ ਜਿਹੜਾ ਆਪਣੀਆਂ ਪਰਿਵਾਰਕ ਸਮੱਸਿਆਵਾਂ



Sri Satguru Jagjit Singh Ji eLibrary NamdhariElibrary@gmail.com

ਤੋਂ ਉੱਪਰ ਉੱਠ ਕੇ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਸੋਚਦਾ ਹੈ।

*- ਨਰਿੰਦਰ ਸਿੰਘ ਕਪੂਰ*

ਸਿਆਸੀ ਅਮਲ ਵਿਚ ਤਥਾਂ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ।

*- ਹੈਨਰੀ ਐਡਮਜ*

ਸਰਕਾਰ ਦਾ ਕੰਮ ਖੁਸ਼ੀਆਂ ਵਰਸਾਉਣਾ ਨਹੀਂ ਸਗੋਂ ਲੋਕਾਂ ਨੂੰ ਅਜਿਹੇ ਮੌਕੇ ਮੁਹੱਈਆ ਕਰਨਾ ਹੈ ਜੋ ਉਨ੍ਹਾਂ ਦੀ ਖੁਸ਼ੀ ਦੀ ਸਬੱਬ ਬਣਨ।

*- ਡਬਲਿਯੂ ਈਚੈਨਿੰਗ*

ਕੌਮੀ ਬਦਇਤਜਾਮੀ ਦਾ ਪਹਿਲਾ ਲੱਛਣ ਮਹਿੰਗਾਈ ਅਤੇ ਦੂਜਾ ਜੰਗ ਹੈ।

*- ਅਰਨੈਸਟ ਹਮਿੰਗਵੇ*

ਕਦੇ ਕਦੇ ਮੈਨੂੰ ਲੱਗਦਾ ਹੈ ਕਿ ਭਾਰਤ ਇਕ ਬਹੁਤ ਖੁੱਲਾ ਸਮਾਜ ਹੈ ਜਿਸ ਦੀ ਸੋਚ ਬਹੁਤ ਸੀਮਤ ਹੈ।

*- ਪ੍ਰੋ. ਕੀ ਯੋਗ ਹੁਈ*

ਗਲਤ ਸਰਕਾਰ ਨੂੰ ਸਹੀ ਕਹਿਣਾ ਖਤਰਨਾਕ ਹੈ।

*- ਵਾਲਟੇਅਰ*

ਹਾਕਮਾਂ ਦਾ ਕੋਈ ਕੰਮ ਨਿਰਾ ਕੰਮ ਨਹੀਂ ਹੁੰਦਾ। ਮਖਲੂਕ ਨੂੰ ਦਬਾਉਣ, ਰਿਝਾਵਣ, ਪਸਮਾਵਣ ਜਾਂ ਅਨਿਆਂ ਕਰਨ ਦਾ ਖੇਖਣ ਵੀ ਹੁੰਦਾ ਹੈ।

*- ਨਜਮ ਹੁਸੈਨ ਸਯਦ*

ਸੂਝਵਾਨ ਹੁਕਮਰਾਨ ਸਚੇਤ ਹੁੰਦੇ ਹਨ ਅਤੇ ਚੰਗੇ ਜਰਨੈਲ ਚੌਕਸ ਰਹਿੰਦੇ ਹਨ।

*- ਸਨਤਜ਼ੂ*

ਧਾੜਵੀ ਮੁਲਕਾਂ ਦਾ ਖਾਸਾ ਹੈ ਕਿ ਉਹ ਆਪਣੇ ਹਮਲੇ ਨੂੰ ਸੁਰੱਖਿਆ ਲਈ ਜ਼ਰੂਰੀ ਕਾਰਵਾਈ ਕਰਾਰ ਦਿੰਦੇ ਹਨ।

*- ਜਵਾਹਰ ਲਾਲ ਨਹਿਰੂ*

ਸਿਆਸੀ ਮਾਮਲਿਆਂ ਵਿਚ ਆਪਣੇ ਨਿਸਚੇ ਮੁਤਾਬਕ ਦਖਲ ਦੇਣਾ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ।

*- ਐਲਬਰਟ ਆਈਨ ਸਟਾਈਨ*

ਮੈਂ ਗੁਲਾਮ ਨਹੀਂ ਹੋਵਾਂਗਾ ਤੇ ਨਾ ਹੀ ਮਾਲਕ ਹੋਵਾਂਗਾ ਜਮਹੂਰੀਅਤ ਦੀ ਏਹੋ ਵਿਆਖਿਆ ਹੈ।

*- ਇਬਰਾਹਿਮ ਲਿੰਕਨ*

ਸਿਆਸਤ ਖੂਨ ਖਰਾਬੇ ਦੀ ਜੰਗ ਹੈ ਪਰ ਜੰਗ ਖੂਨ ਖਰਾਬੇ ਦੀ ਸਿਆਸਤ ਹੈ।

*- ਮਾਓ ਤਸੇ ਤੁੰਗ*

ਰਾਸ਼ਟਰਵਾਦ ਦਾ ਸਭ ਤੋਂ ਵਧੀਆ ਇਮਤਿਹਾਨ ਤਾਂ ਆਖ਼ਰ ਇਹ ਹੈ ਕਿ ਅਸੀਂ ਆਪਣੇ ਪਰਿਵਾਰ ਜਾਂ ਆਪਣੀ ਜਾਤ ਜਾਂ ਵਰਗ ਦੇ ਹੀ ਆਦਮੀਆਂ ਦੀ ਚਿੰਤਾ ਨਾ ਕਰਕੇ ਉਸ ਸਮੂਹ ਦਾ ਹਿਤ ਸੋਚੀਏ ਜਿਸ ਨੂੰ ਅਸੀਂ ਰਾਸ਼ਟਰ ਕਹਿੰਦੇ ਹਾਂ।

*- ਮਹਾਤਮਾ ਗਾਂਧੀ*



Sri Satguru Jagjit Singh Ji eLibrary NamdhariElibrary@gmail.com

ਦੋ ਦੇਸ਼ਾਂ ਵਿਚਕਾਰ ਸਬੰਧ ਸਵਾਰਥ ਨਾਲ ਨਹੀਂ ਸਗੋਂ ਆਪਸੀ ਸਮਝ ਨਾਲ ਸਥਾਪਤ ਹੁੰਦੇ ਹਨ।

*- ਵੂਡਰੋ ਵਿਲਸਨ*

ਹਕੂਮਤ ਇਨਸਾਨ ਨੂੰ ਭ੍ਰਿਸ਼ਟ ਬਣਾਉਂਦੀ ਹੈ ਅਤੇ ਨਿਰੰਕੁਸ਼ ਹਕੂਮਤ ਤਾਂ ਪੂਰੀ ਤਰ੍ਹਾਂ ਨਾਲ ਭ੍ਰਿਸ਼ਟ ਕਰ ਦਿੰਦੀ ਹੈ।

*- ਲਾਰਡ ਐਕਟਨ*

ਜਿਹੜਾ ਜੋਖਮ ਉਠਾਉਣ ਦਾ ਹੌਸਲਾ ਰੱਖਦਾ ਹੈ। ਉਹੀ ਅਸਲੀ ਨੇਤਾ ਹੈ।

*- ਚਾਰਲਸ ਡਿਗਾਲ*

ਕਿਸੇ ਦੇਸ਼ ਦੀ ਮਹਾਨਤਾ ਦਾ ਪੈਮਾਨਾ ਇਹ ਹੈ ਕਿ ਮੁਸੀਬਤ ਦੇ ਦੌਰ ਵਿਚ ਉਹ ਕਿੰਨੀ ਭਾਵਨਾਤਮਕ ਏਕਤਾ ਬਣਾਈ ਰੱਖਦਾ ਹੈ।

*- ਥਰ ਗੁੱਟ ਮਾਰਸਲ*

ਸਰਕਾਰ ਦਾ ਕਰਤਵ ਹੁੰਦਾ ਹੈ ਕਿ ਉਹ ਲੋਕਾਂ ਦੇ ਆਤਮ ਵਿਸ਼ਵਾਸ਼ ਨੂੰ ਮਜ਼ਬੂਤ ਕਰੇ।

*- ਲਾਰਡ ਬੇਵਰ ਬਰੁੱਕ*

ਆਪਣੀਆਂ ਸ਼ਕਤੀਆਂ ਅਤੇ ਗੁਣਾਂ ਦੀ ਵਰਤੋਂ ਦੇਸ਼ ਵਿਕਾਸ ਲਈ ਕਰੋ।

*- ਸੰਤ ਬਾਣੀ*

ਜਿਹੜਾ ਨੇਤਾ ਲੋਕ ਸੇਵਾ ਦੀ ਕਲਾ ਜਾਣਦਾ ਹੈ। ਉਹੀ ਚੰਗਾ ਹੁਕਮਰਾਨ ਹੋ ਸਕਦਾ ਹੈ।

*- ਅਗਿਆਤ*

ਲੋਕਤੰਤਰ ਦਾ ਤਜਰਬਾ ਜ਼ਿੰਦਗੀ ਦੇ ਤਜਰਬੇ ਵਰਗਾ ਹੀ ਹੁੰਦਾ ਹੈ ਸਦਾ ਬਦਲਿਆ ਹੋਇਆ ਅਨੇਕਾਂ ਧਾਰਨਾਵਾਂ ਵਾਲਾ ਕਦੇ ਕਦੇ ਤੂਫ਼ਾਨੀ ਅਤੇ ਦੁਸ਼ਮਣੀ ਦਾ ਸੁਆਦ ਚੁਕਾਉਣ ਦੇ ਕਾਰਨ ਬਹੁ ਕੀਮਤੀ ਹੈ।

*- ਜਿਮੀ ਕਾਰਟਰ*

ਡਰ ਦੇ ਮਹੌਲ ਵਿਚ ਲੋਕਤੰਤਰ ਦੀ ਭਾਵਨਾ ਕਾਇਮ ਨਹੀਂ ਕੀਤੀ ਜਾ ਸਕਦੀ।

*- ਮਹਾਤਮਾ ਗਾਂਧੀ*

ਮੇਰੀ ਚਿੰਤਾ ਇਹ ਹੈ ਕਿ ਅਸੀਂ ਲੋਕ ਹਕੂਮਤ ਨੂੰ ਹੀ ਮਹਾਨ ਮੰਨਣ ਲੱਗ ਪਏ ਹਾਂ।

*- ਸਵੇਟ ਮਾਰਡਨ*

ਚੋਣਾਂ ਦਾ ਫ਼ੈਸਲਾ ਆਮ ਤੌਰ ਉਤੇ ਕਿਸੇ ਦੇ ਪੱਖ ਵਿਚ ਨਹੀਂ ਸਗੋਂ ਕਿਸੇ ਦੇ ਖਿਲਾਫ਼ ਹੁੰਦਾ ਹੈ।

*- ਫਰੈਂਕਲਿਨ ਪੀ ਐਡਮਜ*

ਇਹ ਕਦੇ ਨਾ ਪੁੱਛੋ ਕਿ ਸਰਕਾਰ ਤੁਹਾਡੇ ਲਈ ਕੀ ਕਰ ਸਕਦੀ ਹੈ। ਸਗੋਂ ਇਹ ਪੁੱਛੋ ਕਿ ਉਹ ਅਜਿਹਾ ਕਿਉਂ ਨਹੀਂ ਕਰਦੀ।

*- ਗੇਰ ਹਾਰਡ ਕੌਚਰ*

ਰਾਜਨੀਤੀ ਪੈਸੇ ਅਤੇ ਸ਼ਕਤੀ ਦੀ ਖੇਡ ਨਹੀਂ, ਇਹ ਲੋਕਾਂ ਦੇ ਜੀਵਨ ਦੀ



Sri Satguru Jagjit Singh Ji eLibrary NamdhariElibrary@gmail.com

ਬਿਹਤਰੀ ਦੇ ਲਈ ਹੈ।

*- ਪਾਲ ਵੈਲਸ ਟੋਨ*

ਹਰ ਵਿਅਕਤੀ ਦੀ ਜ਼ਿੰਮੇਵਾਰੀ ਹੈ ਕਿ ਰਾਜਨੀਤਕ ਮਾਮਲਿਆਂ ਸਬੰਧੀ ਆਪਣੀਆਂ ਧਾਰਨਾਵਾਂ ਨੂੰ ਇਮਾਨਦਾਰੀ ਨਾਲ ਦਰਜ ਕਰੇ।

*- ਅਲਬਰਟ ਆਇਨ ਸਟਾਈਨ*

ਜਾਣਕਾਰ ਲੋਕਾਂ ਤੇ ਜਾਣਕਾਰੀ ਤੱਕ ਪਹੁੰਚ ਤੋਂ ਬਿਨਾਂ ਹਰਮਨ ਪਿਆਰੀ ਸਰਕਾਰ ਕਿਸੇ ਤਰਾਸਦੀ ਜਾਂ ਧੋਖੇ ਦੀ ਭੂਮਿਕਾ ਹੈ।

*- ਜੇਨਸ ਮੈਡਰੇਸਨ*

ਸਿਆਸਤ ਸ਼ਾਇਦ ਇਕੋ ਇਕ ਪੇਸ਼ਾ ਹੈ ਜਿਸ ਵਿਚ ਤਿਆਰੀ ਲਾਜਮੀ ਨਹੀਂ ਸਮਝੀ ਜਾਂਦੀ।

*- ਰੋਬਰਟ ਲੁਇਸ ਸਟੀਵਨ ਸਨ*

ਰਾਜਨੀਤੀ ਵਿਚ ਬੇਹੂਦਗੀ ਨੂੰ ਨੁਕਸ ਨਹੀਂ ਮੰਨਿਆ ਜਾ ਸਕਦਾ।

*- ਨੈਪੋਲੀਅਨ ਬੋਨਾ ਪਾਰਟ*

ਰਾਸ਼ਟਰ ਵਿਅਕਤੀਆਂ ਨਾਲ ਨਹੀਂ ਬਣਦਾ, ਸੰਸਥਾਵਾਂ ਨਾਲ ਬਣਦਾ ਹੈ।

*- ਡਿਜਰਾਇਲੀ*

ਸਮਾਜ ਅਤੇ ਰਾਸ਼ਟਰ ਦਾ ਵਿਕਾਸ ਮਿਹਨਤ ਤੇ ਲਗਨ ਦੀ ਭਾਵਨਾ ਨਾਲ ਹੀ ਸੰਭਵ ਹੈ।

*- ਅਚਾਰੀਆ ਸ੍ਰੀ ਮਹਾਪ੍ਰੱਯਗਿਆ*

ਜੇਕਰ ਦੇਸ਼ ਲਈ ਮੈਨੂੰ ਹਜ਼ਾਰ ਵਾਰ ਵੀ ਮਰਨਾ ਪਿਆ ਤਾਂ ਮੈਂ ਹਰ ਵਾਰ ਖ਼ੁਸ਼ੀ ਖ਼ੁਸ਼ੀ ਮਰਾਂਗਾ।

*- ਰਾਮ ਪ੍ਰਸਾਦ ਬਿਸਮਿਲ*

ਅਸੀਂ ਸਾਰੇ ਮਿਲਕੇ ਦੇਸ਼ ਨੂੰ ਅੱਗੇ ਵਧਾਈਏ ਤਾਂ ਕੋਈ ਕਾਰਨ ਨਹੀਂ ਕਿ ਭਾਰਤ ਗਰੀਬ ਹੈ।

*- ਅਚਾਰੀਆ ਨਰਿੰਦਰ ਦੇਵ*

ਜਿਹੜਾ ਰਾਸ਼ਟਰ ਦਾ ਹਿਤ ਹੈ। ਉਹੀ ਵਿਅਕਤੀ ਦਾ ਵੀ ਹੈ। ਜਿਸ ਦਿਨ ਇਹ ਵਿਚਾਰ ਹਰ ਵਿਅਕਤੀ ਵਿਚ ਪੈਦਾ ਹੋ ਜਾਏ। ਉਹ ਰਾਸ਼ਟਰ ਦਾ ਸੁਭਾਗਾ ਦਿਨ ਹੈ।

*- ਲੋਕਮਾਨਯ ਤਿਲਕ*

ਆਪਣੇ ਦੇਸ਼ ਨਾਲੋਂ ਵਧ ਕੇ ਤੁਹਾਡਾ ਹੋਰ ਕੋਈ ਨੇੜਲਾ ਰਿਸ਼ਤੇਦਾਰ ਨਹੀਂ ਹੈ।

*- ਪਲੈਟੋ*

ਇਕ ਕੂਟਨੀਤੀਵਾਨ ਰਾਸ਼ਟਰ ਨੂੰ ਤਰੱਕੀ ਵੱਲ ਲੈ ਜਾਂਦਾ ਹੈ ਜਦੋਂ ਕਿ ਰਾਜਨੀਤੀਵਾਨ ਉਸ ਨੂੰ ਲੋਰੀ ਦੇ ਕੇ ਸੁਲਾ ਦਿੰਦਾ ਹੈ।

*- ਜਾਨ ਕੋਲੇਬ*

ਰਾਸ਼ਟਰ ਦੀ ਸੇਵਾ ਬਹੁਤ ਮਹਿੰਗਾ ਸੌਦਾ ਹੈ।

*- ਮੁਨਸ਼ੀ ਪ੍ਰੇਮ ਚੰਦ*



Sri Satguru Jagjit Singh Ji eLibrary NamdhariElibrary@gmail.com

ਅਮਰੀਕੀ ਰਾਜਨੀਤੀ ਦੀ ਖਾਸ ਘਾਟ ਇਹ ਹੈ ਕਿ ਇਹ ਅਸਲੀ ਮੁੱਦਿਆਂ ਉਪਰ ਠੀਕ ਗੱਲ ਕਰਨ ਤੋਂ ਬਚਦੀ ਰਹੀ ਹੈ।

*- ਥਿਓਡੋਰ ਰੂਜ਼ਵੇਲਟ*

ਰਾਜਨੀਤੀ ਵਿਚ ਹਿਤਾਂ ਦੇ ਟਕਰਾਓ ਨੂੰ ਸਿਧਾਂਤਾਂ ਦੀ ਲੜਾਈ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ।

*- ਐਬਰੋਸ ਬਾਈ ਰਸ*

ਦੇਸ਼ ਦੀ ਸੁਰੱਖਿਆ ਪ੍ਰਮਾਣੂ ਬੰਬਾਂ ਦੇ ਜਖੀਰੇਆਂ ਨਾਲ ਨਹੀਂ ਸਗੋਂ ਸੋਚਵਾਨ ਨਾਗਰਿਕਾਂ ਨਾਲ ਹੁੰਦੀ ਹੈ।

*- ਅਲਬਰਟ ਆਈਨ ਸਟਾਈਨ*

ਰਾਜਨੀਤੀ ਵਿਚ ਸ਼ਕਤੀ ਨੂੰ ਹੀ ਸਲਾਮ ਹੁੰਦੀ ਹੈ।

*- ਜਨੇਂਦਰ ਕੁਮਾਰ*

ਕੋਈ ਸਰਕਾਰ ਜਿਹੜੀ ਆਤੰਕਵਾਦ ਨੂੰ ਹੱਲਾਸ਼ੇਰੀ ਸੁਰੱਖਿਆ ਅਤੇ ਸ਼ਹਿ ਦਿੰਦੀ ਹੈ। ਉਹ ਨਿਰਦੋਸ਼ਾਂ ਦੇ ਖੂਨ ਲਈ ਜ਼ਿੰਮੇਵਾਰ ਹੈ ਅਤੇ ਆਤੰਕਵਾਦ ਦੇ ਗੁਨਾਹਾਂ ਦੇ ਲਈ ਕਸੂਰਵਾਰ ਵੀ।

*- ਜਾਰਜ ਡਬਲਿਊ ਬੁਸ਼*

ਇਸ ਤੋਂ ਪਹਿਲਾਂ ਕਿ ਸਮੱਸਿਆਵਾਂ ਵਿਕਰਾਲ ਰੂਪ ਧਾਰਨ ਕਰ ਜਾਣ ਇਨ੍ਹਾਂ ਨੂੰ ਪਛਾਣ ਲੈਣਾ ਹੀ ਇਕ ਚੰਗੇ ਨੇਤਾ ਦਾ ਗੁਣ ਹੈ।

*- ਆਰਨਲਡ ਐਚ ਗਲਾਸਕੋ*

ਹਰ ਥਾਂ ਨੇਤਾ ਇਕੋ ਹੀ ਤਰ੍ਹਾਂ ਸੋਚਦੇ ਹਨ ਉਹ ਉਸ ਜਗ੍ਹਾ ਵੀ ਪੁਲ ਬਣਾਉਣ ਦਾ ਵਾਅਦਾ ਕਰ ਦਿੰਦੇ ਹਨ ਜਿੱਥੇ ਨਦੀ ਹੀ ਨਹੀਂ ਹੈ।

*- ਨਿਕਤਾ ਖੁਰਸ ਚੇਵ*

ਨੇਤਾ ਉਹੀ ਹੈ ਜਿਹੜਾ ਰਸਤਾ ਜਾਣਦਾ ਹੋਵੇ। ਰਸਤੇ ਉੱਪਰ ਚਲਦਾ ਹੈ ਅਤੇ ਰਸਤਾ ਦਿਖਾਉਂਦਾ ਹੈ।

*- ਜਾਨਸੀ ਮੈਕਿਸ ਵੇਲ*

ਹੁਕਮਰਾਨਾਂ ਦੇ ਚੰਗੇ ਕਰਮਾਂ ਨਾਲ ਹੀ ਕੌਮ ਦੀ ਭਲਾਈ ਹੁੰਦੀ ਹੈ।

*- ਚਾਣਿਕਿਆ*

ਸ਼ਾਸਨ ਚਲਾਉਣਾ ਬਹੁਤ ਵੱਡਾ ਅਤੇ ਮਹੱਤਵਪੂਰਨ ਕੰਮ ਹੈ ਇਹ ਕੰਮ ਸਿਰਫ਼ ਨੇਤਾਵਾਂ ਉੱਤੇ ਨਹੀਂ ਛੱਡਿਆ ਜਾ ਸਕਦਾ।

*- ਚੇਸਟਰ ਬਾਊਲਸ*

ਰਾਜਨੀਤੀ ਪੈਸੇ ਅਤੇ ਤਾਕਤ ਦੀ ਖੇਡ ਨਹੀਂ ਆਮ ਜ਼ਿੰਦਗੀ ਦੀ ਤਰੱਕੀ ਦਾ ਰਸਤਾ ਹੈ।

*- ਪਾਲ ਵੇਲ ਸਟੋਨ*

ਨੱਬੇ ਫੀਸਦੀ ਰਾਜਨੀਤਿਕ ਬਾਕੀ ਦਸ ਫੀਸਦੀ ਦੀ ਬਦਨਾਮੀ ਦਾ ਕਾਰਨ ਬਣਦੇ ਹਨ।

*- ਹੇਨਰੀ ਕਸਿੰਜਰ*

ਨਾਗਰਿਕ ਉਦੇਸ਼ ਦੇ ਲਈ ਪ੍ਰਮਾਣੂ ਊਰਜਾ ਦੀ ਵਰਤੋਂ ਪੂਰਨ ਰੂਪ ਵਿਚ



Sri Satguru Jagjit Singh Ji eLibrary NamdhariElibrary@gmail.com

ਜਾਇਜ ਹੈ।

- ਜਾਕ ਸਿਰਾਫ

ਮੈਂ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਇਸ ਲਈ ਕਰਦਾ ਹਾਂ ਤਾਂ ਕਿ ਇਸ ਤੋਂ ਸਬਕ ਲੈ ਕੇ ਉਹ ਅੱਗੇ ਵਧ ਸਕੇ।

- ਜਾਰਜ ਬਰਨਾਰਡ ਸਾਅ

ਰਾਜਨੀਤੀ ਲਈ ਮਨੁੱਖੀ ਨੀਤੀ ਨੂੰ ਛੱਡਣਾ ਮੁਆਫ਼ੀ ਯੋਗ ਨਹੀਂ ਹੈ।

- ਜੈਨੇਦਰ ਕੁਮਾਰ

ਮੌਤ ਤੋਂ ਬਾਅਦ ਵੀ ਮੈਂ ਜਿਉਂਦਾ ਹੋਣਾ ਚਾਹੁੰਦਾ ਹਾਂ ਕਿਉਂਕਿ ਭਾਰਤ ਵਰਸ ਦੀ ਜਿਹੜੀ ਸੇਵਾ ਮੈਂ ਇਕ ਜਨਮ ਵਿਚ ਨਹੀਂ ਕਰ ਸਕਿਆ ਉਹ ਸ਼ਾਇਦ ਦੂਜੇ ਜਨਮ ਵਿਚ ਕਰ ਸਕਾਂ।

- ਰਬਿੰਦਰ ਨਾਥ ਟੈਗੋਰ

ਸਾਡਾ ਦੇਸ਼ ਗਰੀਬ ਨਹੀਂ ਹੈ, ਨਾ ਹੀ ਇਥੇ ਸੋਮਿਆਂ ਦੀ ਘਾਟ ਹੈ ਅਗਰ ਕੋਈ ਗ਼ਰੀਬ ਹੈ ਤਾਂ ਉਹ ਹੈ ਇਥੋਂ ਦਾ ਆਮ ਆਦਮੀ ਜਿਸਨੇ ਸੋਚਣਾ ਹੀ ਛੱਡ ਦਿੱਤਾ ਹੈ।

- ਅਗਿਆਤ

ਰਾਜਨੀਤੀ ਮਨੁੱਖੀ ਸਬੰਧਾਂ ਵਿਚ ਹਿੰਸਾ ਦੀ ਜ਼ਹਿਰ ਉਪਜਾਉਂਦੀ ਹੈ।

- ਜੈਨੇਦਰ ਕੁਮਾਰ

ਹਰੇਕ ਵਿਅਕਤੀ ਦੀ ਚੰਗਿਆਈ ਹੀ ਲੋਕਤੰਤਰੀ ਸਾਸ਼ਨ ਦਾ ਮੂਲ ਸਿਧਾਂਤ ਹੈ।

- ਰਾਜ ਗੋਪਾਲਾ ਅਚਾਰੀਆ

ਅਸੂਲੀ ਜਮਹੂਰੀਅਤ ਉਹ ਹੁੰਦੀ ਹੈ ਜਿਹੜੀ ਲੋਕਾਂ ਦੀ ਹੋਵੇ, ਲੋਕਾਂ ਦੁਆਰਾ ਹੋਵੇ ਤੇ ਲੋਕਾਂ ਵਾਸਤੇ ਹੋਵੇ।

- ਇਬਰਾਹਿਮ ਲਿੰਕਨ

ਸਿਆਸਤ ਵਿਚ ਇਨਸਾਨ ਨੂੰ ਅਸੂਲਾਂ ਤੋਂ ਉੱਪਰ ਉੱਠ ਜਾਣ ਦੀ ਜਾਂਚ ਸਿੱਖ ਲੈਣੀ ਚਾਹੀਦੀ ਹੈ।

- ਅਗਿਆਤ

ਦੇਸ਼ ਦਾ ਭਵਿੱਖ ਨੇਤਾਵਾਂ ਅਤੇ ਮੰਤਰੀਆਂ ਦੀ ਮੁੱਠੀ ਵਿਚ ਨਹੀਂ ਲੋਕਾਂ ਦੇ ਹੱਥਾਂ ਵਿਚ ਹੈ।

- ਯਸ਼ਪਾਲ

ਅਧਿਕਾਰ ਮਿਲਣਾ ਚੰਗੀ ਗੱਲ ਹੈ ਪਰ ਇਹ ਵੀ ਜ਼ਰੂਰੀ ਹੈ ਕਿ ਅਧਿਕਾਰਾਂ ਦੀ ਦੁਰਵਰਤੋਂ ਨਾ ਕੀਤੀ ਜਾਵੇ।

- ਅਗਿਆਤ

ਰਾਜਨੀਤੀ ਲਈ ਮਾਨਵ ਨੀਤੀ ਨੂੰ ਛੱਡਣਾ ਕਦੀ ਵੀ ਮੁਆਫ਼ੀ ਯੋਗ ਨਹੀਂ ਹੈ।

- ਜੈਨੇਦਰ ਕੁਮਾਰ

ਰਾਸ਼ਟਰ ਨੂੰ ਜੋਸ਼ ਉਤਸ਼ਾਹ ਅਤੇ ਉਤੇਜਨਾ ਦੇ ਨਾਲ ਵਿਵੇਕ ਧੀਰਜ ਅਤੇ



Sri Satguru Jagjit Singh Ji eLibrary NamdhariElibrary@gmail.com

ਦੂਰਦ੍ਰਿਸ਼ਟੀ ਦੀ ਵੀ ਉਨੀ ਹੀ ਜ਼ਰੂਰਤ ਹੈ।

- ਹਰੀਕ੍ਰਿਸ਼ਨ ਪ੍ਰੇਮੀ

ਨੇਤਾ ਦਾ ਪਹਿਲਾ ਕਰਤਵ ਲੋਕਾਂ ਦੀਆਂ ਉਮੀਦਾਂ ਨੂੰ ਜਿਉਂਦਾ ਰੱਖਣਾ ਹੈ।

- ਜੌ ਬ੍ਰੇਟੇਨ

ਉਹ ਸਰਕਾਰ ਚੰਗੀ ਮੰਨੀ ਜਾਵੇਗੀ ਜਿਹੜੀ ਛੋਟੇ ਤੋਂ ਛੋਟੇ ਮਨੁੱਖ ਨਾਲ ਹੋਈ ਵਧੀਕੀ ਨੂੰ ਸਭਨਾਂ ਦਾ ਅਪਮਾਨ ਮੰਨਦੀ ਹੋਵੇ।

- ਸੋਲਨ

ਸਾਰੀਆਂ ਰਾਜਸੀ ਪਾਰਟੀਆਂ ਆਖਰਕਾਰ ਆਪਣਾ ਝੂਠ ਖਾ ਕੇ ਮਰਦੀਆਂ ਹਨ।

- ਡਾ. ਅਰਬਥਨਾਟ

ਉਹ ਸਰਕਾਰ ਚੰਗੀ ਮੰਨੀ ਜਾਵੇਗੀ ਜਿਹੜੀ ਛੋਟੇ ਤੋਂ ਛੋਟੇ ਮਨੁੱਖ ਨਾਲ ਹੋਈ ਵਧੀਕੀ ਨੂੰ ਸਭਨਾਂ ਦਾ ਅਪਮਾਨ ਮੰਨਦੀ ਹੋਵੇ।

- ਸੋਲਨ

ਜਿਹੜਾ ਹੁਕਮਰਾਨ ਜਨਤਾ ਦੀ ਅਵਾਜ ਉੱਪਰ ਧਿਆਨ ਨਹੀਂ ਦਿੰਦਾ। ਜਨਤਾ ਉਸ ਨੂੰ ਪਦ ਤੋਂ ਮੁਕਤ ਕਰ ਦਿੰਦੀ ਹੈ।

- ਚਾਣਕਿਆ

ਲੋਕਾਂ ਨੂੰ ਸੁਨਹਿਰੀ ਸੁਪਨੇ ਦਿਖਾਕੇ ਆਪਣਾ ਰਾਜ ਕਾਇਮ ਰੱਖਣਾ ਚਲਾਕ ਨੇਤਾ ਦਾ ਕੰਮ ਹੈ।

- ਚਾਣਕਿਆ

ਕਿਸੇ ਵੀ ਲੋਕਤੰਤਰੀ ਰਾਜ ਦੀ ਸਭ ਤੋਂ ਮਹੱਤਵਪੂਰਨ ਪਛਾਣ ਉਸਦੀ ਅਰਥ ਵਿਵਸਥਾ ਤੋਂ ਹੁੰਦੀ ਹੈ।

- ਥਾਮਸ ਜੈਫ ਰਸਨ

ਇਹ ਸੋਚ ਗਲਤ ਹੈ ਕਿ ਜਿਹੜਾ ਜਿੰਨਾ ਜ਼ਿਆਦਾ ਸ਼ੋਰ ਮਚਾਉਂਦਾ ਹੈ, ਉਹ ਜਨਤਾ ਦਾ ਕਲਿਆਣ ਚਾਹੁੰਦਾ ਹੈ।

- ਐਡਮੰਡ ਬਰਕ

ਲੋਕਤੰਤਰ ਦਾ ਅਰਥ ਸਲਾਹ ਮਸ਼ਵਰੇ ਨਾਲ ਸਰਕਾਰ ਚਲਾਉਣਾ ਹੁੰਦਾ ਹੈ ਪਰ ਜ਼ਿਆਦਾ ਬੋਲਣ ਨਾਲ ਇਹ ਅਸਫਲ ਹੋ ਜਾਂਦਾ ਹੈ।

- ਕਲੀਮੇਟ ਇਟਲੀ

ਰਾਜਾ ਨੂੰ ਸਵੈ ਹਿੱਤ ਨਾਲੋਂ ਦੇਸ਼ ਹਿੱਤ ਨੂੰ ਸਭ ਤੋਂ ਉੱਪਰ ਸਮਝਣਾ ਚਾਹੀਦਾ ਹੈ।

- ਚਾਣਕਿਆ

ਇਹ ਨਾ ਸੋਚੋ ਕਿ ਸਾਨੂੰ ਸਮਾਜ ਨੇ ਕੀ ਦਿੱਤਾ ਬਲਕਿ ਇਹ ਸੋਚੋ ਕਿ ਅਸੀਂ ਸਮਾਜ ਅਤੇ ਰਾਸ਼ਟਰ ਨੂੰ ਕੀ ਦੇ ਰਹੇ ਹਾਂ।

- ਪੰ. ਜਵਾਹਰ ਲਾਲ ਨਹਿਰੂ

ਜਿਹੜਾ ਦੇਸ਼ ਦੀ ਸੱਚੀ ਸੇਵਾ ਕਰਦਾ ਹੈ ਉਸਨੂੰ ਪਰਖ ਦੀ ਲੋੜ ਨਹੀਂ ਰਹਿੰਦੀ।

- ਵਾਲਟੇਅਰ



Sri Satguru Jagjit Singh Ji eLibrary NamdhariElibrary@gmail.com

ਰਾਸ਼ਟਰ ਦੀ ਉਨਤੀ ਲਈ ਇਨਸਾਨੀਅਤ ਨੂੰ ਜਿਊਂਦਾ ਰੱਖਣਾ ਬਹੁਤ ਜ਼ਰੂਰੀ ਹੈ।

- *ਅਗਿਆਤ*

ਰਾਜਨੀਤਕ ਬਿਰਤੀ ਕਾਰਨ ਮਨੁੱਖ ਸਮਝੌਤੇ ਅਤੇ ਗੱਠਜੋੜ ਕਰਕੇ ਇਕ ਦੂਜੇ ਨੂੰ ਪੌੜੀ ਬਣਾਕੇ ਉਪਰ ਚੜ੍ਹਦੇ ਹਨ।

- *ਅਗਿਆਤ*

ਸੁਤੰਤਰ ਸਰਕਾਰ ਦਾ ਸਾਰ ਸਰਕਾਰੀ ਦਫ਼ਤਰਾਂ ਨੂੰ ਸੰਸਥਾਵਾਂ ਸਮਝਣ ਵਿਚ ਹੈ ਜਿਹੜੇ ਉਸ ਨੂੰ ਦੇਸ ਦੇ ਭਲੇ ਲਈ ਸੌਂਪੇ ਗਏ ਹਨ ਇਹ ਕਿਸੇ ਇਕ ਵਿਅਕਤੀ ਜਾਂ ਪਾਰਟੀ ਦੇ ਲਾਭ ਲਈ ਨਹੀਂ ਹੁੰਦੇ ਹਨ।

- *ਜਾਹਨਸੀ ਕਾਲਾਹਨ*

ਪ੍ਰੈਸ ਦੀ ਤਾਕਤ ਬਹੁਤ ਵੱਡੀ ਹੁੰਦੀ ਹੈ ਪਰ ਇਹ ਵਿਦਰੋਹ ਦੀ ਤਾਕਤ ਨਾਲੋਂ ਵੱਡੀ ਨਹੀਂ ਹੁੰਦੀ।

- *ਲਾਰਡ ਨਾਰਥਕਲਿਫ*

ਸਿਆਸਤ ਵਿਚ ਜੰਗ ਵਰਗਾ ਉਤਸ਼ਾਹ ਹੁੰਦਾ ਹੈ ਪਰ ਇਹ ਖਤਰਨਾਕ ਵੀ ਓਨੀ ਹੀ ਹੁੰਦੀ ਹੈ ਜੰਗ ਵਿਚ ਤੁਸੀਂ ਇਕ ਵਾਰ ਮਰਦੇ ਹੋ ਪਰ ਸਿਆਸਤ ਵਿਚ ਵਾਰ ਵਾਰ।

- *ਵਿਂਸਟਨ ਚਰਚਲ*

ਲੋਕਤੰਤਰ ਵਿਚ ਫਰਜਾਂ ਦੀ ਪਾਲਣਾ ਜ਼ਿਆਦਾ ਜ਼ਰੂਰੀ ਹੈ।

- *ਆਚਾਰੀਆ ਨਰਿੰਦਰ ਦੇਵ*

ਸਿਆਸਤ ਵਿਚ ਇਨਸਾਨ ਨੂੰ ਅਸੂਲਾਂ ਤੋਂ ਉੱਪਰ ਉੱਠ ਜਾਣ ਦੀ ਜਾਂਚ ਸਿੱਖ ਲੈਣੀ ਚਾਹੀਦੀ ਹੈ।

- *ਅਗਿਆਤ*

ਹੁਕਮਰਾਨਾ ਦੇ ਚੰਗੇ ਕੰਮਾਂ ਨਾਲ ਹੀ ਕੌਮ ਦੀ ਭਲਾਈ ਹੁੰਦੀ ਹੈ।

- *ਚਾਣਕਿਆ*

ਜੇਕਰ ਅੰਨ੍ਹੇ ਲੋਕਾਂ ਦੀ ਅਗਵਾਈ ਕਰਨ ਵਾਲਾ ਵੀ ਅੰਨ੍ਹਾ ਹੋਵੇ ਤਾਂ ਸਾਰੇ ਖੂਹ ਵਿਚ ਹੀ ਡਿੱਗਣਗੇ।

- *ਬਾਈਬਲ*

ਸਭ ਤੋਂ ਚੰਗੀ ਸਰਕਾਰ ਉਹੀ ਹੈ ਜਿਹੜੀ ਸਾਨੂੰ ਖੁਦ ਆਪਣੇ ਉੱਪਰ ਸਾਸ਼ਨ ਕਰਨਾ ਸਿਖਾਉਂਦੀ ਹੈ।

- *ਗੇਟੇ*

ਵਿਰੋਧੀ ਧਿਰ ਦਾ ਫਰਜ ਬਹੁਤ ਸੌਖਾ ਹੈ। ਸਭ ਕਾਸੇ ਦਾ ਵਿਰੋਧ ਕਰਨਾ ਪਰ ਤਜਵੀਜ ਕੁਝ ਵੀ ਨਾ ਕਰਨਾ।

- *ਲਾਰਡ ਡਰਬੀ*

ਇਮਾਨਦਾਰ ਬਣੇ ਰਹਿਣ ਲਈ ਆਪਣੇ ਆਪ ਨਾਲ ਲਗਾਤਾਰ ਲੜਾਈ ਲੜਨੀ ਪੈਂਦੀ ਹੈ ਅਤੇ ਇਹ ਲੜਾਈ ਕੁਝ ਚੋਣਵੇ ਅਸੂਲਪ੍ਰਸਤ ਤੇ ਜਾਗਦੀ ਜਮੀਰ ਵਾਲੇ ਇਨਸਾਨ ਹੀ ਲੜ ਸਕਦੇ ਹਨ।

- *ਅਗਿਆਤ*



Sri Satguru Jagjit Singh Ji eLibrary NamdhariElibrary@gmail.com

ਰਾਜਨੀਤੀ ਚਿੰਤਨ ਦਾ ਨਹੀਂ ਕਾਰਜ ਅਤੇ ਅਣਥੱਕ ਜਦੋ ਜਹਿਦ ਦਾ ਖੇਤਰ ਹੈ।

*- ਚਾਣਕਿਆ*

ਲੋਕ ਪੱਖੀ ਸੱਤਾ ਦੇ ਕੰਮ ਵਿਚ ਜੁਟੇ ਰਹਿਣਾ ਹੀ ਨਿਆਂ ਹੈ।

*- ਡਿਜ ਰੈਲੀ*

ਜਿਹੋ ਜਿਹਾ ਸਮਾਜ ਹੁੰਦਾ ਹੈ ਉਹ ਜਿਹੇ ਰਾਜਸੀ ਆਗੂ ਅਤੇ ਉਹ ਜਿਹੀ ਹੀ ਸਰਕਾਰ ਹੁੰਦੀ ਹੈ ਸਾਡੇ ਆਗੂ ਸਾਡਾ ਹੀ ਰੂਪ ਹਨ।

*- ਅਗਿਆਤ*

ਲੋਕਤੰਤਰ ਲਈ ਰਾਜਨੀਤਕ ਦਲਾਂ ਦੀ ਹੋਂਦ ਜ਼ਰੂਰੀ ਹੈ।

*- ਅਗਿਆਤ*

ਹਰੇਕ ਵਿਅਕਤੀ ਦੀ ਚੰਗਿਆਈ ਹੀ ਲੋਕਤੰਤਰੀ ਸਾਸ਼ਨ ਦੀ ਸਫ਼ਲਤਾ ਦਾ ਮੂਲ ਸਿਧਾਂਤ ਹੈ।

*- ਰਾਜ ਗੋਪਾਲਾਚਾਰੀ*

ਸਾਡੇ ਲੋਕ ਰਾਜ ਲਈ ਇਹ ਵਧੀਆ ਹੋਵੇਗਾ ਕਿ ਅਸੀਂ ਮਤਭੇਦਾਂ ਨੂੰ ਤਿੱਖੇ ਕਰਨ ਦੀ ਬਜਾਏ ਸਹਿਮਤੀ ਦੇ ਦਾਇਰੇ ਨੂੰ ਵਧਾਈਏ।

*- ਡਾ. ਮਨਮੋਹਨ ਸਿੰਘ*

ਰਾਜਨੀਤੀ ਅਤੇ ਇਮਾਨਦਾਰੀ ਇਕੱਠੇ ਨਹੀਂ ਰਹਿ ਸਕਦੇ।

*- ਹੋਮਰ*

ਭਾਵੇਂ ਅਸੀਂ ਰਾਜਨੀਤੀ ਵਿਚ ਦਿਲਚਸਪੀ ਨਾ ਵੀ ਲਈਏ ਰਾਜਨੀਤੀ ਦੀ ਸਾਡੇ ਵਿਚ ਦਿਲਚਸਪੀ ਬਣੀ ਰਹਿੰਦੀ ਹੈ।

*- ਅਗਿਆਤ*

ਸਰਕਾਰਾਂ ਸਿਰਫ਼ ਹਕੂਮਤ ਕਰ ਰਹੀਆਂ ਹਨ ਰਾਜ ਪ੍ਰਬੰਧ ਨਹੀਂ ਚੰਗੇ ਸਾਸ਼ਨ ਬਾਰੇ ਸੋਚਣਾ ਤਾਂ ਦੂਰ ਦੀ ਗੱਲ ਹੈ।

*- ਅਗਿਆਤ*

ਸਰਕਾਰ ਦੀ ਸਾਰੀ ਕਲਾ ਉਸ ਦੀ ਇਮਾਨਦਾਰੀ ਵਿਚ ਹੁੰਦੀ ਹੈ।

*- ਥੋਮਸ ਜੇ*

ਸਵਾਰਥੀ ਜਾਂ ਪੱਖਪਾਤੀ ਨੇਤਾ ਜਿਥੇ ਰਾਸ਼ਟਰ ਦੇ ਪਤਨ ਲਈ ਜ਼ਿੰਮੇਵਾਰ ਹੁੰਦੇ ਹਨ ਉੱਥੇ ਅਜਿਹੇ ਨੇਤਾਵਾਂ ਦੀਆਂ ਕੀਤੀਆਂ ਅਤੇ ਕਾਰਜ ਚੰਗੀ ਨਾਗਰਿਕਤਾ ਦੇ ਰਸਤੇ ਵਿਚ ਰੁਕਾਵਟ ਸਿੱਧ ਹੁੰਦੇ ਹਨ।

*- ਅਗਿਆਤ*

ਰਾਸ਼ਟਰ ਉੱਪਰ ਹਮਲੇ ਅਤੇ ਅਪਮਾਨ ਨੂੰ ਸਹਿਣਾ ਅਹਿੰਸਾ ਨਹੀਂ ਕਾਇਰਤਾ ਹੈ।

*- ਡਾ. ਰਾਮਧਾਰੀ ਸਿੰਘ ਦਿਨਕਰ*

ਇਕ ਵਾਰ ਸੱਤਾ ਮਿਲਣ ਉਤੇ ਉਸਨੂੰ ਕਿਸੇ ਵੀ ਕੀਮਤ ਤੇ ਬਣਾਈ ਰੱਖਣ ਦੀ ਲਾਲਸਾ ਅਕਸਰ ਸੱਤਾਧਾਰੀਆਂ ਵਿਚ ਪੈਦਾ ਹੋ ਜਾਂਦੀ ਹੈ।

*- ਸੈਲਵਲਕਰ*



Sri Satguru Jagjit Singh Ji eLibrary NamdhariElibrary@gmail.com

ਦੇਸ਼ ਦੀ ਤਰੱਕੀ ਖਜ਼ਾਨੇ ਦੀ ਖੁਸ਼ਹਾਲੀ ਉਪਰ ਨਿਰਭਰ ਕਰਦੀ ਹੈ।

- ਚਾਣਕਯ

ਸਾਰੀਆਂ ਸਰਕਾਰਾਂ ਦਾ ਉਦੇਸ਼ ਸਮਾਜ ਦਾ ਸੁੱਖ ਹੋਣਾ ਚਾਹੀਦਾ ਹੈ।

- ਵਾਸ਼ਿੰਗਟਨ

ਜੋ ਵੀ ਅਧਿਕਾਰ ਦੂਸਰੇ ਮਨੁੱਖ ਨੂੰ ਨਾਗਰਿਕ ਹੋਣ ਦੇ ਨਾਂ ਤੇ ਪ੍ਰਾਪਤ ਹਨ ਉਹ ਅਧਿਕਾਰ ਉਸੇ ਸੀਮਾ ਤੱਕ ਮੈਨੂੰ ਵੀ ਪ੍ਰਾਪਤ ਹੋਣੇ ਚਾਹੀਦੇ ਹਨ।

- ਲਾਸਕੀ

ਰਾਜਨੀਤੀ ਹੈ ਤਾਂ ਸਿਆਣਪ ਨਾਲ ਵੱਡੇ ਫੈਸਲੇ ਕਰਨ ਦਾ ਖੇਤਰ। ਪਰ ਚਤਰਾਈ ਅਤੇ ਚਲਾਕੀ ਦੇ ਪ੍ਰਧਾਨ ਹੋਣ ਕਾਰਨ ਇਹ ਖੇਤਰ ਬਦਨਾਮ ਹੋ ਗਿਆ ਹੈ।

- ਅਗਿਆਤ

ਰਾਸ਼ਟਰ ਦੇ ਵਿਕਾਸ ਲਈ ਇਨਸਾਨੀਅਤ ਦੇ ਰਿਸ਼ਤੇ ਨੂੰ ਜ਼ਿੰਦਾ ਰੱਖਣਾ ਜ਼ਰੂਰੀ ਹੈ।

- ਅਗਿਆਤ

ਰਾਜਨੀਤੀ ਤੋਂ ਵੱਡਾ ਕੋਈ ਜੂਆ ਨਹੀਂ।

- ਡਿਜ਼ ਰਾਇਲੀ

ਮੈਂ ਇਸ ਸਿੱਟੇ ਤੇ ਪਹੁੰਚਿਆ ਹਾਂ ਕਿ ਸਿਆਸਤ ਇੱਕ ਐਸਾ ਗੰਭੀਰ ਮਸਲਾ ਹੈ ਜੋ ਕੇਵਲ ਸਿਆਸਤਦਾਨਾਂ ਦੇ ਰਹਿਮ ਤੇ ਨਹੀਂ ਛੱਡਿਆ ਜਾ ਸਕਦਾ।

- ਜਰਨਲ ਡੀਗਾਲ

ਜਿਸ ਤਰ੍ਹਾਂ ਦਾ ਪਰਿਵਾਰ ਹੁੰਦਾ ਹੈ ਦੇਸ਼ ਵੀ ਉਸੇ ਤਰ੍ਹਾਂ ਦਾ ਹੁੰਦਾ ਹੈ ਤੇ ਜਿਸ ਤਰ੍ਹਾਂ ਦਾ ਦੇਸ ਹੋਵੇ ਉਸੇ ਤਰ੍ਹਾਂ ਦਾ ਸੰਸਾਰ ਬਣ ਜਾਂਦਾ ਹੈ।

- ਜੌਹਨ ਪਾਲ

ਕਿਹੜਾ ਦੇਸ ਹੈ ਜੋ ਆਪਣੀ ਸੁਤੰਤਰਤਾ ਨੂੰ ਸੁਰੱਖਿਅਤ ਰੱਖ ਸਕਦਾ ਹੈ ਜੇ ਉਸ ਦੇ ਸਾਸ਼ਕਾਂ ਨੂੰ ਸਮੇਂ ਸਮੇਂ ਤੇ ਇਹ ਤਾੜਨਾ ਨਾ ਕੀਤੀ ਜਾਏ ਕਿ ਉੱਥੇ ਦੇ ਲੋਕਾਂ ਵਿਚ ਟਕਰਾਉ ਦੀ ਭਾਵਨਾ ਮੌਜੂਦ ਹੈ।

- ਥਾਮਸ ਜੈਫਰਸਨ

ਰਾਜਨੀਤੀ ਜਵਾਲਾ ਸਮਾਨ ਹੈ ਇਹ ਜਿਥੇ ਚਾਹਵੇ ਜਦੋਂ ਚਾਹਵੇ ਮੱਚ ਸਕਦੀ ਹੈ।

- ਅਗਿਆਤ

ਸਮਾਜਕ ਚੇਤਨਾ ਨਾਲ ਹੀ ਮੂਲ ਜਾਂ ਦੂਸਰੇ ਅਧਿਕਾਰਾਂ ਦੀ ਰੱਖਿਆ ਕੀਤੀ ਜਾ ਸਕਦੀ ਹੈ।

- ਭੀਮ ਰਾਓ ਅੰਬੇਦਕਰ

ਸਵਾਰਥੀ ਜਾਂ ਪੱਖਪਾਤੀ ਨੇਤਾ ਜਿਥੇ ਰਾਸ਼ਟਰ ਦੇ ਪਤਨ ਲਈ ਜਿਮੇਵਾਰ ਹੁੰਦੇ ਹਨ ਉਥੇ ਅਜਿਹੇ ਨੇਤਾਵਾਂ ਦੀਆਂ ਨੀਤੀਆਂ ਅਤੇ ਕਾਰਜ ਚੰਗੀ ਨਾਗਰਿਕਤਾ ਦੇ ਰਸਤੇ ਵਿਚ ਰੁਕਾਵਟ ਵੀ ਸਿੱਧ ਹੁੰਦੀਆਂ ਹਨ।

- ਅਗਿਆਤ



Sri Satguru Jagjit Singh Ji eLibrary NamdhariElibrary@gmail.com

ਸਾਸ਼ਕਾਂ ਦੇ ਚੰਗੇ ਕਰਮਾਂ ਨਾਲ ਕੌਮ ਦੀ ਭਲਾਈ ਹੁੰਦੀ ਹੈ।

*- ਚਾਣਕਿਆ*

ਰਾਜਨੀਤੀ ਕੇਵਲ ਖੇਡ ਨਹੀਂ ਹੈ ਇਸ ਉੱਪਰ ਤਾਂ ਰਾਸ਼ਟਰ ਦਾ ਵਰਤਮਾਨ ਅਤੇ ਭਵਿੱਖ ਨਿਰਭਰ ਕਰਦਾ ਹੈ।

*- ਡਿਜਰਾਇਲੀ*

ਜਿਸ ਦੇਸ ਦਾ ਰਾਜਸੀ ਨੇਤਾ ਬੇਈਮਾਨ ਹੋਵੇ ਉਹ ਦੇਸ਼ ਉਜੜਿਆ ਹੀ ਸਮਝੋ। ਜਿਸ ਦੇਸ਼ ਦੀ ਜਨਤਾ ਅਗਿਆਨੀ ਹੋਵੇ ਉਹ ਦੇਸ਼ ਉਜੜਿਆ ਹੀ ਸਮਝੋ ਜਿਸ ਦੇਸ਼ ਦਾ ਲੇਖਕ ਵਿਕਾਊ ਹੋਵੇ ਫਰੇਬੀ ਹੋਵੇ ਕਾਇਰ ਹੋਵੇ ਉਹ ਦੇਸ਼ ਬਰਬਾਦ ਹੋਇਆ ਹੀ ਸਮਝੋ।

*- ਅਗਿਆਤ*

ਉਹ ਦੇਸ਼ ਮਹਾਨ ਹਨ ਜਿਹੜੇ ਜਾਤ ਪਾਤ ਅਤੇ ਕੌਮਾਂ ਦੇ ਨਸਲੀ ਭੇਦਭਾਵ ਰੱਖ ਕੇ ਕਿਸੇ ਦਾ ਅਪਮਾਨ ਨਹੀਂ ਕਰਦੇ ਅਤੇ ਕਿਸੇ ਨੂੰ ਨੀਵਾਂ ਨਹੀਂ ਵਿਖਾਉਂਦੇ।

*- ਅਗਿਆਤ*

ਉਹੀ ਸਰਕਾਰ ਸਭ ਤੋਂ ਚੰਗੀ ਹੈ ਜੋ ਆਪਣੇ ਲੋਕਾਂ ਨੂੰ ਵੱਧ ਤੋਂ ਵੱਧ ਕੁਝ ਦੇ ਸਕਦੀ ਹੈ।

*- ਵੈਨਟਰ ਐਨ*

ਰਾਜਨੀਤੀ ਮਨੁੱਖੀ ਸਬੰਧਾਂ ਵਿਚ ਹਿੰਸਾ ਦੀ ਜ਼ਹਿਰ ਨੂੰ ਜਨਮ ਦਿੰਦੀ ਹੈ।

*- ਜੈਨੇਦਰ ਕੁਮਾਰ*

ਰਾਜਨੀਤੀ ਦੁਆਰਾ ਜਨਤਾ ਨੂੰ ਖੁਸ਼ਹਾਲ ਕਰਨਾ ਝੂਠੀ ਆਸ ਹੈ।

*- ਕਾਰਲੇ*

ਸਿਆਸੀ ਦਾਅ ਪੇਚ ਸਿਰਫ਼ ਚੋਣਾਂ ਦੇ ਦਿਨਾਂ ਵਿਚ ਹੀ ਚੰਗੇ ਲੱਗਦੇ ਹਨ ਬਾਕੀ ਸਾਰੀ ਸਿਆਸੀ ਕਾਰਵਾਈ ਤਾਂ ਵਿਕਾਸ ਮੁਖੀ ਵਾਤਾਵਰਨ ਸਿਰਜਣ ਵੱਲ ਹੋਣੀ ਚਾਹੀਦੀ ਹੈ।

*- ਡਾ. ਏ. ਪੀ. ਅਬਦੁਲ ਕਲਾਮ*

ਜੇ ਸਿਆਸਤ ਧਰਮ ਅਤੇ ਜਾਤ ਪਾਤ ਦੇ ਫਰਕਾਂ ਦੀ ਲੁਟ ਖਸੁੱਟ ਤੇ ਅਧਾਰਤ ਹੋਵੇ ਤਾਂ ਇਸਦਾ ਨਤੀਜਾ ਮਾੜਾ ਹੀ ਰਹੇਗਾ।

*- ਡਾ. ਮਨਮੋਹਨ ਸਿੰਘ*

ਸਾਨੂੰ ਵਿਕਾਸ ਦੇ ਇਹੋ ਜਿਹੇ ਰੂਪ ਦੀ ਲੋੜ ਹੈ ਜਿਸ ਵਿਚ ਸਰਕਾਰ ਇਕ ਖੁੱਲੇ ਸਮਾਜ ਦੀ ਅਜ਼ਾਦੀ ਦੀ ਅਤੇ ਇਕ ਖੁੱਲ੍ਹੇ ਅਰਥਚਾਰੇ ਦੀ ਗਾਰੰਟੀ ਦਿੰਦਿਆਂ ਲੋਕ ਭਲਾਈ ਲਈ ਪੈਸਾ ਖਰਚਣ ਦੀ ਸਮਰੱਥਾ ਹਾਸਲ ਕਰਦੀ ਹੈ।

ਲੋਕ ਲੁਭਾਊ ਨੀਤੀਆਂ ਤੋਂ ਪਰਹੇਜ ਕਰਦਿਆਂ ਅਤੇ ਔਖੇ ਫੈਸਲੇ ਲੈਂਦਿਆਂ ਲੰਬੇ ਸਮੇਂ ਲਈ ਕਿਸੇ ਅਹੁਦੇ ਤੇ ਰਹਿਣਾ ਸਿਆਸੀ ਪ੍ਰਬੰਧ ਕਲਾ ਦਾ ਸਹੀ ਨਮੂਨਾ ਹੈ।

*- ਡਾ. ਮਨਮੋਹਨ ਸਿੰਘ*

ਦੇਸ਼ ਲਈ ਅੱਤਿਆਚਾਰ ਕਰਨਾ, ਦੇਸ਼ ਉਤੇ ਹੀ ਅੱਤਿਆਚਾਰ ਕਰਨਾ ਹੈ।

*- ਰਬਿੰਦਰ ਨਾਥ ਟੈਗੋਰ*



Sri Satguru Jagjit Singh Ji eLibrary NamdhariElibrary@gmail.com

ਹੁਕਮਰਾਨ ਉਹੀ ਉਤਮ ਹੈ ਜਿਹੜਾ ਅਵਾਮ ਨੂੰ ਸੁਖੀ ਰੱਖੇ ਅਤੇ ਆਪਣੇ ਤੋਂ ਦੂਰ ਬੈਠਿਆਂ ਆਪਣੇ ਪ੍ਰਤੀ ਖਿੱਚ ਰੱਖਦਾ ਹੋਵੇ।

*- ਕਨਫਿਊਸ਼ੀਅਸ*

ਰਾਜਨੀਤਕ ਸੁਧਾਰ ਲਈ ਘੜੀਆਂ ਬਹੁਤੀਆਂ ਸਕੀਮਾਂ ਬਾਰੇ ਜਾਣ ਕੇ ਕੇਵਲ ਹੱਸਿਆ ਹੀ ਜਾ ਸਕਦਾ ਹੈ।

*- ਸੈਮੂਅਲ ਜੌਹਨਸਨ*

ਜਿਸ ਦੇਸ਼ ਵਿਚ ਆਪਣਾ ਮਾਨ ਸਨਮਾਨ ਨਾ ਹੋਵੇ ਜਿਊਣ ਲਈ ਸਾਧਨ ਨਾ ਹੋਣ ਆਪਣੇ ਦੋਸਤ ਰਿਸ਼ਤੇਦਾਰ ਨਾ ਹੋਣ ਤੇ ਨਾ ਹੀ ਵਿੱਦਿਆ ਦੀ ਪ੍ਰਾਪਤੀ ਹੋਵੇ ਉਥੇ ਰਹਿਣਾ ਨਹੀਂ ਚਾਹੀਦਾ।

*- ਸਵਾਮੀ ਵਿਵੇਕਾਨੰਦ*

ਜਿਹੜਾ ਵਿਅਕਤੀ ਪੀੜਾਦਾਇਕ ਪ੍ਰਸ਼ਾਸਨ ਸਾਹਮਣੇ ਨਿਆਂ ਸੰਗਤ ਗੱਲ ਕਰਦਾ ਹੈ ਉਸਦਾ ਜੇਹਾਦ ਧਰਮ ਯੁੱਧ ਸਰਵ ਉੱਚ ਹੈ।

*- ਹਜਰਤ ਮੁਹੰਮਦ*

ਸਭ ਤੋਂ ਵਧੀਆ ਸਰਕਾਰ ਉਹ ਹੁੰਦੀ ਹੈ ਜੋ ਸਭ ਤੋਂ ਘੱਟ ਸਮਾਂ ਹਕੂਮਤ ਕਰੇ।

*- ਜੌਹਨ ਸਲੀਵਨ*

ਬਣਿਆ ਅੱਜ ਪੰਜਾਬ ਹੈ ਗੈਸ ਚੈਬਰ ਜਮਾਂ ਸਿਖਰ ਤੇ ਹੈ ਤਾਪਮਾਨ ਹੋਇਆ ਭੋਲਾ ਜੱਟ ਨਾ ਜਾਣਦਾ ਅੱਗ ਕਾਰਨ ਉਹਦਾ ਆਪਣਾ ਕਿੰਨਾ ਨੁਕਸਾਨ ਹੋਇਆ। ਭਾਵੇ ਬਣੇ ਕਾਨੂੰਨ ਨੇ ਸਖ਼ਤ ਐਪਰ ਨਹੀਂ ਕਿਸੇ ਦਾ ਕਦੀ ਚਲਾਨ ਹੋਇਆ। ਨੇਤਾ ਦੇਖਦੇ ਨੇ ਵੋਟ ਰਾਜਨੀਤੀ ਭਾਵੇਂ ਲੋਕਤਾ ਦਾ ਜਾਵੇ ਘਾਣ ਹੋਇਆ।

*- ਅਮਰਜੀਤ ਸਿੰਘ ਢਿੱਲੋਂ*



Sri Satguru Jagjit Singh Ji eLibrary NamdhariElibrary@gmail.com

# ਮਨ, ਦਿਲ

ਗੁਣਾਂ ਨਾਲ ਭਰਿਆ ਮਨ ਸਵਰਗ ਹੈ ਤੇ ਔਗੁਣਾਂ ਵਿਚ ਗਰਕ ਹੋਇਆ ਮਨ ਨਰਕ ਦੀ ਨਿਸ਼ਾਨੀ ਹੈ ਹਰ ਇਨਸਾਨ ਦੇ ਵਿਚਾਰ ਹੀ ਉਸ ਲਈ ਸਵਰਗ ਅਤੇ ਨਰਕ ਦਾ ਨਿਰਮਾਣ ਕਰਦੇ ਹਨ।

*- ਸੰਤ ਕਨਫਿਊਸ਼ਿਅਸ*

ਮਨੁੱਖੀ ਹਕੂਕ ਮਾਨਵੀ ਮਨ ਨਾਲ ਜੁੜੇ ਹੋਏ ਹਨ। ਮਨੁੱਖੀ ਮਨ ਅਜਿਹਾ ਆਦਰਸ਼ ਹੈ, ਜਿਸ ਲਈ ਲੜਨਾ ਤੇ ਮਰਨਾ ਜਾਇਜ ਹੈ।

*- ਰੌਬਰਟ ਰਟਮੇਅਨਾਰਡ*

ਜ਼ਿੰਮੇਵਾਰੀਆਂ ਨੂੰ ਸੰਭਾਲਦੇ ਹੋਏ ਮਨ ਨੂੰ ਸਦਾ ਸੁਤੰਤਰ ਅਤੇ ਨਿਰਪੱਖ ਰੱਖਣਾ ਇਹ ਵੀ ਇਕ ਕਲਾ ਹੈ।

*- ਅਗਿਆਤ*

ਵਿਆਹ ਦੋ ਦਿਲਾਂ ਦਾ ਇਕਰਾਰ ਹੈ। ਹੋਰ ਰਸਮਾਂ ਵਧਾਈਆਂ ਵੀ ਜਾ ਸਕਦੀਆਂ ਹਨ ਤੇ ਘਟਾਈਆਂ ਵੀ। ਪਰ ਅਸਲੀ ਵਿਆਹ ਦੀ ਰਸਮ ਦੋ ਦਿਲਾਂ ਦਾ ਪੂਰਨ ਮਨੇਵਾ ਹੈ।

*- ਗੁਰਬਖਸ਼ ਸਿੰਘ*

ਚੇਤਨ ਵਸਤੂ ਕੱਪੜੇ ਵਾਂਗ ਪਾਈ ਤੇ ਉਤਾਰੀ ਜਾ ਸਕਦੀ ਹੈ ਜਦੋਂਕਿ ਅਚੇਤ ਮਨ ਦੀ ਅਵਸਥਾ ਬਦਲੀ ਨਹੀਂ ਜਾ ਸਕਦੀ।

*- ਸਿਗ ਮੰਡ ਫਰਾਇਡ*

ਮਨ ਦੀਆਂ ਭਾਵਨਾਵਾਂ ਦੀ ਦਸ਼ਾ ਦਾ ਨਾਂ ਸੁੱਖ ਅਤੇ ਦੁੱਖ ਹੈ।

*- ਇਬਨੇ ਬਤੂਤਾ*

ਮਨ ਰੂਪੀ ਹਾਥੀ ਨੂੰ ਬੁੱਧੀ ਰੂਪੀ ਸੰਗਲਾਂ ਦੀ ਜਕੜ ਵਿਚ ਰੱਖਿਆ ਜਾਂਦਾ ਹੈ।

- ਸੁਆਮੀ ਰਾਮ ਕ੍ਰਿਸਨ ਪਰਮ ਹੰਸ

ਤੁਹਾਡੀ ਇੱਛਾ ਪੂਰੀ ਹੋਵੇ ਜਾਂ ਨਾ ਮਨ ਦੀ ਸਥਿਰਤਾ ਅਤੇ ਸੰਤੁਲਨ ਨਹੀਂ ਗੁਆਉਣਾ ਚਾਹੀਦਾ।

*- ਸਤਿਆ ਸਾਂਈ ਬਾਬਾ*

ਜੋ ਵਿਅਕਤੀ ਆਪਣੇ ਮਨ ਦਾ ਗੁਲਾਮ ਰਹਿੰਦਾ ਹੈ ਉਹ ਕਦੇ ਵੀ ਪ੍ਰਤਿਭਾਸ਼ਾਲੀ ਵਿਅਕਤੀ ਨਹੀਂ ਬਣ ਸਕਦਾ।

*- ਸਰਦਾਰ ਪਟੇਲ*

ਜਿਹੜਾ ਮਨ ਨੂੰ ਨਹੀਂ ਮਾਰ ਸਕਦਾ ਜਿਸ ਨੂੰ ਝੁਕਣਾ ਜਾਂ ਛੋਟਾ ਬਣਨਾ ਨਹੀਂ ਆਉਂਦਾ ਜਿਹੜਾ ਦੂਜਿਆਂ ਦੀ ਭਲਾਈ ਲਈ ਰਾਹ ਨਹੀਂ ਛੱਡ ਸਕਦਾ ਉਹ ਜ਼ਿੰਦਗੀ 'ਚ ਕੁਝ ਨਹੀਂ ਕਰ ਸਕਦਾ।

*- ਜੈਨੇਦਰ ਕੁਮਾਰ*

ਜੋ ਸਖਸ ਇਕੱਲਾ ਜਿਉਣ ਦੀ ਕੋਸ਼ਿਸ਼ ਕਰਦਾ ਹੈ ਉਹ ਜੀਵਨ ਵਿਚ ਸਫਲ



Sri Satguru Jagjit Singh Ji eLibrary NamdhariElibrary@gmail.com

ਨਹੀਂ ਹੁੰਦਾ ਜੇ ਉਹ ਕਿਸੇ ਹੋਰ ਦੀ ਧੜਕਨ ਨਹੀਂ ਸੁਣਦਾ ਤਾਂ ਉਸ ਦਾ ਦਿਲ ਮੁਰਝਾ ਜਾਂਦਾ ਹੈ ਜੇ ਉਹ ਸਿਰਫ਼ ਆਪਣੀਆਂ ਹੀ ਸੋਚਾਂ ਵਿਚ ਗਲਤਾਨ ਰਹੇ ਤਾਂ ਉਸ ਦਾ ਮਨ ਸੁੰਗੜ ਜਾਂਦਾ ਹੈ।

*- ਪਰਲ ਬਕ*

ਅਸਲੀ ਪ੍ਰਾਰਥਨਾ ਲਫ਼ਜਾਂ ਵਿੱਚ ਨਹੀਂ ਕੀਤੀ ਜਾਂਦੀ ਦਿਲ ਦੇ ਭਾਵਾਂ ਨਾਲ ਕੀਤੀ ਜਾਂਦੀ ਹੈ।

*- ਗੁਰਬਖਸ਼ ਸਿਘ*

ਦਿਲ ਵਿਚਲੀ ਥੋੜੀ ਜਿਹੀ ਥਾਂ ਹੀ ਇਸ ਕਾਇਨਾਤ ਜਿੰਨੀ ਵਿਸ਼ਾਲ ਹੈ ਇਥੇ ਹੀ ਸਵਰਗ ਅਤੇ ਧਰਤੀ ਹਨ ਇਥੇ ਹੀ ਸੂਰਜ ਚੰਦਰਮਾ ਅਤੇ ਤਾਰੇ ਹਨ ਅੱਗ ਬਿਜਲੀ ਅਤੇ ਹਵਾਵਾਂ ਹੀ ਨਹੀਂ ਸਗੋਂ ਜੋ ਕੁਝ ਇਸ ਸਮੇਂ ਹੈ ਅਤੇ ਜੋ ਕੁਝ ਨਹੀਂ ਹੈ ਉਹ ਸਭ ਕੁਝ ਹੀ ਇਸ ਵਿਚ ਮੌਜੂਦ ਹੈ।

*- ਉਪਨਿਸਦ*

ਇਕ ਚੰਗਾ ਦਿਲ ਸੰਸਾਰ ਦੇ ਸਾਰੇ ਦਿਮਾਗਾਂ ਤੋਂ ਬਿਹਤਰ ਹੁੰਦਾ ਹੈ।

*- ਐਡਵਰਡ ਲਿਟਨਜ*

ਜਿਸ ਦੇ ਮਨ ਵਿਚ ਸ਼ੰਕਾ ਭਰੀ ਹੋਈ ਹੈ ਉਸ ਲਈ ਨਾ ਇਹ ਲੋਕ ਨਾ ਪ੍ਰਲੋਕ ਤੇ ਹੀ ਸੁੱਖ ਹੈ।

*- ਵੇਦ ਵਿਆਸ*

ਮਨੁੱਖ ਦਾ ਮਨ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਹੈ ਇਹੀ ਉਸ ਨੂੰ ਵਿਕਾਰਾਂ ਵਿਚ ਪਾਉਂਦਾ ਹੈ।

*- ਓਸ਼ੋ ਰਜਨੀਸ਼*

ਈਸ਼ਵਰ ਪੂਜਾ ਕਰਨ ਦੀ ਸਾਡੀ ਵਿਧੀ ਨੂੰ ਨਹੀਂ ਦੇਖਦਾ ਉਹ ਤਾਂ ਸਾਡੇ ਮਨ ਨੂੰ ਦੇਖਦਾ ਹੈ।

*- ਮਹਾਤਮਾ ਗਾਂਧੀ*

ਖੁਸ਼ੀ ਸਰੀਰ ਲਈ ਲਾਹੇਵੰਦ ਹੁੰਦੀ ਹੈ ਪਰ ਮਨ ਨੂੰ ਸ਼ਕਤੀਸ਼ਾਲੀ ਸਿਰਫ਼ ਦੁੱਖ ਹੀ ਬਣਾਉਂਦਾ ਹੈ।

*- ਪ੍ਰਾਇਮਰ ਮੈਡਿਓ*

ਜਿਹੜਾ ਵਿਚਾਰ ਤੇ ਅਹਿਸਾਸ ਸਭ ਤੋਂ ਪਹਿਲਾਂ ਮਨ ਅੰਦਰ ਉਭਰਦਾ ਹੈ ਉਹੀ ਸਭ ਤੋਂ ਵੱਧ ਸੁਭਾਵਿਕ ਤੇ ਅਸਲੀ ਹੁੰਦਾ ਹੈ।

*- ਰਿਚਰਡ ਲਵਲੇਸ*

ਸਾਫ਼ ਸੁਥਰੇ ਮਨ ਤੋਂ ਵੱਡਾ ਮੰਦਰ ਹੋਰ ਕੋਈ ਨਹੀਂ।

*- ਸੁਆਮੀ ਰਾਮ ਤੀਰਥ*

ਮਨੁੱਖੀ ਮਨ ਦੀਆਂ ਉਚਾਈਆਂ ਦਾ ਨਾ ਕੋਈ ਹੱਦ ਬੰਨਾ ਹੈ – ਨਾ ਇਸ ਦੀਆਂ ਨਿਵਾਈਆਂ ਦੀ ਕੋਈ ਥਾਹ। ਇਸ ਵਿੱਚ ਜੇ ਉੱਡਣ ਦੀ ਅਪਾਰ ਸ਼ਕਤੀ ਹੈ ਤਾਂ ਡਿੱਗਣ ਦੀ ਨਿਰਬਲਤਾ ਓਦੂੰ ਕਿਤੇ ਵਧ ਹੈ।

*- ਨਾਨਕ ਸਿਘ*



Sri Satguru Jagjit Singh Ji eLibrary NamdhariElibrary@gmail.com

# ਰੱਬ, ਪਰਮਾਤਮਾ, ਦੁਆ

ਏਕਤਾ ਰੱਬ ਲਈ ਨਹੀਂ ਸਗੋਂ ਸਾਡੇ ਸਾਰਿਆਂ ਲਈ ਸਰਵੋਤਮ ਅਹਿਮੀਅਤ ਰੱਖਦੀ ਹੈ।

*- ਚਾਰਸਲ ਡਿਕਨਸ*

ਨਸਲੀ ਵਿਤਕਰਾ ਪ੍ਰਮਾਤਮਾ ਅਤੇ ਧਰਮਾਤਮਾ ਦੁਆਰਾ ਪੈਦਾ ਕੀਤੇ ਮਨੁੱਖ ਦਾ ਅਪਮਾਨ ਹੈ।

*- ਰਾਬਰਟ ਰੰਸੀ*

ਮਨੁੱਖ ਦੀਆਂ ਜ਼ਿਮੇਵਾਰੀਆਂ ਹੀ ਪਰਮਾਤਮਾ ਦਾ ਉੱਤਮ ਨਿਯਮ ਹੈ ਅਤੇ ਜੇਕਰ ਤੁਸੀਂ ਇਨ੍ਹਾਂ ਨੂੰ ਪੂਰੀਆਂ ਨਹੀਂ ਕਰਦੇ ਤਾਂ ਸਵਰਗ ਦੀ ਉਮੀਦ ਨਹੀਂ ਰੱਖਣੀ ਚਾਹੀਦੀ।

*- ਸਨਮਊਗਮੂਨ*

ਪ੍ਰਮਾਤਮਾ ਦੀ ਮਹਾਨ ਸਚਾਈ ਦੀ ਉਲੰਘਣਾ ਕਰਕੇ ਝੂਠੇ ਵਿਖਾਵਿਆਂ ਨਾਲ ਨਾ ਤਾਂ ਕਦੇ ਰੱਬ ਦੀ ਮਹਾਨਤਾ ਵਧਾਈ ਜਾ ਸਕਦੀ ਹੈ ਅਤੇ ਨਾ ਹੀ ਲੋਕਾਂ ਦਾ ਭਲਾ ਕੀਤਾ ਜਾ ਸਕਦਾ ਹੈ।

*- ਨੈਥੇਨੀਅਲ ਹਾਥਾਰਨ*

ਮਾਨਵਤਾ ਨਾਲ ਪ੍ਰੇਮ ਹੀ ਰੱਬ ਨਾਲ ਪ੍ਰੇਮ ਹੈ ਪੁਜਾਰੀ ਆਪਣੀਆਂ ਅੱਖਾਂ ਬੰਦ ਕਰਕੇ ਕਿਸਦੀ ਪੂਜਾ ਕਰ ਰਿਹਾ ਹੈ। ਅੱਖਾਂ ਖੋਲ੍ਹਕੇ ਵੇਖ ਰੱਬ ਉਥੇ ਹੈ ਜਿਥੇ ਹਲਵਾਹਕ ਸਖਤ ਜ਼ਮੀਨ ਵਾਹੁੰਦਾ ਹੈ ਜਿੱਥੇ ਮਜ਼ਦੂਰ ਰੋੜੀ ਕੁੱਟਦਾ ਹੈ।

*- ਰਬਿੰਦਰ ਨਾਥ ਟੈਗੋਰ*

ਅਸੀਂ ਆਪਣੇ ਦੁੱਖਾਂ ਨੂੰ ਖੁਦ ਬੁਲਾਉਂਦੇ ਹਾਂ·ਇਹ ਰੱਬ ਦੇ ਭੇਜੇ ਹੋਏ ਨਹੀਂ ਆਉਂਦੇ।

*- ਮੇਰੀ ਕੋਰੇਲੀ*

ਰੱਬ ਉਨ੍ਹਾਂ ਦੀ ਮੱਦਦ ਕਰਦਾ ਹੈ ਜਿਹੜੇ ਆਪਣੀ ਮਦਦ ਆਪ ਕਰਦੇ ਹਨ।

*- ਏ ਸਿਡਨੀ*

ਉੱਪਰਲੀ ਕਮਾਈ ਵਾਲੇ ਦੀ ਥੋੜ੍ਹੇ ਅਰਸੇ ਵਿਚ ਹੀ ਬੱਲੇ ਬੱਲੇ ਹੋ ਜਾਂਦੀ ਹੈ ਪਰ ਇਹ ਨਾ ਭੁੱਲੋ ਕਿ ਇੱਕ ਇਮਾਨਦਾਰ ਮਨੁੱਖ ਰੱਬ ਦੀ ਸਭ ਤੋਂ ਵਧੀਆ ਸਿਰਜਨਾ ਹੈ।

*- ਪੋਪ*

ਜਾਲਮਾਂ ਤੋਂ ਬਗਾਵਤ ਕਰਨਾ ਈਸ਼ਵਰੀ ਆਗਿਆ ਦਾ ਪਾਲਣ ਹੁੰਦਾ ਹੈ।

*- ਥਾਮਸ ਜੈਫਰਸਨ*

ਪਰਮਾਤਮਾ ਸਾਡੀ ਪੂਜਾ ਦੀ ਵਿਧੀ ਨੂੰ ਨਹੀਂ ਵੇਖਦਾ ਉਹ ਤਾਂ ਸਿਰਫ਼ ਸਾਡੇ ਮਨ ਵਿਚ ਬਣੇ ਵਿਸ਼ਵਾਸ ਨੂੰ ਵੇਖਦਾ ਹੈ।

*- ਪ੍ਰੇਮ ਚੰਦ*



Sri Satguru Jagjit Singh Ji eLibrary NamdhariElibrary@gmail.com

ਜੇ ਰੱਬ ਨਹੀਂ ਵੀ ਤਦ ਵੀ ਉਸ ਦੀ ਖੋਜ ਕਰਨ ਵਿਚ ਕੋਈ ਹਰਜ ਨਹੀਂ।

*- ਵੌਲਟੇਅਰ*

ਆਦਮੀ ਦੇ ਚੰਗੇ ਗੁਣਾਂ 'ਚ ਪ੍ਰਮਾਤਮਾ ਦੀ ਝਲਕ ਹੁੰਦੀ ਹੈ।

*- ਅਚਾਰੀਆ ਰਜਨੀਸ਼*

ਰੱਬ ਦਾ ਗੁਣ ਗਾਨ ਲੱਖਾਂ ਲੋਕ ਕਰਦੇ ਹਨ ਪ੍ਰੰਤੂ ਅਨੰਤ ਕਾਲ ਤੱਕ ਇਹ ਗੁਣਗਾਨ ਕਰਦੇ ਰਹਿਣ ਦੇ ਬਾਵਜੂਦ ਇਸ ਨੂੰ ਸੰਪੂਰਨ ਨਹੀਂ ਮੰਨਿਆ ਜਾ ਸਕੇਗਾ ਇਹ ਰੱਬ ਹੀ ਹੈ ਜੋ ਕਿ ਅਸੰਖ ਪ੍ਰਕਾਰ ਦੇ ਜੀਵਾਂ ਦੀ ਸ੍ਰਿਸਟੀ ਕਰਦਾ ਹੈ ਪਰ ਅਜਿਹਾ ਕਰਦਿਆਂ ਅਕਦਾ ਨਹੀਂ।

*- ਹਸਰਤ ਈਸਾ ਮਸੀਹ*

ਜਿਹੜਾ ਆਪਣੇ ਸਾਥੀਆਂ ਦਾ ਸ਼ੁਕਰਗੁਜ਼ਾਰ ਨਹੀਂ, ਉਹ ਅੱਲਾ ਦਾ ਸ਼ੁਕਰਗੁਜਾਰ ਨਹੀਂ ਹੋ ਸਕਦਾ।

*- ਹਜ਼ਰਤ ਮੁਹੰਮਦ ਸਾਹਿਬ*

ਵਾਰਸ ਸ਼ਾਹ ਸਰੀਕ ਹੈ ਕੌਣ ਉਸਦਾ ਜਿਸ ਦਾ ਰੱਬ ਨੇ ਕੰਮ ਸਵਾਰਿਆ ਈ।

*- ਵਾਰਸ ਸ਼ਾਹ*



Sri Satguru Jagjit Singh Ji eLibrary NamdhariElibrary@gmail.com

# ਧਰਮ, ਫਲਸਫਾ

ਨੇਕ ਗੱਲ ਚਾਹੇ ਕਿਸੇ ਧਰਮ ਦੀ ਹੋਵੇ ਕਿਸੇ ਆਦਮੀ ਦੀ ਹੋਵੇ ਉਸਨੂੰ ਜ਼ਰੂਰ ਗ੍ਰਹਿਣ ਕਰੋ।

*- ਜਵਾਹਰ ਲਾਲ ਨਹਿਰੂ*

ਵਧੇਰੇ ਪੂਜਾ ਪਾਠ ਵਧੇਰੇ ਧਰਮੀ ਹੋਣ ਦਾ ਸਬੂਤ ਨਹੀਂ ਵਧੇਰੇ ਨਿਕੰਮੇ ਹੋਣ ਦੀ ਨਿਸ਼ਾਨੀ ਹੁੰਦਾ ਹੈ।

*- ਮੇਰੀ ਮੈ ਕਾਰਥੀ*

ਹਰ ਕੰਮ ਤੋਂ ਪਹਿਲਾਂ ਮਨੁੱਖੀ ਜੀਵਨ ਬਚਾਉਣਾ ਸਭ ਤੋਂ ਵੱਡਾ ਧਰਮ ਹੈ।

*- ਲਾਲ ਬਹਾਦਰ ਸ਼ਾਸਤਰੀ*

ਹਰ ਚੰਗੇ ਤੇ ਨੇਕ ਇਨਸਾਨ ਲਈ ਸਭ ਤੋਂ ਵੱਡੀ ਪ੍ਰਾਪਤੀ ਹੈ ਕਿ ਉਹ ਮੁਸ਼ਕਲ ਆਉਣ ਤੇ ਕਰਤੱਵ ਅਤੇ ਧਰਮ ਤੋਂ ਕਦੇ ਵੀ ਨਾ ਡੋਲੇ।

*- ਸੁਕਰਾਤ*

ਸੰਤਾਂ ਤੇ ਧਾਰਮਿਕ ਲੋਕਾਂ ਦਾ ਕੰਮ ਸਮਾਜ ਨੂੰ ਉਲਟੇ ਰਾਹ ਜਾਣ ਤੋਂ ਰੋਕਣਾ ਹੈ।

*- ਸਵਾਮੀ ਰਾਮ ਤੀਰਥ*

ਸਮਾਜ ਸੇਵਾ ਤੋਂ ਬਿਨਾਂ ਧਰਮ ਅਧੂਰਾ ਹੈ ਅਤੇ ਲੋਕਾਈ ਦੇ ਭਲੇ ਤੋਂ ਬਿਨਾਂ ਰੂਹਾਨੀਅਤ ਫੋਕੀ ਹੈ।

*- ਗੁਰੂ ਨਾਨਕ ਦੇਵ ਜੀ*

ਜੋ ਧਰਮ ਇਹ ਕਹਿੰਦਾ ਹੈ ਕਿ ਪਸ਼ੂਆਂ ਦੀ ਬਲੀ ਦੇਣ ਨਾਲ ਮਨੁੱਖ ਸਵਰਗ ਜਾ ਸਕਦੇ ਹਨ ਉਹ ਧਰਮ ਨਹੀਂ ਪਾਖੰਡ ਹੈ।

*- ਮਹਾਤਮਾ ਬੁੱਧ*

ਜਦੋਂ ਅਨੇਕਾਂ ਧਰਮਾਂ ਦੀ ਮਾਨਤਾ ਹੁੰਦੇ ਹੋਏ ਲੋਕਾਂ ਵਿਚ ਇੰਨੀ ਬੇਈਮਾਨੀ, ਕਪਟ, ਪਖੰਡ ਤੇ ਅਸ਼ਾਂਤੀ ਫੈਲੀ ਹੋਈ ਹੈ ਤਾਂ ਧਰਮ ਦੀ ਅਣਹੋਂਦ ਵਿਚ ਦੁਨੀਆਂ ਦੀ ਕੀ ਹਾਲਤ ਹੋਵੇਗੀ।

*- ਐਸ. ਅਸ਼ੋਕ ਭੌਰਾ*

ਜਦ ਨਿਆਂ ਨੇਕੀ ਤੇ ਧਰਮ ਨੂੰ ਖਤਰਾ ਹੋਵੇ ਤਾਂ ਜੰਗ ਤੋਂ ਨਾ ਘਬਰਾਓ ਇਸ ਸਮੇਂ ਕਾਇਰ ਬਣਕੇ ਨਾ ਬੈਠੇ ਰਹੋ।

*- ਭਗਵਾਨ ਬੁੱਧ*

ਕਿਸੇ ਨੂੰ ਵੀ ਦੂਜਿਆਂ ਦੀ ਮਿਹਨਤ ਤੇ ਮੋਟੇ ਹੋਣ ਦਾ ਅਧਿਕਾਰ ਨਹੀਂ ਕੰਮ ਕਰਨਾ ਪ੍ਰਾਣੀ ਦਾ ਧਰਮ ਹੈ।

*- ਪ੍ਰੇਮਚੰਦ*

ਇਹ ਵਿਡੰਬਨਾ ਹੀ ਹੈ ਕਿ ਆਪਣੇ ਮਹਾਨ ਧਰਮ ਅਤੇ ਸੰਸਕ੍ਰਿਤੀ ਦੇ ਹੁੰਦੇ ਹੋਏ ਵੀ ਭਾਰਤ ਵਾਸੀ ਉਸ ਦੇ ਅਨੁਕੂਲ ਆਚਰਣ ਨਹੀਂ ਕਰਦੇ ਧਰਮ ਦੀ ਮਹੱਤਤਾ ਉਸਦੇ ਆਚਰਣ ਵਿਚ ਹੀ ਹੈ।

*- ਸਵਾਮੀ ਵਿਵੇਕਾਨੰਦ*



Sri Satguru Jagjit Singh Ji eLibrary NamdhariElibrary@gmail.com

ਫਿਰਕੂ ਸਮੱਸਿਆ ਦਾ ਇਕੋ ਇੱਕ ਹੱਲ ਇਹ ਹੈ ਕਿ ਸਾਨੂੰ ਦੂਜੇ ਧਰਮਾਂ ਦੇ ਉਚ ਸਿਧਾਂਤਾਂ ਨੂੰ ਸਵੀਕਾਰ ਕਰਦੇ ਹੋਏ ਸਾਰੇ ਧਰਮਾਂ ਅਤੇ ਉਨ੍ਹਾਂ ਨੂੰ ਮੰਨਣ ਵਾਲਿਆਂ ਨੂੰ ਇਕ ਸਮਾਨ ਸਨਮਾਨ ਦੇਣਾ ਚਾਹੀਦਾ ਹੈ।

*- ਮਹਾਤਮਾ ਗਾਂਧੀ*

ਲੋਕ ਧਰਮ ਲਈ ਲੜਨਗੇ ਵੀ ਅਤੇ ਮਰਨਗੇ ਵੀ ਪ੍ਰੰਤੂ ਉਸ ਦੇ ਲਈ ਜਿਊਣਗੇ ਨਹੀਂ।

*- ਕੋਲਟਨ*

ਮਰਿਆਦਾ ਦੀ ਰੱਖਿਆ ਕਰਨਾ ਧਰਮ ਹੈ ਪਰ ਉਸ ਦੇ ਨਾਂ ਤੇ ਲੋਕਾਂ ਨੂੰ ਡਰਾਉਣਾ ਧਮਕਾਉਣਾ ਅਧਰਮ ਹੈ।

*- ਮੁਨਸ਼ੀ ਪ੍ਰੇਮਚੰਦ*

ਧਰਮ ਦਾ ਸਭ ਤੋਂ ਵੱਡਾ ਕਰਮ ਉਦੋਂ ਹੁੰਦਾ ਹੈ ਜਦੋਂ ਇਨਸਾਨ ਇਹ ਆਖਦਾ ਹੈ ਕਿ ਉਹ ਰੱਬ ਨਹੀਂ ਹੈ।

*- ਉਲੀਵਰ*

ਪਹਿਲਾਂ ਧਰਮ ਰਾਹੀਂ ਰਾਜਨੀਤੀ ਚਲਾਈ ਜਾਂਦੀ ਸੀ ਹੁਣ ਰਾਜਨੀਤੀ ਰਾਹੀਂ ਧਰਮ ਚਲਾਏ ਜਾਂਦੇ ਹਨ।

*- ਅਗਿਆਤ*

ਜਦੋਂ ਪੈਸੇ ਦਾ ਸਵਾਲ ਉੱਠਦਾ ਤਾਂ ਸਭ ਦਾ ਧਰਮ ਇਕ ਹੋ ਜਾਂਦਾ ਹੈ।

*- ਵਾਲ ਟੇਅਰ*

ਜੇ ਹਿੰਦੂ ਸੱਚਾ ਹਿੰਦੂ ਬਣ ਜਾਵੇ ਅਤੇ ਮੁਸਲਮਾਨ ਸੱਚਾ ਮੁਸਲਮਾਨ ਤਾਂ ਫਿਰ ਦੋਹਾਂ ਵਿਚਲਾ ਫਰਕ ਖਤਮ ਹੋ ਜਾਵੇਗਾ।

*- ਮਹਾਤਮਾ ਗਾਂਧੀ*

ਸਿੱਖ ਧਰਮ ਸੰਸਾਰ ਵਿਚ ਮਾਨਵਤਾ ਰਹਿਬਰੀ ਲਈ ਕੁਝ ਅਜਿਹੇ ਅਸੂਲਾਂ ਤੇ ਸਦੀਵੀ ਸਚਿਆਈਆਂ ਦਾ ਸੰਗ੍ਰਹਿ ਹੈ ਜੋ ਕਿਸੇ ਅਗਲੀ ਜ਼ਿੰਦਗੀ ਵਿਚ ਮੁਕਤੀ ਦੀ ਭਾਲ ਹਿਤ ਨਹੀਂ ਸਗੋਂ ਇਥੇ ਹੀ ਘਾਲ ਖੱਟ ਕੇ ਵੰਡ ਛੱਕ ਕੇ ਦੁਨੀਆਂ ਵਿਚ ਸੇਵ ਕਮਾ ਕੇ ਸੰਸਾਰ ਨੂੰ ਵਧੇਰੇ ਜੀਵਨ ਯੋਗ ਬਣਾਉਣ ਲਈ ਅਤਿ ਜ਼ਰੂਰੀ ਹਨ ਜ਼ਿੰਦਗੀ ਦੇ ਹਰ ਪਹਿਲੂ ਨੂੰ ਅਮਲੀ ਤੌਰ ਤੇ ਸਮਝਣ ਤੇ ਕਮਾਉਣ ਦਾ ਜੇ ਕਿਸੇ ਕਮਾਲ ਕੀਤਾ ਹੈ ਤਾਂ ਉਹ ਸਿੱਖ ਗੁਰੂ ਹੀ ਸਨ। ਜੀਵਨ ਦਾ ਕੋਈ ਅੰਗ ਅਜਿਹਾ ਨਹੀਂ ਦਿਸਦਾ ਜਿਸ ਤੇ ਸਤਿਗੁਰਾਂ ਨੇ ਮਨੁੱਖ ਨੂੰ ਨਰੋਈ ਨਿਗਰ ਤੇ ਸਹੀ ਸਿੱਖਿਆ ਨਾ ਕੇਵਲ ਜ਼ਬਾਨੀ ਸਗੋਂ ਕਮਾਕੇ ਨਾ ਦੱਸੀ ਹੋਵੇ ਇਤਨੀ ਵਿਸ਼ਾਲ ਚੁੜੱਤਣ ਤੇ ਸਾਂਝੀਵਾਲਤਾ ਰੱਖਣ ਤੇ ਪ੍ਰਚਾਰਨ ਵਾਲੇ ਲੋਕ ਧਰਮ ਨੂੰ ਆਪਣਾ ਸੁਨਹਿਰੀ ਯੁੱਗ ਨੇੜੇ ਆਉਂਦਾ ਵੇਖਕੇ ਉਤਸ਼ਾਹਜਨਕ ਹੋਣਾ ਚਾਹੀਦਾ ਹੈ।

*- ਪ੍ਰਿੰਸੀਪਲ ਸਤਿਨਾਮ ਸਿੰਘ*

ਅਸਮਰਥ ਲੋਕਾਂ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ।

*- ਅਗਿਆਤ*

ਨੇਕ ਗੱਲਾਂ ਭਾਵੇ ਕਿਸੇ ਵੀ ਧਰਮ ਵਿੱਚ ਕਿਉਂ ਨਾ ਹੋਣ ਉਨ੍ਹਾਂ ਨੂੰ ਗ੍ਰਹਿਣ ਕਰਨ ਤੋਂ ਕਦੇ ਵੀ ਨਾ ਝਿਜਕੋ।

*- ਨਹਿਰੂ*



Sri Satguru Jagjit Singh Ji eLibrary NamdhariElibrary@gmail.com

ਜਿਹੜਾ ਬੰਦਾ ਫਲਸਫੇ ਦੀ ਪ੍ਰਵਾਹ ਨਹੀਂ ਕਰਦਾ ਉਹ ਹੀ ਅਸਲ ਫਿਲਾਸਫਰ ਹੈ।

*- ਬਲੈਜ ਪਾਸਕਲ*

ਮਨੁੱਖ ਦਾ ਹਾਜ਼ਮਾ ਹੀ ਅਜਿਹਾ ਹੈ ਕਿ ਉਸ ਨੂੰ ਜ਼ਿੰਦਗੀ ਦੇ ਕਿਸੇ ਨਾ ਕਿਸੇ ਪੜ੍ਹਾਅ ਤੇ ਧਰਮ ਦੀ ਪਾਚਨ ਸ਼ਕਤੀ ਦੀ ਲੋੜ ਪੈ ਜਾਂਦੀ ਹੈ।

*- ਐਡ ਮੰਡ ਬਰਕੀ*

ਵਿਗਿਆਨ ਉਹ ਹੈ ਜੋ ਅਸੀਂ ਜਾਣਦੇ ਹਾਂ ਅਤੇ ਫਲਸਫਾ ਉਹ ਜੋ ਅਸੀਂ ਨਹੀਂ ਜਾਣਦੇ।

*- ਬਾਰਟ ਰੈਂਡ ਰੱਸਲ*

ਸਮੁੰਦਰ ਸਾਰੀਆਂ ਨਦੀਆਂ ਅਤੇ ਸਾਰੇ ਬੱਦਲਾਂ ਤੋਂ ਹੋਣ ਵਾਲੀ ਵਰਖਾ ਦੇ ਪਾਣੀ ਨੂੰ ਸਮੇਟਦਾ ਹੈ ਪਰ ਕਦੇ ਛਲਕਦਾ ਨਹੀਂ ਅਤੇ ਨਾ ਹੀ ਕਦੇ ਖਾਲੀ ਹੁੰਦਾ ਹੈ ਇਸੇ ਤਰ੍ਹਾਂ ਧਰਮ ਵੀ ਹਰ ਤਰ੍ਹਾਂ ਦੇ ਮਨੁੱਖਾਂ ਨੂੰ ਆਪਣੇ ਅੰਦਰ ਸਮੋ ਲੈਂਦਾ ਹੈ ਅਤੇ ਕਦੇ ਕਿਸੇ ਨੂੰ ਅਸਵੀਕਾਰ ਨਹੀਂ ਕਰਦਾ।

*- ਭਗਵਾਨ ਬੁੱਧ*

ਮਨੁੱਖੀ ਫਲਸਫਾ ਮਨੁੱਖ ਨੂੰ ਸਭ ਤੋਂ ਪਹਿਲਾਂ ਇਹ ਸਿੱਖਿਆ ਦੇਂਦਾ ਹੈ ਕਿ ਰੱਬ ਨੇ ਜਿਹੋ ਜਿਹਾ ਬਣਾਇਆ ਹੈ ਉਹੋ ਜਿਹੇ ਬਣੇ ਰਹਿਕੇ ਹੀ ਪ੍ਰਮਾਤਮਾ ਨੂੰ ਅਹਿਸਾਸ ਕਰਵਾਈਏ ਕਿ ਅਸੀਂ ਤੇਰਾ ਕਹਿਣਾ ਮੰਨਿਆ ਹੈ ਫਿਰ ਕੁਦਰਤ ਚਲਣ ਵਿਚ ਵਿਸਵਾਸ ਅਤੇ ਕੁਦਰਤ ਦੇ ਮਾਧਿਅਮ ਰਾਹੀ ਪਰਮਾਤਮਾ ਦੇ ਦਰਵਾਜੇ ਤੱਕ ਪਹੁੰਚਣਾ।

*- ਡਾਇਰੈਕਟਰ ਸਾਹਿਬਜਾਦਾ ਅਜੀਤ ਸਿੰਘ ਅਕੈਡਮੀ ਰੋਪੜ*



Sri Satguru Jagjit Singh Ji eLibrary NamdhariElibrary@gmail.com

# ਗੁਲਾਮ, ਅਜ਼ਾਦੀ

ਉਹ ਗੁਲਾਮ ਰਹਿੰਦੇ ਹਨ ਜਿਨ੍ਹਾਂ ਵਿੱਚ ਇਨਾ ਹੌਸਲਾ ਨਹੀਂ ਕਿ ਉਹ ਇਨਸਾਫ਼ ਦਾ ਸਾਥ ਦੇਣ।

*- ਲਾਵੇਲ*

ਉਂਝ ਤੁਸੀਂ ਜਿੰਨੇ ਮਰਜ਼ੀ ਅਜ਼ਾਦ ਹੋਵੋ ਪਰ ਅਸਲ ਵਿਚ ਤੁਸੀਂ ਉਦੋਂ ਹੀ ਆਜ਼ਾਦ ਹੁੰਦੇ ਹੋ ਜਦੋਂ ਤੁਸੀਂ ਆਪਣੀ ਰੋਜ਼ੀ ਤੇ ਪੈਸਾ ਆਪ ਕਮਾਉਂਦੇ ਹੋ।

*- ਥਿਉ ਡੋਰ ਵਾਇਟ*

ਜਦੋਂ ਨਿਆਂ ਅਤੇ ਅਜ਼ਾਦੀ ਨੂੰ ਵੱਖ ਕੀਤਾ ਜਾਂਦਾ ਹੈ ਤਾਂ ਦੋਵਾਂ ਨੂੰ ਖੋਰਾ ਲੱਗਦਾ ਹੈ।

*- ਐਡਮੰਡ ਬਰਕ*

ਕਿੰਨੀ ਵੀ ਰਾਜਨੀਤਕ ਅਜ਼ਾਦੀ ਹੋਵੇ, ਉਹ ਭੁੱਖੀ ਜਨਤਾ ਨੂੰ ਰਾਹਤ ਨਹੀਂ ਦੇ ਸਕਦੀ।

*- ਲੈਨਿਨ*

ਉਹ ਹਰੇਕ ਵਿਅਕਤੀ ਨਾਇਕ ਹੈ ਜਿਹੜਾ ਆਪਣੀ ਅਜ਼ਾਦੀ ਦੇ ਨਾਲ ਹੀ ਜ਼ਿੰਮੇਵਾਰੀ ਨੂੰ ਵੀ ਸਮਝਦਾ ਹੈ।

*- ਬਾਬ ਡੌਲਨ*

ਲਿਹਾਜਦਾਰੀ ਦਾ ਲਾਹਾ ਖੱਟਕੇ ਤੁਸੀਂ ਆਪਣੀ ਅਜ਼ਾਦੀ ਜਬਤ ਕਰਵਾ ਲੈਂਦੇ ਹੋ।

*- ਲੈਬਰ*

ਅਜ਼ਾਦੀ ਦਾ ਅਰਥ ਹੈ ਜ਼ਿੰਮੇਵਾਰੀ ਇਸੇ ਲਈ ਲੋਕ ਇਸ ਤੋਂ ਡਰਦੇ ਹਨ।

*- ਜਾਰਡ ਬਰਨਾਰਡ ਸਾਹ*

ਵਿੱਤੀ ਸੰਸਿਆਂ ਦੀ ਹਾਜ਼ਰੀ ਵਿਚ ਵਿਅਕਤੀਗਤ ਅਜ਼ਾਦੀ ਕੋਈ ਮਾਅਨੇ ਨਹੀਂ ਰੱਖਦੀ।

*- ਚੈਸਟਰ ਬੌਵਲਸ*

ਆਰਥਿਕ ਸੁਰੱਖਿਆ ਅਤੇ ਆਤਮ ਨਿਰਭਰਤਾ ਤੋਂ ਬਿਨਾਂ ਵਿਅਕਤੀ ਦੀ ਅਜ਼ਾਦੀ ਟਿਕ ਨਹੀਂ ਸਕਦੀ।

*- ਫਰੈਂਕਲਿਨ ਰੂਜ਼ ਵੈਲਟ*

ਅਹਿੰਸਾ ਰਾਹੀ ਅਜ਼ਾਦੀ ਪ੍ਰਾਪਤ ਕਰਨ ਦਾ ਇੱਕ ਹੀ ਮਾਰਗ ਹੈ ਮਰਕੇ ਜਿਉਂਦੇ ਹਨ ਮਰਦੇ ਕਦੇ ਨਹੀਂ।

*- ਮਹਾਤਮਾ ਗਾਂਧੀ*

ਖੁਦ ਆਪਣੇ ਪ੍ਰਤੀ ਜਵਾਬਦੇਹ ਹੋਣ ਦਾ ਸੰਕਲਪ ਹੀ ਸੁਤੰਤਰਤਾ ਹੈ।

*- ਨੀਤਸੇ*

ਸੱਚੀ ਸੁਤੰਤਰਤਾ ਸਿਰਫ਼ ਕਹਿਣ ਨੂੰ ਹੀ ਨਹੀਂ, ਸਗੋਂ ਅਸਲੀਅਤ ਵਿੱਚ ਵੀ ਪ੍ਰਾਪਤ ਹੋਣੀ ਚਾਹੀਦੀ ਹੈ।

*- ਵਿਲੀਅਮ ਫਾਕਨਰ*



Sri Satguru Jagjit Singh Ji eLibrary NamdhariElibrary@gmail.com

ਆਜ਼ਾਦੀ ਦੀ ਤਾਕਤ ਨੂੰ ਕੌਣ ਨਹੀਂ ਜਾਣਦਾ ਪਰ ਸਭ ਤੋਂ ਤਾਕਤਵਰ ਤੁਹਾਡੀ ਜ਼ਮੀਰ ਹੈ।

*- ਨੈਪੋਲੀਅਨ ਬੋਨਾ ਪਾਰਟ*

ਜਿਹੜਾ ਦੂਜਿਆਂ ਦੀ ਆਜ਼ਾਦੀ ਦੀ ਰੁਕਾਵਟ ਬਣਦਾ ਹੈ, ਉਹ ਖੁਦ ਵੀ ਅਜ਼ਾਦੀ ਦਾ ਹੱਕਦਾਰ ਨਹੀਂ ਹੈ।

*- ਅਬਰਾਹਿਮ ਲਿੰਕਨ*

ਤੁਸੀਂ ਆਪਣੀ ਸੁਤੰਤਰਤਾ ਨੂੰ ਇਸ ਦੁਨੀਆਂ ਵਿਚ ਉਦੋਂ ਤੱਕ ਬਚਾਕੇ ਰੱਖ ਸਕਦੇ ਹੋ। ਜਦੋਂ ਤੱਕ ਤੁਸੀਂ ਦੂਜਿਆਂ ਦੀ ਸੁਤੰਤਰਤਾ ਦੀ ਰਾਖੀ ਕਰੋਗੇ।

*- ਕਲੀਅ ਰੈਸ ਡੇਰੋ*

ਸੱਚੀ ਸੁਤੰਤਰਤਾ ਸਿਰਫ਼ ਕਹਿਣ ਨੂੰ ਹੀ ਨਹੀਂ ਸਗੋਂ ਅਸਲੀਅਤ ਵਿਚ ਵੀ ਪ੍ਰਾਪਤ ਹੋਣੀ ਚਾਹੀਦੀ ਹੈ।

*- ਵਿਲੀਅਮ ਵਾਕਨਰ*

ਜਿਹੜਾ ਦੂਜਿਆਂ ਦੀ ਅਜ਼ਾਦੀ ਵਿਚ ਰੁਕਾਵਟ ਬਣਦਾ ਹੈ ਉਹ ਖੁਦ ਵੀ ਅਜ਼ਾਦੀ ਦਾ ਹੱਕਦਾਰ ਨਹੀਂ ਹੈ।

*- ਅਬਰਾਹਿਮ ਲਿੰਕਨ*

ਜਿਹੜੇ ਲੋਕ ਅਜ਼ਾਦੀ ਦਾ ਸੁੱਖ ਮਾਣ ਰਹੇ ਹਨ ਉਹ ਚੰਗੀ ਤਰ੍ਹਾਂ ਸਮਝ ਸਕਦੇ ਹਨ ਕਿ ਜਿਹੜੇ ਲੋਕ ਅਜ਼ਾਦ ਨਹੀਂ ਉਨ੍ਹਾਂ ਲਈ ਅਜ਼ਾਦੀ ਦੀ ਉਮੀਦ ਕਰਨੀ ਕਿੰਨੀ ਸੁਖਦਾਈ ਹੈ।

*- ਪਰਲ ਐਸ ਬੱਕ*

ਇਕ ਭੁੱਖੇ ਮਰ ਰਹੇ ਵਿਅਕਤੀ ਲਈ ਸੁਤੰਤਰਤਾ ਦਾ ਕੀ ਲਾਭ ਹੈ ਉਹ ਸੁਤੰਤਰਤਾ ਨੂੰ ਨਾ ਤਾਂ ਖਾ ਸਕਦਾ ਹੈ ਅਤੇ ਨਾ ਪੀ ਸਕਦਾ ਹੈ।

*- ਹਾਬਪਨ*

ਸੁਤੰਤਰਤਾ ਤੋਂ ਮੇਰਾ ਭਾਵ ਹੈ ਕਿ ਉਨ੍ਹਾਂ ਸਮਾਜਿਕ ਹਾਲਤਾਂ ਉਤੇ ਕੋਈ ਰੋਕ ਨਾ ਹੋਵੇ ਜੋ ਅੱਜ ਦੀ ਸਭਿਅਤਾ ਵਿਚ ਸਖਸ਼ੀ ਉੱਨਤੀ ਅਤੇ ਪ੍ਰਸ਼ਿੰਨਤਾ ਲਈ ਜ਼ਰੂਰੀ ਹਨ।

*- ਲਾਸਕੀ*

ਭਾਰਤ ਦੀ ਅਸਲ ਅਜ਼ਾਦੀ ਉਦੋਂ ਆਵੇਗੀ ਜਦੋਂ ਇਸ ਦਾ ਹਰ ਨਾਗਰਿਕ ਅੱਖਰ ਗਿਆਨ ਹਾਸਲ ਕਰ ਲਵੇਗਾ।

*- ਮਹਾਤਮਾ ਗਾਂਧੀ*

ਜਦੋਂ ਕੋਈ ਕ੍ਰਾਂਤੀ ਆਉਂਦੀ ਹੈ ਤਾਂ ਕਾਮੇ ਵਰਗਾਂ ਦਾ ਹੋਰ ਕੁਝ ਨਹੀਂ ਖੁਸਦਾ ਪਰ ਉਨ੍ਹਾਂ ਦੇ ਪੈਰਾਂ ਵਿਚ ਪਈਆਂ ਬੇੜੀਆਂ ਅਤੇ ਜੰਜੀਰਾਂ ਜ਼ਰੂਰ ਟੁੱਟ ਜਾਂਦੀਆਂ ਹਨ।

*- ਲੈਨਿਨ*

ਲੋਕ ਲਗਾਤਾਰ ਅਜ਼ਾਦੀ ਦੀਆਂ ਗੱਲਾਂ ਕਰਦੇ ਹਨ ਪਰ ਉਹ ਅਜ਼ਾਦੀ ਚਾਹੁੰਦੇ ਨਹੀਂ ਅਸਲ ਵਿਚ ਉਹ ਗੈਰ ਜ਼ਿੰਮੇਵਾਰੀ ਚਾਹੁੰਦੇ ਹਨ।

*- ਓਸ਼ੋ*



Sri Satguru Jagjit Singh Ji eLibrary NamdhariElibrary@gmail.com

ਪ੍ਰਾਧੀਨਤਾ ਦਾ ਲੱਛਣ ਹੈ ਮੌਜ ਮੇਲਾ। ਸ਼ਾਹੀ ਠਾਠ ਦੀ ਸ਼ੈ ਹੈ ਘਾਲਣਾ।

*- ਚਾਣਕਿਆ*

ਅਸੀਂ ਆਪਣੀ ਆਜ਼ਾਦੀ ਬਰਕਰਾਰ ਰੱਖਣ ਲਈ ਤਾਂ ਹੀ ਸਮਰੱਥ ਹੋਵਾਂਗੇ ਜੇ ਅਸੀਂ ਇਸ ਨੂੰ ਕੁਰਬਾਨੀ ਤੇ ਲਹੂ ਨਾਲ ਪ੍ਰਾਪਤ ਕਰੀਏ।

*- ਨੇਤਾ ਜੀ ਸੁਭਾਸ ਚੰਦਰ ਬੋਸ*

ਗੁਲਾਮ ਰਹਿਣਾ ਡਰੂਪੁਣੇ ਦੀ ਸਭ ਤੋਂ ਵੱਡੀ ਉਦਾਹਰਣ ਹੈ ਆਪਣੀ ਹੀ ਭਲਾਈ ਲਈ ਦੂਸਰਿਆਂ ਦਾ ਸਹਾਰਾ ਤੱਕਣ ਵਾਲੇ ਹਮੇਸ਼ਾ ਦੁਖੀ ਰਹਿੰਦੇ ਹਨ।

*- ਨੇਤਾ ਜੀ ਸੁਭਾਸ਼ ਚੰਦਰ ਬੋਸ*

ਕਿਸੇ ਦਾ ਗੁਲਾਮ ਰਹਿਣਾ ਸਭ ਤੋਂ ਵੱਡੀ ਕਾਇਰਤਾ ਹੈ ਅਜਿਹਾ ਵਿਅਕਤੀ ਕਦੇ ਵੀ ਸੁਖੀ ਨਹੀਂ ਰਹਿ ਸਕਦਾ ਅਤੇ ਨਾ ਹੀ ਕਿਸੇ ਹੋਰ ਦਾ ਕਲਿਆਣ ਕਰ ਸਕਦਾ ਹੈ।

*- ਨੇਤਾ ਜੀ ਸੁਭਾਸ ਚੰਦਰ ਬੋਸ*

ਸੱਚਮੁਚ ਦੀ ਆਜਾਦੀ ਇਸ ਗੱਲ ਉੱਪਰ ਨਿਰਭਰ ਕਰਦੀ ਹੈ ਕਿ ਗਰੀਬੀ ਅਤੇ ਅਨਪੜ੍ਹਤਾ ਖਤਮ ਹੋਵੇ। ਦੇਸ਼ ਦੇ ਲੱਖਾਂ ਮਿਹਨਤਕਸ਼ ਲੋਕਾਂ ਨੂੰ ਸਾਰੀਆਂ ਸਹੂਲਤਾਂ ਪ੍ਰਾਪਤ ਹੋਣ। ਸਾਫ ਸੁਥਰੀਆਂ ਰਹਿਣ ਸਹਿਣ ਦੀਆਂ ਹਾਲਤਾਂ ਬਣਨ ਅਤੇ ਉਨ੍ਹਾਂ ਨੂੰ ਘੱਟੋ ਘੱਟ ਦੋਨੋਂ ਵੇਲੇ ਭੋਜਨ ਮਿਲੇ।

*- ਬਾਬੂ ਜਗ ਜੀਵਨ ਰਾਮ*

ਅਜ਼ਾਦੀ ਦੀਆਂ ਕਦਰਾਂ ਕੀਮਤਾਂ ਦਾ ਪਤਾ ਅਜ਼ਾਦ ਦੇਸ਼ਾਂ ਵਿਚ ਜਾ ਕੇ ਹੀ ਪਤਾ ਲੱਗ ਸਕਦਾ ਹੈ।

*- ਨਾਨਕ ਸਿੰਘ*



Sri Satguru Jagjit Singh Ji eLibrary NamdhariElibrary@gmail.com

# ਇੱਛਾ, ਲਾਲਸਾ

ਇੱਕ ਸਮਝਦਾਰ ਅਤੇ ਕਰਤੱਵ ਨਿਭਾਉਣ ਦੀ ਇੱਛਾ ਰੱਖਣ ਵਾਲੀ ਵਿਰੋਧੀ ਧਿਰ ਦੇਸ਼ ਪ੍ਰਤੀ ਵਫ਼ਾਦਾਰੀ ਦਾ ਹੀ ਹਿੱਸਾ ਹੈ।

*- ਅਲਬਰਟ ਆਇਨ ਸਟਾਇਨ*

ਵਿਉਂਤਬੰਦੀ ਬਿਨਾਂ ਨਿਸ਼ਾਨਾ ਮਹਿਜ ਖਾਹਿਸ਼ ਹੈ।

*- ਐਂਟਨੀਓ ਡੀਸੇਂਟ*

ਮਜ਼ਬੂਤ ਇੱਛਾ ਸ਼ਕਤੀ ਅੱਗੇ ਸਾਰੀਆਂ ਸ਼ਕਤੀਆਂ ਦੱਬ ਜਾਂਦੀਆਂ ਹਨ।

*- ਸਵਾਮੀ ਵਿਵੇਕਾਨੰਦ*

ਜੇ ਅਸੀਂ ਸਮਾਜ ਵਿਚ ਵਧ ਰਹੀ ਬੇਈਮਾਨੀ ਦੇ ਕਾਰਨਾਂ ਦੀ ਤਲਾਸ਼ ਕਰੀਏ ਤਾਂ ਇਸ ਦਾ ਸਭ ਤੋਂ ਵੱਡਾ ਕਾਰਨ ਇਹੋ ਹੈ ਕਿ ਸਾਡੇ ਅੰਦਰਲੀ ਇਮਾਨਦਾਰ ਰਹਿਣ ਦੀ ਇੱਛਾ ਸ਼ਕਤੀ ਲਗਾਤਾਰ ਕਮਜ਼ੋਰ ਪੈਂਦੀ ਜਾ ਰਹੀ ਹੈ।

*- ਅਗਿਆਤ*

ਇੱਛਾ ਕੀ ਹੈ, ਤੁਹਾਡੀ ਕਾਰਜ ਸਮਰੱਥਾ ਦੀ ਪ੍ਰੀਖਿਆ ਹੈ।

*- ਸਟੇਨ ਬੈਕ*

ਜੀਵਨ ਦੀਆਂ ਦੋਵੇਂ ਸਥਿਤੀਆਂ ਦੁਖਦਾਈ ਹੁੰਦੀਆਂ ਹਨ। ਇਕ ਆਸ਼ਾਵਾਂ ਦਾ ਪੂਰਾ ਹੋ ਜਾਣਾ ਤੇ ਦੂਜਾ ਇਨ੍ਹਾਂ ਦਾ ਪੂਰਾ ਨਾ ਹੋਣਾ।

*- ਬਰਨਾਰਡ ਸ਼ਾਹ*

ਲਾਲਸਾਵਾਂ ਹੀ ਮਨੁੱਖ ਨੂੰ ਖਾਂਦੀਆਂ ਹਨ ਇਨ੍ਹਾਂ ਤੋਂ ਬਚਿਆ ਜਾਵੇ ਤਾਂ ਰਾਜਾ ਅਤੇ ਫ਼ਕੀਰ ਸਾਰੇ ਬਰਾਬਰ ਰੂਪ ਵਿਚ ਸੁਖੀ ਰਹਿ ਸਕਦੇ ਹਨ।

*- ਅਗਿਆਤ*

ਸਫਲ ਹੋਣ ਲਈ ਇਹ ਜ਼ਰੂਰੀ ਹੈ ਕਿ ਤੁਹਾਡੇ ਅੰਦਰ ਆਪਣੇ ਖੇਤਰ ਵਿਚ ਸਰਵੋਤਮ ਸਥਾਨ ਹਾਸਲ ਕਰਨ ਦੀ ਇੱਛਾ ਸ਼ਕਤੀ ਹੋਵੇ।

*- ਹੈਰਲਡ ਟੇਲਰ*

ਇੱਛਾਵਾਂ ਦੀ ਤ੍ਰੇਹ ਘੱਟ ਹੀ ਬੁਝਦੀ ਹੈ ਅਤੇ ਪੂਰਨ ਤੌਰ ਤੇ ਤਾਂ ਇਹ ਕਦੇ ਵੀ ਤ੍ਰਿਪਤ ਨਹੀਂ ਹੁੰਦੀਆਂ।

*- ਸਿਸਰੋ*

ਬਾਅਦ ਵਿਚ ਪੈਦਾ ਹੋਣ ਵਾਲੀਆਂ ਸਾਰੀਆਂ ਇੱਛਾਵਾਂ ਦੀ ਪੂਰਤੀ ਕਰਨ ਦੀ ਬਜਾਏ ਪਹਿਲੀ ਇੱਛਾ ਦਾ ਗਲਾ ਘੁੱਟ ਦੇਣਾ ਹੀ ਉਚਿਤ ਹੈ।

*- ਫਰੈਂ ਕਲਿਨ*

ਲਾਲਚੀ ਸਾਰਾ ਸੰਸਾਰ ਪ੍ਰਾਪਤ ਕਰਨ ਤੇ ਵੀ ਭੁੱਖਾ ਹੀ ਰਹਿੰਦਾ ਹੈ ਪ੍ਰੰਤੂ ਸਬਰ ਸੰਤੋਖ ਵਾਲਾ ਵਿਅਕਤੀ ਇਕ ਰੋਟੀ ਨਾਲ ਹੀ ਆਪਣਾ ਪੇਟ ਭਰ ਲੈਂਦਾ ਹੈ।

*- ਸ਼ੇਖ ਸਾਅਦੀ*

ਜਿਹੜਾ ਕੁਝ ਸਾਡੇ ਕੋਲ ਨਹੀਂ ਹੈ ਉਸ ਨੂੰ ਪਾਉਣ ਦੀ ਜਦੋਂ ਅਸੀਂ ਲਾਲਸਾ



Sri Satguru Jagjit Singh Ji eLibrary NamdhariElibrary@gmail.com

ਰੱਖਣ ਲੱਗਦੇ ਹਾਂ ਤਾਂ ਜੋ ਕੁਝ ਸਾਡੇ ਕੋਲ ਹੁੰਦਾ ਹੈ ਉਸ ਤੋਂ ਵੀ ਖੁਸ਼ੀ ਮਿਲਣੀ ਬੰਦ ਹੋ ਜਾਂਦੀ ਹੈ।

*- ਸ਼ੈਕਸਪੀਅਰ*

ਗਰੀਬ ਤਨ ਕਰਕੇ ਭੁੱਖਾ ਹੁੰਦਾ ਹੈ ਤੇ ਅਮੀਰ ਮਨ ਕਰਕੇ ਗਰੀਬ ਦੀ ਭੁੱਖ ਨੂੰ ਦੋ ਰੋਟੀਆਂ ਦੇ ਕੇ ਸ਼ਾਂਤ ਕੀਤਾ ਜਾ ਸਕਦਾ ਹੈ ਪਰ ਅਮੀਰ ਦੀ ਭੁੱਖ ਨੂੰ ਕੋਈ ਸ਼ਾਂਤ ਨਹੀਂ ਕਰ ਸਕਦਾ।

*- ਸੰਤ ਸਿੰਘ ਮਸਕੀਨ*

ਜ਼ਰੂਰਤਾਂ ਛੋਟੇ ਤੋਂ ਛੋਟੇ ਵਿਅਕਤੀ ਦੀਆਂ ਪੂਰੀਆਂ ਹੋ ਜਾਂਦੀਆਂ ਹਨ ਪ੍ਰੰਤੂ ਇੱਛਾਵਾਂ ਵੱਡੇ ਤੋਂ ਵੱਡੇ ਧਨੀਆਂ ਦੀਆਂ ਵੀ ਪੂਰੀਆਂ ਨਹੀਂ ਹੁੰਦੀਆਂ।

*- ਅਗਿਆਤ*

ਆਪਣੀਆਂ ਲੋੜਾਂ ਘੱਟ ਤੋਂ ਘੱਟ ਕਰਨ ਨਾਲ ਹੀ ਆਦਮੀ ਸੁਖਮਈ ਜੀਵਨ ਬਤੀਤ ਕਰ ਸਕਦਾ ਹੈ ਜਿਉਂ ਜਿਉਂ ਉਸ ਦੀਆਂ ਲੋੜਾਂ ਵਧਦੀਆਂ ਹਨ ਉਹ ਮੁਸੀਬਤਾਂ ਦਾ ਸ਼ਿਕਾਰ ਹੁੰਦਾ ਜਾਂਦਾ ਹੈ।

*- ਅਗਿਆਤ*

ਸਾਡਾ ਸਭ ਤੋਂ ਵੱਡਾ ਦੁਸ਼ਮਣ ਸਾਡੀਆਂ ਬੇਕਾਬੂ ਖਾਹਿਸ਼ਾਂ ਹਨ।

*- ਭਗਵਾਨ ਮਹਾਵੀਰ ਸੁਆਮੀ*

ਧਰਤੀ ਮਾਂ ਹਰ ਮਨੁੱਖ ਦੀਆਂ ਲੋੜਾਂ ਤਾਂ ਪੂਰੀਆਂ ਕਰਦੀ ਹੈ ਪਰ ਹਰ ਮਨੁੱਖ ਦੇ ਲਾਲਚ ਨੂੰ ਪੂਰਾ ਨਹੀਂ ਕਰ ਸਕਦੀ।

*- ਮਹਾਤਮਾ ਗਾਂਧੀ*

ਉਤਸੁਕਤਾ ਦੀ ਬਹੁਲਤਾ ਬੇਅਰਾਮੀ ਵਿਚ ਬਦਲ ਜਾਇਆ ਕਰਦੀ ਹੈ।

*- ਨਾਨਕ ਸਿੰਘ*

ਜਿਹੜੇ ਆਪਣੇ ਜਿਉਂਦੇ ਰਹਿਣ ਲਈ ਨੌਕਰਾਂ ਉੱਤੇ ਨਿਰਭਰ ਕਰਦੇ ਹਨ ਉਹ ਕਿਸੇ ਦਾ ਕੀ ਸੰਵਾਰ ਸਕਦੇ ਹਨ ਅਸੀਂ ਦੂਜਿਆਂ ਦਾ ਕਿੰਨਾ ਕੁਝ ਸੰਵਾਰ ਸਕਦੇ ਹਾਂ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਅਸੀਂ ਆਪਣੀਆਂ ਲੋੜਾਂ ਨੂੰ ਕਿੰਨਾ ਘਟਾ ਲਿਆ ਹੈ।

*- ਨਰਿੰਦਰ ਸਿੰਘ ਕਪੂਰ*

ਅਸੰਤੁਸ਼ਟਤਾ ਸਵੈ ਵਿਸ਼ਵਾਸ ਦੀ ਘਾਟ ਹੈ ਇਹ ਇਰਾਦਾ ਸ਼ਕਤੀ ਦਾ ਡਾਵਾਂ ਡੋਲ ਹੋਣਾ ਹੈ।

*- ਐਮਰਸਨ*

ਜੋ ਸਾਡੇ ਕੋਲ ਨਹੀਂ ਹੈ ਜਦੋਂ ਅਸੀਂ ਉਸਨੂੰ ਪਾਉਣ ਦੀ ਅਭਿਲਾਸਾ ਕਰਦੇ ਹਾਂ ਤਾਂ ਜੋ ਸਾਡੇ ਕੋਲ ਹੁੰਦਾ ਹੈ ਉਸ ਤੋਂ ਮਿਲਣ ਵਾਲੀ ਵੀ ਘੱਟ ਜਾਂਦੀ ਹੈ।

*- ਸ਼ੈਕਸਪੀਅਰ*

ਜੋ ਕੁਝ ਤੁਸੀਂ ਚਾਹੁੰਦੇ ਹੋ ਜੇ ਉਹ ਨਹੀਂ ਮਿਲਦਾ ਤਾਂ ਜੋ ਕੁਝ ਤੁਹਾਡੇ ਕੋਲ ਹੈ ਉਸ ਨੂੰ ਆਪਣੀ ਚਾਹਤ ਸਮਝੋ।

*- ਮਾਰਕ ਟਵੇਨ*

ਸਾਰੀਆਂ ਇੱਛਾਵਾਂ ਦੀ ਪੂਰਤੀ ਜਾਇਜ ਹੁੰਦੀ ਹੈ ਬਸ਼ਰਤੇ ਉਹ ਦੂਜੇ ਲੋਕਾਂ



Sri Satguru Jagjit Singh Ji eLibrary NamdhariElibrary@gmail.com

ਨੂੰ ਦੁਖੀ ਕਰਕੇ ਨਾ ਕੀਤੀ ਗਈ ਹੋਵੇ।

*- ਜੋਜ਼ਫ ਕੋਨਰਾਡ*

ਜੇ ਮੈਂ ਚਾਹਵਾਂ ਤਾਂ ਵੱਡਾ ਸਾਰਾ ਪਹਾੜ ਵੀ ਮੇਰਾ ਰਸਤਾ ਨਹੀਂ ਰੋਕ ਸਕਦਾ।

*- ਮਦਨ ਮੋਹਨ ਮਾਲਵੀਆ*

ਪਵਿੱਤਰ ਤੇ ਦ੍ਰਿੜ ਇੱਛਾ ਸ਼ਕਤੀ ਸਾਨੂੰ ਸ਼ਕਤੀਮਾਨ ਬਣਾ ਸਕਦੀ ਹੈ।

*- ਸਵਾਮੀ ਵਿਵੇਕਾਨੰਦ*

ਲਾਲਚ ਵੱਡੇ ਤੋਂ ਵੱਡੇ ਅਕਲਮੰਦ ਦੀਆਂ ਅੱਖਾਂ ਬੰਦ ਕਰ ਦਿੰਦਾ ਹੈ। ਇਹ ਲਾਲਚ ਹੀ ਹੁੰਦਾ ਹੈ ਜਿਹੜਾ ਪਰਿੰਦੇ ਤੇ ਮੱਛੀਆਂ ਨੂੰ ਜਾਲ ਵਿਚ ਫਸਾ ਦਿੰਦਾ ਹੈ।

*- ਸ਼ੇਖ ਸਾਅਦੀ*

ਮਨੁੱਖ ਦੀ ਹਵਸ ਦਾ ਜੇ ਕੋਈ ਆਹਰ ਪਾਹਰ ਹੁੰਦਾ ਤਾਂ ਅਵਸ ਹੀ ਦੁਨੀਆਂ ਦੇ ਲੱਖਾਂ ਕਰੋੜਪਤੀ ਲੋਕ ਪੁਰਅਮਨ ਜ਼ਿੰਦਗੀ ਜੀ ਰਹੇ ਹੁੰਦੇ ਅਤੇ ਕਦੀ ਵੀ ਉਨ੍ਹਾਂ ਨੂੰ ਨੀਂਦ ਦੀਆਂ ਗੋਲੀਆਂ ਨਾ ਵਰਤਣੀਆਂ ਪੈਂਦੀਆਂ।

*- ਨਾਨਕ ਸਿੰਘ*

ਚੰਗਿਆਈ ਕਰਨ ਦੀ ਖਾਹਸ਼ ਆਪਣੇ ਆਪ ਵਿਚ ਸਵਰਗੀ ਅਵਸਥਾ ਹੈ।

*- ਗੁਰਬਖਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

# ਜ਼ਮੀਰ, ਚਰਿੱਤਰ, ਆਚਰਣ

ਪੂਰਨ ਰੂਪ ਵਿੱਚ ਸਾਫ ਸੁਥਰੇ ਵਿਵਹਾਰ ਦੇ ਆਧਾਰ ਉੱਪਰ ਹੀ ਅਟੁੱਟ ਸ਼ਰਧਾ ਅਤੇ ਵਿਸ਼ਵਾਸ ਟਿਕਦੇ ਹਨ।

*- ਸਵਾਮੀ ਵਿਵੇਕਾਨੰਦ*

ਤੁਸੀਂ ਦੁਨੀਆਂ ਦੇ ਜਿਸ ਵਿਵਹਾਰ ਨੂੰ ਚੰਗਾ ਨਹੀਂ ਮੰਨਦੇ ਆਪ ਵੀ ਦੂਜਿਆਂ ਨਾਲ ਉਸ ਤਰ੍ਹਾਂ ਨਾ ਕਰੋ।

*- ਕਨਫਿਊਸ਼ੀਅਸ*

ਅਸਲ ਵਿਚ ਜੇਕਰ ਗਹੁ ਨਾਲ ਸੋਚਿਆ ਜਾਵੇ ਤਾਂ ਆਦਮੀ ਦੇ ਚੰਗੇ ਮਾੜੇ ਵਿਚਾਰ ਹੀ ਮਨੁੱਖੀ ਸੁਭਾਅ ਨੂੰ ਨਿਰਧਾਰਤ ਕਰਨ ਵਿਚ ਆਪਣਾ ਯੋਗਦਾਨ ਪਾਉਂਦੇ ਹਨ।

*- ਕਨਫਿਊਸ਼ੀਅਸ*

ਅਸਲ ਵਿਚ ਸਾਡੀ ਸਖਸੀਅਤ ਹੀ ਇਨ੍ਹਾਂ ਗੱਲਾਂ ਨਾਲ ਬਣਦੀ ਹੈ ਕਿ ਅਸੀਂ ਆਪਣੇ ਉੱਤੇ ਕਿਸ ਤਰ੍ਹਾਂ ਕਾਬੂ ਰੱਖਦੇ ਹਾਂ।

*- ਅਰਲ ਨਾਈਟਿੰਗੇਲ*

ਪ੍ਰਸਿਧ ਹੋਣ ਦੀ ਥਾਂ ਇਮਾਨਦਾਰ ਹੋਣਾ ਬਹੁਤ ਜ਼ਰੂਰੀ ਹੈ।

*- ਰੂਜ਼ ਵੈਲਟ*

ਨਿਆਂ ਉਹੀ ਕਰ ਸਕਦਾ ਹੈ ਜਿਸਦਾ ਆਪਣਾ ਚਰਿਤਰ ਸਾਫ਼ ਸੁਥਰਾ ਹੋਵੇ।

*- ਨੀਤੀ ਵਚਨ*

ਜਿਹੜਾ ਕੁਝ ਸਦਾਚਾਰ ਪੱਖੋਂ ਜਾਇਜ ਨਹੀਂ ਉਹ ਸਿਆਸਤ ਲਈ ਵੀ ਜਾਇਜ ਨਹੀਂ ਹੈ।

*- ਗੇਟੇ*

ਸੱਤਾ ਵਿਚ ਰਹਿੰਦਿਆਂ ਗੈਰ ਜ਼ਿੰਮੇਵਾਰਾਨਾ ਵਿਵਹਾਰ ਸਬੰਧਤ ਲੋਕਾਂ ਨੂੰ ਭ੍ਰਿਸ਼ਟ ਬਣਾ ਦਿੰਦਾ ਹੈ।

*- ਜੇਮੀ ਕਾਲ ਬਰਾਊਨ*

ਨੈਤਿਕਤਾ ਨਾਲ ਤੁਹਾਡੇ ਆਪਣੇ ਪ੍ਰਸੰਨ ਅਤੇ ਅਨੈਤਿਕਤਾ ਨਾਲ ਖਫਾ ਹੁੰਦੇ ਹਨ।

*- ਐਲਵਰਟ ਹੁਵਾਰਡ*

ਭ੍ਰਿਸ਼ਟਾਚਾਰ ਲੁੜਕਦੇ ਹੋਏ ਬਰਫ਼ ਦੇ ਗੋਲੇ ਵਾਂਗ ਹੈ। ਜਿੰਨਾ ਹੀ ਹੇਠਾਂ ਲੁੜਕਦਾ ਹੈ ਉਨਾ ਹੀ ਵੱਡਾ ਹੁੰਦਾ ਜਾਂਦਾ ਹੈ।

*- ਚਾਰਲਸੋ ਕਾਲਟਨ*

ਕਿਉਂਕਿ ਮਾਰਗ ਦਰਸ਼ਕ ਦੀ ਨਕਲ ਹੁੰਦੀ ਹੈ। ਇਸ ਲਈ ਜੇ ਮੁਖੀਆ ਸਦਾਚਾਰਕ ਹੋਣਗੇ ਤਾਂ ਦੂਸਰੇ ਵੀ ਸਦਾਚਾਰੀ ਹੁੰਦੇ ਹਨ।

*- ਮਹਾਤਮਾ ਬੁੱਧ*

ਮਾੜੇ ਚਰਿੱਤਰ ਵਾਲੇ ਲੰਬੇ ਜੀਵਨ ਨਾਲੋ ਚੰਗੇ ਵਿਵਹਾਰ ਵਾਲਾ ਥੋੜਾ ਜਿਹਾ ਜੀਵਨ ਹਜਾਰ ਦਰਜੇ ਚੰਗਾ ਹੈ। *- ਸੈਤ ਬਾਣੀ*



Sri Satguru Jagjit Singh Ji eLibrary NamdhariElibrary@gmail.com

ਮਨੁੱਖ ਜੇ ਆਪਣੀ ਜ਼ਮੀਰ ਗੁਆਕੇ ਪੂਰੀ ਦੁਨੀਆਂ ਵੀ ਜਿੱਤ ਲਵੇ ਤਾਂ ਵੀ ਉਹ ਘਾਟੇ ਵਿਚ ਰਹਿੰਦਾ ਹੈ।

- ਕੁਸੀਆਨ

ਵਿਵਸਥਾ ਕੋਈ ਵੀ ਮਾੜੀ ਨਹੀਂ ਹੁੰਦੀ ਇਸ ਨੂੰ ਚਲਾਉਣ ਵਾਲਿਆਂ ਦਾ ਚਰਿਤਰ ਮਾੜਾ ਹੁੰਦਾ ਹੈ।

- ਅਗਿਆਤ

ਕਾਨੂੰਨਾਂ ਨਾਲੋਂ ਵੀ ਚੰਗੇ ਵਿਹਾਰ ਦੀ ਮਹਾਨਤਾ ਵੱਧ ਹੈ ਕਾਨੂੰਨ ਨਾਲ ਸਾਡਾ ਵਾਹ ਕਦੇ ਕਦੇ ਅਤੇ ਕਿਤੇ ਪੈਦਾ ਹੈ ਪ੍ਰੰਤੂ ਚੰਗਾ ਵਿਵਹਾਰ ਸਾਹ ਲੈਣ ਲਈ ਹਵਾ ਵਾਂਗ ਹੈ। ਜਿਸ ਨਾਲ ਹਰ ਪਲ ਸਾਡਾ ਵਾਸਤਾ ਹੈ।

- ਬਰਕ

ਇਸਤਰੀ ਹੋਵੇ ਜਾਂ ਪੁਰਸ਼ ਗੁਣ ਅਤੇ ਸੁਭਾਅ ਮੁੱਖ ਵਸਤੂ ਹੈ ਇਸ ਤੇ ਸਿਵਾਏ ਹੋਰ ਸਾਰੀਆਂ ਗੱਲਾਂ ਗੌਣ ਹਨ।

- ਮੁਨਸ਼ੀ ਪ੍ਰੇਮ ਚੰਦ

ਸਾਡਾ ਵਤੀਰਾ ਹੀ ਉਹ ਤਾਕਤ ਹੈ ਜਿਸ ਤੋਂ ਇਹ ਨਿਰਣਾ ਹੋਣਾ ਹੈ ਕਿ ਅਸੀਂ ਸਫਲ ਹੋਵਾਂਗੇ ਜਾਂ ਅਸਫਲ।

- ਜੌਹਨ ਸੀ ਮੈਕਸ ਵੈਲ

ਜ਼ਿੰਦਾ ਰਹਿਣ ਲਈ ਮਨੁੱਖ ਨੂੰ ਹਵਾ ਪਾਣੀ ਅਤੇ ਅੰਨ ਦੀ ਜ਼ਰੂਰਤ ਨਹੀਂ ਹੁੰਦੀ ਸਗੋਂ ਚੰਗੇ ਵਿਚਾਰਾਂ ਦਾ ਹੋਣਾ ਜ਼ਰੂਰੀ ਹੈ।

- ਰਾਧਾ ਕ੍ਰਿਸ਼ਨ ਪਰਮ ਹੰਸ

ਇਕ ਰਿਸ਼ਵਤਖੋਰ ਤੇ ਬੇਈਮਾਨ ਮਨੁੱਖ ਦੀ ਜਮੀਰ ਮਰ ਜਾਂਦੀ ਹੈ ਅਤੇ ਹੌਲੀ ਹੌਲੀ ਉਸਦਾ ਸਮੁੱਚਾ ਮਾਨਸਿਕ ਜੁਗਾੜ ਹੀ ਹਿੱਲ ਜਾਂਦਾ ਹੈ ਕਿਉਂਕਿ ਮਨੁੱਖ ਲੋਭ ਦਾ ਪਿਆਲਾ ਪੀ ਕੇ ਬੇਅਕਲ ਅਤੇ ਦੀਵਾਨਾ ਹੋ ਜਾਂਦਾ ਹੈ।

- ਸ਼ੇਖ ਸਾਅਦੀ

ਸਾਡਾ ਵਤੀਰਾ ਹੀ ਉਹ ਤਾਕਤ ਹੈ ਜਿਸ ਤੋਂ ਇਹ ਨਿਰਣਾ ਹੋਣਾ ਹੈ ਕਿ ਅਸੀਂ ਸਫਲ ਹੋਵਾਂਗੇ ਜਾਂ ਅਸਫਲ।

- ਜੌਹਨ ਸੀ ਮੈਕਸ ਵੈਲ

ਆਪਣੇ ਨਾਮ ਦੀ ਥਾਂ ਆਪਣੇ ਚਰਿੱਤਰ ਬਾਰੇ ਵੱਧ ਚਿੰਤਾ ਕਰੋ ਨਾਮ ਤਾਂ ਉਹ ਹੈ ਜੋ ਤੁਸੀਂ ਆਪਣੇ ਬਾਰੇ ਸੋਚਦੇ ਹੋ ਪਰ ਚਰਿੱਤਰ ਉਹ ਹੈ ਜੋ ਹੋਰ ਲੋਕ ਤੁਹਾਡੇ ਬਾਰੇ ਸੋਚਦੇ ਹਨ।

- ਜਾਹਨ ਵੂਡਨ

ਜਦੋਂ ਧਨ ਨਸ਼ਟ ਹੋ ਜਾਏ ਤਾਂ ਕੁਝ ਨਹੀਂ ਗਿਆ ਜਦੋਂ ਸਿਹਤ ਨਸ਼ਟ ਹੋ ਜਾਏ ਤਾਂ ਸਮਝੋ ਕੁਝ ਚਲਾ ਗਿਆ ਹੈ ਅਤੇ ਜਦ ਚਰਿੱਤਰ ਗਿਰ ਗਿਆ ਤਾਂ ਸਮਝੋ ਸਭ ਕੁੱਝ ਚਲਾ ਗਿਆ ਹੈ।

- ਸਵਾਮੀ ਵਿਵੇਕਾਨੰਦ

ਜਿੰਨਾ ਡੂੰਘਾ ਟੋਆ ਦੁੱਖ ਤੁਹਾਡੀ ਜਮੀਰ ਵਿੱਚ ਪੁੱਟੇਗਾ ਉਸ ਵਿਚ ਓਨਾ ਸੁਖ ਪਵੇਗਾ ਨਾ ਘੱਟ ਨਾ ਵਧ ਜਿਸ ਘੜੇ ਦਾ ਪਾਣੀ ਪੀ ਕੇ ਤੁਹਾਡੀ ਰੂਹ ਵੀ ਠਰ ਜਾਂਦੀ ਹੈ ਉਹ ਘੜਾ ਅੱਗ ਦੇ ਅੰਗਿਆਰਾਂ ਵਿਚੋਂ ਦੀ ਲੰਘ ਕੇ ਆਇਆ ਹੈ।

- ਖਲੀਲ ਜਿਬਰਾਨ



Sri Satguru Jagjit Singh Ji eLibrary NamdhariElibrary@gmail.com

# ਚੰਗਾ, ਮਾੜਾ, ਬੁਰਾ, ਸੱਚਾ, ਝੂਠ, ਪੁੰਨ, ਪਾਪ, ਚੋਰ

ਤੁਸੀਂ ਸਚਾਈ ਨੂੰ ਜ਼ੁਲਮ ਨਾਲ ਨਹੀਂ ਮਾਰ ਸਕਦੇ।

*- ਗੋਰਕੀ*

ਆਓ ਬਨਾਵਟ ਨੂੰ ਵਿਦਾ ਕਰਕੇ ਸੱਚ ਨਾਲ ਨਾਤਾ ਜੋੜੀਏ ਮੁਸੀਬਤ ਵੇਲੇ ਸੱਚ ਨੇ ਹੀ ਕੰਮ ਆਉਣਾ ਹੈ।

*- ਆਰ ਗੋਸੀ*

ਸਚਾਈ ਲਈ ਕਿਸੇ ਵੀ ਚੀਜ਼ ਦੀ ਕੁਰਬਾਨੀ ਦਿੱਤੀ ਜਾ ਸਕਦੀ ਹੈ ਪ੍ਰੰਤੂ ਸਚਾਈ ਦੀ ਕੁਰਬਾਨੀ ਕਿਸੇ ਵੀ ਚੀਜ਼ ਲਈ ਨਹੀਂ ਦਿੱਤੀ ਜਾ ਸਕਦੀ।

*- ਸਵਾਮੀ ਵਿਵੇਕਾਨੰਦ*

ਸੰਸਾਰ ਵਿਚ ਜਿੰਨੇ ਵੀ ਪਾਪ ਹਨ ਉਨ੍ਹਾਂ ਨਾਲੋਂ ਸਭ ਤੋਂ ਜ਼ਿਆਦਾ ਵੱਡਾ ਪਾਪ ਹੈ ਮਨੁੱਖ ਦੀ ਦਇਆ ਦੇ ਉੱਪਰ ਅਤਿਆਚਾਰ ਕਰਨਾ।

*- ਸਰਤ ਚੰਦਰ*

ਠੋਕਰਾਂ ਖਾਣੀਆਂ ਬੁਰੀ ਗੱਲ ਨਹੀਂ ਹੈ। ਬੁਰਾ ਹੈ ਇੱਕ ਹੀ ਪੱਥਰ ਨਾਲ ਵਾਰ ਵਾਰ ਠੋਕਰਾਂ ਖਾਣੀਆਂ।

*- ਪਲੂ ਟਾਰਕ*

ਆਪਣੇ ਆਪ ਵਿਚ ਸੱਚ ਹਮੇਸ਼ਾ ਇਕੱਲਾ ਰਹਿੰਦਾ ਹੈ ਜਦਕਿ ਝੂਠ ਨੂੰ ਸਾਥੀ ਦੀ ਤਲਾਸ਼ ਰਹਿੰਦੀ ਹੈ।

*- ਐਪਿਕ ਟੇਟਸ*

ਜਦੋਂ ਤੁਸੀਂ ਦੂਜਿਆਂ ਲਈ ਚੰਗੇ ਸਾਬਤ ਹੋਵੋਗੇ, ਉਦੋਂ ਹੀ ਤੁਸੀਂ ਆਪਣੇ ਲਈ ਚੰਗੇ ਸਾਬਤ ਹੋਵੋਗੇ।

*- ਫਰੈਂਕਲਿਨ*

ਪਾਪ ਦੇ ਕਈ ਸੰਦ ਹੁੰਦੇ ਹਨ ਪਰ ਝੂਠ ਅਜਿਹਾ ਦਸਤਾ ਹੈ ਜੋ ਸਾਰੇ ਸੰਦਾਂ ਨਾਲ ਠੀਕ ਬੈਠਦਾ ਹੈ।

*- ਔਲੀਵਰ ਹੋਮਸ*

ਬੁਰਾਈ ਨਾਲ ਅਸਹਿਯੋਗ ਕਰਨਾ ਮਨੁੱਖ ਦਾ ਪਵਿੱਤਰ ਕਰਤੱਵ ਹੈ।

*- ਮਹਾਤਮਾ ਗਾਂਧੀ*

ਮੌਜੂਦਾ ਸੱਚ ਦੇ ਕਰਤੱਵ ਦਾ ਪਾਲਣ ਕਰਨ ਨਾਲ ਆਉਣ ਵਾਲੇ ਯੁੱਗਾਂ ਦਾ ਸੁਧਾਰ ਹੋ ਜਾਂਦਾ ਹੈ।

*- ਐਮਰਸਨ*

ਜਿਸ ਮੁਲਕ ਦਾ ਵਪਾਰ ਝੂਠ ਉੱਪਰ ਚਲਦਾ ਹੈ। ਉਸਦੀ ਮਾਣ ਮਰਿਯਾਦਾ ਖਤਮ ਹੋਈ ਹੀ ਸਮਝਣੀ ਚਾਹੀਦੀ ਹੈ।

*- ਅਚਾਰੀਆ ਵਿਨੋਬਾ ਭਾਵੇ*

ਅੱਗ ਦੇ ਸਾੜਨ ਨਾਲ ਜਿਹੜਾ ਨਿਸ਼ਾਨ ਪੈਂਦਾ ਹੈ, ਸਮਾਂ ਪਾ ਕੇ ਉਹ ਹੌਲੀ ਹੌਲੀ ਮਿਟ ਜਾਂਦਾ ਹੈ ਪਰ ਇਕ ਵਾਰ ਲੱਗਿਆਂ ਦਾਗ਼ ਕਲੰਕ ਉਮਰ ਭਰ ਨਹੀਂ ਜਾਂਦਾ।

*- ਮਹਾਂਰਿਸ਼ੀ ਦਇਆਨੰਦ*



Sri Satguru Jagjit Singh Ji eLibrary NamdhariElibrary@gmail.com

ਚੰਗਿਆਈਆਂ ਕਰਨ ਦੀ ਖਾਹਿਸ਼ ਆਪਣੇ ਆਪ ਵਿਚ ਇਕ ਸਵਰਗੀ ਅਵਸਥਾ ਹੈ।

*- ਗੁਰਬਖਸ਼ ਸਿੰਘ*

ਪਾਪ ਦਾ ਪਛਤਾਵਾ ਕਦੇ ਪਾਪ ਨਾਲ ਨਹੀਂ ਹੋ ਸਕਦਾ। ਸੱਚਮੁੱਚ ਪਛਤਾਵਾ ਕਰਨਾ ਹੀ ਹੈ ਤਾਂ ਲੋਕ ਸੇਵਾ ਦਾ ਕੰਮ ਕਰੋ ਜੀਵਾਂ ਨੂੰ ਸੁੱਖ ਪਹੁੰਚਾਓ ਪੁੰਨ ਵਾਲੇ ਕੰਮ ਕਰੋ।

*- ਸ਼ੇਖ ਸਾਅਦੀ*

ਦੁਸ਼ਟ ਲੋਕਾਂ ਨਾਲ ਭਲਾਈ ਕਰਨਾ ਸੱਜਣ ਖਿਲਾਫ਼ ਬੁਰਾਈ ਕਰਨ ਦੇ ਬਰਾਬਰ ਹੈ।

*- ਸ਼ੇਖ ਸਾਅਦੀ*

ਸੱਚ ਨੂੰ ਕੋਈ ਨਹੀਂ ਰੋਕ ਸਕਦਾ ਉਹ ਆਪਣਾ ਰਸਤਾ ਬਣਾ ਹੀ ਲੈਂਦਾ ਹੈ।

*- ਅਗਿਆਤ*

ਪਾਪ ਦਾ ਫਲ ਕਦੇ ਵੀ ਸ਼ੁਭ ਨਹੀਂ ਹੋ ਸਕਦਾ।

*- ਡੈਨੀਅਲ ਹਾਥਾਰਨ*

ਵਾਵੇਲਾ ਮਚਾਉਣ ਵਾਲੇ ਸੱਚ ਨਾਲੋਂ ਜ਼ਿਆਦਾ ਚੰਗਾ ਉਹ ਝੂਠ ਹੈ ਜਿਹੜਾ ਨੀਤੀ ਭਰਪੂਰ ਹੋਵੇ।

*- ਸ਼ੇਖ ਸਾਅਦੀ*

ਇਕ ਪਲ ਦਾ ਪਾਪ ਕਈ ਸਾਲਾਂ ਦਾ ਕਸ਼ਟ ਬਣ ਜਾਂਦਾ ਹੈ।

*- ਕਾਲੀਦਾਸ*

ਸਿਰਫ਼ ਝੂਠ ਨੂੰ ਸਜਾ ਨਹੀਂ ਮਿਲਦੀ ਕੀ ਐਸਾ ਨਹੀਂ ਹੁੰਦਾ ਕਿ ਸੱਚ ਨੂੰ ਸਜ਼ਾ ਦਿੱਤੀ ਜਾਂਦੀ ਹੈ।

*- ਰਸੂਲ ਹਮਜਾ ਤੋਵ*

ਅਸੀਂ ਉਦੋਂ ਇਹ ਸਮਝਾਂਗੇ ਕਿ ਅਸੀਂ ਜੋ ਪਾਪ ਕੀਤਾ ਸੀ ਉਹ ਮੁਆਫ਼ ਕਰ ਦਿੱਤਾ ਗਿਆ ਹੈ ਜਦੋਂ ਅਸੀਂ ਉਹ ਪਾਪ ਕਰਨਾ ਬੰਦ ਕਰ ਦੇਈਏ।

*- ਰਵੀਫੁਨਾਮ*

ਕੋਈ ਵੀ ਵਿਅਕਤੀ ਜਨਮ ਤੋਂ ਬੁਰਾ ਨਹੀਂ ਹੁੰਦਾ ਬਹੁਤ ਸਾਰੇ ਸਮਾਜਕ ਤੇ ਹੋਰ ਕਾਰਨ ਉਸ ਨੂੰ ਬੁਰੇ ਅਤੇ ਨਿਰਦਾਇਤਾ ਪੂਰਨ ਢੰਗ ਵੱਲ ਲੈ ਜਾਂਦੇ ਹਨ।

*- ਕੇ. ਏ. ਅੱਬਾਸ*

ਸੱਚ ਸਥਿਰ ਰਹਿੰਦਾ ਕਲਪਣਾ ਵਹਿੰਦੀ ਹੈ ਵਾਸਤਵਿਕਤਾ ਚਟਾਨ ਦੀ ਤਰ੍ਹਾਂ ਅਚੱਲ ਹੈ ਕਲਪਨਾ ਨਦੀ ਵਾਂਗ ਗਤੀਸ਼ੀਲ ਹੈ।

*- ਰਬਿੰਦਰ ਨਾਥ ਟੈਗੋਰ*

ਮਨੁੱਖ ਝੂਠ ਨਾਲ ਸਮਝੌਤਾ ਕਰਕੇ ਕਿੰਨੀ ਵੱਡੀ ਦੌਲਤ ਨਸ਼ਟ ਕਰ ਦਿੰਦਾ ਹੈ।

*- ਸਰਤ ਚੰਦਰ*

ਦੁਸ਼ਟ ਉਪਰ ਦਇਆ ਨਾ ਕਰੋ ਉਸ ਨੂੰ ਸਜ਼ਾ ਨਾਲ ਹੀ ਸਹੀ ਰਸਤੇ ਉੱਪਰ



Sri Satguru Jagjit Singh Ji eLibrary NamdhariElibrary@gmail.com

ਲਿਆਂਦਾ ਜਾ ਸਕਦਾ ਹੈ।

*- ਚਾਣਕਿਆ*

ਅਮੀਰੀ ਦਾ ਪੌਦਾ ਪਾਪ ਦੀ ਜ਼ਮੀਨ ਉਪਰ ਉਗਦਾ ਹੈ।

*- ਪ੍ਰੇਮਚੰਦ*

ਝੂਠ ਵਿਚ ਲਾਰਾ ਅਤੇ ਲਾਰੇ ਵਿਚ ਆਸ ਹੁੰਦੀ ਹੈ ਸਧਾਰਨ ਮਨੁੱਖ ਆਸ ਦੇ ਸਹਾਰੇ ਜਿਉਂਦਾ ਹੈ।

*- ਅਗਿਆਤ*

ਲਾਲਚ ਕਾਰਨ ਹੀ ਮਨੁੱਖ ਪਾਪ ਕਰਨ ਵੱਲ ਪ੍ਰੇਰਤ ਹੁੰਦਾ ਹੈ ਅਤੇ ਦੁੱਖਾਂ ਨਾਲ ਘਿਰ ਜਾਂਦਾ ਹੈ।

*- ਅਗਿਆਤ*

ਝੂਠ ਦੀ ਮਦਦ ਤੋਂ ਬਿਨਾਂ ਕੋਈ ਵੀ ਆਦਮੀ ਅੱਜ ਤੱਕ ਮੁਲਕਾਂ ਨੂੰ ਲੜਾਉਣ ਵਿਚ ਕਾਮਯਾਬ ਨਹੀਂ ਹੋਇਆ।

*- ਸਲਵਾ ਡੋਰ ਡੀ ਮੈਡਰੀ ਆਗਾ*

ਸਿਰਫ਼ ਹਾਕਮਾਂ ਨੂੰ ਹੀ ਝੂਠ ਬੋਲਣ ਦੀ ਇਜਾਜ਼ਤ ਮਿਲਣੀ ਚਾਹੀਦੀ ਹੈ ਘਰ ਵਿਚ ਜਾਂ ਬਾਹਰ ਤੇ ਉਹ ਝੂਠ ਉਨ੍ਹਾਂ ਨੂੰ ਆਪਣੇ ਮੁਲਕ ਦੀ ਭਲਾਈ ਲਈ ਬੋਲਣਾ ਚਾਹੀਦਾ ਹੈ।

*- ਪਲੈਟੋ*

ਜਿਸ ਮੌਕੇ ਅਸੀਂ ਪਾਪ ਕਰਦੇ ਹਾਂ ਉਸ ਮੌਕੇ ਉਸ ਦੀ ਸਜਾ ਦੇ ਬੀਜ ਵੀ ਨਾਲ ਹੀ ਬੀਜ ਦਿੰਦੇ ਹਾਂ।

*- ਹੈਜ਼ੀਆਲ*

ਜੋ ਮਨੁੱਖ ਆਪਣੇ ਗੁਣਾਂ ਦੇ ਵਿਸ਼ੇ 'ਚ ਜਿੰਨਾ ਘੱਟ ਜਾਣਦਾ ਹੈ ਉਹ ਉਨ੍ਹਾਂ ਹੀ ਵੱਧ ਪਸੰਦ ਕੀਤਾ ਜਾਂਦਾ ਹੈ।

*- ਐਮਰਸਨ*

ਸੱਚ ਨੂੰ ਸਿਰਫ਼ ਤਰਕ ਨਾਲ ਹੀ ਖੋਜਿਆ ਜਾ ਸਕਦਾ ਹੈ।

*- ਚੈਖਵ*

ਹਰ ਸਾਲ ਇਕ ਬੁਰੀ ਆਦਤ ਨੂੰ ਜੜ੍ਹ ਤੋਂ ਖੋਦ ਕੇ ਸੁੱਟ ਦਿੱਤਾ ਜਾਵੇ ਤਾਂ ਕੁਝ ਸਮੇਂ ਬਾਅਦ ਬੁਰੇ ਤੋਂ ਬੁਰਾ ਆਦਮੀ ਵੀ ਸੁਧਰ ਸਕਦਾ ਹੈ।

*- ਫਰੈਂਕਲਿਨ*

ਦੁਸ਼ਟ ਤੇ ਸੱਪ ਵਿਚੋਂ ਕੌਣ ਚੰਗਾ ਹੈ ਸੱਪ ਤਾਂ ਮੌਤ ਆਉਣ ਤੇ ਡੰਗ ਮਾਰਦਾ ਹੈ ਪ੍ਰੰਤੂ ਦੁਸ਼ਟ ਪੈਰ ਪੈਰ ਤੇ ਕੱਟਦਾ ਹੈ।

*- ਚਾਣਕਿਆ ਰਾਜਨੀਤੀ*

ਝੂਠਿਆਂ ਨੂੰ ਚੰਗੀ ਯਾਦ ਸ਼ਕਤੀ ਦੀ ਲੋੜ ਹੈ।

*- ਕੁਇਨ ਟੀਲੀਅਨ*

ਕੋਈ ਵੀ ਬੇਈਮਾਨੀ ਉਸ ਸਮੇਂ ਕਰਦਾ ਹੈ ਜਦੋਂ ਉਸ ਨੂੰ ਅਜਿਹਾ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ ਕਿਸੇ ਨੂੰ ਬੇਈਮਾਨੀ ਦਾ ਮੌਕਾ ਦੇਣਾ ਬੇਈਮਾਨੀ ਨੂੰ ਸਹਿਯੋਗ ਦੇਣ ਦੇ ਬਰਾਬਰ ਹੈ। *- ਮੁਨਸ਼ੀ ਪ੍ਰੇਮਚੰਦ*



Sri Satguru Jagjit Singh Ji eLibrary NamdhariElibrary@gmail.com

ਸੱਚ ਕਦੀ ਵੀ ਭੀੜ ਨੂੰ ਹਾਸਲ ਨਹੀਂ ਹੁੰਦਾ ਇਹ ਤਾਂ ਇਕੱਲੇ ਇਕੱਲੇ ਬੰਦੇ ਨੂੰ ਹਾਸਲ ਹੁੰਦਾ ਹੈ।

- ਓਸ਼ੋ

ਉਨ੍ਹਾਂ ਲੋਕਾਂ ਨਾਲ ਕਦਮ ਮਿਲਾ ਕੇ ਤੁਰੋ ਜਿਹੜੇ ਕਹਿੰਦੇ ਹਨ ਕਿ ਉਹ ਸੱਚ ਨੂੰ ਖੋਜ ਰਹੇ ਹਨ ਉਨ੍ਹਾਂ ਤੋਂ ਬਚਦੇ ਰਹੋ ਜਿਹੜੇ ਕਹਿੰਦੇ ਹਨ ਕਿ ਉਨ੍ਹਾਂ ਸੱਚ ਲੱਭ ਲਿਆ ਹੈ।

- ਦੀਪਕ ਚੋਪੜਾ

ਬੇਈਮਾਨ ਈਮਾਨਦਾਰ ਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ ਬੇਈਮਾਨ ਕਦੇ ਈਮਾਨਦਾਰ ਨੂੰ ਧੋਖਾ,ਦੇਣ ਦੀ ਕੋਸ਼ਿਸ਼ ਕਰੇਗਾ ਤਾਂ ਉਸ ਨਾਲ ਬੇਈਮਾਨ ਦਾ ਹੀ ਨੁਕਸਾਨ ਹੋਵੇਗਾ।

- ਜੈਮਸ ਏਲਨ

ਜੇ ਝੂਠ ਬੋਲਣ ਨਾਲ ਕਿਸੇ ਦੀ ਜਾਨ ਬਚਦੀ ਹੈ ਤਾਂ ਝੂਠ ਬੋਲਣਾ ਪਾਪ ਨਹੀਂ ਹੈ। ਬੇਗੁਨਾਹ ਬੰਦੇ ਨੂੰ ਬਚਾਉਣ ਲਈ ਝੂਠ ਬੋਲਣਾ ਪਾਪ ਨਹੀਂ ਹੁੰਦਾ।

- ਪ੍ਰੇਮਚੰਦ

ਬੁਰਾਈ ਵਾਲੀ ਖ਼ਬਰ ਦੀ ਫਿਤਰਤ ਹੀ ਅਜਿਹੀ ਹੁੰਦੀ ਹੈ ਕਿ ਉਹ ਸੁਣਨ ਵਾਲੇ ਨੂੰ ਵੀ ਦੂਸ਼ਿਤ ਕਰਦੀ ਹੈ।

- ਸ਼ੈਕਸਪੀਅਰ

ਸੱਚ ਨਿਸ਼ਾਨਾ ਹੈ ਅਤੇ ਦੁੱਖ ਉਸ ਤੱਕ ਪਹੁੰਚਣ ਦਾ ਪਹਿਲਾਂ ਰਸਤਾ ਹੈ।

- ਅਗਿਆਤ

ਕਿਸੇ ਘਟਨਾ ਦੇ ਸੱਚ ਨੂੰ ਸਮਝਣ ਲਈ ਸਿਰਫ਼ ਅੱਖੀਂ ਦੇਖ ਲੈਣ ਤੇ ਹੀ ਪੂਰਾ ਨਿਰਭਰ ਨਾ ਕਰੋ ਉਸ ਦੇ ਨਾਲ ਦਿਲ ਤੇ ਦਿਮਾਗ ਦਾ ਇਸਤੇਮਾਲ ਕਰਨ ਪਿੱਛੋਂ ਹੀ ਪੂਰੀ ਸਚਾਈ ਦਿਖਾਈ ਦੇਵੇਗੀ।

- ਡੇਨੀਅਲ ਸਟੀਲ

ਜੇ ਚੋਰ ਦੇ ਭੁੱਖੇ ਪੇਟ ਵਿਚ ਰਜਵੀ ਰੋਟੀ ਪਵੇਗੀ ਤਾਂ ਹੋ ਸਕਦਾ ਹੈ ਕਿ ਉਸਨੂੰ ਚੋਰੀ ਦੀ ਆਦਤ ਭੁੱਲ ਜਾਵੇ।

- ਨਾਨਕ ਸਿੰਘ ਨਾਵਲਕਾਰ

ਸੱਚ ਨੂੰ ਇਨਸਾਫ਼ ਦੇਣਾ ਸੌ ਵਰ੍ਹਿਆਂ ਦੀ ਭਗਤੀ ਦੇ ਬਰਾਬਰ ਹੈ।

- ਓਥੋਰਜਨੀਸ

ਮਾੜਾ ਕਾਰੀਗਰ ਹਮੇਸ਼ਾ ਆਪਣੇ ਔਜ਼ਾਰਾਂ ਨੂੰ ਹੀ ਮਾੜਾ ਦਸਦਾ ਹੈ।

- ਪ੍ਰੂਸਤ

ਸੱਚਾ ਕਹਾਉਣ ਲਈ ਮਨੁੱਖ ਨੂੰ ਆਪਣੇ ਕੰਮ ਕਾਰ ਵਿਹਾਰ ਤੇ ਬੋਲੀ ਨੂੰ ਸੱਚਾ ਸੁੱਚਾ ਬਣਾਉਣਾ ਚਾਹੀਦਾ ਹੈ।

- ਹਜ਼ਰਤ ਮੁਹੰਮਦ

ਬੁਰਾਈਆਂ ਦਾ ਪਸ਼ਚਾਤਾਪ ਕਰ ਲੈਣ ਨਾਲ ਚੰਗਿਆਈਆਂ ਦਾ ਆਰੰਭ ਹੁੰਦਾ ਹੈ।

- ਅਰਬੀ ਕਹਾਵਤ



Sri Satguru Jagjit Singh Ji eLibrary NamdhariElibrary@gmail.com

ਸੱਚਾ ਬੰਦਾ ਇਕੱਲਾ ਹੁੰਦਿਆਂ ਹੋਇਆਂ ਵੀ ਸੈਂਕੜਿਆਂ ਦੇ ਬਰਾਬਰ ਹੁੰਦਾ ਹੈ।

- *ਵਿਲੀਅਮ ਡਗਲਸ*

ਜਦੋਂ ਵੀ ਤੁਸੀਂ ਆਪਣੇ ਸੂਬੇ ਜਾਂ ਦੇਸ਼ ਤੋਂ ਬਾਹਰ ਸਫ਼ਰ ਕਰਨ ਜਾਂਦੇ ਹੋ ਤਾਂ ਤੁਸੀਂ ਪੂਰੀ ਕੌਮ ਦੇ ਨੁਮਾਇੰਦੇ ਹੁੰਦੇ ਹੋ ਤੁਹਾਡੇ ਵਲੋਂ ਕੀਤੀ ਕੋਈ ਵੀ ਗਲਤ ਹਰਕਤ ਪੂਰੀ ਕੌਮ ਦੇ ਖਾਤੇ ਵਿਚ ਦਰਜ ਹੁੰਦੀ ਹੈ ਤੇ ਕੌਮ ਨੂੰ ਕਈ ਵਾਰ ਉਸ ਦੀ ਬਹੁਤ ਵੱਡੀ ਕੀਮਤ ਚੁਕਾਉਣੀ ਪੈਂਦੀ ਹੈ ਪਰ ਜੇ ਤੁਸੀਂ ਸਫ਼ਰ ਵਿਚ ਕਿਸੇ ਨਾਲ ਕੁਝ ਚੰਗਾ ਕਰਦੇ ਹੋ ਤਾਂ ਤੁਹਾਡੀ ਪੂਰੀ ਕੌਮ ਨੂੰ ਤੁਹਾਡੇ ਵਲੋਂ ਕੀਤੀ ਚੰਗਿਆਈ ਬਦਲੇ ਸਲਾਮੀ ਦਿੱਤੀ ਜਾਂਦੀ ਹੈ।

- *ਗੁਰਬਖਸ਼ ਸਿੰਘ ਪ੍ਰੀਤਲੜੀ*



Sri Satguru Jagjit Singh Ji eLibrary NamdhariElibrary@gmail.com

# ਫੁੱਲ, ਬੱਚੇ ਪ੍ਰਕ੍ਰਿਤੀ, ਕੁਦਰਤ

ਜੋ ਕੰਮ ਕੁਦਰਤ ਦੇ ਹਨ ਉਨ੍ਹਾਂ ਨੂੰ ਮਨੁੱਖ ਨਹੀਂ ਕਰ ਸਕਦਾ।

*- ਰਵਿੰਦਰ ਨਾਥ ਟੈਗੋਰ*

ਕਿਉਂਕਿ ਮੌਸਮ ਮਾਹਰਾਂ ਦਾ ਇਹ ਵੀ ਇੱਕ ਕਿਆਫਾ ਹੈ। ਕੁਦਰਤ ਨੇ ਹਾਲੇ ਤੱਕ ਕਿਸੇ ਨੂੰ ਵੀ ਮੀਂਹ, ਝੱਖੜ ਆਉਣ ਬਾਰੇ ਕਦੇ ਕੁਝ ਨਹੀਂ ਦੱਸਿਆ ਉਸ ਵਲੋਂ ਬਣਾਏ ਇਨਸਾਨ ਵਲੋਂ ਹੁਣ ਤੱਕ ਤਾਂ ਸਿਰਫ ਕਿਆਫੇ ਲਾਇ ਜਾਂਦੇ ਹਨ।

*- ਇਕ ਮੌਸਮ ਮਾਹਿਰ ਦਾ ਖਿਆਲ*

ਰੁੱਖ ਕੁਦਰਤ ਦੀਆਂ ਖੂਬਸੂਰਤ ਕਵਿਤਾਵਾਂ ਹਨ - ਸੱਚਮੁੱਚ ਹੀ ਜਦੋਂ ਅਸੀਂ ਕਾਵਿਕ ਦ੍ਰਿਸ਼ਟੀ ਤੋਂ ਰੁੱਖਾਂ ਨੂੰ ਵੇਖਦੇ ਹਾਂ ਤਾਂ ਸਾਨੂੰ ਛੋਟੇ ਵੱਡੇ ਸਾਰੇ ਰੁੱਖ ਕੁਦਰਤ ਦੀਆਂ ਛੋਟੀਆਂ ਵੱਡੀਆਂ ਕਵਿਤਾਵਾਂ ਪ੍ਰਤੀਤ ਹੁੰਦੇ ਹਨ।

*- ਖਲੀਲ ਜਿਬਰਾਨ*

ਅਸੀਂ ਕੁਦਰਤ ਦੀ ਆਗਿਆ ਮੰਨੇ ਬਿਨਾਂ ਉਸਤੇ ਸ਼ਾਸਨ ਨਹੀਂ ਕਰ ਸਕਦੇ।

*- ਬੇਕਨ*

ਕੁਦਰਤ ਨੂੰ ਜਾਦੂ ਮੰਤਰਾਂ ਨਾਲ ਜਿੱਤਣ ਨਾਲ ਕੁਝ ਨਹੀਂ ਬਣਦਾ ਸਵੈ ਭਰੋਸਾ ਪੈਦਾ ਕਰਨਾ ਕੁਦਰਤ ਦੀਆਂ ਸ਼ਕਤੀਆਂ ਨੂੰ ਕਾਬੂ ਕਰਨ ਲਈ ਆਪਣੀ ਤਾਕਤ ਤੇ ਪੂਰਾ ਯਕੀਨ ਰੱਖਦੇ ਹੋਏ ਅੱਗੇ ਵਧਣਾ ਹੋਵੇਗਾ।

*- ਓ. ਪੀ. ਵਰਮਾ*

ਬੱਚੇ ਬਗੀਚੇ ਦੀ ਕਲੀ ਦੀ ਤਰ੍ਹਾਂ ਹਨ ਉਨ੍ਹਾਂ ਦਾ ਪੋਸਣ ਸਾਵਧਾਨੀ ਪੂਰਵਕ ਅਤੇ ਪਿਆਰ ਨਾਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਹ ਰਾਸ਼ਟਰ ਦੇ ਭਵਿੱਖ ਅਤੇ ਕੱਲ੍ਹ ਦੇ ਨਾਗਰਿਕ ਹਨ।

*- ਜਵਾਹਰ ਲਾਲ ਨਹਿਰੂ*

ਕਿਸੇ ਸਮਾਜ ਦੀ ਨੈਤਿਕਤਾ ਦੀ ਪਛਾਣ ਇਸ ਗੱਲ ਤੋਂ ਹੁੰਦੀ ਕਿ ਉਹ ਸਮਾਜ ਆਪਣੇ ਬੱਚਿਆਂ ਲਈ ਕੀ ਕਰਦਾ ਹੈ।

*- ਬੋਨ ਹੋਫਰ*

ਸਭ ਤੋਂ ਔਖਾ ਕੰਮ ਹੱਥ ਸੁਰੱਖਿਅਤ ਰੱਖ ਕੇ ਕੰਡਿਆਂ ਦੇ ਵਿਚੋਂ ਫੁੱਲ ਤੋੜਨਾ ਹੁੰਦਾ ਹੈ।

*- ਵਿਲੀਅਮ ਸੈਕਸਪੀਅਰ*

ਮੇਰੇ ਬੱਚੇ ਨੂੰ ਇਹ ਸਿਖਾਓ ਕਿ ਨਕਲ ਮਾਰਕੇ ਪਾਸ ਹੋਣ ਨਾਲੋਂ ਫੇਲ ਹੋਣਾ ਕਿਤੇ ਜ਼ਿਆਦਾ ਇੱਜ਼ਤ ਵਾਲਾ ਕੰਮ ਹੈ।

*- ਅਬਰਾਹਿਮ ਲਿੰਕਨ*

ਸਾਡੇ ਇਸ ਮੁਕਾਬਲੇ ਵਾਲੇ ਸਮਾਜ ਵਿਚ ਬੁਨਿਆਦੀ ਨੁਕਸ ਇਹ ਹੈ ਕਿ ਸਾਰੇ ਬਾਪ ਇਹ ਚਾਹੁੰਦੇ ਹਨ ਕਿ ਬੱਚੇ ਉਨ੍ਹਾਂ ਦੀ ਭੱਲ ਬਣਨ।

*- ਬਰਟਰੰਡ ਰਸਲ*

ਸਾਡੇ ਕੁਦਰਤੀ ਸਰੋਤਾਂ ਦੀ ਰਾਖੀ ਵੀ ਕੌਮਾਂਤਰੀ ਸਰਹੱਦਾਂ ਦੀ ਰਾਖੀ ਜਿੰਨੀ



Sri Satguru Jagjit Singh Ji eLibrary NamdhariElibrary@gmail.com

ਅਹਿਮ ਹੈ। ਇਨ੍ਹਾਂ ਤੋਂ ਬਿਨਾਂ ਰਾਖੀ ਕਰਨ ਲਈ ਬਚਦਾ ਹੀ ਕੀ ਹੈ।

*- ਰੋਬਰਟ ਰੈਡ ਫੋਰਡ*

ਆਓ ਅਜਿਹਾ ਮਾਹੌਲ ਉਸਾਰੀਏ ਕਿ ਹਰ ਬੱਚਾ ਨਾ ਕੇਵਲ ਇਸ ਨੂੰ ਅਨੁਭਵ ਕਰੇ ਸਗੋਂ ਇਸ ਦੀ ਸਿਰਜਣਾ ਵੀ ਕਰੇ। ਜੀਵਨ ਵਿਚ ਸਿਰਜਣਾਤਮਕਤਾ ਦਾ ਕਿਣਕਾ ਸ਼ਾਮਲ ਕਰੇ।

*- ਵਾਲਸ ਅਲੈਗਜਾਰ ਵਿਚ*

ਛੋਟੇ ਬੱਚਿਆਂ ਦੇ ਹਾਸਿਆਂ ਨਾਲੋਂ ਹੋਰ ਕਿਹੜਾ ਵਧੀਆ ਸੰਗੀਤ ਹੋ ਸਕਦਾ ਹੈ।

*- ਪੀਅਰ ਸੈਲ ਸਮਿੱਥ*

ਸਾਨੂੰ ਫੁੱਲਾਂ, ਰੁੱਖਾਂ, ਪੰਛੀਆਂ ਅਤੇ ਸਿਤਾਰਿਆਂ ਨੂੰ ਪਿਆਰ ਕਰਨ ਦੀ ਜਾਂਚ ਸਿੱਖਣੀ ਚਾਹੀਦੀ ਹੈ।

*- ਡਾ. ਸੈਮੂਅ ਲਿੰਡਸੇ*

ਬੱਚਿਆਂ ਨੂੰ ਗਹਿਣੇ ਨਹੀਂ ਪਹਿਨਾਉਣੇ ਚਾਹੀਦੇ ਸਗੋਂ ਉੱਚ ਸਿੱਖਿਆ ਦੇਣੀ ਚਾਹੀਦੀ ਹੈ।

*- ਅਗਿਆਤ*

ਪ੍ਰਕਿਰਤੀ ਨੂੰ ਬੁਰਾ ਭਲਾ ਨਾ ਕਹੋ ਉਸ ਨੇ ਆਪਣਾ ਕਰਤੱਵ ਪੂਰਾ ਕੀਤਾ ਹੈ ਤੁਸੀਂ ਆਪਣਾ ਕਰੋ।

*- ਮਿਲਟਨ*

ਪ੍ਰਕਿਰਤੀ ਵਿਚ ਜਿੰਨੀਆਂ ਵੀ ਚੀਜ਼ਾਂ ਉਪਲਬਧ ਹਨ। ਉਨ੍ਹਾਂ ਵਿਚੋਂ ਹਰੇਕ ਮਨੁੱਖ ਨੂੰ ਸਿਰਫ਼ ਉਨਾ ਹੀ ਗ੍ਰਹਿਣ ਕਰਨਾ ਚਾਹੀਦਾ ਹੈ ਜਿੰਨੀ ਉਸ ਨੂੰ ਜ਼ਰੂਰਤ ਹੈ।

*- ਮਹਾਤਮਾ ਗਾਂਧੀ*

ਕੋਈ ਸਮਾਜ, ਕੋਈ ਕੌਮ, ਕੋਈ ਮੁਲਕ ਉਨੇ ਹੀ ਸਨਮਾਨ ਯੋਗ ਹੋਣਗੇ ਜਿੰਨੇ ਸਨਮਾਨ ਨਾਲ ਉਹ ਆਪਣੇ ਬੱਚਿਆਂ ਦੀ ਪਾਲਣਾ ਕਰਦੇ ਹਨ।

*- ਗੁਰਬਖਸ਼ ਸਿੰਘ*

ਕੁਦਰਤ ਮਹਾਨ ਅਧਿਆਪਕ ਹੈ ਕੁਦਰਤ ਵਿਚ ਕਾਦਰ ਵਸਦਾ ਹੈ। ਇਹ ਆਪਣੇ ਨਾਲ ਮੁਹੱਬਤ ਕਰਨ ਵਾਲਿਆਂ ਨੂੰ ਕਦੇ ਧੋਖਾ ਨਹੀਂ ਦਿੰਦੀ। ਕੁਦਰਤੀ ਵਾਤਾਵਰਣ ਤੋਂ ਦੂਰ ਦਿੱਤੀ ਜਾ ਰਹੀ ਸਿੱਖਿਆ ਨੇ ਛੋਟੇ ਬੱਚਿਆਂ ਦਾ ਬੜਾ ਨੁਕਸਾਨ ਕੀਤਾ ਹੈ। ਬੱਚੇ ਨੂੰ ਸੁਤੰਤਰਤਾ ਨਾਲ ਆਪ ਮੁਹਾਰੇ ਕੁਦਰਤ ਦੀ ਕਿਤਾਬ ਪੜ੍ਹਨ ਦੇਣੀ ਚਾਹੀਦੀ ਹੈ।

*- ਰਬਿੰਦਰ ਨਾਥ ਟੈਗੋਰ*

ਜਦ ਪਰਿਵਾਰਾਂ ਵਿਚ ਡੁੱਬੇ ਫਿਲਾਸਫਰਾਂ ਨਾਲ ਜੀਵਨ ਬਾਰੇ ਗੱਲ ਕਰਦਾ ਹਾਂ ਤਾਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਮਨੁੱਖ ਲਈ ਖੁਸ਼ ਰਹਿਣਾ ਅਸੰਭਵ ਹੈ ਪਰ ਜਦ ਮੈਂ ਮਾਲੀ ਨੂੰ ਬਾਗ ਵਿਚ ਬੂਟਿਆਂ ਨਾਲ ਰੁੱਝਿਆ ਵੇਖਦਾ ਹਾਂ ਤਾਂ ਖੁਸ਼ ਰਹਿਣਾ ਮੈਨੂੰ ਇੱਕ ਸਧਾਰਨ ਅਵਸਥਾ ਲੱਗਣ ਲੱਗਦਾ ਹੈ।

*- ਬਰਟ ਰੰਡ ਰੱਸਲ*

ਕੁਦਰਤ ਅੱਗੇ ਪ੍ਰਾਰਥਨਾ ਤਾਂ ਅਸੀਂ ਦਿਨ ਰਾਤ ਕਰਦੇ ਰਹਿੰਦੇ ਹਾਂ ਪਰ ਇਸ



Sri Satguru Jagjit Singh Ji eLibrary NamdhariElibrary@gmail.com

ਨੂੰ ਜਾਂ ਇਸ ਦੇ ਵਿਵਹਾਰ ਨੂੰ ਸਮਝਣ ਦੇ ਯਤਨ ਕਦੀ ਨਹੀਂ ਕਰਦੇ ਕੁਦਰਤ ਨੂੰ ਨਾ ਕਿਸੇ ਨਾਲ ਮੋਹ ਹੁੰਦਾ ਹੈ ਅਤੇ ਨਾ ਹੀ ਵੈਰ ਅਤੇ ਨਾ ਹੀ ਇਹ ਉਸਤਤ ਲਈ ਸੰਵੇਦਨਸ਼ੀਲ ਹੈ ਅਤੇ ਨਾ ਹੀ ਇਹ ਦੋਸ਼ੀਆਂ ਵਿਰੁੱਧ ਕੋਈ ਫਰਮਾਨ ਜਾਰੀ ਕਰਦੀ ਹੈ।

*- ਬਰਟ ਰੈਂਟ ਰੱਸਲ*

ਪ੍ਰਕਿਰਤੀ ਨੂੰ ਵੇਖੋ ਪ੍ਰਸਥਿਤੀ ਨੂੰ ਨਹੀਂ, ਪ੍ਰਸਥਿਤੀਆਂ ਸਦਾ ਬਦਲਦੀਆਂ ਰਹਿੰਦੀਆਂ ਹਨ ਪ੍ਰੰਤੂ ਪ੍ਰਕਿਰਤੀ ਸਥਿਰ ਰਹਿੰਦੀ ਹੈ।

*- ਮਹਾਤਮਾ ਗਾਂਧੀ*

ਤਬਦੀਲੀ ਕੁਦਰਤ ਦਾ ਨਿਯਮ ਹੈ ਇਸ ਨੂੰ ਸਹਿਜ ਅਵਸਥਾ ਨਾਲ ਸਵੀਕਾਰ ਕਰਨਾ ਚਾਹੀਦਾ ਹੈ।

*- ਅਗਿਆਤ*

ਪ੍ਰਕਿਰਤੀ ਨੂੰ ਬੁਰਾ ਭਲਾ ਨਾ ਕਹੋ ਉਸ ਨੇ ਆਪਣਾ ਕਰਤੱਵ ਪੂਰਾ ਕੀਤਾ ਹੈ ਤੁਸੀਂ ਆਪਣਾ ਕਰੋ।

*- ਮਿਲਟਨ*

ਜੇ ਬੱਚਾ ਹਨੇਰੇ ਤੋਂ ਡਰੇ ਤਾਂ ਉਸਨੂੰ ਅਸਾਨੀ ਨਾਲ ਮੁਆਫ਼ ਕਰ ਸਕਦੇ ਹਾਂ ਅਸਲ ਦੁਖਾਂਤ ਉਦੋਂ ਹੁੰਦਾ ਹੈ ਜਦੋਂ ਮਨੁੱਖ ਚਲਣ ਤੋਂ ਡਰ ਜਾਵੇ।

*- ਪਲੈਟੋ*

ਕੁਦਰਤ ਆਪਣੇ ਨਿਯਮ 'ਚ ਕਿਸੇ ਦਾ ਵੀ ਦਖਲ ਬਰਦਾਸ਼ਤ ਨਹੀਂ ਕਰਦੀ।

*- ਵਰਡਸਵਰਥ*

ਫੁਲਾਂ ਦੀ ਸੇਜ ਤੇ ਸੌਣ ਵਾਲੇ ਕੀ ਜਾਣਨ ਕਿ ਇਨ੍ਹਾਂ ਕੰਡਿਆਂ ਵਿਚ ਕਿੰਨਾ ਦਰਦ ਹੈ ਇਹ ਤਾਂ ਉਹ ਜਾਣ ਸਕਦਾ ਹੈ ਜਿਸਨੂੰ ਕੰਡਾ ਚੁਭਦਾ ਹੈ।

*- ਅਗਿਆਤ*

ਨਿੱਕੇ ਬਾਲ ਨੂੰ ਚੁੱਕ ਕੇ ਹਿੱਕ ਨਾਲ ਲਾਉਣ ਤੇ ਹੀ ਸਮਝ ਆਉਂਦੀ ਹੈ ਕਿ ਜਾਤ ਲੈ ਕੇ ਕੋਈ ਧਰਤੀ ਤੇ ਨਹੀਂ ਜੰਮਦਾ।

*- ਰਬਿੰਦਰ ਨਾਥ ਟੈਗੋਰ*

ਬੱਚਿਆਂ ਦਾ ਨਾਂ ਮਾਪਿਆਂ ਵੱਲੋਂ ਮਿਲਿਆ ਤੋਹਫ਼ਾ ਹੁੰਦਾ ਹੈ ਜਿਹੜੇ ਮਾਪੇ ਇਸ ਤੋਹਫ਼ੇ ਦੀ ਚੋਣ ਧਿਆਨ ਨਾਲ ਨਹੀਂ ਕਰਦੇ ਉਹ ਆਪਣੇ ਬੱਚਿਆਂ ਦੀ ਸੰਸਾਰ ਵਿਚ ਕਾਰਗੁਜ਼ਾਰੀ ਉੱਤੇ ਅਨੇਕਾਂ ਬੰਧਨ ਲਾ ਦਿੰਦੇ ਹਨ ਤੁਹਾਡੇ ਆਲੇ ਦੁਆਲੇ ਵਿਚ ਅਨੇਕਾਂ ਵਿਅਕਤੀ ਅਜਿਹੇ ਹੋਣਗੇ ਜਿਨ੍ਹਾਂ ਨੂੰ ਆਪਣਾ ਨਾਂ ਪਸੰਦ ਨਹੀਂ।

*- ਨਰਿੰਦਰ ਸਿੰਘ ਕਪੂਰ*

ਜੋ ਕਿਸੇ ਨੂੰ ਫੁੱਲ ਭੇਟ ਕਰਦਾ ਹੈ ਕੁਝ ਖੁਸ਼ਬੂ ਉਸ ਦੇ ਹੱਥਾਂ ਨੂੰ ਲੱਗੀ ਰਹਿ ਜਾਂਦੀ ਹੈ।

*- ਕਨਫਿਊਸਿਸ*

ਪ੍ਰਕਿਰਤੀ ਕੋਈ ਮੰਦਰ ਨਹੀਂ ਹੈ ਇਹ ਤਾਂ ਕਾਰਜਸ਼ਾਲਾ ਹੈ ਜਿਸ ਅੰਦਰ ਉਮਰ ਭਰ ਬੰਦਾ ਕੰਮ ਕਰਦਾ ਹੈ।

*- ਇਵਾਨ ਤੁਰਨਗੇਵ*



Sri Satguru Jagjit Singh Ji eLibrary NamdhariElibrary@gmail.com

ਬੱਚਿਆਂ ਨੂੰ ਨਾ ਬੀਤੇ ਦੀ ਚਿੰਤਾ ਹੁੰਦੀ ਹੈ ਨਾ ਭਵਿੱਖ ਦੀ ਉਹ ਸਿਰਫ ਵਰਤਮਾਨ ਵਿੱਚ ਹੀ ਜਿਉਂਦੇ ਹਨ ਪਰ ਅਸੀਂ ਅਜਿਹਾ ਨਹੀਂ ਕਰ ਸਕਦੇ।

*- ਲਾ ਬ੍ਰੁਸੇਰ*

ਰੱਬ ਨੇ ਫੁੱਲ ਧਰਤੀ ਨੂੰ ਸੋਹਣਾ ਬਣਾਉਣ ਲਈ ਅਤੇ ਮਨੁੱਖ ਨੂੰ ਤਣਾਅ ਤੋਂ ਮੁਕਤ ਕਰਨ ਲਈ ਬਣਾਏ ਹਨ।

*- ਵਿਲੀਅਮ ਵਰਡਜ ਵਰਥ*



Sri Satguru Jagjit Singh Ji eLibrary NamdhariElibrary@gmail.com

# ਆਤਮ-ਚਿੰਤਨ, ਚਿੰਤਨ

ਜਿਥੋ ਤੱਕ ਮੇਰਾ ਸਬੰਧ ਹੈ ਮੈਂ ਜਾਣਦਾ ਹਾਂ ਕਿ ਮੈਂ ਕੁਝ ਨਹੀਂ ਜਾਣਦਾ।

*- ਸੁਕਰਾਤ*

ਆਤਮ ਰਸ ਦੀ ਪ੍ਰਾਪਤੀ ਲਈ ਨਿੱਤ ਸਿਮਰਨ ਦਾ ਰਸ ਚੱਖਣਾ ਜ਼ਰੂਰੀ ਹੈ।

*- ਅਗਿਆਤ*

ਤੁਸੀਂ ਸਿਰਫ਼ ਆਪਣੇ ਕਹੇ ਹੋਏ ਸ਼ਬਦਾਂ ਲਈ ਜ਼ਿੰਮੇਵਾਰ ਨਹੀਂ ਹੁੰਦੇ ਸਗੋਂ ਉਸ ਲਈ ਵੀ ਜ਼ਿੰਮੇਵਾਰ ਹੁੰਦੇ ਹੋ ਜੋ ਤੁਸੀਂ ਅਣਕਹਿਆ ਛੱਡ ਦਿੱਤਾ ਹੈ।

*- ਮਾਰਟਿਨ ਲੂਥਰ*

ਜ਼ਿਆਦਾਤਰ ਲੋਕ ਇਸ ਲਈ ਵੀ ਸਫਲ ਹੋ ਜਾਂਦੇ ਹਨ ਕਿਉਂਕਿ ਉਹ ਦ੍ਰਿੜ ਨਿਸਚੇ ਦੇ ਧਨੀ ਹੁੰਦੇ ਹਨ ਤੁਹਾਡੀ ਕਿਸਮਤ ਤੁਹਾਡੇ ਆਪਣੇ ਹੱਥਾਂ ਵਿਚ ਹੈ ਜਿਹੜੀ ਸ਼ਕਤੀ ਅਤੇ ਸਹਾਇਤਾ ਤੁਸੀਂ ਚਾਹੁੰਦੇ ਹੋ ਉਹ ਸਾਰੀ ਤੁਹਾਡੇ ਅੰਦਰ ਮੌਜੂਦ ਹੈ। ਇਸ ਲਈ ਆਪਣੀ ਕਿਸਮਤ ਆਪ ਬਣਾਉ।

*- ਬਲਦੇਵ ਸਿੰਘ ਫਰੀਦਕੋਟ, ਬੈਂਜਾਮਿਨ ਫਰੈਂਕਲਿਨ*

ਸੁਧਾਰ ਵਾਸਤੇ ਸਾਨੂੰ ਸਮੱਸਿਆ ਦੀ ਜੜ੍ਹ ਵਿਚ ਵੜਨਾ ਪਵੇਗਾ ਚੀਜਾਂ ਦੀ ਜੜ੍ਹ ਵਿੱਚ ਵੜਨਾ ਪਏਗਾ ਚੀਜ਼ਾਂ ਦੀ ਜੜ੍ਹ ਤੱਕ ਪਹੁੰਚਣਾ ਹੋਵੇਗਾ ਇਸ ਨੂੰ ਮੈਂ ਪੂਰਨ ਸੁਧਾਰ ਕਹਿੰਦਾ ਹਾਂ।

*- ਸਵਾਮੀ ਵਿਵੇਕਾਨੰਦ*

ਸਾਬਣ ਦਾ ਸੁਭਾਓ ਕੱਪੜੇ ਦੀ ਮੈਲ ਕੱਟਣੀ ਹੈ ਪਰ ਜੇ ਸਾਬਣ ਆਪ ਹੀ ਮੈਲਾ ਹੋ ਜਾਵੇ ਤਾਂ ਕੱਪੜੇ ਦੀ ਮੈਲ ਕੌਣ ਕੱਟੇ।

*- ਨਾਨਕ ਸਿੰਘ*

ਜੇ ਸਾਨੂੰ ਇਹ ਪਤਾ ਹੋਵੇ ਕਿ ਅਸੀਂ ਕੀ ਕਰ ਰਹੇ ਹਾਂ ਤਾਂ ਇਹ ਖੋਜ ਨਹੀਂ ਹੈ।

*- ਅਲਬਰਟ ਆਈਨ ਸਟਾਈਨ*

ਜਿਸ ਚੀਜ਼ ਦਾ ਜਿਸ ਤਰੀਕੇ ਨਾਲ ਅਨੁਭਵ ਕੀਤਾ ਜਾਂਦਾ ਹੈ ਉਹ ਚੀਜ਼ ਉਸੇ ਤਰ੍ਹਾਂ ਨਾਲ ਅਨੁਭਵ ਵਿਚ ਆਉਣ ਲੱਗਦੀ ਹੈ।

*- ਯੋਗ ਵਸਿਸ਼ਟ*

ਤੁਹਾਡੀ ਕਿਸਮਤ ਤੁਹਾਡੇ ਹੱਥ ਹੈ ਜਿਹੜੀ ਸ਼ਕਤੀ ਅਤੇ ਸਹਾਇਤਾ ਤੁਸੀਂ ਚਾਹੁੰਦੇ ਹੋ ਉਹ ਸਾਰੀ ਤੁਹਾਡੇ ਅੰਦਰ ਮੌਜੂਦ ਹੈ ਇਸ ਲਈ ਆਪਣੀ ਕਿਸਮਤ ਆਪ ਹੀ ਬਣਾਓ।

*- ਅਚਾਰੀਆ ਵਿਨੋਬਾ ਭਾਵੇ*

ਇਹ ਗੱਲ ਕਿੰਨੀ ਗਲਤ ਹੈ ਅਸੀਂ ਖੁਦ ਗੰਦੇ ਰਹੀਏ ਪ੍ਰੰਤੂ ਦੂਜਿਆਂ ਨੂੰ ਸਾਫ਼ ਰਹਿਣ ਦੀ ਨਸੀਹਤ ਦੇਈਏ।

*- ਮਹਾਤਮਾ-ਗਾਂਧੀ*

ਮੈਂ ਸੰਸਾਰ ਨੂੰ ਬੰਧਕ ਬਣਾਉਣ ਨਹੀਂ ਸਗੋਂ ਛੁਡਾਉਣ ਲਈ ਆਇਆ ਹਾਂ



Sri Satguru Jagjit Singh Ji eLibrary NamdhariElibrary@gmail.com

ਅਗਰ ਕੋਈ ਆਪਣਾ ਘਟੀਆਪਣ ਨਹੀਂ ਛੱਡਦਾ ਤਾਂ ਅਸੀਂ ਆਪਣੀ ਮਹਾਨਤਾ ਦਾ ਤਿਆਗ ਕਿਓਂ ਕਰੀਏ।

*- ਸਵਾਮੀ ਰਾਮਾਨੰਦ*

ਟੌਹਰ ਇਸ ਗੱਲ ਵਿਚ ਨਹੀਂ ਕਿ ਤੁਹਾਨੂੰ ਕਿੰਨੇ ਮਾਣ ਸਨਮਾਨ ਮਿਲਦੇ ਹਨ ਸਗੋਂ ਇਹ ਸੋਚਣ ਵਿਚ ਹੈ ਕਿ ਤੁਸੀਂ ਇਨ੍ਹਾਂ ਦੇ ਕਾਬਲ ਵੀ ਹੋ ਕਿ ਨਹੀਂ।

*- ਅਰਸਤੂ*

ਉੱਪਰ ਦੀ ਸਫਾਈ ਕੰਮ ਨਹੀਂ ਆਏਗੀ ਜੇਕਰ ਅੰਦਰ ਗੰਦਗੀ ਭਰੀ ਪਈ ਹੈ।

*- ਅਗਿਆਤ*

ਦੂਜਿਆਂ ਨੂੰ ਉਹ ਕੁਝ ਮਨਾਉਣ ਦੀ ਕੋਸ਼ਿਸ਼ ਨਾ ਕਰੋ ਜੇ ਤੁਸੀਂ ਆਪ ਨਹੀਂ ਸਮਝਦੇ।

*- ਰਸੂਲ ਹਮਜ਼ਾ ਤੋਵ*

ਅਸੀਂ ਸਿਰਫ਼ ਉਨ੍ਹਾਂ ਗੱਲਾਂ ਲਈ ਹੀ ਜ਼ਿੰਮੇਵਾਰ ਨਹੀਂ ਜਿਹੜੀਆਂ ਅਸੀਂ ਕਰਦੇ ਹਾਂ ਸਗੋਂ ਉਨ੍ਹਾਂ ਲਈ ਵੀ ਜ਼ਿੰਮੇਵਾਰ ਹਾਂ ਜਿਹੜੀਆਂ ਅਸੀਂ ਨਹੀਂ ਕਰਦੇ।

*- ਫਰਾਸੀਸੀਨਾਟਕਕਾਰ ਸੋਲੀਆਰ*

ਸੁਧਾਰ ਅੰਦਰੋਂ ਹੋਣਾ ਚਾਹੀਦਾ ਹੈ ਬਾਹਰੋਂ ਨਹੀਂ। ਕਾਨੂੰਨਾਂ ਦੇ ਜ਼ਰੀਏ ਸਾਰੇ ਚੰਗੇ ਕੰਮ ਨਹੀਂ ਹੋ ਸਕਦੇ।

*- ਥਾਮਸ ਖੇਲ*

ਇਹ ਸਪੱਸ਼ਟ ਹੈ ਕਿ ਦੋ ਅੱਖਾਂ ਦੇ ਮੁਕਾਬਲੇਂ ਚਾਰ ਅੱਖਾਂ ਕਿਸੇ ਵਿਸ਼ੇ ਨੂੰ ਜ਼ਿਆਦਾ ਚੰਗੀ ਤਰ੍ਹਾਂ ਦੇਖ ਸਕਦੀਆਂ ਹਨ ਜਦੋਂਕਿ ਉਸ ਵਿਸ਼ੇ ਨੂੰ ਵੱਖ ਵੱਖ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਜਾਵੇ।

*- ਬਲੰਸਰੀ*

ਜਦੋਂ ਤੱਕ ਲੋਕ ਖੁਦ ਨੂੰ ਸੁਧਾਰਨ ਦੀ ਕੋਸ਼ਿਸ਼ ਨਹੀਂ ਕਰਨਗੇ ਉਦੋਂ ਤੱਕ ਕੋਈ ਸੁਧਾਰ ਹੋਣਾ ਅਸੰਭਵ ਹੈ।

*- ਕੇ. ਐਮ. ਮੁਨਸ਼ੀ*

ਸੁਪਨਾ ਉਹ ਨਹੀਂ ਜਿਸ ਨੂੰ ਤੁਸੀਂ ਸੌਂਦੇ ਹੋਏ ਦੇਖਦੇ ਹੋ ਸੁਪਨਾ ਉਹ ਹੈ ਜੋ ਤੁਹਾਨੂੰ ਸੌਣ ਨਹੀਂ ਦਿੰਦਾ।

*- ਏ. ਪੀ. ਜੇ. ਅਬਦੁਲ ਕਲਾਮ*

ਬਾਹਰੀ ਸ਼ੁੱਧਤਾ ਦੇ ਨਾਲ-ਨਾਲ ਅੰਦਰੂਨੀ ਸ਼ੁਧਤਾ ਵੀ ਜ਼ਰੂਰੀ ਹੈ।

*- ਸਵਾਮੀ ਰਾਮ ਤੀਰਥ*

ਇਸ ਸੰਸਾਰ ਵਿਚ ਸਭ ਤੋਂ ਵੱਡੀ ਵਸਤੂ ਇਹ ਨਹੀਂ ਕਿ ਅਸੀਂ ਕਿੱਥੇ ਹਾਂ ਸਗੋਂ ਇਹ ਹੈ ਕਿ ਅਸੀਂ ਕਿਸ ਪਾਸੇ ਚਲ ਰਹੇ ਹਾਂ।

*- ਸੁਕਰਾਤ*

ਜੇ ਦੂਜਿਆਂ ਦੀ ਸਹਾਇਤਾ ਕਰਨੀ ਚਾਹੁੰਦੇ ਹੋ ਤਾਂ ਪਹਿਲਾਂ ਆਪ ਸਹਾਇਤਾ ਲੈਣੀ ਬੰਦ ਕਰੋ ਜਿਸ ਨੇ ਖੁਦ ਨੂੰ ਸਮਝ ਲਿਆ ਉਸ ਦੇ ਬਾਅਦ ਹੀ ਉਹ ਸਹੀ ਮੱਦਦ ਕਰ ਸਕਦਾ ਹੈ।

*- ਤੇਜ ਗੁਰੂ ਤੇਜ ਪਾਰਖੀ ਜੀ*



Sri Satguru Jagjit Singh Ji eLibrary NamdhariElibrary@gmail.com

ਸਾਡੀ ਸਦਾ ਇਹ ਕੋਸ਼ਿਸ਼ ਰਹੇਗੀ ਕਿ ਇਕ ਦੂਸਰੇ ਦੇ ਵਿਚਾਰਾਂ ਨੂੰ ਸਮਝੀਏ ਅਤੇ ਅਜਿਹੇ ਫੈਸਲੇ ਕਰੀਏ ਜੋ ਕਿ ਸਾਰਿਆਂ ਨੂੰ ਮਨਜ਼ੂਰ ਹੋਣ ਤੇ ਜਿਨ੍ਹਾਂ ਨਾਲ ਸਾਡੇ ਦੇਸ਼ ਦਾ ਕਲਿਆਣ ਹੋਵੇ।

*- ਸਰਕਾਰ ਵਲਭ ਭਾਈ ਪਟੇਲ*

ਜਿਹੜਾ ਖੁਦ ਚਾਨਣ ਫੈਲਾਉਣ ਵਾਲਾ ਹੈ ਜੇਕਰ ਉਹੀ ਹਨੇਰੇ ਵਿਚ ਠੋਕਰ ਖਾ ਕੇ ਡਿੱਗੇ ਤਾਂ ਉਹ ਦੂਜਿਆਂ ਨੂੰ ਕੀ ਰੌਸ਼ਨੀ ਦਿਖਾਏਗਾ।

*- ਹਰੀ ਔਧ*

ਅਸੀਂ ਆਪਣੇ ਆਪ ਨੂੰ ਖੁਦਦਾਰ ਕਰ ਸਕਦੇ ਹਾਂ ਹੋਰ ਕੋਈ ਨਹੀਂ।

*- ਜੋਸੀਆ ਗਿਲ ਬਰਟ*

ਦੂਰ ਦੇ ਨਿਸ਼ਾਨਿਆਂ ਤੇ ਨਜ਼ਰ ਰੱਖਦੇ ਹੋਏ ਨੇੜੇ ਦੀਆਂ ਚੀਜ਼ਾਂ ਨੂੰ ਅੱਖੋਂ ਉਹਲੇ ਨਾ ਕਰੋ।

*- ਯੂਰੀ ਪਿਡੀਜ਼*

ਜ਼ਿੰਦਗੀ ਵਿਚ ਸਭ ਤੋਂ ਮੁਸ਼ਕਲ ਕੰਮ ਆਪਣੇ ਆਪ ਨੂੰ ਪਛਾਨਣਾ ਹੈ ਕੀੜੀ ਤੋਂ ਵਧੀਆ ਸਿੱਖਿਆ ਕੋਈ ਨਹੀਂ ਦੇ ਸਕਦਾ ਕਿਉਂਕਿ ਉਹ ਕੁਝ ਨਹੀਂ ਆਖਦੀ ਸਗੋਂ ਮਿਹਨਤ ਕਰਦੀ ਹੈ।

*- ਫਰੈਂਕਲਿਨ*

ਸਾਡੀ ਸਦਾ ਇਹ ਕੋਸ਼ਿਸ਼ ਰਹੇਗੀ ਕਿ ਇਕ ਦੂਸਰੇ ਦੇ ਵਿਚਾਰਾਂ ਨੂੰ ਸਮਝੀਏ ਅਤੇ ਅਜਿਹੇ ਫੈਸਲੇ ਕਰੀਏ ਜੋ ਕਿ ਸਾਰਿਆਂ ਨੂੰ ਮਨਜ਼ੂਰ ਹੋਣ ਤੇ ਜਿਨ੍ਹਾਂ ਨਾਲ ਸਾਡੇ ਦੇਸ਼ ਦਾ ਕਲਿਆਣ ਹੋਵੇ।

*- ਸਰਦਾਰ ਵਲਭ ਭਾਈ ਪਟੇਲ*

ਅਸੀਂ ਜਿੰਨੀ ਜਲਦੀ ਲੋਕਾਂ ਦੀਆਂ ਭਾਵਨਾਵਾਂ ਦਾ ਅੰਦਾਜ਼ਾ ਲਗਾ ਸਕੀਏ ਦੁਨੀਆਂ ਦੇ ਲਈ ਉਨਾ ਹੀ ਚੰਗਾ ਹੋਵੇਗਾ।

*- ਡਾ. ਰਾਧਾ ਕ੍ਰਿਸ਼ਨਨ*

ਸਾਨੂੰ ਕੋਈ ਧੋਖਾ ਨਹੀਂ ਦਿੰਦਾ ਅਸੀਂ ਖੁਦ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ।

*- ਗੇਟੇ*

ਜੇ ਹਰ ਕੋਈ ਆਪੋ ਆਪਣੇ ਘਰ ਦੇ ਬਾਹਰ ਝਾੜੂ ਮਾਰੇ ਤਾਂ ਸਾਰਾ ਸੰਸਾਰ ਸਾਫ਼ ਸੁਥਰਾ ਹੋ ਜਾਵੇਗਾ।

*- ਜਰਮਨ ਨਾਟਕਕਾਰ ਗੋਇਥੇ*

ਦੁੱਖ ਦੂਰ ਕਰਨ ਲਈ ਸਭ ਤੋਂ ਚੰਗੀ ਦਵਾਈ ਹੈ ਕਿ ਉਸ ਬਾਰੇ ਸੋਚਣਾ ਛੱਡ ਦਿਓ ਕਿਉਂਕਿ ਚਿੰਤਨ ਨਾਲ ਦੁੱਖ ਵਧਦਾ ਹੈ।

*- ਵੇਦ ਵਿਆਸ*

ਬਾਹਰਲੀਆਂ ਸੱਟਾਂ ਜਿਹੜੀਆਂ ਮੇਰੇ ਲਈ ਘਾਤਕ ਨਹੀਂ ਬਣਦੀਆਂ ਮੈਨੂੰ ਅੰਦਰੋਂ ਹੋਰ ਮਜ਼ਬੂਤ ਬਣਾਉਂਦੀਆਂ ਹਨ।

*- ਨਿਤਸ਼ੇ*

ਵਿਚਾਰ ਚਰਚਾ ਬੁੱਧੀ ਨੂੰ ਤੇਜ ਕਰਦੀ ਹੈ ਜਦੋਂ ਕਿ ਖਾਮੋਸ਼ ਚਿੰਤਨ ਰੂਹ ਨੂੰ



Sri Satguru Jagjit Singh Ji eLibrary NamdhariElibrary@gmail.com

ਤਾਕਤ ਬਖਸ਼ਦਾ ਹੈ।

*- ਜੇਮਿਜ ਗਿਬਨ*

ਸਾਨੂੰ ਕਾਮ ਕ੍ਰੋਧ ਲੋਭ ਅਤੇ ਮੋਹ ਦਾ ਤਿਆਗ ਕਰਕੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੀ ਕੀ ਹਸਤੀ ਹੈ ਜੇ ਅਸੀਂ ਅੱਖਾਂ ਬੰਦ ਕਰਕੇ ਆਤਮ ਚਿੰਤਨ ਕਰਾਂਗੇ ਤਾਂ ਸਾਨੂੰ ਪਤਾ ਲੱਗ ਜਾਏਗਾ ਕਿ ਅਸੀਂ ਕਿੰਨੇ ਛੋਟੇ ਹਾਂ।

*- ਭਗਵਾਨ ਮਹਾਂਵੀਰ*

ਸਵੇਰ ਤੋਂ ਸ਼ਾਮ ਤੱਕ ਕੀਤਾ ਕੰਮ ਭਾਵੇਂ ਆਮ ਵਾਂਗ ਹੀ ਹੋਵੇ ਪਰ ਅਸਲ 'ਚ ਉਹ ਸਾਡੇ ਲਈ ਇੱਕ ਸਬਕ ਛੱਡ ਜਾਂਦਾ ਹੈ। ਇਹ ਕਾਰਨ ਹੈ ਕਿ ਸਮਾਂ ਬੀਤਦਿਆਂ ਜ਼ਿੰਦਗੀ ਦੀ ਪੁਸਤਕ ਦੇ ਪੰਨਿਆਂ ਤੇ ਅਨੇਕਾਂ ਤਜਰਬੇ ਸਬਕ ਤੇ ਸੇਧਾਂ ਅੰਕਿਤ ਹੋ ਜਾਂਦੇ ਹਨ। ਜਿਹੜੇ ਸਬਕਾਂ ਨੂੰ ਪੱਲੇ ਬੰਨ੍ਹਕੇ ਤੁਰਦੇ ਹਨ ਉਹ ਰਾਹਤੇ ਸਾਬਤ ਕਦਮੀ ਅੱਗੇ ਵਧਦੇ ਰਹਿੰਦੇ ਹਨ।

*- ਰਾਮ ਸਵਰਨ ਲੱਖੇ ਵਾਲੀ*

ਫੁੱਲਾਂ ਵਾਲੇ ਦਰਖਤ ਅਤੇ ਗੁਣਵਾਨ ਵਿਅਕਤੀ ਝੁਕ ਜਾਂਦੇ ਹਨ। ਸਾਰੇ ਦਾਨਾਂ 'ਚੋਂ ਉੱਤਮ ਗਿਆਨ ਭਾਵ ਸਿੱਖਿਆ ਦਾਨ ਹੈ। ਮਾਂ ਦੀ ਕੁਰਬਾਨੀ ਦਾ ਮੁੱਲ ਕੋਈ ਵੀ ਪੁੱਤਰ ਨਹੀਂ ਦੇ ਸਕਦਾ ਭਾਵੇ ਉਹ ਸਾਰੀ ਧਰਤੀ ਦਾ ਮਾਲਕ ਬਣ ਜਾਵੇ ਜੇਕਰ ਸਨਮਾਨ ਚਾਹੁੰਦੇ ਹੋ ਤਾਂ ਪਹਿਲਾਂ ਸਨਮਾਨ ਕਰਨਾ ਸਿੱਖੋ। ਦੂਜਿਆਂ ਅੰਦਰ ਚੰਗਿਆਈਆਂ ਅਤੇ ਆਪਣੇ ਅੰਦਰ ਬੁਰਾਈਆਂ ਲੱਭੋ। ਮਨੁੱਖ ਕਦੇ ਨਹੀਂ ਬਦਲਦਾ ਉਸ ਦੇ ਵਿਚਾਰ ਬਦਲਦੇ ਹਨ।

*- ਪ੍ਰਿਤਪਾਲ ਢਿੱਲੋਂ*



Sri Satguru Jagjit Singh Ji eLibrary NamdhariElibrary@gmail.com

# ਪ੍ਰਸੰਸਾ, ਖੁਸ਼ਾਮਦ

ਪ੍ਰਸ਼ੰਸਾ ਐਸਾ ਜ਼ਹਿਰ ਹੈ ਜਿਸਨੂੰ ਥੋੜੀ ਮਾਤਰਾ ਵਿਚ ਗ੍ਰਹਿਣ ਕੀਤਾ ਜਾਣਾ ਚਾਹੀਦਾ ਹੈ।

*- ਬਾਲ ਜਾਕ*

ਇਸ ਦੁਨੀਆਂ ਵਿਚ ਹਕੂਮਤ ਦੇ ਪਿਛੇ ਲੱਗਾ ਹੋਇਆ ਰੋਗ ਖੁਸ਼ਾਮਦ ਹੈ।

*- ਸਰਦਾਰ ਪਟੇਲ*

ਯਸ਼ ਤਿਆਗ ਨਾਲ ਮਿਲਦਾ ਹੈ ਧੋਖਾਧੜੀ ਨਾਲ ਨਹੀਂ।

*- ਮੁਨਸ਼ੀ ਪ੍ਰੇਮਚੰਦ*

ਸੁਕਰਗੁਜਾਰ ਹੋਣ ਦੀਆਂ ਵੀ ਸੀਮਾਵਾਂ ਹਨ ਕੋਈ ਬੰਦਾ ਆਪਣੀ ਮਰਿਯਾਦਾ ਦੀ ਕੀਮਤ ਉੱਤੇ ਕੋਈ ਔਰਤ ਆਪਣੀ ਪਵਿੱਤਰਤਾ ਦੀ ਕੀਮਤ ਉਤੇ ਅਤੇ ਕੋਈ ਦੇਸ਼ ਆਪਣੀ ਅਜ਼ਾਦੀ ਦੀ ਕੀਮਤ ਉੱਤੇ ਅਜਿਹਾ ਨਹੀਂ ਕਰ ਸਕਦਾ।

*- ਡਾ. ਬੀ. ਆਰ. ਅੰਬੇਦਕਰ*

ਆਪਣੇ ਦੁੱਖ ਸੁਣਾਕੇ ਤੁਸੀਂ ਲੋਕਾਂ ਦੀ ਹਮਦਰਦੀ ਨਹੀਂ ਲੈਂਦੇ ਸਗੋਂ ਉਨ੍ਹਾਂ ਦੀਆਂ ਨਜ਼ਰਾਂ 'ਚ ਨੀਵੇਂ ਹੋ ਜਾਂਦੇ ਹੋ।

*- ਚਾਣਕਿਆ*

ਸਰਾਹਨਾ ਬੜੀ ਕਮਾਲ ਦੀ ਚੀਜ਼ ਹੈ ਇਸ ਨਾਲ ਹੋਰਾਂ ਵਲੋਂ ਕੀਤੇ ਜਾ ਰਹੇ ਕਮਾਲ ਵੀ ਤੁਹਾਨੂੰ ਆਪਣੇ ਲੱਗਣ ਲੱਗਦੇ ਹਨ।

*- ਵਾਲਟੇਅਰ*

ਕਿਸੇ ਦੇ ਗੁਣਾਂ ਦੀ ਪ੍ਰਸ਼ੰਸਾ ਕਰਨ 'ਚ ਆਪਣਾ ਸਮਾਂ ਬਰਬਾਦ ਨਾ ਕਰੋ ਸਗੋਂ ਉਨ੍ਹਾਂ ਦੇ ਗੁਣਾਂ ਨੂੰ ਅਪਣਾਉਣ ਦੀ ਕੋਸ਼ਿਸ਼ ਕਰੋ।

*- ਕਾਰਲ ਮਾਰਕਸ*

ਦੁਨੀਆਂ ਵਿਚ ਅਜਿਹਾ ਕੋਈ ਵਿਅਕਤੀ ਨਾ ਹੀ ਪੈਦਾ ਹੋਇਆ ਅਤੇ ਨਾ ਹੀ ਪੈਦਾ ਹੋਵੇਗਾ ਜਿਸ ਦੀ ਹਰ ਕੋਈ ਪ੍ਰਸ਼ੰਸਾ ਕਰਦਾ ਹੋਵੇ।

*- ਭਗਵਾਨ ਬੁੱਧ*

ਜਿਥੇ ਲੋੜੋਂ ਵੱਧ ਖੁਸ਼ਾਮਦ ਹੋਵੇ ਉਥੇ ਸਭ ਕੁਝ ਠੀਕ ਰਹਿਣ ਦੀ ਉਮੀਦ ਨਹੀਂ ਕਰਨੀ ਚਾਹੀਦੀ।

*- ਮਹਾਤਮਾ ਗਾਂਧੀ*



Sri Satguru Jagjit Singh Ji eLibrary NamdhariElibrary@gmail.com

# ਹੱਲ, ਮੁਸ਼ਕਲਾਂ, ਸਮੱਸਿਆਵਾਂ

ਜਿਨ੍ਹਾਂ ਸਵਾਲਾਂ ਨੂੰ ਨੀਤੀਵਾਨ ਹੱਲ ਨਹੀਂ ਕਰ ਸਕੇ ਉਨ੍ਹਾਂ ਨੂੰ ਬਾਰੂਦ ਤੇ ਖ਼ੂਨ ਖਰਾਬਾ ਵੀ ਹੱਲ ਨਹੀਂ ਕਰ ਸਕਦੇ।

*- ਟਾਲਸਟਾਏ*

ਮੁਸੀਬਤਾਂ ਤੋਂ ਨਜ਼ਰਾਂ ਫੇਰਨ ਨਾਲ ਉਹ ਹੋਰ ਵੀ ਵੱਡੀਆਂ ਹੋ ਜਾਂਦੀਆਂ ਹਨ।

*- ਐਡ ਮੰਡ ਬਰਕ*

ਜੇਕਰ ਸਮਾਂ ਰਹਿੰਦੇ ਕਿਸੇ ਸਮੱਸਿਆ ਦਾ ਹੱਲ ਨਾ ਕੱਢਿਆ ਜਾਵੇ ਤਾਂ ਸਮੱਸਿਆ ਹੋਰ ਵੀ ਭਿਆਨਕ ਹੋ ਜਾਂਦੀ ਹੈ।

*- ਨੀਤੀ ਬਚਨ*

ਜਿਹੜੇ ਇਨਸਾਨ ਸਮੱਸਿਆ ਨੂੰ ਸਮਝਦੇ ਹਨ ਉਨ੍ਹਾਂ ਵਾਸਤੇ ਉਸ ਸਮੱਸਿਆ ਦਾ ਹੱਲ ਦੱਸਣਾ ਬਹੁਤ ਅਸਾਨ ਹੁੰਦਾ ਹੈ।

*- ਮੇਲ ਕਮ ਫੌਰ ਬਸ*

ਸੁਪਨੇ ਤੁਹਾਨੂੰ ਜਿਊਂਦਾ ਰੱਖਦੇ ਹਨ ਪਰ ਚੁਣੌਤੀਆਂ ਦਾ ਮੁਕਾਬਲਾ ਕਰਕੇ ਹੀ ਤੁਸੀਂ ਜ਼ਿੰਦਗੀ ਨੂੰ ਜਿਉਣ ਲਾਇਕ ਬਣਾਉਂਦੇ ਹੋ।

*- ਮੇਗੀ ਟਾਇਲ ਮੂਰ*

ਜੇਕਰ ਸਮਾਂ ਰਹਿੰਦੇ ਕਿਸੇ ਸਮੱਸਿਆ ਦਾ ਹੱਲ ਨਾ ਕੀਤਾ ਜਾਵੇ ਤਾਂ ਸਮੱਸਿਆ ਹੋਰ ਭਿਆਨਕ ਹੋ ਜਾਂਦੀ ਹੈ।

*- ਨੀਤੀ ਬਚਨ*

ਮੁਸ਼ਕਲਾਂ ਮਨੁੱਖ ਦੇ ਅੰਦਰਲੇ ਭਲੇ ਪੁਰਸ਼ ਨੂੰ ਜਗਾਉਣ ਅਤੇ ਹੋਰ ਜ਼ਿਆਦਾ ਸਾਵਧਾਨੀ ਨਾਲ ਅੱਗੇ ਵਧਣ ਦੀ ਚਿਤਾਵਨੀ ਦੇਣ ਆਉਂਦੀਆਂ ਹਨ।

*- ਸ੍ਰੀ ਰਾਮ ਸ਼ਰਮਾ ਆਚਾਰੀਆ*

ਹਮੇਸ਼ਾ ਚਿੰਤਾ ਕਰਨ ਤੋਂ ਪਹਿਲਾਂ ਸੋਚਣਾ ਚਾਹੀਦਾ ਹੈ ਕਿ ਜਿਸ ਦਾ ਮੈਨੂੰ ਅੱਜ ਫ਼ਿਕਰ ਹੈ ਸ਼ਾਇਦ ਉਹ ਵਾਪਰੇ ਹੀ ਨਾ ਹੋ ਸਕਦਾ ਹੈ ਕਿ ਕੋਈ ਨਾ ਕੋਈ ਰਾਹ ਨਿਕਲ ਆਏ।

*- ਡੇਲ ਕਾਰ ਨੇਗੀ*

ਸਮੱਸਿਆ ਸੁਲਝਾਉਂਦੇ ਵਕਤ ਪੱਤੀਆਂ ਨੋਚਣ ਦੀ ਬਜਾਏ ਜੜ੍ਹਾਂ ਨੂੰ ਪੁੱਟੋ।

*- ਐਬਨੀਜੇਬੀ ਐਂਜੇਲੋ*

ਹਰੇਕ ਸਮੱਸਿਆ ਦਾ ਹੱਲ ਸਾਡੇ ਕੋਲ ਹੈ। ਚਾਹੇ ਅਸੀਂ ਉਸ ਦਾ ਹੱਲ ਨਾ ਕੱਢ ਸਕੀਏ ਪ੍ਰੰਤੂ ਕਿਸੇ ਨਾ ਕਿਸੇ ਦਿਨ ਕੋਈ ਨਾ ਕੋਈ ਜ਼ਰੂਰ ਕੱਢ ਲਵੇਗਾ।

*- ਟਾਮਸ ਅਲਵਾ*

ਕਠਿਨਾਈਆਂ ਨਾਲ ਜੂਝਣ ਤੇ ਸਮੱਸਿਆਵਾਂ ਦਾ ਦੇਰ ਸਵੇਰ ਹੱਲ ਜ਼ਰੂਰ ਹੁੰਦਾ ਹੈ ਸਮੱਸਿਆਵਾਂ ਤੋਂ ਡਰਕੇ ਭੱਜਣਾ ਕਦੇ ਨਾ ਮਿੱਥੋ।

*- ਆਰੀਆ ਭੱਟ*

ਇਸ ਸੰਸਾਰ ਵਿਚ ਖਤਰੇ ਉਨ੍ਹਾਂ ਵਾਸਤੇ ਹੀ ਹੁੰਦੇ ਹਨ ਜਿਹੜੇ ਖ਼ਤਰਿਆਂ



Sri Satguru Jagjit Singh Ji eLibrary NamdhariElibrary@gmail.com

ਤੋਂ ਡਰਦੇ ਹਨ।

- ਜਾਰਜ ਬਰਨਾਰਡ ਸ਼ਾਅ

ਗਣਿਤ ਬਾਰੇ ਜਿਹੜੀਆਂ ਤੁਹਾਨੂੰ ਮੁਸ਼ਕਲਾਂ ਆ ਰਹੀਆਂ ਹਨ। ਉਨ੍ਹਾਂ ਬਾਰੇ ਚਿੰਤਾ ਨਾ ਕਰੋ। ਮੈਂ ਸੱਚ ਕਹਿੰਦਾ ਹਾਂ ਕਿ ਮੈਨੂੰ ਤੁਹਾਡੇ ਨਾਲੋਂ ਵੀ ਜ਼ਿਆਦਾ ਆਈਆਂ ਸਨ।

- ਅਲਬਰਟ ਆਈਨਸ ਟਾਈਨ

ਉਨ੍ਹਾਂ ਸਵਾਲਾਂ ਤੋਂ ਆਪਣੇ ਆਪ ਨੂੰ ਵੱਖ ਕਰਨਾ ਅਸੰਭਵ ਹੈ ਜਿਨ੍ਹਾਂ ਨਾਲ ਤੁਹਾਡਾ ਯੁੱਗ ਉਲਝਿਆ ਹੋਇਆ ਹੈ।

- ਐਮਰਸਨ

ਮੁਸੀਬਤ ਤੋਂ ਵੱਧ ਕੇ ਅਨੁਭਵ ਸਿਖਾਉਣ ਵਾਲੀ ਸੰਸਥਾ ਅੱਜ ਤੱਕ ਇਸ ਸੰਸਾਰ ਤੇ ਹੋਂਦ ਵਿਚ ਨਹੀਂ ਆਈ।

- ਮੁਨਸ਼ੀ ਪ੍ਰੇਮ ਚੰਦ

ਪਾਪੀ ਬਣਨ ਨਾਲੋਂ ਮੁਸੀਬਤਾਂ ਦੇ ਮੂੰਹ ਆਉਣਾ ਚੰਗਾ ਹੈ।

- ਸ਼ੇਖ ਸਾਅਦੀ

ਅਸੀਂ ਉਸ ਸੋਚ ਨਾਲ ਆਪਣੀਆਂ ਸਮੱਸਿਆਵਾਂ ਹੱਲ ਨਹੀਂ ਕਰ ਸਕਦੇ ਜਿਸ ਸੋਚ ਨਾਲ ਅਸੀਂ ਉਨ੍ਹਾਂ ਨੂੰ ਸਿਰਜਿਆ ਹੈ।

- ਅਗਿਆਤ

ਅਸੰਤੁਲਿਤ ਸ਼ਕਤੀ ਦੀ ਵਰਤੋਂ ਸਮੱਸਿਆਵਾਂ ਨੂੰ ਜ਼ਿਆਦਾ ਉਲਝਾ ਦਿੰਦੀ ਹੈ।

- ਅਗਿਆਤ

ਮੁਸ਼ਕਲਾਂ ਨੂੰ ਹੱਲ ਕਰਕੇ ਸਫਲਤਾ ਪ੍ਰਾਪਤ ਕਰਨ ਵਾਲੇ ਹੀ ਦੁਨੀਆਂ ਵਿਚ ਆਪਣਾ ਮੁਕਾਮ ਬਣਾਉਂਦੇ ਹਨ।

- ਅਗਿਆਤ

ਮੁਸੀਬਤਾਂ ਸਾਨੂੰ ਆਤਮ ਗਿਆਨ ਕਰਵਾਉਂਦੀਆਂ ਹਨ ਉਹ ਸਾਨੂੰ ਦਿਖਾ ਦਿੰਦੀਆਂ ਹਨ ਕਿ ਅਸੀਂ ਕਿਸ ਮਿੱਟੀ ਦੇ ਬਣੇ ਹੋਏ ਹਾਂ।

- ਮਹਾਤਮਾ ਗਾਂਧੀ

ਦਮਨ ਕਿਸੇ ਸਮੱਸਿਆ ਦਾ ਸਥਾਈ ਹੱਲ ਨਹੀਂ ਬਲਕਿ ਕੇਵਲ ਅਸਲੀ ਸਮੱਸਿਆ ਨੂੰ ਦਬਾਉਣ ਜਾਂ ਲੁਕਾਉਣ ਦੀ ਕੋਸ਼ਿਸ਼ ਹੈ।

- ਮਾਰਗਨ

ਭਾਰਤ ਦੀ ਆਰਥਿਕ ਸਮੱਸਿਆ ਦਾ ਇਕੋ ਇਕ ਹੱਲ ਹੈ ਸਾਇੰਸ ਹੋਰ ਸਾਇੰਸ ਅਤੇ ਹੋਰ ਹੋਰ ਸਾਇੰਸ।

- ਸਰ ਸੀਵੀ ਰਮਨ

ਮੁਸ਼ਕਲ ਵੇਲੇ ਹੌਸਲਾ ਕਾਇਮ ਰੱਖਣਾ ਹੀ ਅੱਧੀ ਮੰਜ਼ਿਲ ਨੂੰ ਕਾਇਮ ਕਰ ਲੈਣਾ ਹੈ।

- ਪਲੈਟੋ

ਮੁਸੀਬਤਾਂ, ਮੁਸ਼ਕਿਲਾਂ ਦਾ ਸਾਹਮਣਾ ਕਰੋ ਉਹ ਸੁਲਝ ਜਾਣਗੀਆਂ ਜੇ ਭੱਜੋਗੇ



Sri Satguru Jagjit Singh Ji eLibrary NamdhariElibrary@gmail.com

ਤਾਂ ਉਹ ਤੁਹਾਡੇ ਮਗਰ ਭੱਜਣਗੀਆਂ।

*- ਸਵਾਮੀ ਵਿਵੇਕਾਨੰਦ*

ਕੋਈ ਮੁਸ਼ਕਲ ਏਡੀ ਮੁਸ਼ਕਲ ਨਹੀਂ ਹੁੰਦੀ ਜੇਡੀ ਦੁਚਿੱਤੀ ਹੁੰਦੀ ਹੈ ਘਬਰਾਹਟ ਵੀ ਸਾਰੀ ਦੁਚਿੱਤੀ ਵਿਚ ਹੀ ਹੁੰਦੀ ਹੈ।

*- ਗੁਰਬਖਸ਼ ਸਿੰਘ*

ਕਦੀ ਵੀ ਮੁਸ਼ਕਲ ਨੂੰ ਸਮੇਂ ਤੋਂ ਪਹਿਲਾਂ ਹੀ ਨਾ ਚਿਤਵੋ ਨਾ ਹੀ ਇਸ ਬਾਰੇ ਸੋਚੋ ਕਿ ਭਵਿੱਖ ਵਿਚ ਕੀ ਹੋਵੇਗਾ ਸਦਾ ਹੀ ਧੁੱਪ ਵਿਚ ਰਹੋ ਨਾ ਕਿ ਹਨੇਰੇ ਵਿਚ।

*- ਬੈਂਜਾਮਿਨ ਫਰੈਂਕਲਿਨ*

ਮੁਸੀਬਤਾਂ ਸਾਨੂੰ ਆਤਮ ਗਿਆਨ ਪ੍ਰਦਾਨ ਕਰਦੀਆਂ ਹਨ ਉਹ ਸਾਨੂੰ ਸਿਖਾ ਦਿੰਦੀਆਂ ਹਨ ਕਿ ਅਸੀਂ ਕਿਸ ਮਿੱਟੀ ਦੇ ਬਣੇ ਹਾਂ।

*- ਜਵਾਹਰ ਲਾਲ ਨਹਿਰੂ*

ਸਾਰੇ ਸਵਾਲ ਹੱਲ ਹੋ ਸਕਦੇ ਹਨ ਅਸਲ ਵਿਚ ਸਾਰੇ ਸਵਾਲਾਂ ਦੇ ਅੰਦਰ ਹੀ ਉਨ੍ਹਾਂ ਦੇ ਹੱਲ ਛੁਪੇ ਹੁੰਦੇ ਹਨ।

*- ਅਚਾਰੀਆ ਰਜਨੀਸ਼*



Sri Satguru Jagjit Singh Ji eLibrary NamdhariElibrary@gmail.com

# ਕਰਮ, ਕੰਮ, ਅਮਲ

ਮੌਕੇ ਅਨੁਸਾਰ ਸਮਝਦਾਰੀ ਨਾਲ ਅਮਲ ਕਰਨਾ ਸਭ ਤੋਂ ਉੱਚੀ ਸਿਆਣਪ ਹੈ।

*- ਹੋਰੇਸ ਵਾਲ ਪੋਲ*

ਸਵੇਰੇ ਉੱਠਦੇ ਹੀ ਆਪਣੇ ਕਰਮਸ਼ੀਲ ਹੱਥਾਂ ਨੂੰ ਦੇਖੋ ਅਤੇ ਪ੍ਰਾਰਥਨਾ ਕਰੋ ਕਿ ਅੱਜ ਇਨ੍ਹਾਂ ਹੱਥਾਂ ਤੋਂ ਭਲਾ ਹੋਵੇ।

*- ਅਗਿਆਤ*

ਜਿਹੜੇ ਮਾੜੇ ਕੰਮ ਕਰਦੇ ਹਨ ਉਨ੍ਹਾਂ ਦਾ ਫਲ ਭਾਵੇ ਤੁਰੰਤ ਨਾ ਮਿਲੇ ਪਰ ਹੌਲੀ ਹੌਲੀ ਉਹ ਉਨ੍ਹਾਂ ਦੀਆਂ ਜੜ੍ਹਾਂ ਜ਼ਰੂਰ ਕੱਟ ਦਿੰਦੇ ਹਨ।

*- ਵੇਦ ਵਿਆਸ*

ਨੀਤੀਆਂ ਤੇ ਯੋਜਨਾਵਾਂ ਉਦੋਂ ਢੁੱਛ ਹੋ ਕੇ ਰਹਿ ਜਾਂਦੀਆਂ ਹਨ ਜਦੋਂ ਉਨ੍ਹਾਂ ਤੇ ਅਮਲ ਕਰਾਉਣ ਵਾਲਿਆਂ ਦਾ ਆਪਣਾ ਵਿਵਹਾਰ ਨੀਤੀਆਂ ਦੇ ਉਲਟ ਹੋ ਜਾਂਦਾ ਹੈ।

*- ਅਗਿਆਤ*

ਹੱਥੀਂ ਕੰਮ ਕਰਨ ਵਾਲੇ ਖਰ੍ਹਵੇ ਹੱਥ ਜਿਹੜੇ ਕੁਝ ਕਰਨ ਸਿਰਜਣ ਦੇ ਸਮਰੱਥ ਹੁੰਦੇ ਹਨ ਉਹ ਨਾਜ਼ੁਕ ਵਿਹਲੜ ਹੱਥਾਂ ਨਾਲੋਂ ਕਿਤੇ ਜ਼ਿਆਦਾ ਖ਼ੂਬਸੂਰਤ ਹੁੰਦੇ ਹਨ।

*- ਇਬਰਾਹਿਮ ਲਿੰਕਨ*

ਉਤਮ ਕਾਰਵਾਈ ਤੁਹਾਨੂੰ ਆਪਣੇ ਆਪ ਨੂੰ ਸ਼ਕਤੀ ਦਿੰਦੀ ਹੈ ਅਤੇ ਹੋਰਨਾਂ ਨੂੰ ਅਜਿਹੀ ਕਾਰਵਾਈ ਲਈ ਉਤਸ਼ਾਹਿਤ ਕਰਦੀ ਹੈ।

*- ਪਲੈਟੋ*

ਕਿਸੇ ਗੱਲ ਬਾਰੇ ਸਿਰਫ਼ ਜਾਣ ਲੈਣਾ ਹੀ ਕਾਫ਼ੀ ਨਹੀਂ ਸਾਨੂੰ ਉਸ ਤੇ ਅਮਲ ਵੀ ਕਰਨਾ ਚਾਹੀਦਾ ਹੈ।

*- ਗੇਟੇ*

ਉਹ ਸ਼ਰਧਾ ਦਾ ਕੋਈ ਮੁੱਲ ਨਹੀਂ ਜਿਸ ਨੂੰ ਅਮਲ ਵਿਚ ਨਾ ਲਿਆਂਦਾ ਜਾ ਸਕਦਾ ਹੋਵੇ।

*- ਮਹਾਤਮਾ ਗਾਂਧੀ*

ਭੈੜੇ ਕੰਮ ਘਟੀਆ ਪ੍ਰਬੰਧਾਂ ਨੂੰ ਜਨਮ ਦਿੰਦੇ ਹਨ।

*- ਬਰੂਕ*

ਖ਼ੁਦ ਅਮਲ ਕਰਨ ਵਾਲੇ ਬਣੋ ਤਾਂ ਦੂਜੇ ਆਪ ਤੁਹਾਡੇ ਨਕਸ਼ੇ ਕਦਮ ਤੇ ਚੱਲਣਗੇ।

*- ਮਹਾਤਮਾ ਗਾਂਧੀ*

ਮਨੁੱਖ ਦੇ ਮੌਜੂਦਾ ਜੀਵਨ ਵਿਚ ਸੁੱਖ, ਦੁੱਖ, ਅਮੀਰੀ, ਗਰੀਬੀ ਸਿਰਫ਼ ਹਾਲਾਤਾਂ ਦਾ ਨਤੀਜਾ ਹਨ ਨਾ ਕਿ ਪਿਛਲੇ ਜਨਮ ਦੇ ਕਰਮਾਂ ਦਾ ਫਲ।

*- ਮਹਾਤਮਾ ਬੁੱਧ*



Sri Satguru Jagjit Singh Ji eLibrary NamdhariElibrary@gmail.com

ਪ੍ਰਸਿਧੀ ਹਰ ਇਕ ਮਨੁੱਖ ਪ੍ਰਾਪਤ ਕਰ ਸਕਦਾ ਹੈ ਉਹ ਦੋ ਪ੍ਰਕਾਰ ਦੀ ਹੁੰਦੀ ਹੈ ਇੱਕ ਨੇਕ ਕੰਮ ਦੀ ਅਤੇ ਦੂਸਰੀ ਬਦਕੰਮ ਦੀ। ਨੇਕ ਕੰਮ ਦੀ ਪ੍ਰਸਿੱਧੀ ਦੇਰ ਵਿਚ ਤਪੱਸਿਆ ਨਾਲ ਹੀ ਮਿਲਦੀ ਹੈ। ਪਰ ਬਦ ਕੰਮ ਵਿਚ ਆਦਮੀ ਰਾਤੋ ਰਾਤ ਮਸ਼ਹੂਰ ਹੋ ਜਾਂਦਾ ਹੈ। ਹੁਣ ਇਹ ਤੁਹਾਡੇ ਉਤੇ ਹੈ ਕਿ ਕੀ ਚਾਹੁੰਦੇ ਹੋ ਤੁਸੀਂ।

*- ਸੈਮੂਅਲ ਬੋਨ*

ਕਿਸਮਤ ਕੀ ਈਸ਼ਵਰ ਦੇ ਹੱਥ ਹੈ-ਨਹੀਂ। ਆਲਸੀਆਂ ਦਾ ਨਾਅਰਾ ਹੈ ਇਹ ਕੰਮ ਕਰਨ ਵਾਲੇ ਵਿਅਕਤੀ ਦਾ ਭਾਗ ਹਮੇਸ਼ਾ ਉੱਜਲ ਕਿਉਂ ਹੁੰਦਾ ਹੈ।

*- ਵਰਡ ਸਵਰਥ*

ਮਰਨ ਤੋਂ ਪਹਿਲਾਂ ਕੁਝ ਕਰ ਗੁਜ਼ਰ।

*- ਅਰਸਤੂ*

ਜਿਸ ਨੂੰ ਅਸੀਂ ਮਸ਼ਹੂਰੀ ਕਹਿੰਦੇ ਹਾਂ ਉਹ ਕੁਝ ਹੋਰ ਨਹੀਂ ਸਾਡੇ ਸ਼ਾਨਦਾਰ ਕਾਰਨਾਮਿਆਂ ਦੀ ਖੁਸ਼ਬੂ ਹੁੰਦੀ ਹੈ।

*- ਸੁਕਰਾਤ*

ਚੰਗੇ ਕਰਮ ਕਰਨ ਦਾ ਸੁਭਾ ਅਜਿਹਾ ਖਜ਼ਾਨਾ ਹੈ ਜਿਸ ਨੂੰ ਨਾ ਦੁਸ਼ਮਣ ਖੋਹ ਸਕਦਾ ਹੈ ਅਤੇ ਨਾ ਹੀ ਚੋਰ ਚੁਰਾ ਸਕਦਾ ਹੈ।

*- ਸੰਤ ਬਾਣੀ*

ਉਪਦੇਸ਼ ਦੇਣ ਵਾਲੇ ਬਹੁਤ ਹਨ ਪਰ ਲੋਕਾਂ ਨੂੰ ਕਹਿਣ ਤੋਂ ਪਹਿਲਾਂ ਉਸ ਕੰਮ ਨੂੰ ਖੁਦ ਸ਼ੁਰੂ ਕਰ ਦੇਣਾ ਚਾਹੀਦਾ ਹੈ। ਸਾਡੀ ਬੋਲੀ ਅਤੇ ਕਾਰਜ ਵਿਚ ਕੋਈ ਅੰਤਰ ਨਹੀਂ ਹੋਣਾ ਚਾਹੀਦਾ।

*- ਲਾਲ ਬਹਾਦਰ ਸ਼ਾਸਤਰੀ*

ਕਹਿਣ ਤੇ ਕਰਨ ਵਿਚ ਬਹੁਤ ਫ਼ਰਕ ਹੁੰਦਾ ਹੈ ਅੱਗੇ ਵਧਣ ਵਾਲੇ ਸਦਾ ਕੁਝ ਨਵਾਂ ਕਰਕੇ ਦਿਖਾਉਣ ਵਿਚ ਵਿਸ਼ਵਾਸ ਰੱਖਦੇ ਹਨ।

*- ਅਗਿਆਤ*

ਪ੍ਰਸੰਨ ਉਹ ਲੋਕ ਹਨ ਜਿਹੜੇ ਕੰਮ ਕਰਦੇ ਹਨ ਪਰ ਜਿਹੜੇ ਆਪਣੇ ਕੰਮ ਨਾਲ ਪਿਆਰ ਵੀ ਕਰਦੇ ਹਨ। ਉਹ ਬਹੁਤ ਜ਼ਿਆਦਾ ਪ੍ਰਸੰਨ ਹਨ।

*- ਜਾਰਜ ਡਬਲਿਯੂ ਸਮਿਥ*

ਸਫਲਤਾ ਦਾ ਮਤਲਬ ਸਫ਼ਰ ਨਹੀਂ ਸਗੋਂ ਮੰਜ਼ਿਲ ਹੈ ਅਕਸਰ ਹੀ ਪ੍ਰਾਪਤੀ ਨਾਲੋਂ ਕਾਰਜ ਵਧੇਰੇ ਮਹੱਤਵਪੂਰਨ ਹੁੰਦਾ ਹੈ।

*- ਆਰਥਰ ਐਸ*

ਚੰਗਾ ਕੰਮ ਕਰਨ ਲਈ ਤਨ ਨਾਲੋਂ ਹਿਰਦੇ ਤੇ ਸੰਕਲਪ ਦੀ ਲੋੜ ਹੈ।

*- ਮੂਰ*

ਜਦੋਂ ਕਹਿੰਦੇ ਹੋ ਤਾਂ ਪੂਰਾ ਕਰੋ ਜੇਕਰ ਪੂਰਾ ਕਰਨ ਦਾ ਵਿਚਾਰ ਨਹੀਂ ਹੈ ਤਾਂ ਕਿਸੇ ਨੂੰ ਕਹੋ ਨਾ।

*- ਬਾਈਬਲ*

ਕਿਸੇ ਵੀ ਕੰਮ ਨੂੰ ਹਿੰਮਤ ਅਤੇ ਸ਼ਾਂਤਚਿਤ ਹੋ ਕੇ ਕੀਤਾ ਜਾਵੇ ਤਾਂ ਸਫਲਤਾ ਜ਼ਰੂਰ ਮਿਲਦੀ ਹੈ।

*- ਸਵਾਮੀ ਰਾਮ ਤੀਰਥ*



Sri Satguru Jagjit Singh Ji eLibrary NamdhariElibrary@gmail.com

ਨੌਜਵਾਨ ਕਿਸੇ ਕੰਮ ਦੀ ਸਮਾਪਤੀ ਉਤੇ ਥੱਕਦੇ ਹਨ ਜਦਕਿ ਬਜ਼ੁਰਗ ਇਨਸਾਨ ਕਾਰਜ ਦੇ ਆਰੰਭ ਵਿਚ।

*- ਟੀ. ਐਸ. ਇਲੀਅਟ*

ਕੰਮ ਭਾਵੇਂ ਨਿੱਕਾ ਹੋਵੇ ਤੇ ਭਾਵੇਂ ਵੱਡਾ ਉਸ ਦੀ ਯਕੀਨੀ ਸਫਲਤਾ ਲਈ ਵਿਉਂਤਬੰਦੀ ਬਹੁਤ ਜ਼ਰੂਰੀ ਹੈ।

*- ਅਗਿਆਤ*

ਅਨੁਸਾਸ਼ਨ ਦੀ ਪਾਲਣਾ ਉਦੋਂ ਹੀ ਸੰਭਵ ਹੁੰਦੀ ਹੈ ਜਦੋਂ ਮਨੁੱਖ ਨੂੰ ਉਸ ਕੰਮ ਵਿਚ ਦਿਲਚਸਪੀ ਹੋਵੇ ਜਿਸ ਵਿਚ ਉਹ ਰੁੱਝਿਆ ਹੋਇਆ ਹੁੰਦਾ ਹੈ।

*- ਅਗਿਆਤ*

ਨੀਤੀਆਂ ਯੋਜਨਾਵਾਂ ਉਦੋਂ ਫਲਾਪ ਹੋ ਕੇ ਰਹਿ ਜਾਂਦੀਆਂ ਹਨ ਜਦੋਂ ਉਨ੍ਹਾਂ ਤੇ ਅਮਲ ਕਰਾਉਣ ਵਾਲਿਆਂ ਦਾ ਆਪਣਾ ਵਿਹਾਰ ਨੀਤੀਆਂ ਦੇ ਪ੍ਰਤੀਕੂਲ ਹੁੰਦਾ ਹੈ।

*- ਅਗਿਆਤ*

ਜਾਣ ਲੈਣਾ ਹੀ ਕਾਫੀ ਨਹੀਂ ਸਾਨੂੰ ਉਸ ਤੇ ਅਮਲ ਵੀ ਕਰਨਾ ਚਾਹੀਦਾ ਹੈ।

*- ਗੇਟੇ*

ਸੋਚ ਜਿੰਨੀ ਮਰਜੀ ਵੱਡੀ ਹੋਵੇ ਉਹ ਅਮਲ ਵਿਚ ਨਾ ਲਿਆਂਦੀ ਜਾ ਸਕਦੀ ਹੋਵੇ ਤਾਂ ਉਸ ਦਾ ਕੋਈ ਫ਼ਾਇਦਾ ਨਹੀਂ।

*- ਥਾਮਸ ਕਾਰ ਲਾਈਲ*

ਤੁਸੀਂ ਇਹ ਨਿਸਚਾ ਕਰੋ ਕਿ ਤੁਸੀਂ ਜੋ ਵੀ ਕੰਮ ਕਰੋਗੇ ਉਸ ਤੇ ਸ੍ਰੇਸਠਤਾ ਦੀ ਡੂੰਘੀ ਛਾਪ ਹੋਵੇਗੀ।

*- ਅਗਿਆਤ*

ਕਿਸੇ ਕੰਮ ਦਾ ਆਰੰਭ ਹੀ ਉਸ ਦਾ ਸਭ ਤੋਂ ਅਹਿਮ ਅੰਗ ਹੈ।

*- ਅਫਲਾਤੂਨ*

ਮਨੁੱਖੀ ਕਰਮ ਉਸਦੀ ਅੰਦਰੂਨੀ ਸੋਚ ਦੀ ਸਭ ਤੋਂ ਵੱਡੀ ਨਿਸ਼ਾਨੀ ਹੈ।

*- ਅਗਿਆਤ*

ਕਿਸੇ ਕੰਮ ਵਿਚ ਸਫਲਤਾ ਲਈ ਉਸ ਨਾਲ ਜਨੂੰਨੀ ਦੀ ਹੱਦ ਤੱਕ ਇਸ਼ਕ ਹੋਣਾ ਪਹਿਲੀ ਸਰਤ ਹੈ।

*- ਅਗਿਆਤ*

ਅਸੀਂ ਗੱਲ ਅਸੂਲਾਂ ਦੀ ਕਰਦੇ ਹਾਂ ਪਰ ਅਮਲ ਆਪਣੇ ਹਿੱਤਾਂ ਅਨੁਸਾਰ।

*- ਡਬਲਿਯੂ ਐਸਲੈਂਡਰ*

ਕਰਮ ਦਾ ਭੋਜਨ ਪਸੀਨਾ ਹੈ ਜਿੰਨਾ ਇਸ ਨੂੰ ਖੁਆਉਗੇ ਓਨਾ ਸੋਨਾ ਪ੍ਰਦਾਨ ਕਰੇਗਾ।

*- ਅਗਿਆਤ*

ਆਮ ਤੌਰ ਤੇ ਅਸੂਲਾਂ ਦੇ ਪਾਬੰਦ ਲੋਕਾਂ ਉੱਤੇ ਵੀ ਅਸੂਲ ਘੱਟ ਹੀ ਪ੍ਰਭਾਵ ਰੱਖਦੇ ਹਨ। ਅਸੀਂ ਗੱਲਾਂ ਅਸੂਲਾਂ ਦੀਆਂ ਕਰਦੇ ਹਾਂ ਪਰ ਅਮਲ ਆਪਣੇ ਹਿੱਤਾਂ



Sri Satguru Jagjit Singh Ji eLibrary NamdhariElibrary@gmail.com

ਅਨੁਸਾਰ।

*- ਡਬਲਿਊ ਐਨ ਲੈਡਰ*

ਜੋ ਮਨੁੱਖ ਕੰਮ ਕਰਨ 'ਚ ਪ੍ਰਸੰਨਤਾ ਅਨੁਭਵ ਕਰਦਾ ਹੈ ਅਤੇ ਉਸਨੂੰ ਉਤਸ਼ਾਹ ਤੇ ਖੁਸ਼ੀ ਨਾਲ ਕਰਦਾ ਹੈ ਉਹ ਬੇਕਾਰੀ ਦੀ ਦਲਦਲ ਵਿਚ ਕਦੇ ਨਹੀਂ ਫਸ ਸਕਦਾ।

*- ਜੇਮਜ ਐਲਨ*

ਵੱਡੇ ਆਦਮੀਆਂ ਨੇ ਬੁਲੰਦੀਆਂ ਤੇ ਸਿਖਰਾਂ ਰਾਤੋ ਰਾਤ ਨਹੀਂ ਛੂਹੀਆਂ ਸਨ ਇਹ ਤਾਂ ਉਨ੍ਹਾਂ ਲੋਕਾਂ ਦੀ ਕਹਾਵਤ ਹੈ ਜੋ ਉਸ ਸਮੇਂ ਕੰਮ ਵਿਚ ਜੁਟੇ ਰਹੇ ਜਦੋਂ ਉਨ੍ਹਾਂ ਦੇ ਸਾਥੀ ਲੰਮੀਆਂ ਤਾਣਕੇ ਸੁੱਤੇ ਰਹੇ। ਛੋਟੀ ਜ਼ਿੰਦਗੀ ਨੂੰ ਸਦੀਵੀ ਬਣਾਉਣਾ ਹੈ ਤਾਂ ਮਿਹਨਤ ਤੋਂ ਮੂੰਹ ਨਾ ਮੋੜੋ।

*- ਹੈਨਰੀ ਵਰਡਵਰਥ ਲਾਂਗ ਫੈਲੋ*

ਬਜ਼ੁਰਗਾਂ ਨੂੰ ਵਧੀਆ ਉਪਦੇਸ਼ ਦੇਣ ਦਾ ਬਹੁਤ ਚਾਅ ਹੁੰਦਾ ਹੈ ਇਸ ਨਾਲ ਉਨ੍ਹਾਂ ਨੂੰ ਸੰਤੁਸ਼ਟੀ ਮਿਲਦੀ ਹੈ ਕਿਉਂਕਿ ਉਹ ਹੁਣ ਕੋਈ ਕੰਮ ਕਰਨ ਦੀ ਸਥਿਤੀ ਵਿਚ ਨਹੀਂ ਹੁੰਦੇ।

*- ਲਾ ਰੋਸਫੂਕੋ*

ਲਗਾਤਾਰ ਅਤੇ ਦ੍ਰਿੜ ਨਿਸਚੇ ਨਾਲ ਕੀਤੇ ਗਏ ਕੰਮ ਨਾਲ ਹੀ ਸਭ ਕਿਸਮ ਦੇ ਵਿਰੋਧ ਖਤਮ ਕੀਤੇ ਜਾ ਸਕਦੇ ਹਨ।

*- ਕਲਾਡ ਬਰਿਸਟਲ*

ਆਪਣੀ ਗਲਤੀ ਨੂੰ ਆਪ ਸੁਧਾਰਨਾ ਉਸ ਤੋਂ ਕਿਤੇ ਬਿਹਤਰ ਹੈ ਕਿ ਉਸਨੂੰ ਕੋਈ ਦੂਜਾ ਸੁਧਾਰੇ।

*- ਪ੍ਰੇਮ ਚੰਦ*

ਵਾਅਦਾ ਕਰਨਾ ਸੌਖਾ ਹੈ ਵਾਅਦਾ ਕਰਕੇ ਭੁੱਲ ਜਾਣਾ ਹੋਰ ਵੀ ਸੌਖਾ ਹੈ ਪਰ ਵਾਅਦਾ ਕਰਕੇ ਉਸ ਨੂੰ ਨਿਭਾਉਣਾ ਬਹੁਤ ਮੁਸ਼ਕਿਲ ਹੈ।

*- ਸੈਕਸਪੀਅਰ*

ਮੇਰੀ ਜਾਚੇ ਸਭ ਤੋਂ ਖੁਸ਼ੀ ਵਾਲੀ ਗੱਲ ਇਹ ਹੈ ਕਿ ਗੁਪਤ ਢੰਗ ਨਾਲ ਕੋਈ ਚੰਗਾ ਕੰਮ ਕੀਤਾ ਜਾਵੇ ਅਤੇ ਫਿਰ ਇਸ ਬਾਰੇ ਅਚਨਚੇਤ ਹੀ ਹੋਰਾਂ ਨੂੰ ਪਤਾ ਲੱਗ ਜਾਵੇ।

*- ਚਾਰਲਸ ਲੈਂਬ*

ਮਹਾਨ ਕਾਰਜ ਕਰਨ ਲਈ ਸਾਨੂੰ ਨਾ ਸਿਰਫ਼ ਕੰਮ ਹੀ ਕਰਨਾ ਚਾਹੀਦਾ ਹੈ ਸਗੋਂ ਸੁਪਨੇ ਵੀ ਲੈਣੇ ਚਾਹੀਦੇ ਹਨ ਨਾ ਸਿਰਫ ਯੋਜਨਾ ਹੀ ਬਣਾਉਣੀ ਚਾਹੀਦੀ ਹੈ ਸਗੋਂ ਉਸ ਵਿਚ ਵਿਸਵਾਸ ਵੀ ਕਰਨਾ ਚਾਹੀਦਾ ਹੈ।

*- ਅਨਾਤੋਲੇ ਫਰਾਂਜ*

ਅਸੀਂ ਆਪਣੇ ਬਾਰੇ ਰਾਇ ਇਸ ਆਧਾਰ ਉਤੇ ਬਣਾਉਂਦੇ ਹਾਂ ਕਿ ਅਸੀਂ ਕੀ ਕਰ ਸਕਣ ਦੇ ਸਮਰਥ ਹਾਂ ਹੋਰ ਲੋਕ ਸਾਡੇ ਬਾਰੇ ਰਾਇ ਇਸ ਅਧਾਰ ਉਤੇ ਬਣਾਉਂਦੇ ਹਨ ਕਿ ਅਸਾਂ ਹੁਣ ਤੱਕ ਕੀ ਕੰਮ ਕੀਤੇ ਹਨ।

*- ਲੌਂਗਫੈਲੋ*



Sri Satguru Jagjit Singh Ji eLibrary NamdhariElibrary@gmail.com

ਮੈਨੂੰ ਕਿਸੇ ਐਸੇ ਸਖਸ ਦੀ ਲੋੜ ਹੈ ਜੋ ਮੈਥੋਂ ਉਹ ਕੰਮ ਕਰਵਾ ਸਕੇ ਜੋ ਮੈਂ ਕਰ ਸਕਦਾ ਹਾਂ।

*- ਵਾਲਡੋ ਐਮਰਸਨ*

ਸਾਡਾ ਕੰਮ ਸਾਡੀਆਂ ਸਮਰਥਾਵਾਂ ਦਾ ਹੀ ਪ੍ਰਗਟਾਵਾ ਹੈ।

*- ਗੇਟੇ*

ਕਿਸਮਤ ਨੂੰ ਉਹੀ ਕੋਸਦਾ ਹੈ ਜਿਹੜਾ ਕਰਮਹੀਨ ਹੁੰਦਾ ਹੈ।

*- ਜਵਾਹਰ ਲਾਲ ਨਹਿਰੂ*

ਜਦੋਂ ਕੋਈ ਮਨੁੱਖ ਦਿਲ ਲਾ ਕੇ ਆਪਣਾ ਕੰਮ ਕਰਦਾ ਹੈ ਤਾਂ ਉਹ ਪ੍ਰਸੰਨ ਤੇ ਨਿਸਚਿੰਤ ਹੋ ਜਾਂਦਾ ਹੈ।

*- ਲਿਨਯੁ ਟਾਂਗ*

ਆਦਮੀ ਲਈ ਕੰਮ ਕਰਨਾ ਏਨਾ ਜ਼ਰੂਰੀ ਹੈ ਜਿੰਨਾ ਖਾਣਾ, ਪੀਣਾ ਤੇ ਸੌਣਾ।

*- ਡਬਲੂ ਹੋਮ ਬੋਲਟ*

ਕੰਮ ਕਰਨਾ ਕੇਵਲ ਰੁਪਇਆ, ਪੈਸਾ ਕਮਾਉਣ ਲਈ ਹੀ ਜ਼ਰੂਰੀ ਨਹੀਂ ਇਹ ਮਨੁੱਖ ਦੀ ਖੁਸ਼ੀ ਅਤੇ ਸਿਹਤ ਲਈ ਵੀ ਬਹੁਤ ਜ਼ਰੂਰੀ ਹੈ।

*- ਜਾਰਜਡਬ ਰਾਯੂ ਸਮਿਥ*

ਤੁਸੀਂ ਆਪਣੇ ਕਰਮ ਖੇਤਰ ਵਿਚ ਕੰਮ ਕਰਦੇ ਹੋਏ ਆਪਣੀ ਸਮਰੱਥਾ ਮੁਤਾਬਕ ਜਿੰਨਾ ਵੀ ਚੰਗਾ ਕੰਮ ਕਰ ਸਕਦੇ ਹੋ ਕਰੋ। ਹਰੇਕ ਬੰਦੇ ਵਲੋਂ ਕੀਤੇ ਗਏ ਇਹ ਛੋਟੇ ਛੋਟੇ ਕੰਮ ਹੀ ਸੰਸਾਰ ਨੂੰ ਬਿਹਤਰ ਬਣਾਉਣ ਵਿਚ ਸਹਾਈ ਹੁੰਦੇ ਹਨ।

*- ਥਾਮਸੀ ਪੇਪਾਸ*

ਇੱਕ ਛੋਟੀ ਜਿਹੀ ਮੋਮਬੱਤੀ ਬਹੁਤ ਥੋੜ੍ਹੇ ਜਿਹੇ ਘੇਰੇ ਵਿਚ ਹੀ ਰੌਸ਼ਨੀ ਕਰਦੀ ਹੈ ਇਸੇ ਤਰ੍ਹਾਂ ਹੀ ਇੱਕ ਛੋਟਾ ਜਿਹਾ ਚੰਗਾ ਕੰਮ ਵੀ ਇਸ ਹਨੇਰੇ ਸੰਸਾਰ ਨੂੰ ਥੋੜਾ ਜਿਹਾ ਰੁਸ਼ਨਾਉਂਦਾ ਹੈ।

*- ਵਿਲੀਅਮ ਸੇਕਸਪੀਅਰ*

ਹਰ ਰੋਜ ਕੋਈ ਅਜਿਹਾ ਕੰਮ ਕਰੋ ਜੋ ਤੁਸੀਂ ਨਹੀਂ ਕਰਨਾ ਚਾਹੁੰਦੇ ਆਪਣੇ ਫਰਜ਼ ਬਿਨਾਂ ਕਿਸੇ ਤਕਲੀਫ਼ ਦੇ ਨਿਭਾਉਣ ਦੀ ਆਦਤ ਪਾਉਣ ਦਾ ਇਹ ਬਹੁਤ ਸੁਨਹਿਰੀ ਨਿਯਮ ਹੈ।

*- ਮਾਰਕ ਟਵੇਨ*

ਜੋ ਦੂਸਰੇ ਨਹੀਂ ਕਰ ਸਕਦੇ ਉਹ ਕਰਨ ਵਾਸਤੇ ਤੁਹਾਨੂੰ ਦੂਸਰਿਆਂ ਨਾਲੋਂ ਵੱਧ ਬਣਨਾ ਪੈਂਦਾ ਹੈ।

*- ਅਗਿਆਤ*

ਉਪਦੇਸ਼ ਸੁਣਦੇ ਰਹਿਣ ਨਾਲੋਂ ਉਨ੍ਹਾਂ ਵਿਚੋਂ ਕੁਝ ਉੱਤੇ ਅਮਲ ਕਰਨਾ ਵੱਧ ਲਾਭਦਾਇਕ ਰਹਿੰਦਾ ਹੈ।

*- ਸਵਾਮੀ ਵਿਵੇਕਾਨੰਦ*

ਕਰਮ ਹੀ ਮਨੁੱਖ ਲਈ ਪੁਰਸਕਾਰ ਜਾਂ ਦੰਡ ਲਿਆਂਦੇ ਹਨ। ਚੰਗੇ ਕਰਮਾਂ ਦਾ ਫਲ ਮਿੱਠਾ ਹੁੰਦਾ ਹੈ।

*- ਸਵਾਮੀ ਵਿਵੇਕਾਨੰਦ*



Sri Satguru Jagjit Singh Ji eLibrary NamdhariElibrary@gmail.com

ਦੂਜਿਆਂ ਨੂੰ ਸਿੱਖਿਆ ਦੇਣ ਵਾਲਾ ਜੇਕਰ ਖੁਦ ਉਸ ਉਤੇ ਅਮਲ ਕਰਦਾ ਹੈ ਤਾਂ ਉਸਨੂੰ ਸੰਤ ਕਹਿਣਾ ਚਾਹੀਦਾ ਹੈ। ਜੇ ਨਹੀਂ ਕਰਦਾ ਤਾਂ ਉਹ ਪਖੰਡੀ ਹੈ।

*- ਮਹਾਤਮਾ ਗਾਂਧੀ*

ਬੰਦਾ ਜਿਸ ਕੰਮ ਲਈ ਸਿਰ ਧੜ ਦੀ ਬਾਜੀ ਲਾ ਲਵੇ ਸਿਰ ਤੇ ਖੱਫਣ ਬੰਨ੍ਹਕੇ ਅਮਲ ਦੇ ਮੈਦਾਨ ਵਿੱਚ ਕੁੱਦ ਪਵੇ ਫਿਰ ਕਿਹੜੀ ਮੁਹਿੰਮ ਹੈ ਜਿਸ ਨੂੰ ਫਤਹਿ ਕਰਨ ਦੀ ਆਸ ਨਾ ਕੀਤੀ ਜਾ ਸਕੇ।

*- ਨਾਨਕ ਸਿੰਘ*

ਨਰਾਜ ਅਫ਼ਸਰ ਹੇਠ ਕੰਮ ਕਰਨਾ ਪੂਰਾ ਨਰਕ ਹੁੰਦਾ ਹੈ।

*- ਗੁਰਬਖਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

# ਵਿਕਾਸ ਤੇ ਨਿਘਾਰ

ਪਰਵਾਸ ਦਾ ਵਿਕਾਸ ਨਾਲ ਸਿਰਫ਼ ਨੇੜਲਾ ਰਿਸ਼ਤਾ ਹੀ ਨਹੀਂ ਸਗੋਂ ਇਹ ਆਰਥਿਕ ਵਿਕਾਸ ਦਾ ਜ਼ਰੂਰੀ ਤੱਤ ਹੈ।

*- ਡੇਵ ਰੈਚਰਟ*

ਵਿਕਾਸ ਸੁਧਾਰ ਅਤੇ ਤਬਦੀਲੀ ਭਾਵੇ ਵਿਰੋਧੀ ਧਾਰਨਾਵਾਂ ਜਾਪਦੀਆਂ ਹਨ ਪਰ ਇਨ੍ਹਾਂ ਤੋਂ ਬਿਨਾਂ ਹਕੀਕੀ ਸੁਰੱਖਿਆ ਸੰਭਵ ਨਹੀਂ।

*- ਐਨੀਮੋਰੋਐ ਲਿੰਡਵਰਗ*

ਜੀਵਨ ਦੇ ਵਿਕਾਸ ਦਾ ਰਹੱਸ ਆਪਸ ਵਿਚ ਜੁੜੇ ਰਹਿਣ ਵਿਚ ਹੈ। ਜੇਕਰ ਇਹ ਇਕ ਦੂਸਰੇ ਤੋਂ ਅਲੱਗ ਹੋ ਗਏ ਤਾਂ ਇਹ ਨਸ਼ਟ ਹੋ ਜਾਣਗੇ। ਇਸਲਾਮ ਵਿਚ ਇਮਾਨ ਅਤੇ ਅਮਲ ਨੂੰ ਇੱਕ ਦੂਸਰੇ ਤੋਂ ਅਲੱਗ ਅਲੱਗ ਨਹੀਂ ਕੀਤਾ ਜਾ ਸਕਦਾ। ਸੱਚੇ ਗਿਆਨ ਨੂੰ ਸੱਚੇ ਕਰਮਾਂ ਵਿਚ ਮਿਲ ਜਾਣਾ ਚਾਹੀਦਾ ਹੈ ਤਾਂ ਹੀ ਸੋਹਣੇ ਫਲ ਦੀ ਪ੍ਰਾਪਤੀ ਦੀ ਉਮੀਦ ਰੱਖੀ ਜਾ ਸਕਦੀ ਹੈ।

*- ਹਜਰਤ ਮੁਹੰਮਦ ਸਾਹਿਬ*

ਇਹ ਨਹੀਂ ਕਿਹਾ ਜਾ ਸਕਦਾ ਕਿ ਸਭਿਅਤਾ ਅੱਗੇ ਨਹੀਂ ਵਧ ਰਹੀ ਪਰ ਉਹ ਤੁਹਾਨੂੰ ਹਰ ਜੰਗ ਵਿਚ ਨਵੇਂ ਤਰੀਕੇ ਨਾਲ ਕਤਲ ਕਰਦੇ ਹਨ।

*- ਵਿਲ ਰੋਗਰਸ*

ਹਰ ਨਵੀਂ ਜ਼ਿੰਮੇਵਾਰੀ ਨਾਲ ਮਹਾਨ ਸਮਰੱਥਾ ਨਾ ਸਿਰਫ਼ ਵਿਕਾਸ ਹੀ ਕਰਦੀ ਹੈ ਸਗੋਂ ਪ੍ਰਗਟ ਵੀ ਹੁੰਦੀ ਹੈ।

*- ਬਲਟਾਸਰ ਗਰੈਕ ਲੈਨ*

ਲੋਕਾਂ ਦੇ ਸਾਰੇ ਵਰਗਾਂ ਦੀ ਸਮੁੱਚੀ ਮਿਲਵਰਤਨ ਤੋਂ ਬਿਨਾਂ ਆਰਥਕ ਵਿਕਾਸ ਨੂੰ ਸਮਾਜਕ ਨਿਆਂ ਨਾਲ ਇਕਸੁਰ ਕਰਨ ਦਾ ਕੰਮ ਸਫਲਤਾ ਨਾਲ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ।

*- ਡਾ. ਨੀਲਮ ਸੰਜੀਵਾ ਰੈਡੀ*

ਕਿਸੇ ਕੌਮ ਦੇ ਉਸਰਨ ਵਿਚ ਹਜ਼ਾਰਾਂ ਵਰ੍ਹੇ ਲੱਗਦੇ ਹਨ। ਪਰ ਉਸਦੇ ਤਬਾਹ ਹੁੰਦਿਆਂ ਦੇਰ ਨਹੀਂ ਲੱਗਦੀ।

*- ਬਾਇਰਨ*

ਜੇ ਮੈਂ ਤੁਹਾਨੂੰ ਉਸੇ ਤਰ੍ਹਾਂ ਹੀ ਪਰਵਾਨ ਕਰ ਲਵਾਂ ਜਿਵੇਂ ਤੁਸੀਂ ਹੋ ਤਾਂ ਮੈਂ ਤੁਹਾਨੂੰ ਸਗੋਂ ਵਿਗਾੜ ਰਿਹਾ ਹੋਵਾਂਗਾ ਪਰ ਜੇ ਮੈਂ ਤੁਹਾਡੀ ਵਧੀਆ ਬਣ ਸਕਣ ਦੀ ਸਮਰੱਥਾ ਅਨੁਸਾਰ ਪਰਵਾਨ ਕਰਾਂ ਤਾਂ ਮੈਂ ਤੁਹਾਡੀ ਉਹ ਕੁਝ ਬਣ ਸਕਣ ਵਿਚ ਮਦਦ ਕਰ ਰਿਹਾ ਹੋਵਾਂਗਾ।

*- ਗੇਟੇ*

ਜਿਵੇਂ ਜਿਵੇਂ ਸਭਿਅਤਾ ਦਾ ਵਿਕਾਸ ਹੁੰਦਾ ਜਾਂਦਾ ਹੈ ਤਿਵੇਂ ਤਿਵੇਂ ਸ਼ਾਇਰੀ ਮਿਆਰ ਤੇ ਪ੍ਰਭਾਵ ਨਿਘਰਦਾ ਜਾਂਦਾ ਹੈ।

*- ਇਮਸ ਮੈਕਾਲੇ*



Sri Satguru Jagjit Singh Ji eLibrary NamdhariElibrary@gmail.com

# ਕਾਨੂੰਨ

ਜਿਹੜਾ ਬੀਤ ਗਿਆ ਉਹ ਨਿਆਂ ਲਈ ਅਵਾਜ ਨਹੀਂ ਲਗਾ ਸਕਦਾ। ਉਸਨੂੰ ਨਿਆਂ ਦੇਣਾ ਉਨ੍ਹਾਂ ਲੋਕਾਂ ਦਾ ਕਰਤਵ ਹੈ ਜਿਹੜੇ ਜਿਓਂਦਾ ਹਨ।

*- ਲੋਈਸ ਮੈਕ ਮਾਸਟਰ ਬੁਜੋਲਡ*

ਤੁਸੀਂ ਲੰਮੇ ਸਮੇਂ ਤੱਕ ਅਜਿਹੀ ਵਿਵਸਥਾ ਬਣਾਕੇ ਨਹੀਂ ਰੱਖ ਸਕਦੇ ਜਿਹੜੀ ਨਾ ਬਰਾਬਰੀ ਨੂੰ ਹੱਲਾ ਸ਼ੇਰੀ ਦਿੰਦੀ ਹੋਵੇ।

*- ਰਾਬਰਟ ਯੂਜਨੇਰ*

ਸਰਕਾਰਾਂ ਦੁਆਰਾ ਕਾਨੂੰਨ ਨੂੰ ਲਾਗੂ ਕਰ ਸਕਣ ਦੀ ਅਸਫਲਤਾ ਤੋਂ ਵੱਡਾ ਦੋਸ਼ ਹੋਰ ਕੁਝ ਵੀ ਨਹੀਂ ਹੈ।

*- ਅਲਬਰਟ ਆਈਨ ਸਟਾਈਨ*

ਅਮਨ ਦੀ ਅਹਿਮੀਅਤ ਇਨਸਾਫ਼ ਤੋਂ ਜ਼ਿਆਦਾ ਹੈ। ਅਮਨ ਇਨਸਾਫ਼ ਲਈ ਨਹੀਂ ਸਗੋਂ ਇਨਸਾਫ਼ ਅਮਨ ਲਈ ਬਣਿਆ ਹੈ।

*- ਮਾਰਟਿਨ ਲੂਥਰ*

ਵੀਹਵੀ ਸਦੀ ਦੇ ਦੂਜੇ ਅੱਧ ਦਾ ਇਤਿਹਾਸ ਇਮੀਗਰੇਸ਼ਨ ਨੇਮਾਂ ਵਿਚ ਤਬਦੀਲੀਆਂ ਅਤੇ ਕੌਮਾਂਤਰੀ ਸਰਹੱਦਾਂ ਟੱਪਣ ਦਾ ਇਤਿਹਾਸ ਹੈ।

*- ਐਡ ਵਰਡ ਸਈਦ*

ਜਦੋਂ ਲੋਕ ਇਮਾਨਦਾਰ ਹੁੰਦੇ ਹਨ ਤਾਂ ਕਾਨੂੰਨ ਬੇਮਤਲਬ ਹੁੰਦਾ ਹੈ। ਜਦੋਂ ਲੋਕ ਭ੍ਰਿਸ਼ਟ ਹੁੰਦੇ ਹਨ ਤਾਂ ਕਾਨੂੰਨ ਟੁੱਟਦਾ ਹੈ।

*- ਬੇਜਾਮਿਨਡਿਜ ਰਾਇਲੀ*

ਫੈਸ਼ਲਾ ਕਰਨਾ ਹੀ ਸਭ ਤੋਂ ਔਖਾ ਅਤੇ ਅਹਿਮ ਕੰਮ ਹੁੰਦਾ ਹੈ।

*- ਨੈਪੋਲੀਅਨ ਬੋਨਾ ਪਾਰਟ*

ਇਨਸਾਫ਼ ਦੇ ਮਾਮਲੇ ਵਿਚ ਪਰਜਾ ਅਤੇ ਪੁੱਤਰ ਦੋਵੇਂ ਬਰਾਬਰ ਹਨ।

*- ਸ਼ੇਰਸ਼ਾਹ ਸੂਰੀ*

ਮੈਂ ਉਸ ਦੇਸ਼ ਵਿਚ ਰਹਿਣਾ ਪਸੰਦ ਕਰਾਂਗਾ ਜਿੱਥੇ ਕਾਨੂੰਨ ਦੀ ਨਜ਼ਰ ਵਿਚ ਸਭ ਬਰਾਬਰ ਹੋਣ।

*- ਆਈਨ ਸਟਾਈਨ*

ਸਦੀਵੀ ਸ਼ੋਭਾ ਇਨਸਾਫ਼ ਨਾਲ ਕਮਾਈ ਜਾ ਸਕਦੀ ਹੈ।

*- ਅਰਸਤੂ*

ਜਿਨ੍ਹਾਂ ਗੱਲਾਂ ਉਪਰ ਕਾਨੂੰਨ ਰੋਕ ਲਗਾਉਂਦਾ ਹੈ ਅਰਾਜਕਤਾ ਉਨ੍ਹਾਂ ਨੂੰ ਹੀ ਸੁਤੰਤਰਤਾ ਦਿੰਦੀ ਹੈ।

*- ਜਾਨ ਮਿਲਟਨ*

ਨਿਰਪੱਖ ਰਹਿ ਕੇ ਨਿਆਂ ਕਰਨ ਦਾ ਹਰ ਸੰਭਵ ਯਤਨ ਹਰ ਇਕ ਨੂੰ ਕਰਨਾ ਚਾਹੀਦਾ ਹੈ।

*- ਅਗਿਆਤ*



Sri Satguru Jagjit Singh Ji eLibrary NamdhariElibrary@gmail.com

ਅਫਸਰਸ਼ਾਹੀ ਖੁਦ ਮੁਖਤਿਆਰ ਹੁਕਮਰਾਨਾਂ ਦੀ ਅਧੁਨਿਕ ਨਸਲ ਹੈ ਜਿਸ ਉੱਤੇ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ।

*- ਨਰਿੰਦਰ ਸਿੰਘ ਕਪੂਰ*

ਨਿਆਂ ਤੋਂ ਬਿਨਾ ਅਮਨ ਧੱਕੇਸ਼ਾਹੀ ਦੀ ਨਿਸ਼ਾਨੀ ਹੈ।

*- ਵਿਲੀਅਨ ਐਲਨ ਵਾਈਟ*

ਕਾਨੂੰਨ ਦੇ ਰੂਪ 'ਚ ਨਹੀਂ ਸਗੋਂ ਭਾਵਨਾ ਵਿਚ ਨਿਆਂ ਦਾ ਵਾਸਾ ਹੈ।

*- ਅਰਲ ਵੈਰਨ*

ਕਾਨੂੰਨ ਅਜ਼ਾਦੀ ਦੀ ਜੁਗਤ ਹੈ। ਇਸ ਜੁਗਤ ਤੋਂ ਬਿਨਾਂ ਸਮਾਜ ਵਿਚ ਬੇਤਰਤੀਬੀ ਭਾਰੂ ਹੋ ਜਾਂਦੀ ਹੈ।

*- ਆਇਰਲੈਂਡ ਦਾ ਆਰਕ ਬਿਸ਼ਪ*

ਇਕ ਚੰਗਾ ਲੋਕਰਾਜ ਮਨੁੱਖਾਂ ਨਾਲ ਨਹੀਂ ਚੰਗੇ ਕਾਨੂੰਨਾਂ ਨਾਲ ਬਣਦਾ ਹੈ।

*- ਜਾਨ ਐਡਮ*

ਦੁਨੀਆਂ ਵਿਚ ਅਨੰਤ ਅਨਿਆਂ ਹੋ ਰਿਹਾ ਹੈ ਚੰਗੇ ਬੰਦੇ ਪੀੜਤ ਤੇ ਮਾੜੇ ਖੁਸ਼ਹਾਲ ਹਨ ਕੋਈ ਨਹੀਂ ਜਾਣਦਾ ਕਿ ਇਨ੍ਹਾਂ ਵਿਚੋਂ ਜ਼ਿਆਦਾ ਨਿਰਾਸ਼ ਕੌਣ ਹਨ।

*- ਬਰਟ ਰੇਂਡ ਰੱਸਲ*

ਨਿਆਂ ਸਿਰਫ ਸਹੀ ਅਤੇ ਗਲਤ ਦੇ ਵਿਚਕਾਰ ਨਿਰਪੱਖ ਖੜੇ ਹੋਣਾ ਨਹੀਂ ਸਗੋਂ ਸਹੀ ਦੇ ਪੱਖ ਵਿੱਚ ਅਤੇ ਗਲਤ ਦੇ ਵਿਰੋਧ ਵਿਚ ਖੜੇ ਹੋਣਾ ਹੈ।

*- ਥਿਓ ਡੋਰ ਰੂਜ ਵੈਲਟ*

ਜਦੋਂ ਅਸੀਂ ਬੇਨਿਯਮੀਆਂ ਦਾ ਸਹਾਰਾ ਲੈਂਦੇ ਹਾਂ ਤਾਂ ਅਸੀਂ ਦੇਸ਼ ਨੂੰ ਖਾਨਾ ਜੰਗੀ ਤੇ ਖੂਨ ਖਰਾਬੇ ਵੱਲ ਧੱਕਦੇ ਹਾਂ ਜੋ ਸਾਰੇ ਸੁਪਨਿਆਂ ਨੂੰ ਖਤਮ ਕਰਦਾ ਹੈ।

*- ਆਰਚੀਲੀ ਮੂਰ*

ਕਦੇ ਵੀ ਆਪਣੇ ਆਪ ਨੂੰ ਏਨਾ ਉੱਚਾ ਨਾ ਸਮਝੋ ਕਿਉਂਕਿ ਕਾਨੂੰਨ ਤੁਹਾਥੋਂ ਉੱਪਰ ਹਨ।

*- ਥਾਮਸ ਫੂੱਲਰ*

ਜੇਕਰ ਨਿਆਂ ਖਤਮ ਹੋ ਜਾਏ ਤਾਂ ਰਾਜ ਕੇਵਲ ਵੱਡੀ ਡਕੈਤੀ ਸਮਾਨ ਰਹਿ ਜਾਂਦਾ ਹੈ।

*- ਸੇਟ ਅਗਸ ਟੀਨ*

ਅਮਨ ਅਤੇ ਇਨਸਾਫ਼ ਇਕ ਹੀ ਸਿੱਕੇ ਦੇ ਦੋ ਪਹਿਲੂ ਹਨ।

*- ਡੀ. ਆਈਜ਼ਨ ਹਾਵਰ*

ਕਿਸੇ ਵੀ ਥਾਂ ਤੇ ਹੋਣ ਵਾਲਾ ਅਨਿਆਂ ਸਾਰੀਆਂ ਥਾਵਾਂ ਤੇ ਨਿਆਂ ਦੀ ਵਿਵਸਥਾ ਲਈ ਖ਼ਤਰਾ ਹੈ।

*- ਮਾਰਟਿਨ ਲੂਥਰ ਕਿੰਗ*

ਜਿਥੇ ਕਾਨੂੰਨ ਦੀ ਨਜ਼ਰ ਵਿਚ ਸਭ ਬਰਾਬਰ ਹਨ। ਉਥੇ ਸਭ ਤੋਂ ਮਜ਼ਬੂਤ ਰਾਜ ਹੈ।

*- ਅਰਸਤੂ*



Sri Satguru Jagjit Singh Ji eLibrary NamdhariElibrary@gmail.com

ਇਨਸਾਫ਼ ਹੋਣਾ ਚਾਹੀਦਾ ਹੈ ਭਾਵੇ ਅਸਮਾਨ ਕਿਉਂ ਨਾ ਡਿੱਗਦਾ ਹੋਵੇ।

*- ਲਾਰਡ ਮੈਨਜ ਫੀਲਡ*

ਜਿਸ ਸਮਾਜ ਦਾ ਨਿਸ਼ਾਨਾ ਨਿਆਂ ਹੋਵੇਗਾ ਉਹੀ ਆਦਰਸ਼ ਸਮਾਜ ਕਹਾਏਗਾ।

*- ਡਾ. ਰਾਧਾ ਕ੍ਰਿਸ਼ਨਨ*

ਕਾਨੂੰਨ ਸਮਾਜ ਦੇ ਸਰਬੋਤਮ ਗੁਣਾਂ ਦੀ ਪ੍ਰਤੀਨਿਧਤਾ ਨਹੀਂ ਕਰਦੇ ਉਹ ਤਾਂ ਸਭ ਤੋਂ ਨਿਕੰਮੇ ਵਿਵਹਾਰ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ।

*- ਅਗਿਆਤ*

ਮੈਂ ਜਿਸ ਦੇਸ਼ ਦਾ ਨਾਗਰਿਕ ਹਾਂ ਉਸਦੇ ਬਣਾਏ ਕਾਨੂੰਨ ਦੀ ਉਲੰਘਣਾ ਕਰਨਾ ਮੇਰੀ ਸੋਚ ਤੋਂ ਕੋਹਾਂ ਦੂਰ ਹੈ ਕਰਤੱਵ ਮੈਨੂੰ ਪ੍ਰਾਣਾਂ ਤੋਂ ਜ਼ਿਆਦਾ ਪਿਆਰੇ ਹਨ।

*- ਸੁਕਰਾਤ*

ਜੇਕਰ ਸਰਕਾਰ ਕਾਨੂੰਨ ਤੋੜਦੀ ਹੈ ਤਾਂ ਉਹ ਹਰ ਵਿਅਕਤੀ ਨੂੰ ਕਾਨੂੰਨ ਦੇ ਖਿਲਾਫ਼ ਖੜ੍ਹੇ ਹੋਣ ਦਾ ਸੱਦਾ ਦਿੰਦੀ ਹੈ। ਅਰਾਜਕਤਾ ਨੂੰ ਵੀ ਬੁਲਾਉਂਦੀ ਹੈ।

*- ਲੂਈ ਬਰਾਂਡੀਜ*

ਕਾਨੂੰਨਾਂ ਨਾਲੋਂ ਵੀ ਅੱਛੇ ਵਿਵਹਾਰ ਦੀ ਮਾਨਤਾ ਵੱਧ ਹੈ। ਕਾਨੂੰਨ ਨਾਲ ਸਾਡਾ ਵਾਹ ਕਦੇ ਕਦੇ ਅਤੇ ਕਿਤੇ ਕਿਤੇ ਪੈਂਦਾ ਹੈ ਪ੍ਰੰਤੂ ਅੱਛਾ ਵਿਵਹਾਰ ਸਾਹ ਲੈਣ ਲਈ ਹਵਾ ਵਾਂਗ ਹੈ ਜਿਸ ਨਾਲ ਸਾਡਾ ਹਰ ਪਲ ਵਾਸਤਾ ਹੈ।

*- ਬਰਕ*

ਜੇ ਤੁਹਾਡੀ ਗੱਲ ਸਹੀ ਹੈ ਤਾਂ ਤੁਸੀਂ ਵੀ ਉਸ ਨੂੰ ਮਨਾਉਣ ਲਈ ਤਰਕ ਦਾ ਰਾਹ ਅਪਨਾਓ ਤੁਹਾਡੀ ਸਿਆਣਪ ਤੁਹਾਡੀਆਂ ਦਲੀਲਾਂ ਕੋਈ ਨਾ ਕੋਈ ਰਾਹ ਕੱਢ ਲੈਣਗੀਆਂ।

*- ਡੇਲ ਕਾਰਨੇਗੀ*

ਕਿਸੇ ਸਰਕਾਰ ਦੀ ਉਤਮਤਾ ਦੀ ਸਭ ਤੋਂ ਵੱਡੀ ਕਸੌਟੀ ਉਸ ਦੀ ਨਿਆਂਪਾਲਿਕਾ ਦੀ ਯੋਗਤਾ ਹੈ।

*- ਲਾਰਡ ਬਰਾਈਸ*

ਅਨਿਆਂ ਅੱਗੇ ਝੁਕ ਜਾਣ ਨਾਲੋਂ ਟੁੱਟ ਜਾਣਾ ਬਿਹਤਰ ਹੈ।

*- ਅਗਿਆਤ*

ਮੈਨੂੰ ਕਾਨੂੰਨਾਂ ਵਿਚ ਕੋਈ ਸੁਰੱਖਿਆ ਨਜ਼ਰ ਨਹੀਂ ਆਉਂਦੀ ਸਗੋਂ ਇਹ ਲੋਕਾਂ ਦੇ ਸੁਭਾ ਵਿਚ ਹੈ।

*- ਐਮਰਸਨ*

ਜਿਵੇਂ ਦੇਸ਼ ਦੀ ਸਿਹਤ ਦਾ ਪਤਾ ਹਸਪਤਾਲਾਂ ਵਿਚ ਪਏ ਮਰੀਜ਼ਾਂ ਦੀ ਗਿਣਤੀ ਤੋਂ ਲੱਗਦਾ ਹੈ ਇਵੇਂ ਹੀ ਨਿਆਂ ਵਿਵਸਥਾ ਦਾ ਪਤਾ ਅਦਾਲਤਾਂ ਵਿਚ ਪਏ ਕੇਸਾਂ ਤੋਂ ਲੱਗਦਾ ਹੈ।

*- ਜਵਾਹਰ ਲਾਲ ਨਹਿਰੂ*

ਇਕ ਦੇਸ ਕੋਲ ਚੰਗਾ ਵਿਧਾਨ ਮੰਡਲ ਅਤੇ ਬਹੁਤ ਹੀ ਚੰਗੀ ਨਿਆਂਪਾਲਿਕਾ ਹੋ ਸਕਦੀ ਹੈ ਪਰ ਜੇ ਉਸ ਕੋਲ ਸੁਤੰਤਰ ਅਤੇ ਨਿਰਪੱਖ ਨਿਆਂਪਾਲਿਕਾ ਨਹੀਂ ਹੈ



Sri Satguru Jagjit Singh Ji eLibrary NamdhariElibrary@gmail.com

ਤਾਂ ਉਸ ਦੇ ਸੰਵਿਧਾਨ ਦੀ ਕੋਈ ਬਹੁਤੀ ਮਹੱਤਤਾ ਨਹੀਂ ਰਹਿ ਜਾਂਦੀ।

*- ਡਾ. ਅਸੀਰ ਵਾਧਮ*

ਇਨਸਾਫ਼ ਦੀ ਚੱਕੀ ਚਲਦੀ ਬਹੁਤ ਹੌਲੀ ਹੈ ਪਰ ਪੀਸਦੀ ਬਹੁਤ ਬਰੀਕ ਹੈ।

*- ਅਗਿਆਤ*

ਚੰਗੇ ਫੈਸਲੇ ਲੈਣ ਦੀ ਸਮਰੱਥਾ ਅਨੁਭਵ ਨਾਲ ਆਉਂਦੀ ਹੈ ਅਤੇ ਅਨੁਭਵ ਲਈ ਗਲਤ ਫੈਸਲਿਆਂ ਤੋਂ ਮਿਲਦਾ ਹੈ।

*- ਅਗਿਆਤ*

ਕਾਨੂੰਨ ਪਾਸ ਕਰਨ ਨਾਲ ਹੀ ਸਰਕਾਰ ਦਾ ਕੰਮ ਖਤਮ ਨਹੀਂ ਹੋ ਜਾਂਦਾ ਸਗੋਂ ਇਸ ਦੇ ਨਤੀਜਿਆਂ ਬਾਰੇ ਵੀ ਸੋਚਣਾ ਚਾਹੀਦਾ ਹੈ।

*- ਅਗਿਆਤ*

ਨਿਆਂਪਾਲਿਕਾ ਬਿਨਾਂ ਅਸੀਂ ਸਭਿਆ ਸਮਾਜ ਦੀ ਕਲਪਨਾ ਵੀ ਨਹੀਂ ਕਰ ਸਕਦੇ।

*- ਡਾ. ਗਾਰਨਰ*

ਹਰ ਤਰਫ਼ ਕਾਨੂੰਨੀ ਉਚੀ ਫਸੀਲੇਂ ਹੈਂ ਮਗਰ ਹਰ ਜਗ੍ਹਾ ਏਕ ਚੋਰ ਰਸਤਾ ਹੈ ਹਮਾਰੇ ਦੇਸ਼ ਮੇਂ।

*- ਸਤਿਆਨੰਦ ਸ਼ਾਕਰ*

ਜੇਕਰ ਸਾਡੀ ਭਾਵਨਾ ਸਹੀ ਨਹੀਂ ਤਾਂ ਸਾਡੇ ਨਿਰਣੇ ਜ਼ਰੂਰ ਗਲਤ ਹੋਣਗੇ।

*- ਹੈਜ਼ਲਿਟ*

ਨਿਆਂ 'ਚ ਦੇਰ ਕਰਨਾ ਹੀ ਅਨਿਆਂ ਹੈ।

*- ਲਾਨਡੌਰ*

ਕਾਨੂੰਨੀ ਪ੍ਰਬੰਧਾਂ ਦੇ ਡਰ ਕਾਰਨ ਲੋਕ ਸਮਾਜਕ ਬੁਰਾਈਆਂ ਨੂੰ ਤਿਆਗਣ ਲਈ ਮਜ਼ਬੂਰ ਹੋ ਜਾਂਦੇ ਹਨ।

*- ਅਗਿਆਤ*

ਅਦਾਲਤਾਂ ਨੂੰ ਨਿਰਪੱਖ ਰਹਿਣਾ ਚਾਹੀਦਾ ਹੈ ਅਤੇ ਬਿਨਾਂ ਕਿਸੇ ਡਰ ਜਾਂ ਪੱਖਪਾਤ ਦੇ ਨਿਰਣੇ ਦੇਣੇ ਚਾਹੀਦੇ ਹਨ।

*- ਟਾਫਟ*

ਸਰਕਾਰਾਂ ਕਾਨੂੰਨ ਤਾਂ ਬਣਾਉਂਦੀਆਂ ਹਨ ਪਰ ਲਾਗੂ ਨਹੀਂ ਕਰਦੀਆਂ।

*- ਅਗਿਆਤ*

ਜਦੋਂ ਸਿਫ਼ਾਰਸ ਤੋਂ ਬਿਨਾਂ ਨਿਆਂਪਾਲਿਕਾ ਦਾ ਮੈਂਬਰ ਬਣਿਆ ਹੀ ਨਹੀਂ ਜਾ ਸਕਦਾ ਤਾਂ ਫਿਰ ਅੰਦਾਜਾ ਲਗਾਉ ਕਿ ਕਿਹੋ ਜਿਹੀ ਨਿਆਂਪਾਲਿਕਾ ਹੋਂਦ ਵਿਚ ਆਵੇਗੀ।

*- ਜਸਟਿਸ ਵਾਈਕੇ ਸੁਭਰਵਾਲ*

ਵਿਧਾਨ ਉਹ ਢੰਗ ਹੈ ਜਿਸ ਦੇ ਅਧਾਰ ਤੇ ਨਾਗਰਿਕ ਜਿਹੜੇ ਰਾਜ ਦਾ ਅੰਗ ਹੁੰਦੇ ਹਨ ਪਰਸਪਰ ਸਬੰਧ ਨਿਸਚਤ ਕੀਤਾ ਜਾਂਦਾ ਹੈ।

*- ਅਰਸਤੂ*

ਮੁਕੱਦਮੇ ਬਾਜ਼ੀ ਵੀ ਇਕ ਬਿਮਾਰੀ ਹੈ ਜਿਸ ਨੂੰ ਫੈਲਣ ਦੇਣਾ ਚੰਗੀ ਗੱਲ



Sri Satguru Jagjit Singh Ji eLibrary NamdhariElibrary@gmail.com

ਨਹੀਂ।

*- ਜਵਾਹਰ ਲਾਲ ਨਹਿਰੂ*

ਅਨਿਆਂ ਅੰਤ ਵਿਚ ਅਜ਼ਾਦੀ ਨੂੰ ਜਨਮ ਦਿੰਦਾ ਹੈ।

*- ਵਾਲ ਟੇਅਰ*

ਜਿਸ ਸਮਾਜ ਦਾ ਇਕੋ ਇਕ ਨਿਸ਼ਾਨਾ ਨਿਆਂ ਹੋਵੇਗਾ ਉਹ ਸਮਾਜ ਹੀ ਆਦਰਸ਼ ਸਮਾਜ ਕਹਾਊਗਾ।

*- ਰਾਧਾ ਕ੍ਰਿਸ਼ਨਨ*



Sri Satguru Jagjit Singh Ji eLibrary NamdhariElibrary@gmail.com

# ਗਿਣਤੀ

ਬਿਨਾਂ ਵਿਚਾਰੇ ਜੋ ਕਰੇ ਸੋ ਪਾਛੇ ਪਛਤਾਏ। ਕਾਮ ਵਿਗਾੜੇ ਆਪਣਾ ਜਗ ਮੇ ਹੋਤ ਹਸਾਏ।

*- ਕਹਾਵਤ*

ਉਤਮ ਕੁਲ ਕਿਸ ਕੰਮ ਹੈ ਵਿੱਦਿਆ ਗੁਣ ਤੇ ਹੀਨ
ਨੀਚ ਜਾਤਿ ਵਿਦਵਾਨ ਨੂੰ ਪੂਜਣ ਦੇਵ ਪ੍ਰਬੀਨ

*- ਕਥਾ ਉਪਦੇਸ਼ ਸਾਗਰ ਵਿਚੋਂ*

ਰਿਣ ਰਿਪ ਅਗਨ ਤ੍ਰਿਨਾਸ ਮਝਾਰੀ ਕਰੇ ਬਿਲਮ ਨਹਿ ਸਮਾ ਪਛਾਨ।
ਕੰਨਿਆਂ ਦਾਨੇ ਧਰਮਾਂ ਰੰਭੇ, ਵਿੱਦਿਆ ਪੜ੍ਹਨੇ ਧਨ ਕਿ ਲਿਯਾਨ।
ਅਵਸਰ ਦੇਖ ਪਦਾਰਥ ਚਾਰੋ ਕਰੇ ਸੀਘਰ ਜੋ ਸੋ ਬੁਧੀਮਾਨ।
ਖਿਣ ਖਿਣ ਖੀਣ ਕਾਲ ਤਨ ਕਰ ਹੈ ਭਲੋ ਕਾਲ ਫਿਰ ਮਿਲੈ ਨਾ ਪਾਨ।

*- ਸਾਰ ਕੁਤਾਵਲੀ*

ਭ੍ਰਿਸ਼ਟਾਚਾਰ ਦੇ ਦਰਖਤ ਦੀਆਂ ਟਾਹਣੀਆਂ ਬਹੁਤ ਲੰਮੀਆਂ ਹੁੰਦੀਆਂ ਹਨ। ਇਨ੍ਹਾਂ ਤੇ ਗਿਰਦੀ ਤ੍ਰੇਲ ਦੇ ਤੁਪਕੇ ਹਰ ਅਹੁਦੇ ਨੂੰ ਲਾਗ ਲਾਉਣ ਦੇ ਸਮਰੱਥ ਹਨ।

*- ਫਰਾਂਸਿਸ ਬਿਓਮੋਂਟ*

ਕੁਲਚਾਰੀ ਨਰ ਉੱਦਮੀ ਧੀਰਜ ਕਰੈ ਜੁ ਕੋਏ।
ਤਾਹਿ ਨਾ ਛਾਡੈ ਲਛਮੀ ਸਦਾ ਸਹਾਇਕ ਹੋਏ॥

*- ਚਣਾਕਾ ਰਾਜਨੀਤੀ*

ਨਾਰ ਕੁਲੈਹਣੀ ਗ੍ਰਾਮ ਘਰ ਦੇਹ ਦੁਖੀ ਨ੍ਰਿਪ ਨੀਚ
ਪਰਵਸ ਪਾਚੋ ਨਰਕ ਕੋ ਜੀਵਤ ਹੀ ਹੈ ਮੀਚ

*- ਸਾਰ ਕੁਤਾਬਲੀ*

ਬਿਨਾ ਅਭਿਆਸ ਵਿੱਦਿਆ ਨਹੀ ਵਿੱਦਿਆ ਬਿਨ ਧਨੁ ਨਾਹਿ
ਬਿਨਾ ਦਾਬ ਨਹਿ ਮਿੱਤਰ ਕੋ ਮਿੱਤਰ ਬਿਨਾ ਬਲ ਨਾਹਿ

*- ਸਾਰ ਕੁਤਾਬਲੀ*

ਆਗਿਆਕਾਰੀ ਪੁਤ ਹੋਇ ਅਰ ਮਿਠ ਬੋਲੀ ਨਾਰ।
ਧਨ ਅਪਨੋ ਸੰਤੋਖ ਮਹਿ ਤਾਹਿ ਸਵਰਗ ਸੰਸਾਰ।

*- ਚਣਾਕਾ ਰਾਜਨੀਤੀ*

ਕ੍ਰੋਧ ਨੂੰ ਪਿਆਰ ਨਾਲ, ਬੁਰਾਈ ਨੂੰ ਭਲਾਈ ਨਾਲ, ਕੰਜੂਸ ਨੂੰ ਦਾਨ ਨਾਲ ਅਤੇ ਝੂਠ ਨੂੰ ਸੱਚ ਨਾਲ ਜਿੱਤੋ।

*- ਮਹਾਤਮਾ ਬੁੱਧ*

ਤਿੰਨ ਚੀਜਾਂ ਨੂੰ ਬੜ੍ਹਾਵਾ ਦਿਓ - ਚੰਗੀਆਂ ਕਿਤਾਬਾਂ, ਚੰਗੇ ਦੋਸਤ, ਚੰਗੇ ਕੰਮ।

*- ਅਗਿਆਤ*



Sri Satguru Jagjit Singh Ji eLibrary NamdhariElibrary@gmail.com

ਤਿੰਨ ਚੀਜ਼ਾਂ ਮਨੁੱਖ ਨੂੰ ਇਕ ਵਾਰ ਮਿਲਦੀਆਂ ਹਨ-ਮਾਪੇ, ਹੁਸਨ ਤੇ ਜਵਾਨੀ।
ਤਿੰਨ ਚੀਜ਼ਾਂ ਕਦੇ ਛੋਟੀਆਂ ਨਾ ਸਮਝੋ-ਦੁਸ਼ਮਣ, ਕਰਜ਼ਾ ਤੇ ਬਿਮਾਰੀ।
ਤਿੰਨ ਗੱਲਾਂ ਅਸਲ ਉਦੇਸ਼ ਤੋਂ ਦੂਰ ਲੈ ਜਾਂਦੀਆਂ ਹਨ-ਲਾਲਚ, ਗੁੱਸਾ ਤੇ ਬਦਚਲਨੀ।
ਤਿੰਨ ਗੱਲਾਂ ਸਦਾ ਯਾਦ ਰੱਖੋ-ਸਚਾਈ, ਫਰਜ਼ ਤੇ ਮੌਤ।
ਤਿੰਨ ਚੀਜ਼ਾਂ ਭਰਾਵਾਂ ਨੂੰ ਵੈਰੀ ਬਣਾਉਂਦੀਆਂ ਹਨ-ਕਿਸਮਤ, ਹੁਸਨ ਤੇ ਸੁਭਾ
ਤਿੰਨ ਚੀਜ਼ਾਂ ਮਨੁੱਖ ਨੂੰ ਜਲੀਲ ਕਰਦੀਆਂ ਹਨ-ਚੋਰੀ, ਚੁਗਲੀ ਤੇ ਝੂਠ
ਤਿੰਨ ਚੀਜ਼ਾਂ ਹਰ ਇਕ ਨੂੰ ਪਿਆਰੀਆਂ ਹਨ-ਇਸਤਰੀ, ਦੌਲਤ ਤੇ ਔਲਾਦ
ਤਿੰਨ ਚੀਜ਼ਾਂ ਕਿਸੇ ਦੀ ਉਡੀਕ ਨਹੀਂ ਕਰਦੀਆਂ-ਸਮਾਂ ਗਾਹਕ ਤੇ ਮੌਤ।
ਤਿੰਨੋ ਵਕਤ ਸਿਰ ਪਛਾਣੇ ਜਾਂਦੇ ਹਨ-ਇਸਤਰੀ ਭਰਾ ਤੇ ਦੋਸਤ।
ਤਿੰਨ ਚੀਜ਼ਾਂ ਤੋਂ ਇਨਸਾਨ ਬਚਕੇ ਰਹੇ-ਪਰ-ਇਸਤਰੀ, ਕੁਸੰਗਤ ਤੇ ਨਿੰਦਾ।
ਤਿੰਨ ਚੀਜ਼ਾਂ ਨਾਲ ਸੁੱਖ ਮਿਲਦਾ ਹੈ-ਮਿਹਨਤ, ਭਗਤੀ ਤੇ ਸੇਵਾ।
ਤਿੰਨ ਗੱਲਾਂ ਦਾ ਅਸੀਂ ਮਾਣ ਕਰਦੇ ਹਾਂ-ਸਹੀ ਮੁੱਲ, ਚੰਗਾ ਮਾਲ, ਸਮੇਂ ਸਿਰ ਸੇਵਾ।

*- ਬਲੰਸਰੀ*

ਔਲਾਦਹੀਣ ਦਾ ਘਰ ਸੁੰਨਾ ਹੈ। ਵਿਧਵਾ ਦੀ ਦਿਸ਼ਾ ਸੁੰਨੀ ਹੈ ਮੂਰਖ ਦਾ ਹਿਰਦਾ ਸੁੰਨਾ ਹੈ ਅਤੇ ਆਲਸੀ ਦਾ ਸਭ ਕੁਝ ਸੁੰਨਾ ਹੈ।

*- ਚਾਣਕਿਆ*

ਤਿੰਨ ਪੁੱਤਰ ਮਨੁੱਖ ਦੇ ਇੱਕ ਅਣਜੰਮਿਆ ਜਾਣ। ਦੂਜਾ ਪੈਦਾ ਹੋ ਮਰੇ ਤੀਜਾ ਮੂੜ ਪਛਾਣ। ਅਣਜੰਮੇ ਜੰਮੇ ਮੁਏ ਦਾ, ਦੁੱਖ ਹੋਵੇ ਇਕ ਵਾਰ। ਮੂਰਖ ਮਰਦਾ ਹਰ ਘੜੀ ਰੱਖਦਾ ਦਿਲ ਨੂੰ ਸਾੜ।

*- ਵਿਦਵਾਨ ਕਵੀ ਦੇ ਦੋਹਰੇ*

ਘਰ ਦੀ ਫੁੱਟ ਕੌਮ ਨੂੰ ਖਾ ਜਾਂਦੀ ਹੈ ਚਿੰਤਾ ਉਮਰ ਖਾ ਜਾਂਦੀ ਹੈ ਅਤੇ ਜ਼ੁਲਮ ਇਨਸਾਫ਼ ਨੂੰ ਖਾ ਜਾਂਦਾ ਹੈ।

*- ਅਗਿਆਤ*

ਕੰਮ ਤਿੰਨ ਵੱਡੀਆਂ ਬਦੀਆਂ ਨੂੰ ਦੂਰ ਕਰਦਾ ਹੈ-ਐਬ, ਗਰੀਬੀ ਤੇ ਅਕੇਵਾਂ।

*- ਵਾਲ ਦਾਨ*

ਰਾਜਾ, ਮੰਤਰੀ, ਵੈਦ ਅਤੇ ਜਾਤੀ ਇਨ੍ਹਾਂ ਤੇ ਆਇਆ ਬੁਢਾਪਾ ਸ਼ੋਭਨੀਕ ਹੁੰਦਾ ਹੈ।

ਇਸਦੇ ਵਿਪਰੀਤ ਵੇਸਵਾ ਪਹਿਲਵਾਨ ਗਾਇਕ ਅਤੇ ਸੇਵਕ ਤੇ ਆਇਆ ਬੁਢਾਪਾ ਕਲੰਕ ਸਮਾਨ ਹੁੰਦਾ ਹੈ।

*- ਸੰਤ ਬਚਨ*

ਰੁੱਖ ਫਲ ਤੋਂ, ਮਨੁੱਖ ਦੋਸਤਾਂ ਤੋਂ ਅਤੇ ਕੌਮਾਂ ਆਚਰਨ ਤੋਂ ਪਛਾਣੀਆਂ ਜਾਂਦੀਆਂ ਹਨ।

*- ਬਾਈਬਲ*

ਇਲਮ ਸੇ ਇਨਸਾਨ ਕੀ ਤਕਦੀਰ ਬਨਤੀ ਹੈ। ਤੀਨੇ ਚੀਜ਼ਾਂ ਸੋਚ ਕਰ ਖਰਚ ਕਰੋ - ਅਕਲ, ਦੌਲਤ, ਇਲਮ।

*- ਸ਼ੇਖ ਸਾਅਦੀ*



Sri Satguru Jagjit Singh Ji eLibrary NamdhariElibrary@gmail.com

ਤਿੰਨ ਚੀਜ਼ਾਂ ਦਾ ਸਤਿਕਾਰ ਕਰੋ ਮਾਪੇ, ਗੁਰੂ ਤੇ ਕਾਨੂੰਨ।

*- ਅਗਿਆਤ*

ਮਾਤਾ ਪਿਤਾ ਨਾਲ ਵਿਹਾਰ ਦੇ ਗਿਆਰਾਂ ਨੇਮ, ਪਹਿਲਾ ਹਮੇਸ਼ਾ ਆਪਣੇ ਮਾਤਾ ਪਿਤਾ ਦਾ ਆਦਰ ਕਰੋ। ਦੂਜਾ ਉਨ੍ਹਾਂ ਨੂੰ ਦੁਨੀਆਂ ਦੀ ਵੱਡੀ ਤੋਂ ਵੱਡੀ ਚੀਜ਼ ਦੇਣ ਦੀ ਕੋਸ਼ਿਸ਼ ਕਰੋ। ਤੀਜਾ ਆਪਣੇ ਮਾਤਾ ਪਿਤਾ ਨਾਲ ਕਦੇ ਇਸ ਗੱਲ ਦਾ ਜ਼ਿਕਰ ਨਾ ਕਰੋ ਕਿ ਤੁਸੀਂ ਉਨ੍ਹਾਂ ਦਾ ਸਤਿਕਾਰ ਕਰਦੇ ਰਹੇ ਹੋ ਅਤੇ ਉਨ੍ਹਾਂ ਦੀ ਸੇਵਾ ਕਰਦੇ ਰਹੇ ਹੋ। ਚੌਥਾ ਉਨ੍ਹਾਂ ਦੀ ਗੱਲ ਨੂੰ ਗਲਤ ਨਾ ਕਹੋ। ਪੰਜਵਾਂ ਉਨ੍ਹਾਂ ਦੀ ਅਵਾਜ਼ ਉਤੇ ਤੁਰੰਤ ਹਾਜ਼ਰ ਹੋ ਜਾਵੋ। ਛੇਵਾਂ ਉਨ੍ਹਾਂ ਨਾਲ ਗੱਲਾਂ ਕਰਦਿਆਂ ਮੂੰਹ ਨਾ ਬਣਾਓ। ਸੱਤਵਾਂ ਉਨ੍ਹਾਂ ਦੀ ਹਰ ਆਗਿਆ ਦਾ ਪਾਲਣ ਕਰੋ। ਅੱਠਵਾਂ ਆਪਣੇ ਮਾਤਾ ਪਿਤਾ ਨਾਲ ਗੱਲਾਂ ਕਰਦਿਆਂ ਉੱਚੀ ਅਵਾਜ਼ ਵਿਚ ਨਾ ਬੋਲੋ। ਨੌਵਾਂ ਆਪਣੇ ਮਾਤਾ ਪਿਤਾ ਦੀ ਸਲਾਹ ਤੋਂ ਬਿਨਾ ਯਾਤਰਾ ਨਾ ਕਰੋ। ਦਸਵਾਂ ਉਨ੍ਹਾਂ ਨੂੰ ਖੁਸ਼ ਰੱਖਣ ਦੀ ਕੋਸ਼ਿਸ਼ ਕਰੋ। ਗਿਆਰਵਾਂ ਆਪਣੇ ਮਾਤਾ ਪਿਤਾ ਨੂੰ ਹਮੇਸ਼ਾ ਪਿਆਰ ਕਰੋ ਕਿਉਂਕਿ ਤੁਹਾਨੂੰ ਹਰ ਚੀਜ਼ ਉਨ੍ਹਾਂ ਤੋਂ ਪ੍ਰਾਪਤ ਹੋਈ ਹੈ।

*- ਪੰਦਰਵੀਂ ਸਦੀ ਦੇ ਇਕ ਇਰਾਨੀ ਤਾਜਿਕ ਵਿਦਵਾਨ ਹੁਸੈਨ ਵਾਇਜ ਕਸਫੀ*



Sri Satguru Jagjit Singh Ji eLibrary NamdhariElibrary@gmail.com

# ਏਕਤਾ, ਫਿਰਕੂਪੁਣਾ, ਸੋਚਣਾ, ਸੰਗਤ, ਝਗੜਾ

ਬਦਨਾਮੀ ਦਾ ਧੱਬਾ ਲੱਗਣਾ ਕਰੋੜਾਂ ਮੌਤਾਂ ਤੋਂ ਵੀ ਜ਼ਿਆਦਾ ਦੁਖਦਾਈ ਹੁੰਦਾ ਹੈ।

*- ਤੁਲਸੀਦਾਸ*

ਫਿਰਕੂਪੁਣੇ ਦਾ ਲੰਮੇ ਸਮੇਂ ਤੱਕ ਕਾਇਮ ਰਹਿਣਾ ਮੌਤ ਦੇ ਘੇਰੇ ਵਿੱਚ ਰਹਿਣ ਦੇ ਸਮਾਨ ਹੈ।

*- ਫਰਾਂਸਿਸਸੋਂ ਚੇਫਰ*

ਹਮੇਸ਼ਾ ਉਹੀ ਕਰੋ ਜਿਹੜਾ ਸਹੀ ਹੋਵੇ ਇਸ ਨਾਲ ਕੁਝ ਲੋਕਾਂ ਨੂੰ ਖੁਸ਼ੀ ਹੋਵੇਗੀ ਬਾਕੀ ਸਾਰਿਆਂ ਨੂੰ ਹੈਰਾਨੀ।

*- ਮਾਰਕ ਟਵੇਨ*

ਅਜਿਹੇ ਲੋਕਾਂ ਦੀ ਭੀੜ ਬਹੁਤ ਜ਼ਿਆਦਾ ਹੁੰਦੀ ਹੈ ਜਿਹੜੇ ਸੋਚਦੇ ਬਹੁਤ ਘੱਟ ਹਨ ਅਤੇ ਬੋਲਦੇ ਬਹੁਤ ਜ਼ਿਆਦਾ ਹਨ।

*- ਡਾਰਾਈਡਨ*

ਜੋ ਜੈਸਾ ਸੋਚਦਾ ਹੈ ਵੈਸਾ ਬਣ ਜਾਂਦਾ ਹੈ।

*- ਸਵਾਮੀ ਰਾਮ ਕ੍ਰਿਸਨ ਪ੍ਰੇਮ ਹੰਸ*

ਅਮਨ ਦੀਆਂ ਮੁਸ਼ਕਲਾਂ ਨਾਲ ਨਜਿੱਠਣ ਦੀ ਥਾਂ ਡਰਪੋਕ ਲੋਕ ਜੰਗ ਦੀ ਚੋਣ ਕਰਦੇ ਹਨ।

*- ਥਾਮਸ ਮੈਨ*

ਇਤਿਹਾਸ ਤੇ ਨਜ਼ਰ ਮਾਰੀਏ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਜਦੋਂ ਵੀ ਸਰਮਾਏਕਾਰੀ ਨੂੰ ਵੱਡੇ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਿਆ ਤਾਂ ਇਸਨੇ ਸੰਕਟ ਵਿਚੋਂ ਨਿਕਲਣ ਲਈ ਯੁਧ ਛੇੜ ਦਿੱਤਾ। ਸਰਮਾਏਦਾਰੀ ਦਾ ਮੌਜੂਦਾ ਆਰਥਿਕ ਸੰਕਟ ਬਹੁਤ ਗੰਭੀਰ ਤੇ ਡੂੰਘਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਸ ਸੰਕਟ ਦਾ ਨਤੀਜਾ ਵੀ ਤੀਜਾ ਸੰਸਾਰ ਯੁਧ ਹੀ ਨਿਕਲੇਗਾ।

*- ਡਾ. ਸਵਰਾਜ ਸਿੰਘ*

ਬਹੁਤ ਦੇਰ ਤੱਕ ਵਪਾਰੀ ਤੇ ਸਮੁੰਦਰੀ ਲੁਟੇਰੇ ਇਕੋ ਰਹੇ ਹਨ ਹੁਣ ਵੀ ਵਪਾਰੀ ਬਿਰਤੀ ਸਮੁੰਦਰੀ ਲੁਟੇਰਿਆਂ ਦੀ ਨੈਤਿਕਤਾ ਦਾ ਮਹਿਜ ਸੁਧਰਿਆ ਹੋਇਆ ਰੂਪ ਹੈ।

*- ਫਰੈਡਰਿਚ ਨਿਤਸੇ*

ਕਿੜ ਬਾਜੀ ਚਿਰਕਾਲੀ ਸੋਚ ਤੋਂ ਟੁੱਟੀ ਹੋਈ ਕਾਰਵਾਈ ਹੈ।

*- ਨੈਪੋਲੀਅਨ ਬੋਨਾ ਪਾਰਟ*

ਬਜਟ ਨੂੰ ਸੰਤੁਲਿਤ ਕਰਨ ਦੀਆਂ ਗੱਲਾਂ ਅਤੇ ਅਸਲੀਅਤ ਵਿੱਚ ਉਸਨੂੰ ਸੰਤੁਲਿਤ ਬਣਾਉਣ ਵਿਚ ਫਰਕ ਹੁੰਦਾ ਹੈ।

*- ਕਵਨ ਫਰੈਂਡੀ*

ਜੇ ਤੁਸੀਂ ਪਰਵਾਹ ਨਹੀਂ ਕਰਦੇ ਤਾਂ ਖਪਤਕਾਰ ਤੁਹਾਡੀ ਕਦੇ ਪ੍ਰਵਾਹ ਨਹੀਂ ਕਰਦਾ।

*- ਮੈਰਲਿਨ ਬਲਾਸ ਜਿੰਕ*



Sri Satguru Jagjit Singh Ji eLibrary NamdhariElibrary@gmail.com

ਅਤ ਕੋਮਲ ਨਹੀਂ ਹੋਈਆਂ ਕੁਣਕ ਟੇਢ ਦਿਢ ਹਾਰ। ਜਿਉ ਕੇਲੇ ਕੋ ਮੂਲ ਮ੍ਰਿਦ ਉਖਰਤ ਲਗਤ ਨਾ ਬਾਰ।

*- ਚਣਾਕਾ ਰਾਜਨੀਤੀ*

ਮਹਿੰਗਾਈ ਦਾ ਅਸੂਲ ਹੈ ਕਿ ਜੋ ਚੀਜ਼ ਮਹਿੰਗੀ ਹੋ ਗਈ ਉਹ ਹੋਰ ਮਹਿੰਗੀ ਹੋਵੇਗੀ।

*- ਅਨੋਨ*

ਜੋ ਰਹੱਸ ਨੂੰ ਲੁਕੋ ਕੇ ਨਹੀਂ ਰੱਖ ਸਕਦਾ ਉਹ ਕਦੇ ਸਫਲ ਨਹੀਂ ਹੋ ਸਕਦਾ।

*- ਚਾਣਕਿਆ*

ਬੱਜਟ ਦੀ ਮੁਸ਼ਕਿਲ ਇਹ ਹੁੰਦੀ ਹੈ ਕਿ ਨਵਾਂ ਟੋਆ ਪੁੱਟੇ ਬਿਨਾਂ ਪਹਿਲਾ ਭਰਨਾ ਮੁਸ਼ਕਲ ਹੁੰਦਾ ਹੈ।

*- ਡੈਨ ਬੈਕਟ*

ਸ਼ੱਕ ਤੋਂ ਪਰੇ ਕਦੀ ਸਮਝੌਤਾ ਨਾ ਕਰੋ ਪ੍ਰੰਤੂ ਸਮਝੌਤਾ ਕਰਨ ਤੋਂ ਕਦੀ ਡਰੋ ਵੀ ਨਾ।

*- ਜਾਹਨ ਐਫ ਕੈਨੇਡੀ*

ਦਰੁਸਤ ਨਜ਼ਰੀਏ ਨਾਲ ਮੈਂ ਉਸ ਦੁਮੇਲ ਤੱਕ ਦੇਖ ਸਕਿਆ ਹਾਂ ਜੋ ਦਿਸਹੱਦਿਆਂ ਤੋਂ ਪਾਰ ਹੈ।

*- ਨੈਸ਼ਨਲ ਮੰਡੇਲਾ*

ਕਲਪਨਾ ਦੀਆਂ ਉਡਾਰੀਆਂ ਲਾਉਣ ਤੋਂ ਪਹਿਲਾਂ ਆਪਣੀ ਜੇਬ ਦਾ ਅੰਦਾਜ਼ਾ ਲਗਾਓ।

*- ਬੈਂਜਾਮਿਨ ਫਰੈਂਕਲਿਨ*

ਕਟੜਪੰਥੀ ਨਾ ਤਾਂ ਆਪਣੀ ਸੋਚ ਬਦਲਦਾ ਹੈ ਅਤੇ ਨਾ ਹੀ ਮੁੱਦੇ ਤੋਂ ਪਿੱਛੇ ਹਟਦਾ ਹੈ।

*- ਬੈਂਜਾਮਿਨ ਫਰੈਂਕਲਿਨ*

ਹਰੇਕ ਦੇਸ਼ ਇਕ ਚੰਗੇ ਗੁਆਂਢੀ ਦੀ ਉਮੀਦ ਰੱਖਦਾ ਹੈ।

*- ਥਾਮਸ ਜੈਫ ਰਸਨ*

ਜਿਹੜੇ ਲੋਕ ਇਤਿਹਾਸ ਦੇ ਸਬਕ ਯਾਦ ਨਹੀਂ ਰੱਖਦੇ ਉਨ੍ਹਾਂ ਨੂੰ ਇਤਿਹਾਸ ਦੁਹਰਾਉਣ ਦੀ ਸਜ਼ਾ ਝੱਲਣੀ ਹੀ ਪੈਂਦੀ ਹੈ।

*- ਜਾਰਜ ਸਤਿਆਨਾ*

ਸੂਚਨਾ ਦੇ ਉਚੇਚੇ ਰਾਹ ਉੱਪਰ ਦੇਸ਼ ਦੀਆਂ ਸਰਹੱਦਾਂ ਰੁਕਾਵਟ ਨਹੀਂ ਬਣ ਸਕਦੀਆਂ।

*- ਟਿਮ੍ਰੇ*

ਹਰ ਨਵਾਂ ਜੰਗ ਨਵਾਂ ਸੁਖ ਵੀ ਲਿਆਉਂਦਾ ਹੈ ਤੇ ਨਵੀਂ ਪੀੜ ਵੀ।

*- ਨਜਮ ਹੁਸੈਨ ਸਯਦ*

ਆਪਣੇ ਸਿਧਾਂਤਾਂ ਉੱਪਰ ਨਾ ਚਲਣਾ ਬੇੜੀ ਤੇ ਲੱਗੀ ਤ੍ਰਿਵੇਣੀ ਦੇ ਸਮਾਨ ਹੈ।

*- ਮਹਾਤਮਾ ਗਾਂਧੀ*



Sri Satguru Jagjit Singh Ji eLibrary NamdhariElibrary@gmail.com

ਖੇਤੀਬਾੜੀ ਭੰਡਾਰੇ ਭਰਦੀ ਹੈ, ਦੇਸ਼ ਇਨ੍ਹਾਂ ਭੰਡਾਰਾਂ ਨੂੰ ਹੀ ਆਪਣੇ ਮੰਨ ਸਕਦਾ ਹੈ।

*- ਸੈਮੂਅਲ ਜੈਲਸਨ*

ਸਾਡੇ ਅਰਥਚਾਰੇ ਵਿਚ ਸਿਰਫ਼ ਕਿਸਾਨ ਪ੍ਰਚੂਨ ਖਰੀਦਦੇ ਹਨ ਅਤੇ ਥੋਕ ਵੇਚਦੇ ਹਨ ਉਹ ਢੋਆ ਢੁਆਈ ਦੀ ਦੋਵੇਂ ਪਾਸਿਉ ਕੀਮਤ ਤਾਰਦੇ ਹਨ।

*- ਜੌਨ ਐਫ ਕੈਨੇਡੀ*

ਗਲਤ ਫਹਿਮੀ ਬਹਿਸ ਨਾਲ ਨਹੀਂ ਸਗੋਂ ਵਿਚਾਰ ਸਮਝਣ ਨਾਲ ਦੂਰ ਹੁੰਦੀ ਹੈ।

*- ਮਹਾਤਮਾ ਬੁੱਧ*

ਸੁਖ ਦੇ ਸੁਪਨੇ ਦਿਖਾਉਦੀਆਂ ਮਿੱਥਾਂ ਆਰਜੀ ਢੋਅ ਭਾਵੇ ਬਣ ਜਾਣ ਪਰ ਇਹ ਹਿੱਤਾਂ ਦਾ ਨਿਬੇੜਾ ਕਰਨ ਦੇ ਸਾਧਨ ਨਹੀਂ ਬਣ ਸਕਦੀਆਂ।

*- ਕਹਾਵਤ*

ਜਦੋਂ ਲੜਾਈ ਤੁਹਾਡੇ ਅਤੇ ਬਾਕੀ ਦੁਨੀਆਂ ਵਿਚਕਾਰ ਹੋਵੇ ਤਾਂ ਬਿਹਤਰ ਇਹੋ ਹੈ ਕਿ ਤੁਸੀਂ ਦੁਨੀਆਂ ਦਾ ਹੀ ਸਾਥ ਦਿਓ।

*- ਫਰੈਕ ਜੱਪਾ*

ਪ੍ਰਸਥਿਤੀਆਂ ਦੇ ਅਸਰਾਂ ਤੋਂ ਕੋਈ ਮਨੁੱਖ ਬਚ ਨਹੀਂ ਸਕਦਾ।

*- ਨਾਨਕ ਸਿੰਘ*

ਹਮਲੇ ਦਾ ਜੇਕਰ ਵਿਰੋਧ ਨਾ ਕੀਤਾ ਜਾਵੇ ਤਾਂ ਇਹ ਛੂਤ ਦੀ ਬਿਮਾਰੀ ਵਾਂਗ ਖਤਰਨਾਕ ਬਣ ਜਾਂਦਾ ਹੈ।

*- ਜਿਮੀ ਕਾਰਟਰ*

ਜਿਸ ਘਰ ਦੀ ਬੁਨਿਆਦ ਨੀਹ ਜਿੰਨੀ ਡੂੰਘੀ ਅਤੇ ਮਜ਼ਬੂਤ ਹੋਵੇਗੀ ਉਹ ਘਰ ਉਨਾ ਹੀ ਸੁਰੱਖਿਅਤ ਬਣੇਗਾ।

*- ਸਵਾਮੀ ਵਿਵੇਕਾਨੰਦ*

ਦੁਨੀਆਂ ਵਹਿਣ ਨਦੀ ਦਾ ਹਾਸ਼ਮ ਅਤੇ ਤੂ ਹੈ ਵਿਚ ਪਤਾਸਾ, ਪਲ ਛਲ ਵਾਸਾ।

*- ਹਾਸ਼ਮ ਸਾਹ*

ਚੰਗਾ ਪ੍ਰਬੰਧ ਚੰਗੀ ਆਮਦਨ ਤੋਂ ਬਿਹਤਰ ਹੁੰਦਾ ਹੈ।

*- ਪੁਰਤਗਾਲੀ ਕਹਾਵਤ*

ਸਭ ਤੋਂ ਮਾੜਾ ਸਿਆਸੀ ਸਲਾਹਕਾਰ ਖਾਲੀ ਪੇਟ ਹੁੰਦਾ ਹੈ।

*- ਅਲਬਰਟ ਆਈਨ ਸਟਾਈਨ*

ਸਵੈਮਾਣ ਹੀ ਇਕ ਐਸਾ ਹਥਿਆਰ ਹੈ ਜਿਸ ਨਾਲ ਅਸੀਂ ਹਿੰਸਾ ਤੇ ਗਰੂਰ ਆਦਿ ਦਰਿੰਦਿਆਂ ਦਾ ਟਾਕਰਾ ਕਰ ਸਕਦੇ ਹਾਂ।

*- ਨਾਨਕ ਸਿੰਘ*

ਜ਼ਿੰਮੇਵਾਰੀ ਤੋਂ ਭੱਜਣਾ ਅਸਾਨ ਹੈ ਪਰ ਗੈਰ ਜ਼ਿੰਮੇਵਾਰੀ ਦੇ ਸਿੱਟਿਆਂ ਤੋਂ



Sri Satguru Jagjit Singh Ji eLibrary NamdhariElibrary@gmail.com

ਬਚਣਾ ਅਸੰਭਵ ਹੈ।

*- ਜੋਸੀਆਂ ਚਾਰਲਸ*

ਜਦੋਂ ਅਰਥਚਾਰਾ ਰਫ਼ਤਾਰ ਫੜੇ ਤਾਂ ਟੈਕਸ ਲਗਾਓ। ਦੌੜਨ ਲੱਗੇ ਤਾਂ ਲਗਾਮ ਖਿੱਚੋ। ਰੁਕ ਜਾਏ ਤਾਂ ਸਹਾਇਤਾ ਕਰੋ।

*- ਵੁਡਰੋ ਵਿਲਸਨ*

ਆਰਥਿਕ ਯੋਜਨਾਵਾਂ ਅਤੇ ਆਰਥਿਕ ਵਿਕਾਸ ਦਾ ਪੈਮਾਨਾ ਸਮਾਜ ਦੀ ਉਪਰ ਵਾਲੀ ਪੌੜੀ ਤੇ ਪਹੁੰਚੇ ਵਿਅਕਤੀ ਤੋਂ ਨਹੀਂ ਬਲਕਿ ਸਭ ਤੋਂ ਹੇਠਾਂ ਦੀ ਪੌੜੀ ਤੇ ਖੜੇ ਵਿਅਕਤੀ ਨਾਲ ਹੋਣਾ ਚਾਹੀਦਾ ਹੈ।

*- ਪੰਡਤ ਦੀਨ ਦਿਆਲ ਉਪਾਧਿਆਏ*

ਕਿਸਾਨ ਨੂੰ ਆਸ਼ਾਵਾਦੀ ਹੋਣਾ ਹੀ ਪਵੇਗਾ ਨਹੀਂ ਤਾਂ ਉਹ ਖੇਤੀਬਾੜੀ ਨਹੀਂ ਕਰ ਸਕਦਾ।

*- ਵਿਲ ਚਾਕਸ*

ਜੇ ਗੱਠਜੋੜ ਕਾਮਯਾਬ ਹਨ ਤਾਂ ਇਨ੍ਹਾਂ ਦੀ ਉਮਰ ਛੋਟੀ ਹੀ ਰਹੀ ਹੈ।

*- ਬੈਂਜਾਮਿਨ ਡਿਸ ਰੇਲੀ*

ਅਜਿਹੀਆਂ ਪੇਸ਼ਬੰਦੀਆਂ ਕਰੋ ਕਿ ਬਰਬਾਦੀ, ਭ੍ਰਿਸ਼ਟਾਚਾਰ ਅਤੇ ਬਦਇੰਤਜਾਮੀ ਦੀ ਸੰਭਾਵਨਾ ਖਤਮ ਹੋ ਜਾਵੇ।

*- ਰਿਚਰਡ ਸਕਿੱਲਰ*

ਏਕਤਾ ਨਾਲ ਸਾਡੀ ਹੋਂਦ ਕਾਇਮ ਰਹਿੰਦੀ ਹੈ, ਵੰਡੇ ਜਾਣ ਨਾਲ ਪਤਨ ਹੁੰਦਾ ਹੈ।

*- ਜਾਨ ਨਿਕਸਨ*

ਮਨੁੱਖ ਜਿੰਨੇ ਵੀ ਵਾਅਦੇ ਕਰਦਾ ਹੈ, ਉਨ੍ਹਾਂ ਸਾਰਿਆਂ ਨੂੰ ਨਿਭਾ ਸਕੇ। ਇਸ ਲਈ ਜ਼ਰੂਰੀ ਹੈ ਕਿ ਉਸ ਦੀ ਯਾਦਦਾਸ਼ਤ ਕਾਫੀ ਤੇਜ਼ ਹੋਵੇ।

*- ਥਾਮਸ ਨੌਲ*

ਕਾਤਲ ਕਦੇ ਵੀ ਸੰਸਾਰ ਦੇ ਇਤਿਹਾਸ ਨੂੰ ਬਦਲ ਨਹੀਂ ਸਕਦੇ।

*- ਬੈਂਜਾਮਿਨ ਡਿਜ ਰਾਇਲੀ*

ਆਤੰਕਵਾਦ ਇੱਕ ਅਜਿਹਾ ਯੋਜਨਾਬੱਧ ਹਥਿਆਰ ਬਣਕੇ ਉਭਰਿਆ ਹੈ ਜਿਹੜਾ ਕਿਸੇ ਰਾਸ਼ਟਰ ਦੀਆਂ ਸਰਹੱਦਾਂ ਨਹੀਂ ਦੇਖਦਾ।

*- ਜਾਕ ਸਿਰਾਜ*

ਆਪਣੇ ਫਰਜ ਦੀ ਪਾਲਣਾ ਕਰਦਿਆਂ ਦੂਜਿਆਂ ਦੇ ਅਧਿਕਾਰਾਂ ਦੀ ਰਾਖੀ ਕਰਨ ਵਾਲਾ ਹੀ ਕਰਮਯੋਗੀ ਹੁੰਦਾ ਹੈ।

*- ਸੰਤ ਬਾਣੀ*

ਕੱਟੜਤਾ ਦਾ ਧਰਮ ਨਾਲ ਕੋਈ ਸਬੰਧ ਨਹੀਂ ਹੈ। ਇਹ ਤਾਂ ਸਤਾ ਦੀ ਭੁੱਖ ਵਿਚੋਂ ਪੈਦਾ ਹੁੰਦੀ ਹੈ।

*- ਸਲਮਾਨ ਰਸ਼ਦੀ*



Sri Satguru Jagjit Singh Ji eLibrary NamdhariElibrary@gmail.com

ਏਕਤਾ ਦਾ ਕਿਲ੍ਹਾ ਸਭ ਤੋਂ ਸੁਰੱਖਿਅਤ ਹੁੰਦਾ ਹੈ ਨਾ ਉਹ ਟੁੱਟਦਾ ਹੈ ਅਤੇ ਇਸ ਵਿਚ ਰਹਿਣ ਵਾਲਾ ਨਾ ਕਦੇ ਦੁਖੀ ਹੁੰਦਾ ਹੈ।

*- ਅਗਿਆਤ*

ਇਕ ਚੰਗਾ ਗੁਆਂਢੀ ਭਗਵਾਨ ਦੀ ਦੇਣ ਹੈ ਤਾਂ ਮਾੜਾ ਗੁਆਂਢੀ ਕਿਸੇ ਮੰਦੇ ਕਰਮਾਂ ਤੋਂ ਘੱਟ ਨਹੀਂ।

*- ਹੈਸੀਆਡ*

ਅਸੁਖਾਵੀਆਂ ਅਤੇ ਖ਼ਤਰਨਾਕ ਪ੍ਰਵਿਰਤੀਆਂ ਹਰੇਕ ਦੇਸ਼ ਅਤੇ ਹਰ ਵਿਅਕਤੀ ਵਿਚ ਪਾਈਆਂ ਜਾ ਸਕਦੀਆਂ ਹਨ।

*- ਫਰੇਡਰਿਕ ਨੀਤਸ਼ੇ*

ਤੁਸੀਂ ਜਿਨਾ ਕਮਾਉਂਦੇ ਹੋ, ਉਸ ਤੋਂ ਘੱਟ ਖਰਚਦੇ ਹੋ ਤਾਂ ਤੁਹਾਡੇ ਕੋਲ ਪਾਰਸ ਹੈ।

*- ਬੈਂਜਾਮਿਨ ਫੈਂਕਲਿਨ*

ਜੇਕਰ ਦੇਸ਼ ਨੂੰ ਇੱਕਮੁੱਠ ਕਰਨਾ ਹੈ ਤਾਂ ਪਹਿਲਾਂ ਇਸ ਦੇ ਹਰੇਕ ਨਾਗਰਿਕ ਨੂੰ ਆਪਸ ਵਿਚ ਇਕ ਮੁੱਠ ਕਰਨਾ ਪਵੇਗਾ ਦੇਸ ਵਾਸੀ ਇਕਮੁੱਠ ਹੋਣਗੇ ਤਾਂ ਦੇਸ਼ ਵੀ ਇੱਕ ਮੁੱਠ ਹੋ ਜਾਵੇਗਾ।

*- ਅਚਾਰੀਆ ਵਿਨੋਬਾ ਭਾਵੇ*

ਸਮਾਜ ਦਾ ਪਤਨ ਅਸਮਾਜਿਕਤਾ ਨਾਲ ਨਹੀਂ ਸਗੋਂ ਚੰਗੇ ਨਾਗਰਿਕਾਂ ਦੇ ਨਿਕੰਮੇਪਣ ਨਾਲ ਹੁੰਦਾ ਹੈ।

*- ਮਹਾਰਿਸ਼ੀ ਵੇਦ ਵਿਆਸ*

ਉਹ ਸਾਡਾ ਆਤਮ ਸਨਮਾਨ ਨਹੀਂ ਖੋਹ ਸਕਣਗੇ। ਜੇਕਰ ਅਸੀਂ ਉਨ੍ਹਾਂ ਨੂੰ ਅਜਿਹਾ ਕਰਨ ਦਾ ਮੌਕਾ ਨਹੀਂ ਦਿਆਂਗੇ।

*- ਮਹਾਤਮਾ ਗਾਂਧੀ*

ਆਤੰਕਵਾਦੀ ਘਟਨਾਵਾਂ ਅੰਤਰਰਾਸ਼ਟਰੀ ਅਤੇ ਪ੍ਰੰਪਰਾਗਤ ਡਿਪਲੋਮੇਸੀ ਦੇ ਦਾਇਰੇ ਤੋਂ ਬਾਹਰ ਦੀਆਂ ਚੀਜ਼ਾਂ ਹਨ। ਇਹ ਅਜਿਹਾ ਸੰਕਟ ਹੈ ਜਿਸ ਦੇ ਲਈ ਦ੍ਰਿੜਤਾ ਅਤੇ ਸਥਿਤੀ ਦੀ ਜ਼ਰੂਰਤ ਹੈ।

*- ਜੇਮਸ ਅਰਲ ਕਾਂਰਟਰ*

ਆਤੰਕਵਾਦ ਇਕ ਅਜਿਹੀ ਚੀਜ ਹੈ ਜਿਹੜੀ ਸਰਕਾਰ ਦੀ ਸੁਰੱਖਿਆ ਵਿਵਸਥਾ ਦੀ ਪੋਲ ਖੋਲਦੀ ਹੈ।

*- ਮਾਰਕ ਪੋਸਟਰ*

ਨਵੇਂ ਨਵੇਂ ਅਰਥਾਂ ਵਿਚ ਫਿਰਕੂਪੁਣੇ ਦੀ ਵਿਆਖਿਆ ਕਰਨੀ ਹੀ ਕਈ ਸਮੱਸਿਆਵਾਂ ਦੀ ਜੜ੍ਹ ਹੈ।

*- ਬੁਲੇਟ ਏਰਿਕ*

ਕਰਤਵ ਦਾ ਰਾਹ ਸ਼ੁਹਰਤ ਵੱਲ ਲੈ ਜਾਂਦਾ ਹੈ।

*- ਟੈਨੀਸਨ*



Sri Satguru Jagjit Singh Ji eLibrary NamdhariElibrary@gmail.com

ਮੋਤੀਆਂ ਦੀ ਮਾਲਾ ਜੇ ਸੌ ਵਾਰੀ ਵੀ ਟੁੱਟੇ ਤਾਂ ਉਸ ਨੂੰ ਹਾਰ ਵਿਚ ਪਰੋ ਲਉ।

- ਰਹੀਮ

ਤੈਨੂੰ ਕਾਫਰ ਕਾਫਰ ਆਖਦੇ ਤੂੰ ਆਹੋ ਆਹੋ ਆਖ।

- ਬੁੱਲੇ ਸ਼ਾਹ

ਸ਼ੰਕਾ ਇਹੀ ਹੈ ਕਿ ਅੰਤਰਰਾਸ਼ਟਰੀ ਝਗੜਿਆਂ ਦੀ ਜੜ੍ਹ ਪੈਟਰੋਲ ਬਣੇਗਾ ਅਨਾਜ ਨਹੀਂ।

- ਸਿਮੋਨ ਵੇਲ

ਚੰਗੀਆਂ ਆਦਤਾਂ ਮਹਿੰਗੀਆਂ ਨਹੀਂ ਹੁੰਦੀਆਂ ਅਤੇ ਮਹਿੰਗੀਆਂ ਆਦਤਾਂ ਚੰਗੀਆਂ ਨਹੀਂ ਹੁੰਦੀਆਂ।

- ਗੀਤਾ ਉਪਦੇਸ਼

ਆਤੰਕਵਾਦੀ ਨੂੰ ਨਜ਼ਰ ਅੰਦਾਜ਼ ਕਰਨਾ ਉਸਨੂੰ ਸੱਦਾ ਦੇਣ ਦੇ ਬਰਾਬਰ ਹੈ।

- ਜਾਰਜ ਡਬਲਿਊ ਬੁਸ਼

ਜਦੋਂ ਬੁਰੇ ਲੋਕ ਜੁੰਡਲੀ ਬਣਾ ਲੈਣ ਤਾਂ ਭਲੇ ਲੋਕਾਂ ਦਾ ਇੱਕਮੁੱਠ ਹੋਣਾ ਵੀ ਜ਼ਰੂਰੀ ਹੈ।

- ਐਡ ਮੰਡ ਬਰਕ

ਸਮੁੱਚੀ ਉੱਨਤੀ ਦਾ ਆਧਾਰ ਆਤਮ ਨਿਰਭਰਤਾ ਹੈ।

- ਹਮਸ ਰੇਜ

ਕਿਸਾਨ ਰਾਸ਼ਟਰ ਦੀ ਆਤਮਾ ਹਨ ਉਨ੍ਹਾਂ ਉਪਰ ਪੈ ਰਹੀ ਉਦਾਸੀ ਦੀ ਛਾਂ ਨੂੰ ਹਟਾਇਆ ਜਾਵੇ ਤਾਂ ਹੀ ਭਾਰਤ ਦੀ ਭਲਾਈ ਹੋ ਸਕਦੀ ਹੈ।

- ਲੋਕਮਾਨਅ ਤਿਲਕ

ਇਤਿਹਾਸ ਦੇ ਅਨੁਭਵਾਂ ਤੋਂ ਅਸੀਂ ਸਬਕ ਨਹੀਂ ਲੈਂਦੇ।

- ਅਚਾਰੀਆ ਵਿਨੋਬਾ ਭਾਵੇ

ਤਬਦੀਲੀ ਤੋਂ ਬਗੈਰ ਤਰੱਕੀ ਸੰਭਵ ਨਹੀਂ ਹੈ ਜਿਹੜੇ ਬਦਲਦੇ ਨਹੀਂ ਉਹ ਕੁਝ ਨਹੀਂ ਕਰ ਸਕਦੇ।

- ਜਾਰਜ ਬਰਨਾਰਡ ਸ਼ਾਅ

ਉਹ ਅੱਖਾਂ ਵਾਲਾ ਸਭ ਤੋਂ ਵੱਡਾ ਤਰਸ ਦਾ ਪਾਤਰ ਹੈ ਜਿਸਦੇ ਕੋਲ ਦ੍ਰਿਸ਼ਟੀ ਨਹੀਂ ਹੈ।

- ਹੈਲੇਨ ਕੇਲਰ

ਅਧਿਕਾਰ ਮਿਲਣਾ ਚੰਗੀ ਗੱਲ ਹੈ ਪਰ ਇਹ ਵੀ ਜ਼ਰੂਰੀ ਹੈ ਕਿ ਅਧਿਕਾਰਾਂ ਦੀ ਦੁਰਵਰਤੋਂ ਨਾ ਕੀਤੀ ਜਾਵੇ।

- ਅਗਿਆਤ

ਬਜਟ ਸਾਨੂੰ ਦੱਸਦਾ ਹੈ ਕਿ ਅਸੀਂ ਕੀ ਨਹੀਂ ਖਰੀਦ ਸਕਦੇ ਪ੍ਰੰਤੂ ਉਸ ਨੂੰ ਖਰੀਦਣ ਤੋਂ ਉਹ ਸਾਨੂੰ ਰੋਕ ਨਹੀਂ ਸਕਦੇ।

- ਵਿਲੀਅਮ ਫੇਦਰ



Sri Satguru Jagjit Singh Ji eLibrary NamdhariElibrary@gmail.com

ਸੋਚਣਾ ਬਹੁਤ ਮੁਸ਼ਕਿਲ ਕੰਮ ਹੈ ਜ਼ਿਆਦਾਤਰ ਸਮੱਸਿਆਵਾਂ ਦਾ ਕਾਰਨ ਸੋਚ ਅਤੇ ਵਿਚਾਰ ਦੀ ਘਾਟ ਹੀ ਹੈ।

- *ਅਗਿਆਤ*

ਜ਼ੰਗਾਲ ਲੱਗ ਕੇ ਖਤਮ ਹੋ ਜਾਣ ਨਾਲੋਂ ਹੰਢ ਕੇ ਮੁੱਕ ਜਾਣਾ ਬਿਹਤਰ ਹੈ।

- *ਕੰਬਰ ਲੈਂਡ*

ਦੇਸ਼ ਭਗਤੀ ਦਾ ਝੰਡਾ ਲਹਿਰਾਉਣਾ ਹੀ ਨਹੀਂ ਹੈ ਸਗੋਂ ਸੱਚ ਦੇ ਰਸਤੇ ਉਪਰ ਚਲਦੇ ਹੋਏ ਖੁਦ ਨੂੰ ਮਜ਼ਬੂਤ ਬਣਾਉਣਾ ਹੈ। - *ਜੇਮਜ਼ ਬਰਾਈਸ*

ਹਰ ਆਦਮੀ ਆਤੰਕਵਾਦ ਤੋਂ ਚਿੰਤਤ ਹੈ ਚੰਗਾ ਹੋਵੇਗਾ ਕਿ ਲੋਕ ਇਸ ਬਾਰੇ ਵਿਚ ਚਰਚਾ ਕਰਨੀ ਛੱਡ ਦੇਣ।

- *ਨੋਮ ਚੋਮਕੀ*

ਪ੍ਰਭਤਾ ਦੇ ਸਹਾਰੇ ਇਕ ਮੈਚ ਜਿੱਤਿਆ ਜਾ ਸਕਦਾ ਹੈ ਪ੍ਰੰਤੂ ਚੈਪੀਅਨ ਬਣਨ ਲਈ ਟੀਮ ਵਰਕ ਦੀ ਜ਼ਰੂਰਤ ਪੈਂਦੀ ਹੈ।

- *ਮਾਈਕਲ ਜਾਰਡਨ*

ਜਦੋਂ ਤਾਨਾਸ਼ਾਹੀ ਹਕੀਕਤ ਵਿਚ ਤਬਦੀਲ ਹੋ ਜਾਵੇ ਤਾਂ ਕ੍ਰਾਂਤੀ ਅਧਿਕਾਰ ਬਣ ਜਾਂਦੀ ਹੈ।

- *ਵਿਕਟਰ ਹਿਊਗੋ*

ਮੇਰੀ ਪਹਿਲੀ ਇੱਛਾ ਹੈ ਕਿ ਮਾਨਵਤਾ ਲਈ ਪਲੇਗ ਤੋਂ ਵੱਡੀ ਬਿਮਾਰੀ ਯੁੱਧ ਦਾ ਇਸ ਧਰਤੀ ਤੋਂ ਖਾਤਮਾ ਹੋ ਜਾਵੇ।

- *ਜਾਰਜ ਗਟਾਲ*

ਵਾਅਦੇ ਪੂਰੇ ਕਰਨ ਦਾ ਸਭ ਤੋਂ ਚੰਗਾ ਤਰੀਕਾ ਇਹ ਹੈ ਕਿ ਕੋਈ ਵਾਅਦਾ ਕਰੇ ਹੀ ਨਾ।

- *ਨੈਪੋਲੀਅਨ*

ਕਿਸੇ ਕੰਮ ਨੂੰ ਕਰਨ ਦੇ ਸਬੰਧ ਵਿਚ ਬਹੁਤ ਦੇਰ ਤੱਕ ਸੋਚਦੇ ਰਹਿਣਾ ਅਕਸਰ ਉਸ ਕੰਮ ਦੇ ਵਿਗੜ ਜਾਣ ਦਾ ਕਾਰਨ ਬਣਦਾ ਹੈ।

- *ਈਵਾ ਯੰਗ*

ਚੰਗੀ ਨਸੀਹਤ ਨੂੰ ਮੰਨਣਾ ਆਪਣੀ ਹੀ ਯੋਗਤਾ ਵਧਾਉਣਾ ਹੈ।

- *ਗੇਟੇ*

ਪ੍ਰਸਿੱਧ ਹੋਣ ਦੀ ਥਾਂ ਇਮਾਨਦਾਰ ਹੋਣਾ ਬਹੁਤ ਜ਼ਰੂਰੀ ਹੈ।

- *ਰੂਜ਼ ਵੈਲਟ*

ਜੇ ਸੋਚ ਦੀ ਸੀਮਾ ਮਿਥਣੀ ਚਾਹੁੰਦੇ ਹੋ ਤਾਂ ਇਸ ਸੀਮਾ ਦੇ ਦੋਵੇਂ ਪਾਸਿਆਂ ਬਾਰੇ ਸੋਚਣ ਦੇ ਕਾਬਲ ਹੋਵੋ।

- *ਵਿਜ ਜੈਨ ਸਟਨ*

ਸਵਾਰਥ ਵਿਚ ਚੰਗੇ ਗੁਣ ਇਸ ਤਰ੍ਹਾਂ ਖੋ ਜਾਂਦੇ ਹਨ ਜਿਵੇਂ ਸਮੁੰਦਰ ਵਿਚ ਨਦੀਆਂ। - *ਗੋਸੇ*



Sri Satguru Jagjit Singh Ji eLibrary NamdhariElibrary@gmail.com

ਦੁਖਦਾਈ ਹਕੀਕਤ ਇਹ ਹੈ ਕਿ ਜੰਗ ਦੀ ਤਿਆਰੀ ਤਾਂ ਅਸੀਂ ਇਉ ਕਰਦੇ ਹਾਂ ਜਿਵੇਂ ਤਕੜੇ ਦਿਓ ਹੋਈਏ ਅਤੇ ਅਮਨ ਦੀ ਤਿਆਰੀ ਇਸ ਤਰ੍ਹਾਂ ਜਿਵੇਂ ਕਮਜ਼ੋਰ ਅੰਗਾਂ ਵਾਲੇ ਬੌਣੇ।

*- ਲਿਸਟਰ ਪੀਰਸਨ*

ਜੇਕਰ ਸ਼ਹਿਦ ਵਿਚ ਜ਼ਹਿਰ ਰਲਾ ਕੇ ਹੀ ਪੀਣਾ ਹੈ ਤਾਂ ਕਿਉਂ ਨਾ ਉਨਾ ਜ਼ਹਿਰ ਹੀ ਪੀਤਾ ਜਾਏ।

*- ਕ੍ਰਿਸ਼ਨ ਚੰਦਰ*

ਅਪਰਾਧੀ ਨੂੰ ਸਜ਼ਾ ਦਿੰਦੇ ਸਮੇਂ ਉਸ ਦੇ ਅਪਰਾਧ ਨੂੰ ਦੇਖਦੇ ਹੋਏ ਕੋਈ ਕਸਰ ਵੀ ਨਾ ਰੱਖੋ।

*- ਅਗਿਆਤ*

ਅਧਿਕਾਰ ਮਿਲਣਾ ਚੰਗੀ ਗੱਲ ਹੈ ਪਰ ਇਹ ਵੀ ਜ਼ਰੂਰੀ ਹੈ ਕਿ ਅਧਿਕਾਰਾਂ ਦੀ ਦੁਰਵਰਤੋਂ ਨਾ ਕੀਤੀ ਜਾਵੇ।

*- ਅਗਿਆਤ*

ਤੁਸੀਂ ਜਿਸ ਤਰ੍ਹਾਂ ਦੀ ਤਬਦੀਲੀ ਸੰਸਾਰ ਵਿਚ ਲਿਆਉਣਾ ਚਾਹੁੰਦੇ ਹੋ ਉਸ ਤਰ੍ਹਾਂ ਦੀ ਤਬਦੀਲੀ ਪਹਿਲਾਂ ਆਪਣੇ ਵਿਚ ਲਿਆਓ।

*- ਮਹਾਤਮਾ ਗਾਂਧੀ*

ਜੋ ਚੁੱਪ ਰਹਿਕੇ ਦੁੱਖ ਹੰਢਾਉਂਦਾ ਹੈ ਉਸ ਦਾ ਦੁੱਖ ਛੇਤੀ ਠੀਕ ਹੋ ਜਾਂਦਾ ਹੈ।

*- ਨਾਰਦ*

ਜੇਕਰ ਅਸੀਂ ਆਪਣੇ ਕਰਤਵਾਂ ਪ੍ਰਤੀ ਸਾਵਧਾਨ ਨਾ ਰਹੇ ਤਾਂ ਸਾਡੇ ਅਧਿਕਾਰ ਖੁਦ ਖੋਹੇ ਜਾਣਗੇ।

*- ਅਗਿਆਤ*

ਕਾਗਜ਼ੀ ਯੋਜਨਾਵਾਂ ਹਾਲਾਤ ਨਹੀਂ ਬਦਲ ਸਕਦੀਆਂ।

*- ਅਗਿਆਤ*

ਅਪਰਾਧਾਂ ਨੂੰ ਉਤਸ਼ਾਹਤ ਕਰਨਾ ਅਪਰਾਧ ਨੂੰ ਸਹਿਣਾ ਅਪਰਾਧ ਕਰਨ ਨਾਲੋਂ ਵੱਡਾ ਅਪਰਾਧ ਹੈ।

*- ਮਹਾਤਮਾ ਗਾਂਧੀ*

ਅਧਿਕਾਰ ਅਤੇ ਇਨਸਾਫ਼ ਲਈ ਸੰਘਰਸ਼ ਕਰਨਾ ਨਾ ਤਾਂ ਬਗਾਵਤ ਹੈ ਨਾ ਹੀ ਕੋਈ ਉਲੰਘਣਾ।

*- ਅਗਿਆਤ*

ਵਾਰਤਾਲਾਪ ਨਾਲ ਬੁੱਧੀ ਵਿਕਸਤ ਹੁੰਦੀ ਹੈ ਪ੍ਰੰਤੂ ਪ੍ਰਤਿਭਾ ਏਕਾਂਤ 'ਚ ਵਿਕਸਤ ਹੁੰਦੀ ਹੈ।

*- ਅਗਿਆਤ*

ਦੁੱਖ ਦੀ ਘੜੀ ਵਿਚ ਕਿਸੇ ਦਾ ਸਹਾਰਾ ਬੜੀ ਹਮਦਰਦੀ ਦਿੰਦਾ ਹੈ।

*- ਸੈਕਸਪੀਅਰ*

ਚਿਹਰਾ ਨਾ ਦੇਖੋ ਯੋਗਤਾ ਦੇਖੋ ਚਿਹਰੇ ਅਤੇ ਯੋਗਤਾ ਵਿਚ ਛੇ ਨੌਂ ਦਾ ਰਿਸ਼ਤਾ



Sri Satguru Jagjit Singh Ji eLibrary NamdhariElibrary@gmail.com

ਹੁੰਦਾ ਹੈ।

- *ਬਰਟਰੈਂਡ ਰਸਲ*

ਜਿਹੜਾ ਵਿਅਕਤੀ ਬਗੈਰ ਸੋਚੇ ਸਮਝੇ ਹੀ ਆਪਣੀ ਸ਼ਕਤੀ ਦੀ ਦੁਰਵਰਤੋਂ ਕਰਦਾ ਹੈ ਉਹ ਉਸੇ ਰਾਹ ਤੇ ਖਤਮ ਹੋ ਜਾਂਦਾ ਹੈ।

- *ਮਹਾਂਭਾਰਤ*

ਕੌਮੀ ਏਕਤਾ ਦੀ ਭਾਵਨਾ ਦੇ ਮਜ਼ਬੂਤ ਰਹਿਣ ਕਰਕੇ ਹੀ ਕੋਈ ਦੇਸ਼ ਆਪਣੀ ਆਜ਼ਾਦੀ ਤੇ ਖੁਦਮੁਖਤਿਆਰੀ ਰੱਖ ਸਕਦਾ ਹੈ ਤੇ ਉਹ ਉਨਤੀ ਤੇ ਖੁਸ਼ਹਾਲੀ ਵੱਲ ਛਾਲਾਂ ਮਾਰਕੇ ਵਧ ਸਕਦਾ ਹੈ।

- *ਅਗਿਆਤ*

ਇਕਾਂਤ ਸਾਨੂੰ ਦੱਸਦੀ ਹੈ ਕਿ ਸਾਨੂੰ ਕਿਹੋ ਜਿਹਾ ਹੋਣਾ ਚਾਹੀਦਾ ਹੈ ਸਮਾਜ ਸਾਨੂੰ ਦੱਸਦਾ ਹੈ ਕਿ ਅਸੀਂ ਕੀ ਹਾਂ।

- *ਸਿਮਨ*

ਜੇ ਸੋਚ ਦੀ ਸੀਮਾ ਮਿਥਣਾ ਚਾਹੁੰਦੇ ਹੋ ਤਾਂ ਇਸ ਸੀਮਾ ਦੇ ਦੋਵੇਂ ਪਾਸਿਆਂ ਬਾਰੇ ਸੋਚਣ ਦੇ ਕਾਬਲ ਹੋਵੋ।

- *ਵਿਟ ਜੈਨਸਟਨ*

ਅਸੀਂ ਸਿਰਫ਼ ਉਨ੍ਹਾਂ ਗੱਲਾਂ ਲਈ ਹੀ ਜ਼ਿੰਮੇਵਾਰ ਨਹੀਂ ਜਿਹੜੀਆਂ ਅਸੀਂ ਕਰਦੇ ਹਾਂ ਸਗੋਂ ਉਨ੍ਹਾਂ ਲਈ ਵੀ ਜ਼ਿੰਮੇਵਾਰ ਹਾਂ ਜਿਹੜੀਆਂ ਅਸੀਂ ਨਹੀਂ ਕਰਦੇ।

- *ਮੋਲੀਅਰ*

ਅਸਲੀ ਕਿਸਮਤ ਦਾ ਮਤਲਬ ਇਹ ਨਹੀਂ ਕਿ ਤਾਸ਼ ਖੇਡਦੇ ਹੋਏ ਤੁਹਾਡੇ ਕੋਲ ਸਭ ਤੋਂ ਚੰਗੇ ਪੱਤੇ ਹੋਣ ਸਗੋਂ ਸਭ ਤੋਂ ਖੁਸ਼ ਕਿਸਮਤ ਬੰਦੇ ਉਹ ਹੁੰਦੇ ਹਨ ਜਿਹੜੇ ਜਾਣਦੇ ਹਨ ਕਿ ਕਦੋਂ ਉਠ ਕੇ ਘਰ ਤੁਰ ਜਾਣਾ ਚਾਹੀਦਾ ਹੈ।

- *ਜਾਨ ਹੇਗ*

ਜਿਹੜੇ ਆਪਣੇ ਕੌਮੀ ਝੰਡੇ ਦੀ ਸ਼ਾਨ ਬਰਕਰਾਰ ਨਹੀਂ ਰੱਖਦੇ ਉਹ ਦੇਸ਼ ਧਰੋਹੀ ਹੁੰਦੇ ਹਨ।

- *ਚਿਆਂਗਕਾਈ ਸ਼ੇਕ*

ਸ਼ੁਰੂਆਤ ਉਸ ਕੰਮ ਤੋਂ ਕਰੋ ਜੋ ਤੁਸੀਂ ਅਸਾਨੀ ਨਾਲ ਕਰ ਸਕਦੇ ਹੋ ਫਿਰ ਉਹ ਕਰੋ ਜੋ ਕਰ ਸਕਣਾ ਸੰਭਵ ਲੱਗਦਾ ਹੈ ਛੇਤੀ ਹੀ ਤੁਹਾਨੂੰ ਲੱਗੇਗਾ ਕਿ ਤੁਸੀਂ ਤਾਂ ਅਸੰਭਵ ਕੰਮ ਵੀ ਕਰ ਰਹੇ ਹੋ।

- *ਕੈਥੋਲਿਕ ਸੰਤ ਫਰਾਂਸਿਸ ਅਸੀਸੀ*

ਬੋਲ ਕੇ ਆਪਣੀ ਮੂਰਖਤਾ ਬਾਰੇ ਸਭ ਭਰਮ ਭੁਲੇਖੇ ਦੂਰ ਕਰਨ ਦੀ ਥਾਂ ਚੁੱਪ ਰਹਿਕੇ ਲੋਕਾਂ ਵਲੋਂ ਤੁਹਾਨੂੰ ਮੂਰਖ ਸਮਝਦੇ ਰਹਿਣ ਦੇਣਾ ਕਿਤੇ ਚੰਗਾ ਹੈ।

- *ਅਬਰਾਹਮ ਲਿੰਕਨ*

ਹਰ ਨਵੀਂ ਜ਼ਿੰਮੇਵਾਰੀ ਨਾਲ ਮਹਾਨ ਸਮਰੱਥਾ ਨਾ ਸਿਰਫ ਵਿਕਾਸ ਹੀ ਕਰਦੀ ਹੈ ਸਗੋਂ ਪ੍ਰਗਟ ਵੀ ਹੁੰਦੀ ਹੈ।

- *ਬਲਟਾਸਰ ਗਰੈਕਲੈਨ*



Sri Satguru Jagjit Singh Ji eLibrary NamdhariElibrary@gmail.com

ਅਸੀਂ ਸਾਰੇ ਹੀ ਤਰਕ ਕਾਰਨ ਪੈਦਾ ਹੋਏ ਹਾਂ ਪਰ ਅਸੀਂ ਸਾਰੇ ਹੀ ਇਹ ਨਹੀਂ ਸਮਝ ਸਕਦੇ ਕਿ ਕਿਉਂ।

*- ਡੈਨੀ ਥਾਮਸ*

ਕੌਮਾਂ ਦੀ ਮਿਲਵੀ ਸ਼ਕਤੀ ਜੋ ਮਹਾਨ ਨਤੀਜੇ ਪ੍ਰਾਪਤ ਕਰ ਸਕਦੀ ਹੈ ਉਹ ਇਕੱਲੇ ਇਕੱਲੇ ਆਦਮੀ ਨੂੰ ਪ੍ਰਾਪਤ ਹੋਣੇ ਉੱਕੇ ਹੀ ਅਸੰਭਵ ਹਨ।

*- ਬੰਦਗੀਨਾਮਾ ਰਘੁਬੀਰ ਸਿੰਘ ਬੀਰ*

ਕੁਝ ਸੰਸਾਰਕ ਉੱਨਤੀਆਂ ਦਾ ਭੇਦ ਮਿਲਾਪ ਦੇ ਅੰਦਰ ਲੁਕਿਆ ਹੋਇਆ ਹੈ ਥੋੜੇ ਯਤਨ ਦੇ ਨਾਲ ਬਹੁਤਾ ਲਾਭ ਪ੍ਰਾਪਤ ਕਰਨ ਵਾਸਤੇ ਇਹ ਜ਼ਰੂਰੀ ਹੈ ਬਹੁਤੇ ਆਦਮੀ ਰਲ ਮਿਲਕੇ ਕੰਮ ਕਰਨ।

*- ਬੰਦਗੀਨਾਮਾ ਰਘੁਬੀਰ ਸਿੰਘ ਬੀਰ*

ਇਹ ਗੱਲ ਤਾਂ ਸਭ ਜਾਣਦੇ ਹਨ ਕਿ ਕਤਰਾ ਸਮੁੰਦਰ ਵਿਚ ਜਮਾ ਜਾਂਦਾ ਹੈ ਪਰ ਇਸ ਗੱਲ ਨੂੰ ਬਹੁਤ ਘੱਟ ਲੋਕ ਸਮਝ ਸਕਦੇ ਹਨ ਕਿ ਸਮੁੰਦਰ ਵੀ ਤਾਂ ਕਤਰੇ ਵਿਚ ਸਮੋਂਦਾ ਹੈ।

*- ਭਗਤ ਕਬੀਰ*

ਪੜ੍ਹੇ-ਲਿਖੇ ਦਿਮਾਗ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਉਹ ਕਿਸੇ ਗੱਲ ਨੂੰ ਸੋਚਦਾ ਹੈ ਪਰ ਉਸ ਨੂੰ ਸੋਚੀ ਹੀ ਨਹੀਂ ਜਾਂਦਾ।

*- ਅਰਸਤੂ*

ਪਗੜੀ ਪੰਜਾਬੀ ਸਭਿਆਚਾਰ ਦੀ ਆਨ ਅਤੇ ਸ਼ਾਨ ਹੈ ਇਹ ਵੀ ਨੌਜਵਾਨਾਂ ਮੁੰਡਿਆਂ ਵਿਚੋਂ ਜਲਦੀ ਅਲੋਪ ਹੁੰਦੀ ਜਾ ਰਹੀ ਹੈ ਮੇਲਿਆਂ ਅਤੇ ਵਿਆਹਾਂ ਦੇ ਇਕੱਠਾਂ ਵਿਚ ਮੁਸ਼ਕਲ ਹੁੰਦਾ ਹੈ ਲੱਭਣਾ ਕਿ ਕਿਹੜਾ ਪੰਜਾਬੀ ਹੈ ਜੇ ਪੰਜਾਬ ਗੁਰੂਆਂ ਦੇ ਨਾਂ ਤੇ ਜਿਉਂਦਾ ਹੈ ਤਾਂ ਪੰਜਾਬੀਅਤ ਦੀ ਟੌਹਰ ਲਈ ਪੰਜਾਬੀ ਭਾਸ਼ਾ ਮੂੰਹੋਂ ਅਤੇ ਪਗੜੀ ਸਿਰੋਂ ਲੱਥਣੀ ਨਹੀਂ ਚਾਹੀਦੀ।

*- ਜੀ. ਕੇ. ਸਿੰਘ*

ਜਿਥੇ ਝਗੜਾ ਹੋ ਰਿਹਾ ਹੋਵੇ ਉਥੇ ਖੜੇ ਨਹੀਂ ਹੋਣਾ ਚਾਹੀਦਾ ਕਈ ਵਾਰ ਅਜਿਹੇ ਝਗੜਿਆਂ ਵਿਚ ਬੇਗੁਨਾਹ ਮਾਰੇ ਜਾਂਦੇ ਹਨ।

*- ਚਾਣਕਿਆ*

ਕਿਸੇ ਖਾਸ ਕੌਮੀ ਕਾਰਜ ਲਈ ਸਾਰੀਆਂ ਧਿਰਾਂ ਵਲੋਂ ਮਤਭੇਦ ਭੁਲਾਕੇ ਇਕ ਹੋ ਜਾਣਾ ਤਾਕਤਵਰ ਰਾਸ਼ਟਰ ਦੀ ਨਿਸ਼ਾਨੀ ਹੈ।

*- ਲੋਕ ਮਾਨਿਆ ਤਿਲਕ*

ਜੇ ਕੋਈ ਅੱਲ੍ਹਾ ਦੇ ਨਾਂ ਤੇ ਤੁਹਾਡੇ ਤੋਂ ਸਰਨ ਮੰਗਦਾ ਹੈ ਉਸ ਨੂੰ ਸਰਨ ਦਿਓ ਜੇ ਕੋਈ ਅੱਲ੍ਹਾ ਕੋਲ ਦੁਆ ਕਰਨ ਦੀ ਬੇਨਤੀ ਕਰਦਾ ਹੈ ਉਸਦੀ ਬੇਨਤੀ ਪ੍ਰਵਾਨ ਕਰੋ ਅਜਿਹਾ ਕਰਨ ਤੇ ਤੁਹਾਨੂੰ ਦਿਲੀ ਤਸੱਲੀ ਮਿਲੇਗੀ।

*- ਹਜਰਤ ਮੁਹੰਮਦ*

ਆਪਣੀ ਚੜ੍ਹਤ ਸਮੇਂ ਰਾਹ ਵਿੱਚ ਆਉਣ ਵਾਲੇ ਲੋਕਾਂ ਨਾਲ ਚੰਗਾ



Sri Satguru Jagjit Singh Ji eLibrary NamdhariElibrary@gmail.com

ਵਿਵਹਾਰ ਕਰੋ ਕਿਉਂਕਿ ਉਤਰਾਈ ਸਮੇਂ ਉਹ ਤੁਹਾਡੀ ਸਹਾਇਤਾ ਕਰਨਗੇ।

*- ਵਿਲਸਨ ਮਿਨੇਜਰ*

ਉਮਰ ਤੇ ਹੋਣੀ ਨੂੰ ਕਦੇ ਵੀ ਪਛਾੜਿਆ ਨਹੀਂ ਜਾ ਸਕਦਾ।

*- ਫਰਾਂਸਿਸ ਬੇਕਨ*

ਬੁਰੀ ਸੰਗਤ ਉਸ ਕੋਲੇ ਵਾਂਗ ਹੈ ਜੋ ਗਰਮ ਹੋਵੇ ਤਾਂ ਹੱਥ ਸਾੜ ਦਿੰਦਾ ਹੈ ਜੇ ਠੰਡਾ ਹੋਵੇ ਤਾਂ ਹੱਥ ਕਾਲਾ ਕਰ ਦਿੰਦਾ ਹੈ।

*- ਅਗਿਆਤ*

ਦਸਤਾਰ ਦਾ ਵਿਅਕਤੀ ਦੀ ਮਨੋਵਿਰਤੀ ਨਾਲ ਡੂੰਘਾ ਸਬੰਧ ਹੁੰਦਾ ਹੈ। ਬੇਤਰਤੀਬੀ ਖਿਲਰੀ ਉਘੜ-ਦੁਗੜ ਪਗੜੀ ਅਸ਼ਾਂਤ ਮਨ ਦਾ ਪ੍ਰਗਟਾਵਾ ਹੈ। ਅਣਵਾਹੇ ਕੇਸ ਮੈਲੀ ਪਗੜੀ – ਪਗੜੀ ਦੇ ਪੇਚਾਂ ਵਿਚੋਂ ਬਾਹਰ ਝਾਕਦੀਆਂ ਜਟੂਰੀਆਂ ਲਾਪ੍ਰਵਾਹ ਅਤੇ ਅਸਿੱਖਿਆ ਮਨੁੱਖ ਦਾ ਬਿੰਬ ਉਭਾਰਦੀਆਂ ਹਨ।

*- ਪ੍ਰੋ. ਹਮਦਰਦ ਵੀਰ ਨੌਸ਼ਹਿਰਵੀ*

ooo



Sri Satguru Jagjit Singh Ji eLibrary NamdhariElibrary@gmail.com

tguru Jagjit Singh Ji eLibrary NamdhariElibrary@gmai



## ਸਰਦਾਰਾ ਸਿੰਘ ਗਿੱਲ ਕੱਟੂ

25 ਜੂਨ 1996 ਦੀ ਗੱਲ ਹੈ। ਲਾਇਬ੍ਰੇਰੀ ਦੇ ਸਾਹਮਣੇ ਬੱਸ ਅੱਡੇ, ਸਕੂਲ ਤੇ ਗੁਰਦੁਆਰਾ ਟਿੱਬੀਸਰ ਵਾਲੀ ਸੜਕ ਨੀਵੀਂ ਹੋਣ ਕਰਕੇ ਤੇ ਪਾਣੀ ਨਿਕਾਸੀ ਪ੍ਰਬੰਧ ਦੀ ਅਣਹੋਂਦ ਸਦਕਾ ਸੜਕ ਟੁੱਟਕੇ ਡੂੰਘੇ ਟੋਏ ਪਾਣੀ ਨਾਲ ਭਰ ਗਏ। ਪੈਦਲ ਲੰਘਣਾ ਵੀ ਦੁੱਭਰ ਹੋ ਗਿਆ। ਅਸੀਂ ਕੁਝ ਵੀਚਾਰ ਕੇ ਮੈਂ ਤੇ ਮੇਰਾ ਭਰਾ (ਹੁਣ ਸਵਰਗੀ) ਸੂਬੇਦਾਰ ਦਲਬਾਰਾ ਸਿੰਘ ਡੀ. ਸੀ. ਸੰਗਰੂਰ ਨੂੰ ਸੜਕ ਬਾਰੇ ਮਿਲਣ ਚਲੇ ਗਏ। ਕੁਦਰਤ ਨਾਲ ਸ੍ਰੀ ਤਿਲਕ ਰਾਜ ਸਾਰੰਗਲ ਡਿਪਟੀ ਕਮਿਸ਼ਨਰ ਸਨ। ਉਨ੍ਹਾਂ ਨੇ ਦੋ-ਤਿੰਨ ਪੁਸਤਕਾਂ ਲਿਖੀਆਂ ਹੋਈਆਂ ਸਨ। ਜਦੋਂ ਅਸੀਂ ਉਨ੍ਹਾਂ ਨੂੰ ਸੜਕ ਦੀ ਗੱਲ ਕੀਤੀ ਤਾਂ ਉਨ੍ਹਾਂ ਸੁਣਕੇ ਕੋਈ ਖਾਸ ਹੁੰਗਾਰਾ ਨਾ ਭਰਿਆ। ਮੇਰੇ ਮਨ 'ਚ ਇਕਦਮ ਆਇਆ ਤੇ ਮੈਂ ਕਿਹਾ ਕਿ ਡੀ. ਸੀ. ਸਾਹਿਬ ਜੀ! ਉਸ ਸੜਕ ਤੇ ਹੀ ਇੱਕ ਲਾਇਬ੍ਰੇਰੀ ਸਥਿਤ ਹੈ ਜਿਸਦਾ ਮੈਂ ਦਫ਼ਤਰ ਇੰਚਾਰਜ ਹਾਂ। ਡੀ. ਸੀ. ਦੇ ਅੰਦਰਲਾ ਲੇਖਕ ਜਾਗ ਉਠਿਆ। ਉਸੇ ਵੇਲੇ ਘੰਟੀ ਮਾਰਕੇ ਚਾਹ ਪਾਣੀ ਨੂੰ ਕਿਹਾ, ਸੜਕ ਲਈ ਫੋਨ ਕੀਤਾ ਤੇ ਲਾਇਬ੍ਰੇਰੀ ਲਈ ਕੁੱਝ ਪੁਸਤਕਾਂ ਤੇ ਮੇਰੇ ਲਿਖਣ ਲਈ ਇੱਕ ਯਾਦਗਾਰੀ ਸੁੰਦਰ ਡਾਇਰੀ ਦਿੱਤੀ। ਏਹ ਡਾਇਰੀ ਮੇਰੇ ਲਈ ਕੁੱਝ ਲਿਖਣ ਲਈ ਪ੍ਰੇਰਕ ਬਣੀ। ਮੈਂ ਇਸ ਵਿੱਚ ਮੈਨੂੰ ਸਮੇਂ ਸਮੇਂ ਚੰਗੇ ਲੱਗਦੇ ਮਹਾਂ ਪੁਰਸ਼ਾਂ ਦੇ ਬਚਨ, ਨੀਤੀ ਵਾਕ ਤੇ ਪ੍ਰੇਰਕ ਤੇ ਨਿਚੋੜ ਕੱਢੇ ਉੱਤਮ ਬੋਲ ਲਿਖਣੇ ਸ਼ੁਰੂ ਕਰ ਦਿੱਤੇ। ਇੱਕ ਦਿਨ ਤੇਜਾ ਸਿੰਘ ਤਿਲਕ ਪ੍ਰਧਾਨ ਲਾਇਬ੍ਰੇਰੀ ਨੂੰ ਦਿਖਾ ਦਿੱਤੇ ਤੇ ਉਨ੍ਹਾਂ ਨੇ ਇਹ ਸੋਧ ਕੇ ਪੁਸਤਕ ਰੂਪ ਦੇ ਦਿੱਤਾ ਜੋ ਆਪ ਸਭ ਦੀ ਭੇਂਟ ਗੋਚਰੇ ਹੈ।

**TARK BHARTI PARKASHAN**
Purani Sabji Mandi, K. C. Road,
Barnala-148101 (Pb.)
Ph. 01679-233244, 241744
Email : tarksheel@yahoo.com

ISBN 81-7982-278-8
Rs. 140/-
9788179822784
Edition: 2014

Sri Satguru Jagjit Singh Ji eLibrary NamdhariElibrary@gmail.com